ਕੁਲ ਸੰਸਾਰ ਇਕ ਪਰਿਵਾਰ...

ਨਵੀਂ ਦੁਨੀਆ

Nawi Dunia

Free

ਸਾਲ: 1 ਅੰਕ: 8 | Phone: 780 465 9118, 403 775 2100 | Fax: 780 465 0661, | e-mail: info@nawidunia.com | ਅਗਸਤ-2010



15 ਅਗਸਤ, 1947
ਆਜ਼ਾਦੀ ਦਿਵਸ

ਇਸ ਚਕਾ-ਚੌਂਧ ਵਿਚ ਮੈਡਲ ਕਿੱਥੇ? ਸਫ਼ਾ 13 'ਤੇ

ਗਲੋਬਲ ਵਾਰਮਿੰਗ ਮੀਨਜ਼ ਨੋ-ਲਾਈਫ਼ ਸਫ਼ਾ 18 'ਤੇ

ਪਾਕਿਸਤਾਨ ਦੀ ਸਥਾਪਨਾ ਤੇ ਦੇਸ਼ ਦੀ ਵੰਡ ਸਫ਼ਾ 23 'ਤੇ



ਪੰਜਾਬ ਦੇ ਲੋਕ ਵਿਰਸੇ ਦਾ ਵਾਰਿਸ ਈਦੂ ਸ਼ਰੀਫ਼ ਸਫ਼ਾ 29 'ਤੇ

ਸੰਤਾਲੀ ਦੀਆਂ ਗਲੀਆਂ ਸਫ਼ਾ 30 'ਤੇ



'ਕਾਮਨ ਵੈਲਥ' ਦੀ ਲੁੱਟ

ਕਲਮਾਡੀ ਦੇ ਦਿਨ ਪੂਰੇ!

ਨਵੀਂ ਦਿੱਲੀ (ਨ ਦ ਬ)

ਕਾਮਨਵੈਲਥ ਖੇਡਾਂ ਵਿਚ ਸਾਹਮਣੇ ਆ ਰਹੀਆਂ ਨਿੱਤ ਨਵੀਆਂ ਗੜਬੜੀਆਂ ਕਾਰਨ ਉਲੰਪਿਕ ਕਮੇਟੀ ਦੇ ਮੁਖੀ ਸੁਰੇਸ਼ ਕਲਮਾਡੀ ਹੁਣ ਨਿਸ਼ਾਨੇ 'ਤੇ ਆ ਗਏ ਹਨ। ਸੂਤਰਾਂ ਦੀ ਮੰਨੀਏ ਤਾਂ ਕਾਂਗਰਸ ਉਨ੍ਹਾਂ ਉਪਰ ਅਸਤੀਫੇ ਲਈ ਦਬਾਅ ਬਣਾ ਰਹੀ ਹੈ। ਫਿਲਹਾਲ ਉਹ ਇਹ ਕਹਿ ਕੇ ਆਪਣਾ ਪੱਲਾ ਝਾੜ ਰਹੀ ਹੈ ਕਿ ਕਲਮਾਡੀ ਦੇ ਅਸਤੀਫੇ ਦਾ ਫੈਸਲਾ ਖੇਡ ਫੈਡਰੇਸ਼ਨ ਕਰੇਗੀ। ਕਾਂਗਰਸ ਨੇ ਇਸ ਮਾਮਲੇ ਵਿਚ ਯੂ ਟਰਨ ਲੈਂਦਿਆਂ ਕਿਹਾ ਹੈ ਕਿ ਉਸ ਨੇ ਕਿਸੇ ਨੂੰ ਕਲੀਨ ਚਿੱਟ ਨਹੀਂ ਦਿੱਤੀ ਹੈ।

ਕਲਮਾਡੀ ਖਿਲਾਫ ਪਟੀਸ਼ਨ

ਭਾਰਤੀ ਉਲਪਿੰਕ ਐਸੋਸੀਏਸ਼ਨ ਦੇ ਮੁਖੀ ਸੁਰੇਸ਼ ਕਲਮਾਡੀ ਖਿਲਾਫ ਦਿੱਲੀ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਗਈ ਹੈ। ਇਸ ਵਿਚ ਹਾਕੀ ਇੰਡੀਆ ਦੀ ਚੋਣ ਵਿਚ ਕਥਿਤ ਬੇਨਿਯਮੀਆਂ ਦੀ ਸੀ.ਬੀ.ਆਈ. ਜਾਂਚ ਦੀ ਮੰਗ ਕੀਤੀ ਗਈ ਹੈ। ਪਟੀਸ਼ਨ ਅਜੈ ਅਗਰਵਾਲ ਨਾਮੀ ਇਕ ਵਕੀਲ ਨੇ ਦਾਇਰ ਕੀਤੀ ਹੈ। ਕੋਰਟ ਇਸ ਮਾਮਲੇ ਦੀ ਜਲਦੀ ਸੁਣਵਾਈ ਸ਼ੁਰੂ ਕਰੇਗੀ। ਅਗਰਵਾਲ ਦਾ ਦੋਸ਼ ਹੈ ਕਿ ਕਲਮਾਡੀ ਨੇ ਕਾਮਨਵੈਲਥ ਖੇਡਾਂ ਦੀਆਂ ਤਿਆਰੀਆਂ ਵਿਚ ਵੱਡੇ ਘਪਲੇ ਕੀਤੇ, ਜਿਸ ਨਾਲ ਸਰਕਾਰ ਨੂੰ ਕਰੋੜਾਂ ਦਾ ਚੂਨਾ ਲੱਗਿਆ। ਉਹ ਹਾਕੀ ਦੀ ਸਰਵਉੱਚ ਸੰਸਥਾ ਨੂੰ ਆਪਣੇ ਲੋਕਾਂ ਜ਼ਰੀਏ ਚਲਾ ਰਹੇ ਹਨ, ਜਿਸ ਨਾਲ ਦੇਸ਼ ਦੀਆਂ ਕੌਮੀ ਖੇਡਾਂ ਨੂੰ ਨੁਕਸਾਨ ਪਹੁੰਚ ਰਿਹਾ ਹੈ।

ਸਾਨੂੰ ਪੈਸਾ ਨਹੀਂ ਮਿਲਿਆ

ਕਮਾਨਵੈਲਥ ਖੇਡਾਂ ਲਈ ਸਪਾਂਸਰ ਜੁਟਾਉਣ ਵਾਲੀ ਕੰਪਨੀ ਸਮੈਮ ਨੇ ਆਪਣੀਆਂ ਸੇਵਾਵਾਂ ਬਦਲੇ ਕਿਸੇ ਤਰ੍ਹਾਂ ਦਾ ਕਮਿਸ਼ਨ ਹਾਸਲ ਕਰਨ ਤੋਂ ਇਨਕਾਰ ਕੀਤਾ ਹੈ। ਮੈਲਬਰਨ ਦੀ ਇਸ ਕੰਪਨੀ 'ਤੇ ਲੱਖਾਂ ਡਾਲਰ ਦਾ ਕਮਿਸ਼ਨ ਖਾਣ ਦਾ ਦੋਸ਼ ਹੈ। ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

ਮਜ਼ਦੂਰਾਂ ਨੂੰ ਉਨ੍ਹਾਂ ਦਾ ਹੱਕ ਦਿਓ

ਦਿੱਲੀ ਹਾਈ ਕੋਰਟ ਨੇ ਸਰਕਾਰ ਤੋਂ ਕਾਮਨਵੈਲਥ ਖੇਡਾਂ ਦੀਆਂ ਤਿਆਰੀਆਂ ਵਿਚ ਜੁਟੇ 50 ਹਜ਼ਾਰ ਤੋਂ ਵੱਧ ਮਜ਼ਦੂਰਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਲਈ ਕਿਹਾ ਹੈ। ਚੀਫ ਜਸਟਿਸ ਦੀਪਕ ਮਿਸ਼ਰਾ ਅਤੇ ਜਸਟਿਸ ਮਨਮੋਹਨ ਨੇ ਦਿੱਲੀ ਪੁਲੀਸ ਨੂੰ ਮਜ਼ਦੂਰਾਂ ਦੀ ਸੁਰੱਖਿਆ ਨਿਸ਼ਚਿਤ ਕਰਨ ਲਈ ਵੀ ਕਿਹਾ ਹੈ, ਤਾਂ ਜੋ ਉਹ ਠੇਕੇਦਾਰਾਂ ਨੂੰ ਬੇਖੌਫ ਹੋ ਕੇ ਆਪਣੀ ਗੱਲ ਕਹਿ ਸਕਣ। ਕੋਰਟ ਨੇ ਕਿਹਾ ਕਿ ਇਥੇ ਕੰਮ ਕਰ ਰਹੇ ਮਜ਼ਦੂਰਾਂ ਨੂੰ ਸੁਰੱਖਿਆ ਦੇਣਾ ਬੇਹੱਦ ਜ਼ਰੂਰੀ ਹੈ।

ਪ੍ਰਣਬ ਨੇ ਕੀਤਾ ਮਹਿੰਗਾਈ 'ਤੇ ਰੋਲ ਬੈਕ ਤੋਂ ਇਨਕਾਰ

ਨਵੀਂ ਦਿੱਲੀ-ਨ ਦ ਬ

ਮਹਿੰਗਾਈ 'ਤੇ ਚਰਚਾ ਦੌਰਾਨ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਲੋਕ ਸਭਾ ਵਿਚ ਜਵਾਬ ਤਾਂ ਦਿੱਤਾ ਹੈ, ਪਰ ਕੋਈ ਠੋਸ ਅਤੇ ਫੌਰੀ ਉਪਾਅ ਦੱਸਣ ਵਿਚ ਨਾਕਾਮ ਰਹੇ। ਉਹ ਹਮੇਸ਼ਾ ਵਾਂਗ ਮਹਿੰਗਾਈ 'ਤੇ ਸਰਕਾਰ ਦੀਆਂ ਨੀਤੀਆਂ ਦਾ ਬਚਾਅ ਕਰਦੇ ਹੋਏ ਸੂਬਾ ਸਰਕਾਰਾਂ 'ਤੇ ਹੀ ਵਧੇਰੇ ਜ਼ਿੰਮੇਵਾਰੀ ਸੁੱਟਦੇ ਨਜ਼ਰ ਆਏ। ਵਿਰੋਧੀ ਧਿਰ ਉਨ੍ਹਾਂ ਦੇ ਤਰਕ ਤੋਂ ਸੰਤੁਸ਼ਟ ਨਹੀਂ ਹੋਈ ਅਤੇ ਉਸ ਨੇ ਸਰਕਾਰ 'ਤੇ ਸੰਵੇਦਨਹੀਣ ਦੇ ਨਾਲ ਦੁਵਿਧਾਗ੍ਰਸਤ ਹੋਣ ਦਾ ਦੋਸ਼ ਵੀ ਲਾਇਆ। ਬਾਅਦ ਵਿਚ ਲੋਕ ਸਭਾ ਨੇ ਸਰਬਸੰਮਤੀ ਨਾਲ ਉਸ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ, ਜਿਸ ਵਿਚ ਸਰਕਾਰ ਤੋਂ ਨੋਟ ਪਸਾਰੇ ਦੀ ਦਰ 'ਤੇ ਲਗਾਮ ਲਾਉਣ ਲਈ ਕਿਹਾ ਗਿਆ।

ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ ਨੇ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਸੇਧਿਆ। ਉਨ੍ਹਾਂ ਕਿਹਾ ਕਿ ਸਾਡੇ ਅਰਥ ਸ਼ਾਸਤਰੀ ਪ੍ਰਧਾਨ ਮੰਤਰੀ ਵਿਸ਼ਵ ਬਰਾਦਰੀ ਵਿਚ ਭਾਰਤ ਦੀ ਵਧੇਰੇ ਵਿਕਾਸ ਦਰ ਦਿਖਾ ਕੇ ਆਪਣੀ ਪਿੱਠ ਥਪਥਪਾਉਣਾ ਚਾਹੁੰਦੇ ਹਨ, ਪਰ ਦੇਸ਼ ਵਿਚ ਵਿਕਾਸ ਕਿਸੇ ਹੋਰ (ਅਮੀਰ) ਦਾ ਹੋ ਰਿਹਾ ਹੈ ਅਤੇ ਮਹਿੰਗਾਈ ਕਿਸੇ ਹੋਰ (ਗਰੀਬ) ਨੂੰ ਖਾ ਰਹੀ ਹੈ।

ਵੋ ਜੋ ਤਾਰੀਕ ਰਾਹੋਂ ਮੇਂ ਮਾਰੇ ਗਏ

ਪੂਰੇ 63 ਸਾਲ ਹੋ ਗਏ ਹਨ ਭਾਰਤ ਨੂੰ ਅੰਗਰੇਜ਼ੀ ਸਾਮਰਾਜ ਦੀ ਗੁਲਾਮੀ ਤੋਂ ਮੁਕਤ ਹੋਇਆਂ। 63 ਸਾਲਾਂ ਵਿਚ ਕੀ ਹਾਸਲ ਕੀਤਾ, ਕੀ ਗਵਾਇਆ? ਇਹ ਥੋੜ੍ਹੀ ਜਿਹੀ ਨੀਝ ਨਾਲ ਸੋਚਿਆਂ ਹੀ ਪਤਾ ਲੱਗ ਜਾਂਦਾ ਹੈ। ਪਰ 63 ਸਾਲਾਂ ਬਾਅਦ ਵੀ ਇਕ ਚੀਸ ਜਿਹੀ ਉਠਦੀ ਹੈ, ਮੁਲਕ ਦੀ ਵੰਡ ਨੇ ਜਿਹੜੀ ਤਬਾਹੀ ਮਚਾਈ, ਉਹਦੇ ਜ਼ਖ਼ਮ ਹਾਲੇ ਵੀ ਪੀੜੋ ਪੀੜ ਕਰ ਦਿੰਦੇ ਹਨ। ਮੁਲਕ ਤਾਂ ਦੋ ਦੇ ਵੀ ਤਿੰਨ ਬਣ ਗਏ, ਆਵਾਮ ਦੇ ਅਹਿਸਾਸ ਇਕੋ ਜਿਹੇ ਹਨ। 'ਨਵੀਂ ਦੁਨੀਆ' ਵੱਲੋਂ ਇਸ ਵਾਰ ਭਾਰਤ-ਪਾਕਿ ਵੰਡ ਦੇ ਰਾਜਸੀ, ਆਰਥਿਕ ਅਤੇ ਸਮਾਜਕ ਕਾਰਨਾਂ ਅਤੇ ਉਦੋਂ ਮਚੀ ਤਬਾਹੀ ਦੇ ਮੰਜ਼ਰ ਪੇਸ਼ ਕਰਦੇ ਵਿਸ਼ੇਸ਼ ਲੇਖ ਛਾਪੇ ਜਾ ਰਹੇ ਹਨ।

ਸੰਪਾਦਕੀ ਮੰਡਲ

ਕਸ਼ਮੀਰ 'ਤੇ ਸਰਬ ਪਾਰਟੀ ਮੀਟਿੰਗ ਸੱਦ ਸਕਦੇ ਹਨ ਪ੍ਰਧਾਨ ਮੰਤਰੀ

ਨਵੀਂ ਦਿੱਲੀ/ਸ੍ਰੀਨਗਰ- ਹਿੰਸਾਗ੍ਰਸਤ ਕਸ਼ਮੀਰ ਘਾਟੀ ਦੇ ਸੰਵੇਦਨਸ਼ੀਲ ਹਾਲਾਤ 'ਤੇ ਚਰਚਾ ਲਈ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਵੱਲੋਂ ਸਰਬ ਪਾਰਟੀ ਮੀਟਿੰਗ ਸੱਦੇ ਜਾਣ ਦੀ ਸੰਭਾਵਨਾ ਹੈ। ਲੋਕ ਸਭਾ ਵਿਚ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਸੰਕੇਤ ਦਿੱਤੇ ਹਨ ਕਿ ਕਸ਼ਮੀਰ ਵਿਚ ਸ਼ਾਂਤੀ ਆਉਣ ਨਾਲ ਹੀ ਉਥੇ ਨਵੇਂ ਸਿਰੇ ਤੋਂ ਸ਼ਾਂਤੀ ਵਾਰਤਾ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ। ਇਸ ਦੌਰਾਨ ਘਾਟੀ ਦੇ ਸਾਰੇ 10 ਜ਼ਿਲਿਆਂ ਵਿਚ ਕਰਫਿਊ ਲਾਗੂ ਕੀਤਾ ਜਾ ਚੁੱਕਾ ਹੈ, ਜਿਥੇ ਲਗਾਤਾਰ ਹਿੰਸਾ ਹੋ ਰਹੀ ਹੈ ਅਤੇ ਰੇਲਵੇ ਨੇ ਸੇਵਾਵਾਂ ਅਣਮਿੱਥੇ ਸਮੇਂ ਲਈ ਰੱਦ ਕਰ ਦਿੱਤੀਆਂ ਹਨ।

ਚਿਦੰਬਰਮ ਨੇ ਸੰਕੇਤ ਦਿੱਤੇ ਹਨ ਕਿ ਉਥੇ ਨਵੇਂ ਸਿਰੇ ਤੋਂ ਸ਼ਾਂਤੀ ਵਾਰਤਾ ਪ੍ਰਕਿਰਿਆ ਤਹਿਤ ਕੁਝ ਸਿਆਸੀ ਅਤੇ ਪ੍ਰਸ਼ਾਸਨਿਕ ਕਦਮ ਚੁੱਕੇ ਜਾਣਗੇ। ਪਰ ਇਸ ਲਈ ਜ਼ਰੂਰੀ ਹੈ ਕਿ ਹਿੰਸਾ ਦਾ ਸਿਲਸਿਲਾ ਫੌਰਨ ਰੁਕੇ।

ਜੰਮੂ-ਕਸ਼ਮੀਰ ਵਿਚ ਵਿਰੋਧੀ ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.) ਨੇ ਦੋਸ਼ ਲਾਇਆ ਹੈ ਕਿ ਘਾਟੀ ਵਿਚ ਮੌਜੂਦਾ ਹਾਲਾਤ ਸਰਕਾਰ ਵੱਲੋਂ ਬਿਨਾਂ ਮਨ ਤੋਂ ਕੀਤੀ ਗਈ ਪ੍ਰਤੀਕਿਰਿਆ ਅਤੇ ਜਨਤਾ ਦੀਆਂ ਸਿਆਸੀ ਜ਼ਰੂਰਤਾਂ ਦੀ ਅਣਦੇਖੀ ਦਾ ਨਤੀਜਾ ਹੈ।

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers
TOP 1% OF REALTORS IN CANADA
Land Parcels Available in throughout Alberta
A.L.L. Stars Realty Ltd., 312 Saddleback Road, T6J 4R7
Cell: (780) 951-9873 Bus: (780) 434-4700

JAS LONGOWAL B.A, L.L.B., B.Ed, B.L.S, M.A.
Top Realtor 2007
ਕਿਸੇ ਵੀ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ
PROFESSIONAL REALITY GROUP
Always stands for you
Cell: (780) 993•0898
"Its time you hired a professional"
101, 6005 Gateway Blvd. Edmonton, AB T6H 2H3
Associate Realtor
Bus:(780) 439-9818

For All Your Real Estate Needs & Best Services
Just Contact Dan Sidhu Broker/Owner
Your Real Estate Expert!
ਨਵਾਂ ਜਾਂ ਪੁਰਾਣਾ ਘਰ ਜਾ ਕਿਸੇ ਵੀ ਕਿਸਮ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਭਰੋਸੇਯੋਗ ਤੇ ਇਮਾਨਦਾਰ ਸੇਵਾਵਾਂ ਲਈ ਅੱਜ ਹੀ Dan Sidhu ਨੂੰ ਫੋਨ ਕਰੋ।
Each office individually owned and operated
Cell: 403 560 6300
Specialize in Residential/ Commercial & Investment Properties RE/MAX
110-300 Merganser Dr. West Chestermers, ABT1X 1L6
Bus: 403 569 2900 Fax: 403 207 1237

A&K DRYWALL LTD.
Best Quality at reasonable rates
ਹੋਟਲ, ਮੋਟਲ, ਬਿਜਨਿਸ ਰੈਜ਼ੀਡੈਂਸ਼ੀਅਲ ਤੇ ਹਰ ਤਰ੍ਹਾਂ ਦੇ ਇੰਸੂਲੇਸ਼ਨ, ਡਰਾਈਵਾਲ, ਟੇਪਿੰਗ, ਟੈਕਸਚਰ ਦੇ ਕੰਮ ਲਈ ਐਡਮਿੰਟਨ/ਕੈਲਗਰੀ ਚ ਸੰਪਰਕ ਕਰੋ
Rana, Edmonton : 780 245 5192
Joga, Calgary : 403 616 2329

Bhalinder Dhaliwal B.Comm
Mortgage Specialist
40 ਤੋਂ ਵੱਧ ਬੈਂਕਾਂ ਨਾਲ ਗੱਲ ਕਰਕੇ ਘੱਟ ਰੇਟ ਤੇ ਮੋਰਗੇਜ ਜਾਂ ਲਾਈਨ ਆਫ ਕਰੈਡਿਟ ਦਿਵਾਉਣ ਵਾਲੇ ਭਲਿੰਦਰ ਧਾਲੀਵਾਲ ਨੂੰ ਫੋਨ ਕਰਕੇ ਮੁਫ਼ਤ ਤੇ ਸਹੀ ਸਲਾਹ ਲਵੋ
780.909.3317
www.bhalinderdhaliwal.com

Sarbjeet Dodd REALTOR®
Contact For Buying & Selling of Residential & Commercial Property any where in Alberta
A.L.L. Stars Realty Ltd.
312 saddleback Rd. Edmonton, AB T6J 4R7
Bus: 780 434 4700 sarbjeetdodd@hotmail.com
Cell: 780 951 1590 Fax: 780 436 9902

LUTHRA LAW OFFICE
Sarjan Luthra, B.Sc, LL.B, Barrister and Solicitor
* Corporate Commercial
* Real Estate Transactions
* Immigration Appeals
* ਕੰਪਨੀ ਮਾਮਲੇ
* ਰੀਅਲ ਇਸਟੇਟ
* ਇਮੀਗਰੇਸ਼ਨ ਅਪੀਲ
Services Also in Hindi, Punjabi, Urdu & Arabic
Sarjan Luthra
10, 3908-97 Street, Edmonton, AB, T6E 6N2
780 466 4660, 780 463 4205 luthralaw@canada.com

Insurance & Financial Services

- Life Insurance
- Critical Illness
- Health Benefits
- Group Benefits (Dental & Medical)
- Mortgage Insurance
- Travel & Visitor Insurance
- Disability Insurance (Income Protection)

ਲਾਈਫ: ਯੂਨੀਵਰਸਲ, ਟਰਮ ਅਤੇ ਮੌਰਟਗੇਜ਼
ਡਿਸਏਬਿਲਟੀ, ਕਰਿਟੀਕਲ ਇਲਨੈਸ, ਹੈਲਥ ਪਲੈਨਜ਼
ਅਤੇ ਰਜਿਸਟਰਡ ਰਿਟਾਇਰਮੈਂਟ ਸੇਵਿੰਗ ਪਲੈਨਜ਼

ਹਰ ਤਰ੍ਹਾਂ ਦੀ ਇਸ਼ੋਰੈਂਸ ਲਈ ਸੰਪਰਕ ਕਰੋ

For All Insurance Needs

Call: Shalu Badesha

Phone:780-660-3071

Sponsor by Canada Life & Access to all Major Insurance Companies in Canada

STP ELECTRIC LTD.

stpelectric@hotmail.com

Offering Full Range of Electrical Services of

C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ

Sushil Singh

Certified Master Electrician

ਸਰਟੀਫਾਈਡ ਮਾਸਟਰ ਇਲੈਟ੍ਰੀਸ਼ਨ

ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀਆਂ,
ਲੇਡੀਜ਼ ਸੰਗੀਤ, 50 ਤੋਂ ਲੈ ਕੇ 200 ਆਦਮੀਆਂ
ਤੱਕ ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ
ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda- 780 464 4653
Ext-2, Cell- 780 720 6895

EAGLE ROCK GOLF COURSE

50549, Range Road 234
Edmonton, AB

- Catering
- Wedding
- Banquet
- Birthday Parties
- Ladies Sangeet
- Golf Tournaments

ALPHA Tent Rentals

All Events Big or Small

We are in this Business Since 2001

Ladies Sangeet Jago Equipment

Tents All Size and Different Colours,
Tables Rectangular & Round, **Chairs** All Colours,
Lights, Dance Floor, Heaters, Fans,
Catering Equipment, Coffee Brewers,
Food Warmers, Big Burners, Big Pots (Patila), Cutlery and Plates,
Portable Bars, Beer Tubs, Ice Boxes,
Carpet, Stantions, Linens and Clips.

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

Umrao Ghinger: 780 237 5556
Rana Pandher: 780 498 6375
Office: 780 490 5354

www.alphatentrentals.com

DRIVING SCHOOL LTD.

"Learn to drive for life...accident free with confidence"

- ✓Government Approved Insurance Reduction Course
- ✓Defensive Driving Course
- ✓Refresher Courses
- ✓Preparation for Class 7
- ✓Road Test Preparation
- ✓Package & Hourly Rates

*Car Available for Road Test
*Free Pick Up & Drop Off
Lady Instructor
7 Days A Week



ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ
ਵਿਚ ਸੇਵਾਵਾਂ ਹਾਜ਼ਰ ਹਨ।

Shalu Badesha 780-660-3071
Jas Badesha 780-908-2296
pashdrivingschool@ymail.com

Eat-In

Take-Out

Shan-E-Punjab
Sweets & Restaurant

Speicializing in East Indian & Pakistani Sweets & Cuisine

* Puri Chole, Saag, Chicken, Biryani, Goat/Lamb Curry,
* Tandoori Chicken, Samosa, Papri Chat,Golgappey,
* Garlic, Chicken & Paneer Naan,Mixed Sweets,
* Gulab Jamun,Khoya Burfi, Rus-Gullas, Laddoo,
* Sev Chewra, Namak Para, Fish, Chicken &
* Veg. Pakora,Mango Shake & Lassi.

Seven Days a Week
Business Hours: 11am-9pm

Lunch Buffet & Dinner Buffet

9393-34 Avenue,
Edmonton, AB.

Phone **(780) 434-7373**

Concept, Design and Installation

Cambridge Windows Mfg. Inc.

ਘੱਟ ਕੀਮਤਾਂ ਦੀ ਗਰੰਟੀ
ਪੰਜਾਬੀ, ਹਿੰਦੀ ਤੇ
ਅੰਗਰੇਜ਼ੀ ਵਿਚ ਵਧੀਆ
ਤੇ ਭਰੋਸੇਯੋਗ ਸੇਵਾਵਾਂ

ਪੁਰਾਣੀਆਂ ਖਿੜਕੀਆਂ ਬਦਲਾਉਣ ਜਾਂ ਨਵੇਂ ਘਰ ਸੋਹਣੀਆਂ ਖਿੜਕੀਆਂ ਨਾਲ ਸਜਾਉਣ ਲਈ ਹਮੇਸ਼ਾ ਯਾਦ ਰੱਖੋ

ਕੈਂਬਰਿਜ ਵਿੰਡੋ

780-436-0111

7941-Argyll Road Edmonton AB, T6C 4A9

BBB

www.cambridgewindow.com
Better Business Bureau ਦੇ ਮੈਂਬਰ

ਸੂਚਨਾ ਦੀ ਘਾਟ ਕਾਰਨ ਵਿਦਿਆਰਥੀ ਗ੍ਰਾਂਟਾਂ ਤੇ ਵਜ਼ੀਫਿਆਂ ਤੋਂ ਵਾਂਝੇ

ਐਡਮਿੰਟਨ-ਨ ਦ ਬ

ਬਹੁਤੇ ਪੋਸਟ ਸੈਕੰਡਰੀ ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਨੂੰ ਮਿਲਦੀਆਂ ਗਰਾਂਟਾਂ ਅਤੇ ਵਜ਼ੀਫਿਆਂ ਬਾਰੇ ਪਤਾ ਹੀ ਨਹੀਂ। ਸੂਚਨਾ ਦੀ ਘਾਟ ਕਾਰਨ ਉਹ ਇਹ ਹਾਸਲ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ। ਕੌਮੀ ਸਰਵੇਖਣ ਦੇ ਨਿਰਾਸ਼ਾ ਜਨਕ ਨਤੀਜਿਆਂ ਦਾ ਸੰਕੇਤ ਦਿੰਦਿਆਂ ਐਕਸਟਰਨਲ ਫਾਰ ਦੀ ਯੂਨੀਵਰਸਿਟੀ ਆਫ ਐਲਬਰਟਾ ਸਟੂਡੈਂਟਸ ਯੂਨੀਅਨ ਦੇ ਮੀਤ ਪ੍ਰਧਾਨ ਐਡਨ ਮਰਫੀ ਨੇ ਕਿਹਾ ਹੈ ਕਿ ਪ੍ਰੋਵਿਨਸ਼ਨਲ ਤੇ ਫੈਡਰਲ ਸਰਕਾਰ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਸਹੀ ਸੂਚਨਾ ਮੁਹੱਈਆ ਕਰਵਾਏ। ਮੱਧਵਰਤੀ ਪਰਿਵਾਰਾਂ ਦੇ ਵਿਦਿਆਰਥੀਆਂ ਲਈ ਫੈਡਰਲ ਗਰਾਂਟ ਸੌ ਡਾਲਰ ਪ੍ਰਤੀ ਮਹੀਨਾ ਹੈ ਜਦਕਿ ਇਸ ਤੋਂ ਘੱਟ ਆਮਦਨੀ ਵਾਲੇ ਪਰਿਵਾਰਾਂ ਦੇ ਵਿਦਿਆਰਥੀਆਂ ਲਈ ਇਹ ਗਰਾਂਟ 250 ਡਾਲਰ ਪ੍ਰਤੀ ਮਹੀਨਾ ਹੈ। ਇਹ ਅਤੇ ਹੋਰ ਪ੍ਰੋਵਿਨਸ਼ਨਲ ਗਰਾਂਟ ਪਹਿਲਾਂ ਦਿੱਤੀ ਜਾਂਦੀ ਹੈ ਅਤੇ ਨਿੱਜੀ ਜ਼ਰੂਰਤ ਮੁਤਾਬਕ ਕਰਜ਼ਾ ਵੀ ਦਿੱਤਾ ਜਾਂਦਾ ਹੈ।

ਮਰਫੀ ਨੇ ਦੱਸਿਆ ਕਿ ਬਹੁਤੇ ਵਿਦਿਆਰਥੀ ਜੋ ਇਸ ਮਦਦ ਦੇ ਹੱਕਦਾਰ ਹਨ ਪਰ ਜਾਣਕਾਰੀ ਨਾ ਹੋਣ ਕਾਰਨ ਇਸ ਪੈਸੇ ਲਈ ਅਪਲਾਈ ਤੱਕ ਨਹੀਂ ਕਰਦੇ। ਜ਼ਰੂਰਤਮੰਦ ਵਿਦਿਆਰਥੀ ਹੀ ਜਦ ਇਸ ਮਦਦ ਤੱਕ ਪਹੁੰਚ ਨਹੀਂ ਕਰਦੇ ਤਾਂ ਇਹ ਬਹੁਤ ਦੁਖਦਾਈ ਲਗਦਾ ਹੈ। ਵਿਦਿਆਰਥੀ ਆਗੂਆਂ ਨੇ ਐਲਬਰਟਾ ਯੂਨੀਵਰਸਿਟੀ ਦੇ 2200 ਦੇ ਕਰੀਬ ਵਿਦਿਆਰਥੀਆਂ ਦਾ ਸਰਵੇਖਣ ਕੀਤਾ। ਇਸ ਵਿਚ ਪਾਇਆ ਗਿਆ ਕਿ 72 ਫੀਸਦੀ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਦੀ ਆਮਦਨ ਤੱਕ ਦਾ ਨਹੀਂ ਪਤਾ, ਜੋ ਦਰਸਾ ਕੇ ਉਹ ਸਰਕਾਰ ਵੱਲੋਂ ਮਿਲਦੀ ਵਿੱਤੀ ਮਦਦ ਹਾਸਲ ਕਰ ਸਕਣ। 63 ਫੀਸਦੀ ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਨੂੰ ਇਹ ਨਹੀਂ ਪਤਾ ਕਿ ਉਹ ਕਰਜ਼ਾ ਪ੍ਰੋਗਰਾਮ ਤਹਿਤ ਕਰਜ਼ਾ ਲਏ ਬਿਨਾਂ ਵੀ ਗਰਾਂਟ ਹਾਸਲ ਕਰ ਸਕਦੇ ਹਨ। ਮਸਾਂ ਇਕ ਚੌਥਾਈ ਵਿਦਿਆਰਥੀ ਅਜਿਹੇ ਹਨ ਜਿਨ੍ਹਾਂ ਨੂੰ ਆਪਣੇ ਦੋਸਤਾਂ ਜਾਂ ਪਰਿਵਾਰਾਂ ਤੋਂ ਕਰਜ਼ਾ ਹਾਸਲ ਕਰਨ ਬਾਰੇ ਪਤਾ ਲਗਦਾ ਹੈ।



ਕੌਂਸਲ ਆਫ ਐਲਬਰਟਾ ਯੂਨੀਵਰਸਿਟੀ ਸਟੂਡੈਂਟਸ ਦੇ ਐਗਜ਼ੀਕਿਊਟਿਵ ਡਾਇਰੈਕਟਰ ਡੰਕਨ ਵੂਜਟਾਸਜ਼ੇਕ ਦਾ ਕਹਿਣਾ ਹੈ ਕਿ ਜ਼ਿਆਦਾਤਰ ਵਿਦਿਆਰਥੀ ਗਰਾਂਟ ਜਾਂ ਕਰਜ਼ਾ ਲੈਣ ਲਈ ਅਪਲਾਈ ਹੀ ਨਹੀਂ ਕਰਦੇ ਅਤੇ ਆਪਣੀ ਪੜ੍ਹਾਈ ਵਿਚਾਲੇ ਹੀ ਛੱਡ ਜਾਂਦੇ ਹਨ।

ਐਲਬਰਟਾ ਦੀ ਆਬਾਦੀ ਨੇ ਉਲਟਬਾਜ਼ੀ ਖਾਧੀ

ਐਡਮਿੰਟਨ- ਨ ਦ ਬ

ਲੱਗਦਾ ਹੈ ਐਲਬਰਟਾ ਨੇ ਆਪਣੀ ਸ਼ਾਨੋ-ਸ਼ੌਕਤ ਗਵਾ ਲਈ ਹੈ ਕਿਉਂਕਿ ਕੈਨੇਡਿਆਈਆਂ ਦੀ ਇਸ ਖ਼ੂਬਸੂਰਤ ਮੰਜ਼ਲ ਨੇ ਅੰਦਰੂਨੀ ਪ੍ਰਾਂਤਕ ਪਰਵਾਸੀਆਂ ਨੂੰ ਆਕਰਸ਼ਤ ਕਰਨਾ ਘੱਟ ਕਰ ਦਿੱਤਾ ਹੈ। ਸਟੈਟਿਕਸ ਕੈਨੇਡਾ ਪਾਪੂਲੇਸ਼ਨ ਐਸਟੀਮੇਟ ਅਨੁਸਾਰ ਇਸ ਵਰ੍ਹੇ ਦੇ ਪਹਿਲੇ ਤਿੰਨ ਮਹੀਨਿਆਂ ਵਿਚ ਇਥੇ ਪੱਛਮੀ ਖੇਤਰ ਦੇ ਲੋਕਾਂ ਦੀ ਆਮਦ ਵਿਚ ਕਮੀ ਆਈ ਹੈ।

ਫੈਡਰਲ ਏਜੰਸੀ ਨੇ ਕਿਹਾ ਹੈ ਕਿ ਜਨਵਰੀ, ਫਰਵਰੀ ਅਤੇ ਮਾਰਚ ਵਿਚ ਹੋਰਨਾਂ ਖੇਤਰਾਂ ਤੋਂ ਕੁੱਲ 300 ਲੋਕ ਹੀ ਐਲਬਰਟਾ ਆਏ। ਇਹ ਅੰਕੜਾ 1994 ਤੋਂ ਬਾਅਦ ਸਭ ਤੋਂ ਘੱਟ ਹੈ। ਐਲਬਰਟਾ ਵਿਚ ਪਰਵਾਸੀਆਂ ਦੀ ਘਟੀ ਆਮਦ ਨੇ ਸਿਆਸੀ ਬਹਿਸ ਛੇੜ ਦਿੱਤੀ ਹੈ। ਉਧਰ ਰੁਜ਼ਗਾਰ ਅਤੇ ਪਰਵਾਸ ਬਾਰੇ ਮੰਤਰੀ ਥੋਮਸ ਸੂਕਾਸਜ਼ੂਕ ਦਾ ਕਹਿਣਾ ਹੈ ਕਿ ਨੌਕਰੀਆਂ ਦੀ ਭਾਲ ਵਿਚ ਫਿਰ ਰਹੇ ਨਵੇਂ ਆਏ ਪਰਵਾਸੀਆਂ ਨੇ ਐਲਬਰਟਾ ਦੀ ਲੇਬਰ ਫੋਰਸ ਅਤੇ ਬੇਰੁਜ਼ਗਾਰਾਂ ਦੀ ਗਿਣਤੀ ਵਿਚ ਵਾਧਾ ਕੀਤਾ ਹੈ। ਮੰਤਰਾਲੇ ਦੇ ਬੁਲਾਰੇ ਨੇ ਇਸ ਵਿਸ਼ੇ 'ਤੇ ਤੁਰੰਤ ਕੋਈ ਬਿਆਨ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਉਧਰ ਮੇਅ ਫਲਾਵਰ ਕੈਨੇਡਾ ਤੇ ਯੂਨਾਇਟਡ ਵੈਨ ਲਾਈਨਜ਼ ਵਰਗੀਆਂ ਮੂਵਿੰਗ ਕੰਪਨੀਆਂ (ਸਾਮਾਨ ਦੀ ਢੋਆ-ਢੁਆਈ ਕਰਨ ਵਾਲੀਆਂ ਕੰਪਨੀਆਂ) ਨੇ ਘਰਾਂ ਦਾ ਸਾਮਾਨ ਐਲਬਰਟਾ ਤੋਂ ਬਾਹਰ ਤਾਂ ਢੋਇਆ ਪਰ ਇਥੇ ਆਇਆ ਘੱਟ। ਮੇਅ ਫਲਾਵਰ ਕੰਪਨੀ ਦੇ ਮੀਤ ਪ੍ਰਧਾਨ ਮਾਰਕ ਗੋਸਲਿਨ ਅਨੁਸਾਰ 2009 ਵਰ੍ਹਾ ਵੀ ਅਜੀਬ ਰਿਹਾ ਕਿਉਂਕਿ ਨਾ ਤਾਂ ਇਥੇ ਬਹੁਤੇ ਲੋਕ ਆਏ ਤੇ ਨਾ ਗਏ। ਘਰਾਂ ਦੇ ਸਾਮਾਨ ਦੀ ਪਾਉਂਡ ਵਿਚ ਮਿਣਤੀ ਅਨੁਸਾਰ 2010 ਦੇ ਪਹਿਲੇ ਪੰਜ ਮਹੀਨਿਆਂ ਵਿਚ ਕੁੱਲ 437,626 ਪਾਉਂਡ ਸਾਮਾਨ ਐਲਬਰਟਾ ਵਿਚੋਂ ਗਿਆ।

ਐਲਬਰਟਾ ਦੀ ਆਬਾਦੀ 0.35 ਤੋਂ 3.7 ਫੀਸਦੀ ਮਿਲੀਅਨ ਵਧੀ ਹੈ। ਸਟੈਟਿਕਸ ਕੈਨੇਡਾ ਅਨੁਸਾਰ 1996 ਤੋਂ ਇਸ ਖੇਤਰ ਵਿਚ ਇਹ ਵਧੀ ਆਬਾਦੀ ਦਾ ਪਹਿਲਾ ਚੌਥਾਈ ਘੱਟ ਹਿੱਸਾ ਹੈ। ਦੂਜੇ ਪਾਸੇ ਗਵਾਂਢੀ ਖੇਤਰਾਂ ਵਿਚ ਇਹ ਸਥਿਤੀ 2010 ਦੇ ਸ਼ੁਰੂ ਦੌਰਾਨ ਕਾਫੀ ਮਜ਼ਬੂਤ ਰਹੀ ਹੈ।

ਬਹੁ-ਗਿਣਤੀ ਅਧਿਆਪਕ ਤੰਗੀਆਂ ਵਿਚ

ਐਡਮਿੰਟਨ- ਨ ਦ ਬ

ਪਬਲਿਕ ਸਕੂਲ ਬੋਰਡ ਘਾਟੇ ਵਿਚ ਚੱਲ ਰਿਹਾ ਹੈ ਜਿਸ ਦਾ ਖਮਿਆਜ਼ਾ ਅਧਿਆਪਕਾਂ ਨੂੰ ਭੁਗਤਣਾ ਪੈ ਰਿਹਾ ਹੈ ਕਿਉਂਕਿ ਕੱਟ ਉਨ੍ਹਾਂ ਦੀਆਂ ਤਨਖਾਹਾਂ 'ਤੇ ਵੱਜ ਰਿਹਾ ਹੈ। ਪਬਲਿਕ ਸਕੂਲ ਬੋਰਡ ਦੇ ਚੇਅਰਮੈਨ ਡੋਨ ਫਲੈਮਿੰਗ ਦਾ ਕਹਿਣਾ ਹੈ ਕਿ ਸਕੂਲ ਬੋਰਡ ਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਜੇਕਰ ਪੈਸਾ ਆਇਗਾ ਤਾਂ ਇਹ ਜਲਦੀ ਆਇਗਾ ਜਾਂ ਦੇਰੀ ਨਾਲ। ਹੈਨਕੋਕ ਨੇ ਅਧਿਆਪਕਾਂ ਦੀਆਂ ਤਨਖਾਹਾਂ 'ਤੇ ਕੱਟ ਮਾਰਨ ਦੇ ਖੇਦ ਪ੍ਰਗਟਾਇਆ ਹੈ ਭਾਵੇਂ ਕਿ ਉਸ ਨੇ ਵਾਅਦੇ ਕੀਤੇ ਸਨ। ਐਨ.ਡੀ.ਪੀ. ਦੇ ਐਮ.ਐਲ.ਏ. ਰੇਸ਼ਲ ਨੋਟਲੀ ਨੇ ਫੰਡਾਂ ਦੇ ਮਾਮਲੇ ਵਿਚ ਸਕੂਲ ਬੋਰਡ ਨੂੰ ਹਨੇਰੇ ਵਿਚ ਧੱਕਣ ਲਈ ਹੈਨਕੋਕ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਹੈਨਕੋਕ ਮਹੀਨਿਆਂ ਤੋਂ ਲਾਰੇ ਲਾਉਂਦਾ ਆ ਰਿਹਾ ਹੈ ਪਰ ਇਸ ਸਾਲ ਟੀਚਰਾਂ ਲਈ ਵਧੀ ਤਨਖਾਹ ਦੇ ਫੰਡ ਲਿਆਉਣ ਲਈ ਕੀਤੇ ਵਾਅਦਿਆਂ ਦੇ ਬਾਵਜੂਦ ਕੁਝ ਨਾ ਮਿਲਣ ਨੇ ਬੇਚੈਨੀ ਪੈਦਾ ਕਰ ਦਿੱਤੀ ਹੈ। ਟੀਚਰਾਂ ਨੂੰ ਇਹ ਪਹਿਲੋਂ ਹੀ ਕਹਿ ਦਿੱਤਾ ਗਿਆ ਸੀ ਕਿ ਉਨ੍ਹਾਂ ਦੇ ਕੰਟੈਰਕ ਰਿਨਿਊ ਨਹੀਂ ਕੀਤੇ ਜਾਣਗੇ। ਇਹ ਕੱਟ ਸਿਰਫ ਕੰਟਰੈਕਟ 'ਤੇ ਕੰਮ ਕਰਦੇ ਟੀਚਰਾਂ ਦੀਆਂ ਤਨਖਾਹਾਂ 'ਤੇ ਹੀ ਲੱਗਿਆ ਹੈ, ਇਸ ਲਈ ਇਸ ਦਾ ਵਿਰੋਧ ਵੀ ਕਿਸੇ ਪਾਸਿਓਂ ਉਠਣਾ ਸੰਭਵ ਨਹੀਂ ਸੀ। ਫਲੈਮਿੰਗ ਨੇ ਕਿਹਾ ਕਿ ਸਾਡਾ ਪਹਿਲਾ ਕੇਂਦਰ ਬਿੰਦੂ ਉਨ੍ਹਾਂ ਪ੍ਰੋਬੇਸ਼ਨਰੀ ਟੀਚਰਾਂ ਦੀ ਵਚਨਬੱਧਤਾ ਅਤੇ ਸਮਰੱਥਾ ਹੈ ਜੋ ਦੋ ਸਾਲਾਂ ਤੋਂ ਕੰਮ ਕਰ ਰਹੇ ਹਨ।



ਉਧਰ ਐਡਮਿੰਟਨ ਦਾ ਪਬਲਿਕ ਸਕੂਲ ਬੋਰਡ ਨੌਜਵਾਨ ਟੀਚਰਾਂ ਨੂੰ ਨੌਕਰੀਆਂ ਦੇ ਵਧੇਰੇ ਮੌਕੇ ਪ੍ਰਦਾਨ ਕਰੇਗਾ ਕਿਉਂਕਿ ਖੇਤਰ ਦਾ ਫੰਡ ਇਸ ਹਫਤੇ ਐਲਾਨ ਹੋਇਆ ਹੈ। ਬੋਰਡ ਦੇ ਚੇਅਰਮੈਨ ਡੋਨ ਫਲੈਮਿੰਗ ਨੇ ਕਿਹਾ ਕਿ ਇਹ ਕਹਿਣਾ ਬਹੁਤ ਜਲਦੀ ਹੋਵੇਗਾ ਕਿ 14.5 ਮਿਲੀਅਨ ਡਾਲਰ ਫੰਡ ਵਿਚ ਕਿੰਨੀ ਕੁ ਭਰਤੀ ਕੀਤੀ ਜਾ ਸਕਦੀ ਹੈ। ਬੋਰਡ ਨੂੰ ਸਹੀ ਗਿਣਤੀ ਦਾ ਅੰਦਾਜ਼ਾ ਨਹੀਂ ਲਗ ਸਕਦਾ ਜਦੋਂ ਤੱਕ ਗਰਮੀਆਂ ਦੀਆਂ ਛੁੱਟੀਆਂ 'ਤੇ ਗਏ ਪ੍ਰਿੰਸੀਪਲ ਵਾਪਸ ਨਹੀਂ ਆ ਜਾਂਦੇ ਅਤੇ ਵਿਦਿਆਰਥੀਆਂ ਦੀ ਸੰਖਿਆ ਬਾਰੇ ਸਥਿਤੀ ਅਗਸਤ ਦੇ ਅਖੀਰ ਤੱਕ ਸਪਸ਼ਟ ਹੋਵੇਗੀ।

'ਸੱਜਣਾਂ ਦਾ ਖੂਹ' ਅਤੇ 'ਸ਼ਨੁੱਕ' ਲੋਕ-ਅਰਪਣ

ਕੈਲਗਰੀ: ਨ ਦ ਬ

ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਪੰਜਾਬੀ ਗੀਤਕਾਰ ਮੰਗਲ ਹਠੂਰ ਦੀ ਸਮਾਜਿਕ ਸਮੱਸਿਆਵਾਂ ਨੂੰ ਉਭਾਰਦੀ ਪੁਸਤਕ 'ਸੱਜਣਾਂ ਦਾ ਖੂਹ' ਲੋਕ-ਅਰਪਣ ਕੀਤੀ ਗਈ। ਰਾਮ ਪਾਲ ਸੋਹੀ ਵਲੋਂ ਇਸ ਸਮਾਗਮ ਲਈ ਉਚੇਚੇ ਯਤਨ ਕਰਨ ਦੇ ਨਾਲ ਨਾਲ ਮੰਗਲ ਹਠੂਰ ਵਲੋਂ ਲਿਖੀਆਂ ਜਾਣ ਵਾਲੀਆਂ ਕਿਤਾਬਾਂ ਛਪਵਾਉਣ ਦਾ ਖਰਚਾ ਕਰਨ ਦੀ ਜ਼ੁੰਮੇਵਾਰੀ ਵੀ ਲਈ।

ਇਸੇ ਤਰ੍ਹਾਂ ਕੈਲਗਰੀ ਦੇ ਕੋਸੋ ਹਾਲ 'ਚ ਸ਼ਾਇਰ ਹਰੀਪਾਲ ਵਲੋਂ ਸੰਪਾਦਿਤ ਕਨੇਡਾ ਦੇ ਗਜ਼ਲਗੋਆਂ ਦੀ ਪੁਸਤਕ 'ਸ਼ਨੁੱਕ' ਰੀਲੀਜ਼ ਕੀਤੀ ਗਈ। ਕਿਤਾਬ ਦੇ ਸੰਪਾਦਕ ਹਰੀਪਾਲ ਨੇ ਇਸ ਦੀ ਇਕ ਕਾਪੀ ਅਪਣੀ ਜੀਵਨ ਸਾਥਣ ਸੁਖਪਾਲ ਕੌਰ ਨੂੰ ਭੇਂਟ ਕੀਤੀ। ਉਨ੍ਹਾਂ ਨੇ ਇਸ ਕਿਤਾਬ 'ਚੋਂ ਚੋਣਵੇਂ ਸ਼ੇਅਰ ਵੀ ਪੇਸ਼ ਕੀਤੇ। ਕੋਸੋ ਦੇ ਪ੍ਰਧਾਨ ਹੈਰੀ ਮਾਨ ਨੇ ਕਿਹਾ ਕਿ ਕੋਸੋ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਪ੍ਰਫੁਲਤਾ ਲਈ ਹੋਣ ਵਾਲੇ ਸਾਂਝੇ ਯਤਨਾਂ ਲਈ ਮਾਲੀ ਮਦਦ ਦੇ ਸਕਦੀ ਹੈ।

ਐਡਮਿੰਟਨ ਦੀ ਹਾਕੀ ਟੀਮ ਨੇ ਗੋਲਡ ਮੈਡਲ ਜਿੱਤਿਆ

ਐਡਮਿੰਟਨ - ਹਰਜਿੰਦਰ ਆਹਲੂਵਾਲੀਆ

ਅੰਡਰ 14 ਗਰੁੱਪ 'ਚ ਅਲੱਗ-ਅਲੱਗ ਸੂਬਿਆਂ ਤੋਂ ਪ੍ਰੇਰੀ ਯੂਥ ਗੇਮਜ਼ ਅਧੀਨ ਸਸਕੈਚਵਨ, ਮੈਨੀਟੋਬਾ, ਐਡਮਿੰਟਨ ਅਤੇ ਕੈਲਗਰੀ ਦੀਆਂ ਟੀਮਾਂ ਵਿਚਕਾਰ ਹਾਕੀ ਦੇ ਟੂਰਨਾਮੈਂਟ ਵਿਨੀਪੈਗ ਦੇ ਸਕੂਲ ਦੀਆਂ ਗਰਾਊਂਡਾਂ 'ਚ ਹੋਏ। ਐਡਮਿੰਟਨ ਨੇ 4 ਮੈਚ ਖੇਡ ਕੇ ਅੰਤਿਮ ਮੈਚ ਕੈਲਗਰੀ ਤੋਂ 1-0 ਦੇ ਫਰਕ ਨਾਲ ਜਿੱਤ ਕੇ ਗੋਲਡ ਆਪਣੀ ਝੋਲੀ ਵਿਚ ਪਵਾਇਆ । ਐਡਮਿੰਟਨ ਟੀਮ 'ਚ ਬਲਵੀਤ ਢਿੱਲੋਂ, ਨਵਦੀਪ ਧਾਲੀਵਾਲ, ਲਵਦੀਪ ਬਦੇਸ਼ਾ, ਬਲਰਾਜ ਤੱਖਰ, ਅਜੀਤਪਾਲ ਮੱਲ੍ਹੀ, ਕਰਨ ਗਿੱਲ, ਜਪਜੀਤ ਫੁੱਲ, ਜਗਵਿੰਦਰ ਖੰਘੂਰਾ, ਅਵਨਿੰਦਰ ਗਿੱਲ, ਸੀਬਾ ਸਟੇਨ ਗੌਡਮੈਨ, ਮਟਨ ਟੋਰ, ਕੋਨਰੋ ਜਾਰਜ ਸ਼ਾਮਿਲ ਸਨ । ਕੋਚ ਜਾਰਜ ਅਤੇ ਸੁਖਦਰਸ਼ਨ ਪੰਨੂ ਨੇ ਐਡਮਿੰਟਨ ਏਅਰਪੋਰਟ ਤੇ ਪੁੱਜੀ ਵਿਜੇਤਾ ਟੀਮ ਦਾ ਭਰਵਾਂ ਸਵਾਗਤ ਕੀਤਾ । ਵਿਧਾਇਕ ਪੀਟਰ ਸੰਧੂ ਨੇ ਵਿਜੇਤਾ ਟੀਮ ਅਤੇ ਉਨ੍ਹਾਂ ਦੇ ਮਾਪਿਆਂ ਵਧਾਈ ਦਿੱਤੀ।

ਲਿਬਰਲ, ਐਨ.ਡੀ.ਪੀ. ਨਾਲ ਕੰਮ ਕਰਨ ਬਾਰੇ ਹਾਲੇ ਵੀ ਦੁਚਿਤੀ ਵਿਚ

ਐਡਮਿੰਟਨ, ਨ ਦ ਬ

ਐਲਬਰਟਾ ਲਿਬਰਲ ਵੱਲੋਂ ਐਨ.ਡੀ.ਪੀ. ਤੇ ਹੋਰ ਸਿਆਸੀ ਪਾਰਟੀਆਂ ਨਾਲ ਸਹਿਯੋਗ ਕਰਨ ਦੇ ਫੈਸਲੇ ਤੋਂ ਕਰੀਬ ਡੇਢ ਮਹੀਨਾ ਬਾਅਦ ਵੀ ਇਸ ਦੇ ਮੈਂਬਰ ਇਨ੍ਹਾਂ ਸੋਚਾਂ ਵਿਚ ਡੁੱਬੇ ਹੋਏ ਹਨ ਕਿ ਆਖਰ ਉਹ ਕਿਸ ਮਾਮਲੇ ਵਿਚ ਸਹਿਯੋਗ ਕਰਨ। ਲਿਬਰਲ ਆਗੂ ਡੇਵਿਡ ਸਵੈਨ ਦਾ ਕਹਿਣਾ ਹੈ ਕਿ ਇਹ ਸੱਚਮੁੱਚ ਹੀ ਗੰਭੀਰ ਮਸਲਾ ਹੈ ਕਿ ਕਿਸ ਮਸਲੇ ਤੇ ਸਹਿਯੋਗ ਕਰਨਾ ਚਾਹੀਦਾ ਹੈ ਕਿਸ 'ਤ ਨਹੀਂ। ਪਿਛਲੇ ਮਹੀਨੇ ਪਾਰਟੀ ਦੀ ਹੋਈ ਸਾਲਾਨਾ ਕਨਵੈਨਸ਼ਨ ਦੌਰਾਨ ਲਿਬਰਲਾਂ ਨੇ ਹੋਰਨਾਂ ਸਿਆਸੀ ਪਾਰਟੀਆਂ ਨਾਲ ਸਹਿਯੋਗ ਕਰਨ ਦੇ ਹੱਕ ਵਿਚ ਵੋਟਿੰਗ ਕੀਤੀ ਸੀ ਜਿਸ ਦਾ ਅਨੁਪਾਤ 81-64 ਸੀ। ਪਾਰਟੀ ਮੁਖੀ ਟੋਨੀ ਸੈਨਸੋਟਾ ਨੇ ਇਸ ਮੁਹਿੰਮ ਨੂੰ ਅਸਫਲ ਕਰਾਰ ਦਿੱਤਾ ਹੈ ਜਦਕਿ ਐਨ.ਡੀ.ਪੀ. ਆਗੂ ਬਰੇਨ ਮੈਸਨ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਕੋਈ ਦਿਲਚਸਪੀ ਨਹੀਂ ਹੈ।

ਛੇ ਹਫਤਿਆਂ ਬਾਅਦ ਵੀ ਲਿਬਰਲ ਪਾਰਟੀ ਦੇ ਮੈਂਬਰ ਇਸ ਮੁੱਦੇ 'ਤੇ ਸੋਚ ਵਿਚਾਰ ਕਰ ਰਹੇ ਹਨ। ਸਵੈਨ ਦਾ ਕਹਿਣਾ ਹੈ ਕਿ ਅਗਲੇ ਕੁਝ ਹਫਤਿਆਂ ਤੱਕ ਉਹ ਸਥਿਤੀ ਸਪਸ਼ਟ ਕਰ ਦੇਣਗੇ। ਉਧਰ ਮੈਸਨ ਨੇ ਇਸ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਦੋਵੇਂ ਆਗੂਆਂ ਨੇ ਇਸ ਮੁੱਦੇ 'ਤੇ ਵਿਚਾਰ ਬਾਰੇ ਕੋਈ ਮੁਲਾਕਾਤ ਨਹੀਂ ਕੀਤੀ। ਐਨ.ਡੀ.ਪੀ. ਦੀ ਮੈਂਬਰਸ਼ਿੱਪ ਨੇ ਦੋ ਕਨਵੈਨਸ਼ਨਾਂ ਦੌਰਾਨ ਇਸੇ ਤਰ੍ਹਾਂ ਦੀ ਸਹਿਯੋਗ ਰਣਨੀਤੀ ਖਿਲਾਫ ਵੋਟਿੰਗ ਦਿੱਤੀ ਹੈ।

ਇਸੇ ਦੌਰਾਨ ਐਲਬਰਟਾ ਲਿਬਰਲਾਂ ਨੇ ਸਰਕਾਰ ਵੱਲੋਂ ਮਿਊਂਸਪਲ ਮਾਮਲਿਆਂ ਦੀ ਰਿਪੋਰਟ 'ਤੇ ਕੋਈ ਕਾਰਵਾਈ ਨਾ ਕਰਨ ਕਾਰਨ ਇਸ ਦੀ ਜਨਤਕ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੋ ਸਾਲਾਂ ਤੋਂ ਇਸ ਰਿਪੋਰਟ ਵੱਲ ਕੋਈ ਧਿਆਨ ਨਹੀਂ ਦੇ ਰਹੀ ਅਤੇ ਅਜਿਹਾ ਕਰਕੇ ਉਹ ਬਿਲਡਰਾਂ ਦਾ ਪੱਖ ਪੂਰ ਰਹੀ ਹੈ ਅਤੇ ਮਕਾਨ ਮਾਲਕਾਂ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਜ਼ਿਕਰਯੋਗ ਹੈ ਕਿ 2008 ਦੀ ਰਿਪੋਰਟ ਵਿਚ ਇਹ ਮੁੱਦਾ ਉਭਾਰਿਆ ਗਿਆ ਸੀ ਕਿ ਪ੍ਰਾਂਤ ਦੀਆਂ ਇਮਾਰਤਾਂ ਬਣਾਉਣ ਵੇਲੇ ਬਿਲਡਰ ਘਟੀਆ ਸਮੱਗਰੀ ਦੀ ਵਰਤੋਂ ਕਰ ਰਹੇ ਹਨ ਜੋ ਕਾਨੂੰਨ ਮਾਪਦੰਡਾਂ ਮੁਤਾਬਕ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਮਿਊਂਸਪਲਟੀਆਂ ਤੇ ਸਰਕਾਰ ਨੇ ਇਸ ਵੱਲ ਧਿਆਨ ਨਾ ਦਿੱਤਾ ਤਾਂ ਇਸ ਦੇ ਸਿੱਟੇ ਘਾਤਕ ਹੋ ਸਕਦੇ ਹਨ।

Nawi Dunia and people associated with it are not responsible for any claims made by the advertisers and do not endorse any product or services advertised in the Nawi Dunia. The contents of Nawi Dunia may not be reproduced without the written consent of the Publisher. The Publisher and/or Editor shall not be liable for any of the views expressed by the authors of articles or letters published in the Nawi Dunia, nor shall these opinions necessarily reflect those of the Published and/or Editor. Letters to the Editor become the property of Nawi Dunia, and may be Edited.

ਲੇਖਕਾਂ ਦੀਆਂ ਰਚਨਾਵਾਂ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਬਾਰ ਐਸੋਸੀਏਸ਼ਨ ਵੱਲੋਂ 'ਨੁਕਸਦਾਰ' ਇਮੀਗ੍ਰੇਸ਼ਨ ਨਿਯਮ ਦਾ ਵਿਰੋਧ

ਟੋਰਾਂਟੋ - ਨ ਦ ਬ

ਕੈਨੇਡੀਅਨ ਬਾਰ ਐਸੋਸੀਏਸ਼ਨ ਨੇ ਇਮੀਗਰੇਸ਼ਨ ਮੰਤਰਾਲੇ 'ਤੇ ਦੋਸ਼ ਲਾਇਆ ਹੈ ਕਿ ਪਿਛਲੇ ਮਹੀਨੇ ਸਿਟੀਜ਼ਨਸ਼ਿਪ ਅਰਜ਼ੀਆਂ ਸਬੰਧੀ ਕੀਤੀਆਂ ਤਬਦੀਲੀਆਂ ਲੁਕਵੀਆਂ ਅਤੇ ਨਿੰਦਣਯੋਗ ਹਨ। ਸਰਕਾਰ ਵੱਲੋਂ ਕਾਨੂੰਨ ਨਾਲ ਕੀਤੀ ਇਹ ਛੇੜਛਾੜ ਗੁਲਤ ਹੈ।

ਜ਼ਿਕਰਯੋਗ ਹੈ ਕਿ ਕਿਸੇ ਨੂੰ ਵੀ ਸਕਿਲਡ ਇਮੀਗਰਾਂਟ ਵਜੋਂ ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਲਈ ਦੇਸ਼ ਦੀਆਂ ਦੋ ਦਫਤਰੀ ਭਾਸ਼ਾਵਾਂ ਅੰਗਰੇਜ਼ੀ ਜਾਂ ਫਰੈਂਚ ਬੋਲਣਾ ਜ਼ਰੂਰੀ ਸੀ। ਇਮੀਗਰੇਸ਼ਨ ਐਂਡ ਰੈਫਊਜੀ ਪ੍ਰੋਟੈਕਸ਼ਨ ਰੈਗੂਲੇਸ਼ਨਜ਼ ਅਨੁਸਾਰ ਜੋ ਫੈਡਰਲ ਸਕਿਲਡ ਵਰਕਰ ਜਾਂ ਕੈਨੇਡਾ ਐਕਸਪੀਰੀਐਂਸ ਕਲਾਸਜ਼ ਤਹਿਤ ਅਪਲਾਈ ਕਰਦੇ ਹਨ ਤਾਂ ਉਹ ਜਾਂ ਕੌਮਾਂਤਰੀ ਅੰਗਰੇਜ਼ੀ ਭਾਸ਼ਾ ਟੈਸਟਿੰਗ ਸਿਸਟਮ ਜਾਂ ਟੈਸਟ ਡੀ'ਈਵੈਲੂਏਸ਼ਨ ਡੀ ਫਰਾਂਸੇਜ਼ ਚੁਣ ਸਕਦੇ ਹਨ ਜਾਂ ਭਾਸ਼ਾ ਮੁਹਾਰਤ ਬਾਰੇ ਲੋੜੀਂਦੇ ਦਸਤਾਵੇਜ਼ ਦੇ ਸਕਦੇ ਹਨ। ਪਰ ਇਮੀਗਰੇਸ਼ਨ ਮੰਤਰੀ ਜੈਸਨ ਕੈਨੀ ਨੇ ਆਪਣੀਆਂ ਹਦਾਇਤਾਂ ਦਿੰਦਿਆਂ ਕਿਹਾ ਕਿ ਸਿਰਫ ਮੁਕੰਮਲ ਸਟੈਂਡਰਡਾਈਜ਼ ਲੈਂਗੁਏਜ ਪ੍ਰੋਫਿਸੈਂਸੀ ਟੈਸਟ ਅਰਜ਼ੀਆਂ 'ਤੇ ਤੁਰੰਤ ਕਾਰਵਾਈ ਹੋਵੇਗੀ। ਬਾਰ ਐਸੋਸੀਏਸ਼ਨ ਦੇ ਬੁਲਾਰੇ ਡੈਵਿਡ ਮਾਟਾਸ ਦਾ ਕਹਿਣਾ ਹੈ ਕਿ ਇਹ ਧੱਕੇਸ਼ਾਹੀ ਵਾਲੀ ਤਬਦੀਲੀ ਅਪੀਲਕਰਤਾਵਾਂ ਦੇ ਹੱਕਾਂ ਦੀ ਉਲੰਘਣਾ ਹੈ। ਇਸ ਤਬਦੀਲੀ ਨਾਲ ਹਜ਼ਾਰਾਂ ਸਕਿਲਡ ਇਮੀਗਰਾਂਟਸ ਦੀ ਸਮਰੱਥਾ 'ਤੇ ਅਸਰ ਪਏਗਾ। ਪਿਛਲੇ ਸਾਲ ਅੰਗਰੇਜ਼ੀ ਤੇ ਫਰੈਂਚ ਬੋਲਦੇ ਮੁਲਕਾਂ ਦੇ 30000 ਤੋਂ ਵਧੇਰੇ ਲੋਕ ਕੈਨੇਡਾ ਦੇ ਸਥਾਈ ਵਾਸੀ ਬਣ ਗਏ ਸਨ। ਉਨ੍ਹਾਂ ਕਿਹਾ ਕਿ ਅੰਗਰੇਜ਼ੀ ਜਾਂ ਫਰੈਂਚ ਬੋਲਣ ਵਾਲੇ ਮੁਲਕਾਂ ਦੇ ਬਹੁਤੇ ਲੋਕ ਬਿਨਾਂ ਟੈਸਟ ਦਿੱਤਿਆਂ ਆਪਣੀ ਭਾਸ਼ਾ ਮੁਹਾਰਤ ਨੂੰ ਆਸਾਨੀ ਨਾਲ ਸਿੱਧ ਕਰ ਸਕਦੇ ਹਨ। ਉਧਰ ਸਿਟੀਜ਼ਨਸ਼ਿਪ ਐਂਡ ਇਮੀਗਰੇਸ਼ਨ ਕੈਨੇਡਾ ਦੀ ਤਰਜਮਾਨ ਕੈਰਨ ਸ਼ਾਦ ਨੇ ਕਿਹਾ ਕਿ ਇਹ ਤਬਦੀਲੀਆਂ ਇਸ ਲਈ ਕੀਤੀਆਂ ਗਈਆਂ ਹਨ ਕਿਉਂਕਿ ਭਾਸ਼ਾਈ ਟੈਸਟ ਨਾ ਸਿਰਫ ਅਰਜ਼ੀਆਂ 'ਤੇ ਕਾਰਵਾਈ ਦੇ ਅਮਲ ਨੂੰ ਤੇਜ਼ ਕਰੇਗਾ ਬਲਕਿ ਇਹ ਕੰਮ ਪੂਰੀ ਪਾਰਦਰਸ਼ਤਾ ਤੇ ਨਿਆਂਪੂਰਵਕ ਹੋਵੇਗਾ।

'ਮੈਂ ਭਗਤ ਸਿੰਘ' ਨਾਟਕ ਦੀ ਸਫ਼ਲ ਪੇਸ਼ਕਾਰੀ

ਐਡਮਿੰਟਨ -ਵਤਨਦੀਪ ਸਿੰਘ ਗਰੇਵਾਲ

ਰੰਗਮੰਚ ਥੀਏਟਰ ਸੁਸਾਇਟੀ ਆਫ ਅਲਬਰਟਾ ਵੱਲੋਂ 'ਮੈਂ ਭਗਤ ਸਿੰਘ' ਨਾਟਕ ਦੀ ਸਫ਼ਲ ਪੇਸ਼ਕਾਰੀ ਫੈਸਟੀਵਲ ਪਲੇਸ, ਸ਼ੇਰਵੁੱਡ ਪਾਰਕ, ਐਡਮਿੰਟਨ ਵਿਖੇ ਕੀਤੀ ਗਈ। ਪਾਲੀ ਭੁਪਿੰਦਰ ਦੇ ਲਿਖੇ ਅਤੇ ਜਗਜੀਤ ਹੇਅਰ ਦੀ ਨਿਰਦੇਸ਼ਨਾ ਹੇਠ ਖੇਡੇ ਗਏ ਇਸ ਨਾਟਕ ਦੀ ਕਹਾਣੀ ਇਕ ਹੋਟਲ 'ਤੇ ਭਾਂਡੇ ਮਾਂਜਦੇ 14-15 ਸਾਲ ਦੇ ਲੜਕੇ ਦੇ ਇਰਦ-ਗਿਰਦ ਘੁੰਮਦੀ ਹੈ। ਜਿਸ ਦੇ ਮਨ ਵਿਚ ਦੂਸਰੇ ਪੜ੍ਹ ਰਹੇ ਬੱਚਿਆਂ ਨੂੰ ਦੇਖ ਕੇ ਸ਼ਹੀਦ ਭਗਤ ਸਿੰਘ ਵਾਂਗ ਬਗਾਵਤ ਦੀ ਚਿੰਗਾੜੀ ਉਠਦੀ ਹੈ। ਇਹ ਨਾਟਕ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਤੋਂ ਲੈ ਕੇ ਅੱਜ ਕਿਸਾਨਾਂ ਦੀਆਂ ਜ਼ਮੀਨਾਂ ਜ਼ਬਰੀ ਇਕੁਆਇਰ ਕਰਨ ਵਿਰੁੱਧ ਵੱਖ-ਵੱਖ ਰੂਪ ਵਿਚ ਪੈਦਾ ਹੋਏ ਭਗਤ ਸਿੰਘ ਦੀ ਕਹਾਣੀ ਬਿਆਨ ਕਰਦਾ ਹੈ। ਨਵੇਂ ਨਰੋਏ ਸਮਾਜ ਦੀ ਸਿਰਜਣਾ ਲਈ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਲਈ ਚੰਦਨਦੀਪ ਹੁੰਦਲ ਨੇ ਭਗਤ ਸਿੰਘ, ਰਘਵੀਰ ਬਿਲਾਸਪੁਰੀ ਨੇ ਨੇਤਾ ਤੇ ਜਗਜੀਤ ਹੇਅਰ, ਰਾਜੀਵ ਹੇਅਰ, ਜਸਲੀਨ ਤੇ ਲਖਵੀਰ ਕੌਰ ਨੇ ਆਪਣੇ-ਆਪਣੇ ਕਿਰਦਾਰ ਬਾਖੂਬੀ ਨਿਭਾਏ।

ਸੈਨੇਟਰਾਂ ਦੇ ਭਰਤੀ ਮਾਮਲੇ ਨੇ ਜ਼ੋਰ ਫੜਿਆ

ਓਟਾਵਾ - ਨ ਦ ਬ

ਨਵੀਂ ਐਂਗਸ ਰੇਡ ਪੋਲ ਅਨੁਸਾਰ ਫੈਡਰਲ ਸਰਕਾਰ ਦੀ ਸੈਨੇਟਰ ਚੁਣਨ ਦੀ ਯੋਜਨਾ ਦੀ ਹਮਾਇਤ ਅਤੇ ਅਹੁਦੇ ਦੀ ਮਿਆਦ ਸੀਮਤ ਕਰਨ ਦਾ ਮਾਮਲਾ ਤੂਲ ਫੜਦਾ ਜਾ ਰਿਹਾ ਹੈ। ਬਹੁ ਗਿਣਤੀ ਕੈਨੇਡੀਅਨ ਵੀ ਮਹਿਸੂਸ ਕਰਦੇ ਹਨ ਕਿ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਸੈਨੇਟਰ ਚੁਣਨ ਦੇ ਮਾਮਲੇ ਵਿਚ ਧੋਖਾ ਕਰ ਰਹੇ ਹਨ ਜਦਕਿ ਵਿਰੋਧੀ ਧਿਰ ਵੱਲੋਂ ਇਸ ਦਾ ਡਟ ਕੇ ਵਿਰੋਧ ਕੀਤਾ ਜਾ ਰਿਹਾ ਹੈ। ਐਂਗਸ ਰੇਡ ਦੇ ਆਨ ਲਾਈਨ ਫੋਰਮ ਪੈਨਾਲਿਸਟ ਮੁਤਾਬਕ ਦਸ ਵਿਚੋਂ 7 ਕੈਨੇਡੀਅਨ ਸੈਨੇਟਰਾਂ ਦੀ ਚੋਣ ਦੇ ਹੱਕ ਵਿਚ ਹਨ ਅਤੇ ਅਹੁਦੇ ਦੀ ਮਿਆਦ ਸੀਮਤ ਕਰਨ ਦੇ ਵੀ ਇਛੁੱਕ ਹਨ। ਸਿਰਫ 9 ਫੀਸਦੀ ਕੈਨੇਡੀਅਨ ਹੀ ਮੌਜੂਦਾ ਪ੍ਰਨਾਲੀ ਤੋਂ ਸੰਤੁਸ਼ਟ ਹਨ।

ਯੂਨੀਵਰਸਿਟੀ ਦੇ ਸਟਾਫ ਫੈਕਲਟੀ ਵਿਚ 400 ਤੱਕ ਕਮੀ ਹੋਵੇਗੀ

ਐਡਮਿੰਟਨ - ਨ ਦ ਬ

ਇਸ ਸਾਲ ਯੂਨੀਵਰਸਿਟੀ ਵਿਚੋਂ 400 ਦੇ ਕਰੀਬ ਸਟਾਫ ਸੇਵਾ ਮੁਕਤ ਹੋ ਰਿਹਾ ਹੈ ਜਦਕਿ ਇਥੇ ਵਿਦਿਆਰਥੀਆਂ ਦੇ ਆਉਣ ਦੀ ਗਿਣਤੀ ਪਹਿਲੀ ਜਿੰਨੀ ਹੀ ਰਹਿਣ ਦੀ ਸੰਭਾਵਨਾ ਹੈ। ਸੂਤਰਾਂ ਅਨੁਸਾਰ ਬਾਕੀ ਦਾ ਸਟਾਫ ਫੁੱਲ ਟਾਈਮ ਤੋਂ ਪਾਰਟ ਟਾਈਮ ਕੀਤਾ ਜਾ ਰਿਹਾ ਹੈ। ਇਹ ਹਾਲੇ ਸਪਸ਼ਟ ਨਹੀਂ ਹੈ ਕਿ 1077 ਸੈਸ਼ਨਲ ਇੰਸਟਰਕਟਰਾਂ ਵਿਚੋਂ ਕਿੰਨਿਆਂ ਨੂੰ ਸਤੰਬਰ ਵਿਚ ਕੰਮ 'ਤੇ ਲਿਆ ਜਾਵੇਗਾ। ਅਕੈਡਮਿਕ ਸਟਾਫ ਐਸੋਸੀਏਸ਼ਨ ਦੇ ਪ੍ਰਧਾਨ ਵਾਲਟਰ ਡਿਕਸਨ ਦਾ ਕਹਿਣਾ ਹੈ ਕਿ ਜਿਨ੍ਹਾਂ ਕਈਆਂ ਦਾ ਕੰਟਰੈਕਟ ਖਤਮ ਹੋ ਸਕਦਾ ਹੈ, ਉਸ ਗਿਣਤੀ ਬਾਰੇ ਹਾਲੇ ਕੁਝ ਨਹੀਂ ਪਤਾ। ਉਨ੍ਹਾਂ ਕਿਹਾ ਕਿ ਜਦੋਂ ਸਟਾਫ ਸੇਵਾ ਮੁਕਤ ਹੁੰਦਾ ਹੈ ਤਾਂ ਚਿੰਤਾ ਵੱਧ ਜਾਂਦੀ ਹੈ ਕਿ ਹੁਣ ਦੀ ਥਾਂ ਨਵਾਂ ਸਟਾਫ ਭਰਤੀ ਕੀਤਾ ਜਾਵੇਗਾ ਜਾਂ ਨਹੀਂ। ਇਸ ਨਾਲ ਮਾਪਿਆਂ ਦੀ ਚਿੰਤਾ ਵੀ ਵੱਧ ਜਾਂਦੀ ਹੈ ਕਿਉਂਕਿ ਜਦੋਂ ਸਟਾਫ ਦੀ ਭਰਤੀ ਪੂਰੀ ਨਹੀਂ ਹੁੰਦੀ ਤਾਂ ਯੂਨੀਵਰਸਿਟੀ ਵਿਚ ਵਿਸ਼ਾ ਮਾਹਰਾਂ ਦੀ ਅਣਹੋਂਦ ਕਾਰਨ ਵਿਦਿਆਰਥੀ ਆਪਣੀ ਪਸੰਦ ਦਾ ਵਿਸ਼ਾ ਚੁਣਨ ਵਿਚ ਵੀ ਦਿੱਕਤਾਂ ਮਹਿਸੂਸ ਕਰਦੇ ਹਨ।

ਜੋਗਿੰਦਰ ਕੰਦੋਲਾ ਨਹੀ ਰਹੇ

ਪਿਛਲੇ ਲੰਬੇ ਸਮੇਂ ਤੋਂ ਐਡਮਿੰਟਨ ਵਿਚ ਰਹਿ ਰਹੇ ਕਿੱਤੇ ਵਜੋਂ ਵਕੀਲ ਅਤੇ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸ਼ੀਅਤ ਸ਼੍ਰੀ ਜੋਗਿੰਦਰ ਕੰਦੋਲਾ ਦਾ ਸੋਮਵਾਰ 12 ਜੁਲਾਈ ਨੂੰ ਦੇਹਾਂਤ ਹੋ ਗਿਆ। ਉਹ 61 ਸਾਲ ਦੇ ਸਨ। ਕਾਲਜ ਪੜ੍ਹਾਈ ਦੌਰਾਨ ਚੜ੍ਹਦੀ ਉਮਰੇ ਹੀ ਉਹ ਖੱਬੇ ਪੱਖੀ ਵਿਚਾਰਧਾਰਾ ਵੱਲ ਖਿੱਚੇ ਗਏ। ਆਪਣੇ ਇਸ ਅਕੀਦੇ ਤੇ ਅਗਾਂਹਵਧੂ ਵਿਚਾਰਾਂ ਨੂੰ ਲੱਗੀਆਂ ਪਛਾੜਾਂ ਅਤੇ ਸੰਸਾਰ ਵਿਚ ਰਾਜਨੀਤੀ ਦੇ ਬਦਲੇ ਹੋਏ ਸਮੀਕਰਣਾਂ ਦੇ ਬਾਵਜੂਦ ਉਹ ਆਖਰੀ ਸਾਹਾਂ ਤਕ ਖੜ੍ਹੇ ਰਹੇ। ਇਸੇ ਦੌਰਾਨ ਉਹਨਾਂ ਨੇ ਕਨੇਡਾ ਦੀ ਮੱਧ-ਵਰਗੀ ਖੱਬੇ ਪੱਖੀ ਸਮਝੀ ਜਾਂਦੀ ਨਿਊ ਡੈਮੋਕਰੈਟ ਪਾਰਟੀ ਵਲੋਂ ਚੋਣ ਵੀ ਲੜੀ।

ਜਿੰਦਗੀ ਭਰ ਉਹ ਐਡਮਿੰਟਨ ਦੀਆਂ ਵੱਖ-ਵੱਖ ਸਮਾਜਕ ਤੇ ਸਭਿਆਚਾਰਕ ਜਥੇਬੰਦੀਆਂ ਨਾਲ ਇਕ ਵਰਕਰ ਅਤੇ ਆਗੂ ਵਜੋਂ ਜੁੜੇ ਰਹੇ। ਸ਼੍ਰੀ ਕੰਦੋਲਾ ਆਪਣੇ ਪਿਛੇ ਬਜ਼ੁਰਗ ਮਾਤਾ-ਪਿਤਾ, ਪਤਨੀ ਅਤੇ ਦੋ ਹੋਣਹਾਰ ਨੌਜਵਾਨ ਪੁਤਰਾਂ ਨੂੰ ਛੱਡ ਗਏ ਹਨ। ਇਸ ਸੋਗ ਭਰੇ ਸਮੇਂ ਤੇ ਅਦਾਰਾ ਨਵੀ ਦੁਨੀਆਂ ਪਰਿਵਾਰ ਦੇ ਦੁਖ ਵਿੱਚ ਸ਼ਰੀਕ ਹੁੰਦਾ ਹੈ।

ਐਡਮਿੰਟਨ ਦੇ ਇਕੋ ਪਰਿਵਾਰ ਦੇ 5 ਜੀਆਂ ਸਮੇਤ ਸੜਕ ਹਾਦਸੇ 'ਚ 6 ਦੀ ਮੌਤ

ਐਡਮਿੰਟਨ - ਨ.ਦ.ਬ

ਬੀਤੇ ਦਿਨੀ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਗੋਲਡਨ ਨੇੜੇ ਵਾਪਰੇ ਇੱਕ ਦਰਦਨਾਕ ਸੜਕ ਹਾਦਸੇ 'ਚ ਪਾਕਿਸਤਾਨੀ ਮੂਲ ਦਾ ਅਰਸ਼ਦ ਮੁਹੰਮਦ ਆਪਣੇ ਪਰਿਵਾਰ ਸਮੇਤ ਜਾਨ ਗੁਆ ਬੈਠਾ। ਮ੍ਰਿਤਕਾਂ 'ਚ ਐਡਮਿੰਟਨ ਵਿਖੇ ਰਹਿੰਦੇ ਮੁਹੰਮਦ ਅਰਸ਼ਦ, ਉਨ੍ਹਾਂ ਦੀ ਪਤਨੀ ਸ਼ਕੀਲਾ ਮੁਹੰਮਦ, ਉਨ੍ਹਾਂ ਦੀਆਂ ਦੋਵੇਂ ਧੀਆਂ 15 ਸਾਲਾ ਦਾਰਕਸ਼ਾ ਤੇ 13 ਸਾਲਾ ਮਹਾਲਕਾ ਤੋਂ ਇਲਾਵਾ ਪਾਕਿਸਤਾਨ ਤੋਂ ਸੈਰ ਲਈ ਪੁੱਜੇ ਅਰਸ਼ਦ ਦੇ ਪਿਤਾ ਮੁਹੰਮਦ ਆਸਿਫ ਸ਼ਾਮਿਲ ਹਨ। ਜਦ ਕਿ ਛੇਵਾਂ ਮ੍ਰਿਤਕ 14 ਸਾਲਾ ਬੱਚਾ ਉਨ੍ਹਾਂ ਨਾਲ ਸੈਰ 'ਤੇ ਨਿਕਲੇ ਦੂਸਰੇ ਪਰਿਵਾਰ ਦਾ ਸੀ ਜੋ ਕਿ ਦੂਜੇ ਵਾਹਨ 'ਚ ਸਵਾਰ ਸਨ ਅਤੇ ਉਹ ਰਸਤੇ 'ਚ ਹੀ ਗੱਡੀ ਬਦਲ ਕੇ ਹਾਦਸਾਗ੍ਰਸਤ ਵੈਨ 'ਚ ਸਵਾਰ ਹੋਇਆ ਸੀ। ਜਾਣਕਾਰੀ ਅਨੁਸਾਰ ਐਤਵਾਰ ਤੜਕਸਾਰ ਐਡਮਿੰਟਨ ਤੋਂ ਇਹ ਪਰਿਵਾਰ ਬੀ.ਸੀ. ਦੀਆਂ ਖੂਬਸੂਰਤ ਪਹਾੜੀਆਂ ਦੀ ਸੈਰ ਕਰਨ ਲਈ ਗਰਮੀਆਂ ਦੀਆਂ ਛੁੱਟੀਆਂ 'ਚ ਘਰੋਂ ਨਿਕਲਿਆ ਸੀ , ਇਹ ਪਰਿਵਾਰ ਜਦੋਂ ਬੀ. ਸੀ. ਦੇ ਸ਼ਹਿਰ ਗੋਲਡਨ ਨੇੜੇ ਪਹੁੰਚਿਆ ਤਾਂ ਮੁਹੰਮਦ ਦੀ ਡੌਜ ਵੈਨ ਇੱਕ ਮੋਟਰ-ਹੋਮ ਨਾਲ ਜਾ ਟਕਰਾਈ । ਟੱਕਰ ਏਨੀ ਜ਼ਬਰਦਸਤ ਸੀ ਕਿ ਵੈਨ 'ਚ ਸਵਾਰ ਸਾਰੇ 6 ਜਣੇ ਘਟਨਾ ਸਥਾਨ ਉੱਪਰ ਹੀ ਦਮ ਤੋੜ ਗਏ ਅਤੇ ਦੂਸਰੇ ਵਾਹਨ ਦਾ ਚਾਲਕ ਜ਼ਖ਼ਮੀ ਹੋ ਗਿਆ। ਇਸ ਘਟਨਾ 'ਚ ਮੁਹੰਮਦ ਅਰਸ਼ਦ ਦਾ 11 ਸਾਲਾ ਲੜਕਾ ਮਹਿਮੂਦ ਅਸ਼ਰ ਮੁਹੰਮਦ ਨਾਲ ਆ ਰਹੀ ਗੱਡੀ 'ਚ ਬੈਠ ਜਾਣ ਕਾਰਨ ਬਚ ਗਿਆ।

ਇਕ ਹੋਰ ਸੜਕੀ ਹਾਦਸੇ ਦੌਰਾਨ ਪੰਜਾਬੀ ਮੂਲ ਦੀ 21 ਵਰ੍ਹਿਆਂ ਦੀ ਲੜਕੀ ਤੇ ਉਸਦੀ ਮਾਂ ਦੀ ਮੌਤ ਹੋ ਗਈ। ਅਦਾਰਾ ਨਵੀਂ ਦੁਨੀਆਂ ਸੜਕ ਹਾਦਸੇ ਵਿਚ ਮਾਰੇ ਗਏ ਜੀਆਂ ਦੇ ਪਰਿਵਾਰਾਂ ਦੇ ਦੁਖ 'ਚ ਸ਼ਰੀਕ ਹੁੰਦਾ ਹੈ।



ਬੀ. ਸੀ. 'ਚ ਵਾਪਰੇ ਭਿਆਨਕ ਹਾਦਸੇ 'ਚ ਮਾਰੇ ਗਏ ਐਡਮਿੰਟਨ ਵਾਸੀ ਅਰਸ਼ਾਦ ਮੁਹੰਮਦ (ਵਿਚਕਾਰ) ਅਤੇ ਉਨ੍ਹਾਂ ਦੇ ਪਰਿਵਾਰ ਦੀ ਪੁਰਾਣੀ ਤਸਵੀਰ।

ਪ੍ਰੋਗਰੈਸਿਵ ਡੈਮੋਕ੍ਰੈਟਿਕ ਫੋਰਮ ਵਲੋਂ ਜੀ 8 ਅਤੇ ਜੀ 20 ਵਿਸ਼ੇ 'ਤੇ ਸੈਮੀਨਾਰ

ਕੈਲਗਰੀ - ਭਜਨ ਸਿੰਘ ਗਿੱਲ

ਕੋਸੋ ਹਾਲ ਵਿਚ ਜੀ 8 ਅਤੇ ਜੀ 20 ਵਿਸ਼ੇ 'ਤੇ ਸੈਮੀਨਾਰ ਦੀ ਸ਼ੁਰੂਆਤ ਕਰਦਿਆ ਫੋਰਮ ਦੇ ਪ੍ਰਧਾਨ ਸਾਬ ਸੰਘ ਚੋਹਕਾ ਅਤੇ ਉਹਨਾਂ ਦੀ ਜੀਵਨ ਸਾਥਣ ਰਾਜਿੰਦਰ ਕੌਰ ਚੋਹਕਾ ਦੇ ਸੰਘਰਸ਼ਮਈ ਜੀਵਨ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ। ਸਟੇਜ ਸਕੱਤਰ ਮਾਸਟਰ ਭਜਨ ਸਿੰਘ ਗਿੱਲ ਨੇ ਮੁੱਖ ਬੁਲਾਰੇ ਕਾ. ਜਗਦੀਸ਼ ਸਿੰਘ ਚੋਹਕਾ ਨੂੰ ਆਪਣਾ ਲਿਖਤੀ ਪੇਪਰ ਪੜ੍ਹਨ ਦਾ ਸੱਦਾ ਦਿੱਤਾ। ਕਾ. ਚੋਹਕਾ ਨੇ ਕਿਹਾ ਕਿ ਜੀ-8 ਅਤੇ ਜੀ-20 ਦੇਸ਼ਾਂ ਦੀ ਟੋਰਾਂਟੋ ਵਾਰਤਾ ਪੂੰਜੀਵਾਦੀ ਸੰਕਟ ਨੂੰ ਰੋਕਣ ਤੋਂ ਅਸਮਰੱਥ ਰਹੀ ਹੈ । ਉਹਨਾਂ ਕਿਹਾ ਕਿ ਪੂੰਜੀਵਾਦ ਇਹ ਵੀ ਭੁੱਲ ਜਾਂਦਾ ਹੈ ਕਿ ਸਮਾਜ ਦੇ ਵਿਕਾਸ ਅੰਦਰ ਨਿਰੰਤਰ ਆਉਂਦੀਆਂ ਤਬਦੀਲੀਆਂ ਕਾਰਨ ਮੁਕਤ ਬਜ਼ਾਰ ਅਤੇ ਵਿੱਤੀ ਫੰਡ ਨੂੰ ਜਦੋਂ ਤਰਜੀਹ ਦਿੱਤੀ ਜਾਵੇਗੀ ਤਾਂ ਪੂੰਜੀਵਾਦੀ ਆਰਥਿਕਤਾ ਵਿਚ ਨਿਰੰਤਰ ਚੱਕਰੀ ਸੰਕਟ ਆਉਂਦਾ ਰਹੇਗਾ ।ਇਹ ਚੱਕਰੀ ਸੰਕਟ ਹੀ ਆਖਰ ਵਿਚ ਪੂੰਜੀਵਾਦ ਦੀ ਮੌਤ ਦਾ ਕਾਰਨ ਬਣਦਾ ਹੈ ਕਿਉਂਕਿ ਪੂੰਜੀਵਾਦ ਸਿਸਟਮ ਦੇ ਜ਼ਰੀਏ ਬਹੁ-ਕੌਮੀ ਕਾਰਪੋਰੇਸ਼ਨਾਂ ਵੱਲੋਂ ਆਪਣੇ ਮੁਨਾਫੇ ਵਧਾਉਣ ਦੀ ਦੌੜ ਕਾਰਨ ਫੈਲਾਈ ਸੱਟੇਬਾਜ਼ੀ ਹੀ ਇਸ ਅਰਥ ਵਿਵਸਥਾ ਦੇ ਸੰਕਟ ਦੀ ਜ਼ਿੰਮੇਵਾਰ ਬਣਦੀ ਹੈ।

ਉਹਨਾਂ ਕਿਹਾ ਕਿ 1930 ਦੇ ਬਾਅਦ ਸਾਲ 2008 ਵਿੱਚ ਪੂੰਜੀਵਾਦ ਦੀ ਰਾਜਧਾਨੀ ਅਮਰੀਕਾ ਅਤੇ ਹੁਣ ਯੂਰਪ ਵਿੱਚ ਆਇਆ ਮੰਦਾ ਇਸ ਬਨਾਉਟੀ ਅਰਥਵਿਵਸਥਾ ਦੇ ਸੰਕਟ ਦਾ ਹੀ ਸਿੱਟਾ ਹੈ। ਇਸ ਮੌਕੇ ਪ੍ਰੋ ਮਨਜੀਤ ਸਿੰਘ ਸਿੱਧੂ ਨੇ ਕਿਹਾ ਜੀ-8,ਜੀ-20 ਦੇਸ਼ਾਂ ਨੇ ਬੱਜਟ ਸੰਤੁਲਨ ਕਰਨ 'ਤੇ ਜ਼ੋਰ ਦਿੱਤਾ ਹੈ ਜਿਸਦੇ ਸਿੱਟੇ ਵਜੋਂ ਸਿਹਤ,ਸਿੱਖਿਆ,ਪੈਨਸ਼ਨਾਂ ਅਤੇ ਲੋਕਾਂ ਦੀ ਭਲਾਈ ਵਾਲੇ ਖਰਚਿਆਂ ਤੇ ਕੱਟ ਲੱਗੇਗਾ। ਉਪਰੰਤ ਡਾ. ਹਰਦਜਨ ਦਿਲੋਂ ਨੇ ਕਿਹਾ ਕਿ ਪਿੱਛਲੀ ਸਦੀ ਵਿਚ ਮੰਡੀਆਂ 'ਤੇ ਕਬਜ਼ੇ ਕਰਨ ਲਈ ਹਥਿਆਰਾਂ ਨਾਲ ਲੜਾਈਆਂ ਲੜੀਆਂ ਗਈਆਂ, ਹੁਣ ਪੈਸੇ ਦੇ ਜ਼ੋਰ ਨਾਲ ਲੁੱਟ-ਖਸੁੱਟ ਕਰਨ ਦਾ ਢੰਗ ਬਦਲ ਗਿਆ ਹੈ। ਉਹਨਾਂ ਕਿਹਾ ਕਿ ਜੀ-8 ਦੇਸ਼, ਜੀ-20 ਦੇਸ਼ਾਂ ਨੂੰ ਪਿੱਛੇ ਲਾਕੇ ਗਰੀਬ ਦੇਸ਼ਾਂ ਦੀ ਲੁੱਟ ਕਰ ਰਹੇ ਹਨ।

ਫੋਰਮ ਦੇ ਪ੍ਰਧਾਨ ਸੋਹਣ ਮਾਨ ਨੇ ਕਿਹਾ ਕਿ ਜੀ-8 ਦੇ ਦੇਸ਼ ਆਪਣਾ ਗੁਪਤ ਏਜੰਡਾ ਜੀ-20 ਦੇ ਦੇਸ਼ਾਂ ਰਾਹੀ ਠੋਸ ਰਹੇ ਹਨ ਤਾਂ ਲੁੱਟੇ ਜਾਣ ਵਾਲੇ ਲੋਕਾਂ ਨੇ ਇਸ ਦਾ ਵਿਰੋਧ ਕਰਨਾ ਹੀ ਹੈ। ਅਜਾਇਬ ਸਿੰਘ ਸੇਖੋਂ, ਮਾਸਟਰ ਤਰਸੇਮ ਪਰਮਾਰ, ਪੰਜਾਬੀ ਲਿਖਾਰੀ ਸਭਾ ਦੇ ਪ੍ਰਧਾਨ ਗੁਰਬਚਨ ਸਿੰਘ ਬਰਾੜ ਅਤੇ ਹਰਦਿਆਲ ਮਾਨ ਨੇ ਵੀ ਸੰਖੇਪ ਵਿਚਾਰ ਰੱਖੇ। ਸਰੂਪ ਸਿੰਘ ਮੰਡੇਰ ਨੇ ਕਵੀਸ਼ਰੀ ਸਾਂਝੀ ਕੀਤੀ।

ਜਗਦੀਸ਼ ਸਿੰਘ ਚੋਹਕਾ ਨੇ ਸਰੋਤਿਆਂ ਦੇ ਸੁਆਲਾਂ ਦਾ ਜੁਆਬ ਬੜੇ ਵਿਸਥਾਰ ਅਤੇ ਤਸੱਲੀਪੂਰਨ ਢੰਗ ਨਾਲ ਦਿੱਤੇ। ਹੋਰਨਾਂ ਤੋਂ ਇਲਾਵਾ ਇੰਡੋ-ਕਨੇਡੀਅਨ ਇਮੀਗ੍ਰੈਂਟਸ ਸੀਨੀਅਰ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਸ਼ੋਤਮ ਭਾਰਦਵਾਜ, ਵਾਈਸ ਪ੍ਰਧਾਨ ਦਿਲਾਵਰ ਸਿੰਘ ਸਮਰਾ, ਮੁੱਖ ਅਧਿਆਪਕ ਅਮਰ ਸਿੰਘ ਕਿੰਗਰਾ, ਸ੍ਰੀ ਮਤੀ ਸੁਰਿੰਦਰ ਗਿੱਲ, ਸ੍ਰੀ ਮਤੀ ਵਿਦਿਆ ਪਾਲ, ਕਾਮਰੇਡ ਜੀਤਇੰਦਰ ਪਾਲ, ਜਸਵੰਤ ਗਿੱਲ, ਬਲਜਿੰਦਰ ਸੰਘਾ, ਜਸਵੰਤ ਸਿੰਘ ਸੇਖੋਂ, ਪ੍ਰਿੰਸੀਪਲ ਸਤਪਾਲ ਕੌਸ਼ਲ, ਰਣਜੀਤ ਸਿੰਘ ਬੜਿੰਗ, ਪ੍ਰੇਮ ਕੈਲੇ, ਇਕਬਾਲ ਖਾਨ, ਬਲਵੰਤ ਸਿੰਘ ਗਿੱਲ ਅਤੇ ਭਗਵੰਤ ਸਿੰਘ ਵੀ ਹਾਜ਼ਰ ਸਨ।

ਹੁਣ ਵਿਗਿਆਨ ਨੇ ਵੀ ਕਿਹਾ

ਖਾਲੀ ਦਿਮਾਗ ਸ਼ੈਤਾਨ ਦਾ ਘਰ

ਨਿਊਯਾਰਕ-ਨ ਦ ਬ

ਦਿਮਾਗ ਨੂੰ ਖਾਲੀ ਨਹੀਂ ਰੱਖਣਾ ਚਾਹੀਦਾ। ਗੈਰਜ਼ਰੂਰੀ ਕੰਮ ਵੀ ਤੁਹਾਡੇ ਦਿਮਾਗ ਦੀ ਨਾਕਾਰਤਮਕ ਭਾਵਨਾਵਾਂ ਨੂੰ ਕੱਢ ਸੁੱਟਣ ਵਿਚ ਸਮਰੱਥ ਹੁੰਦਾ ਹੈ। ਅਮਰੀਕਾ ਵਿਚ ਇਕ ਅਧਿਐਨ ਅਨੁਸਾਰ ਦਾਅਵਾ ਕੀਤਾ ਗਿਆ ਹੈ ਕਿ ਖਾਲੀ ਦਿਮਾਗ ਸ਼ੈਤਾਨ ਦਾ ਘਰ ਹੁੰਦਾ ਹੈ, ਜਦਕਿ ਭਾਰਤ ਵਿਚ ਤਾਂ ਇਹ ਸਦੀਆਂ ਪੁਰਾਣੀ ਕਹਾਵਤ ਹੈ। ਸ਼ਿਕਾਗੋ ਯੂਨੀਵਰਸਿਟੀ ਦੇ ਸਾਇੰਟਿਸਟ ਪ੍ਰੋ. ਕ੍ਰਿਸਟੋਫਰ ਸੀ. ਅਨੁਸਾਰ ਲੋਕਾਂ ਵਿਚ ਇਕ ਬੁਰੀ ਗੱਲ



ਇਹ ਦੇਖਣ ਵਿਚ ਆਈ ਹੈ ਕਿ ਆਪਣੀ ਐਨਰਜੀ ਨੂੰ ਬਚਾਉਣ ਦੇ ਚੱਕਰ ਵਿਚ ਇਹ ਆਲਸੀ ਹੋ ਜਾਂਦੇ ਹਨ। ਵੱਖ ਵੱਖ ਲੋਕਾਂ ਦੀਆਂ ਆਦਤਾਂ ਦਾ ਅਧਿਐਨ ਕਰਨ ਲਈ 98 ਸਟੂਡੈਂਟਸ ਨੂੰ ਦੋ ਸਰਵੇਖਣ ਕਰਨ ਲਈ ਕਿਹਾ ਗਿਆ ਸੀ। ਪਹਿਲਾ ਸਰਵੇਖਣ ਪੂਰਾ ਕਰਨ ਤੋਂ ਬਾਅਦ ਅਗਲਾ ਸਰਵੇਖਣ ਲੈਣ ਲਈ ਉਨ੍ਹਾਂ ਨੂੰ 15 ਮਿੰਟ ਲੱਗੇ। ਉਨ੍ਹਾਂ ਨੂੰ ਚੁਆਈਸ ਦਿੱਤੀ ਗਈ ਸੀ ਕਿ ਉਹ ਨੇੜੇ ਜਾਣ ਵਾਲਾ ਸਰਵੇਖਣ ਲੈ ਸਕਦੇ ਹਨ ਜਾਂ ਦੂਰੀ ਵਾਲਾ। ਜ਼ਾਹਰ ਹੈ ਕਿ ਉਹ ਆਸਾਨ ਰਸਤਾ ਹੀ ਚੁਣਨਗੇ। ਉਨ੍ਹਾਂ ਵਿਚੋਂ ਦੋ ਤਿਹਾਈ ਭਾਵ 68 ਫੀਸਦੀ ਵਿਦਿਆਰਥੀਆਂ ਨੇ ਨੇੜੇ ਜਾਣ ਵਾਲਾ ਸਰਵੇਖਣ ਚੁਣਿਆ। ਜਿਨ੍ਹਾਂ ਨੇ ਦੂਰ ਤੱਕ ਜਾਣ ਵਾਲਾ ਬਦਲ ਚੁਣਿਆ ਉਹ ਨੇੜੇ ਵਾਲਿਆਂ ਨਾਲੋਂ ਜ਼ਿਆਦਾ ਖੁਸ਼ ਨਜ਼ਰ ਆਏ। ਪ੍ਰੋ. ਸੀ. ਨੇ ਇਸੇ ਤੋਂ ਸਿੱਟਾ ਕੱਢਿਆ ਕਿ ਰੁੱਝੇ ਰਹਿਣ ਨਾਲ ਲੋਕਾਂ ਵਿਚ ਖੁਸ਼ੀਆਂ ਬਣੀਆਂ ਰਹਿੰਦੀਆਂ ਹਨ। ਪ੍ਰੋ. ਸੀ ਨੇ ਸਰਕਾਰ ਨੂੰ ਸੁਝਾਅ ਦਿੱਤਾ ਕਿ ਇਥੋਂ ਦੇ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਖੁਸ਼ ਰੱਖਣ ਲਈ ਉਨ੍ਹਾਂ ਤੋਂ ਪੁਲ ਬਣਾਉਣ ਦਾ ਕੰਮ ਕਰਵਾਇਆ ਜਾਵੇ, ਜੋ ਭਾਵੇਂ ਬੇਕਾਰ ਹੀ ਹੋਵੇ। ਇਸ ਲਈ ਉਨ੍ਹਾਂ ਨੇ ਨਾਅਰਾ ਦਿੱਤਾ ਹੈ- 'ਉਠੋ ਅਤੇ ਕੁਝ ਨਾ ਕੁਝ ਕਰਦੇ ਰਹੋ।' ਖੁਸ਼ ਰਹਿਣ ਲਈ ਤੁਹਾਨੂੰ ਦੌੜਨ ਦੀ ਲੋੜ ਨਹੀਂ ਹੈ, ਬਲਕਿ ਸਰੀਰਕ-ਮਾਨਸਿਕ ਤੌਰ 'ਤੇ ਰੁੱਝੇ ਰਹਿਣ ਦੀ ਲੋੜ ਹੈ।

ਓਬਾਮਾ 'ਆਉਟਸੋਰਸਿੰਗ' 'ਤੇ ਫੇਰ ਵਰ੍ਹੇ

ਵਾਸ਼ਿੰਗਟਨ - ਨ ਦ ਬ

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਆਪਣੀ ਜਨਤਾ ਦਾ ਵਿਸ਼ਵਾਸ ਜਿੱਤਣ ਦੀ ਕੋਸ਼ਿਸ਼ ਵਿਚ ਜੁੱਟ ਗਏ ਹਨ। ਮੱਧਕਾਲੀ ਚੋਣਾਂ ਤੋਂ ਪਹਿਲਾਂ 'ਆਊਟਸੋਰਸਿੰਗ' ਦਾ ਰਾਗ ਅਲਾਪ ਕੇ ਉਨ੍ਹਾਂ ਨੇ ਮੱਧ ਵਰਗ ਨੂੰ ਇਕ ਵਾਰ ਫੇਰ ਰੁਜ਼ਗਾਰ ਦੇ ਨਵੇਂ ਮੌਕੇ ਮੁਹੱਈਆ ਕਰਾਉਣ ਦਾ ਭਰੋਸਾ ਦਿੱਤਾ ਹੈ।

ਵਾਸ਼ਿੰਗਟਨ ਵਿਚ ਜਨਸਮੂਹ ਨੂੰ ਸੰਬੋਧਨ ਕਰਦੇ ਹੋਏ ਓਬਾਮਾ ਨੇ ਕਿਹਾ ਕਿ ਉਨ੍ਹਾਂ ਦੀ ਨਵੀਂ ਆਰਥਕ ਯੋਜਨਾ ਦੇਸ਼ ਨੂੰ ਵਧੇਰੇ ਮੁਕਾਬਲੇ ਯੋਗ ਬਣਾਉਣ 'ਤੇ ਕੇਂਦਰਤ ਹੈ, ਤਾਂ ਜੋ ਅਮਰੀਕਾ ਵਿਚ ਰੁਜ਼ਗਾਰ ਅਤੇ ਉਦਯੋਗ ਦੇ ਮੌਕੇ 'ਆਊਟਸੋਰਸਿੰਗ' ਰਾਹੀਂ ਚੀਨ ਅਤੇ ਭਾਰਤ ਵਰਗੇ ਦੇਸ਼ਾਂ ਨੂੰ ਨਾ ਜਾਣ। ਆਊਟਸੋਰਸਿੰਗ ਪ੍ਰਕਿਰਿਆ ਵਿਚ ਕੰਪਨੀਆਂ ਬਾਹਰੀ ਮੁਲਕਾਂ ਤੋਂ ਠੇਕੇ 'ਤੇ ਆਪਣਾ ਵਪਾਰਕ ਕੰਮ ਕਰਵਾਉਂਦੀਆਂ ਹਨ। ਓਬਾਮਾ ਨੇ ਕਿਹਾ, 'ਰਾਸ਼ਟਰਪਤੀ ਦਾ ਅਹੁਦਾ ਸੰਭਾਲਦੇ ਹੋਏ ਮੈਂ ਨਵੀਂ ਆਰਥਕ ਯੋਜਨਾ ਪੇਸ਼ ਕੀਤੀ ਸੀ, ਜਿਸ ਦਾ ਮਕਸਦ ਲਾਲਚ ਅਤੇ ਲਾਪ੍ਰਵਾਹੀ ਦੀ ਬਜਾਏ ਮਿਹਨਤ ਤੇ ਜ਼ਿੰਮੇਵਾਰੀ ਨੂੰ ਪੂਰਾ ਕਰਨਾ ਸੀ। ਇਸ ਨਾਲ ਭਵਿੱਖ ਵਿਚ ਅਮਰੀਕਾ ਵਧੇਰੇ ਮੁਕਾਬਲੇ ਦੇ ਯੋਗ ਬਣ ਸਕੇਗਾ, ਅਤੇ ਨੌਕਰੀਆਂ ਇਥੇ ਪੈਦਾ ਹੋਣਗੀਆਂ। ਮਹੱਤਵਪੂਰਨ ਜ਼ਿਮਨੀ ਚੋਣਾਂ ਤੋਂ ਪਹਿਲਾਂ ਓਬਾਮਾ ਨੇ ਆਊਟਸੋਰਸਿੰਗ ਦੇ ਮੁੱਦੇ ਨੂੰ ਸਿਆਸੀ ਰੰਗ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਨ੍ਹਾਂ ਚੋਣਾਂ ਵਿਚ ਡੈਮੋਕਰੈਟਿਕ ਪਾਰਟੀ ਦੇ ਪ੍ਰਤੀਨਿਧ ਸਭਾ ਵਿਚ ਬਹੁਮਤ ਗਵਾਉਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਓਬਾਮਾ ਨੇ ਆਰਥਕ ਮੰਦੀ ਲਈ ਸਾਬਕਾ ਸਰਕਾਰ ਦੀਆਂ ਆਰਥਕ ਨੀਤੀਆਂ ਨੂੰ ਦੋਸ਼ੀ ਠਹਿਰਾਇਆ।

ਫਲਸਤੀਨ ਦੀ ਦੀਵਾਰਾਂ 'ਤੇ ਵੀ ਨਜ਼ਰੀਂ ਪਿਆ ਗਾਂਧੀਗਿਰੀ ਦਾ ਜਾਦੂ

ਯੇਰੂਸ਼ਲਮ-ਸੁਸ਼ੀਲ ਸ਼ਰਮਾ

ਇਸਲਾਮ, ਯਹੂਦੀ ਅਤੇ ਇਸਾਈ ਵਰਗੇ ਤਿੰਨ ਮਹਾਨ ਧਰਮਾਂ ਦੇ ਪੈਗੰਬਰ ਅਬਰਾਹਿਮ ਦੀ ਧਰਤੀ ਯੇਰੂਸ਼ਲਮ 'ਤੇ ਅੱਜ ਇਨ੍ਹਾਂ ਧਰਮਾਂ ਦੇ ਸ਼ਰਧਾਲੂ ਇਕ ਦੂਜੇ ਦੇ ਖੂਨ ਦੇ ਪਿਆਸੇ ਹਨ। ਯੇਰੂਸ਼ਲਮ 'ਤੇ ਯਹੂਦੀ ਇਜ਼ਰਾਈਲ ਦੇ ਕਬਜ਼ੇ ਖਿਲਾਫ ਜਾਰੀ ਖੂਨੀ ਸੰਘਰਸ਼ਾਂ ਦੌਰਾਨ ਅਹਿੰਸਾ ਦੇ ਸੁਰ ਭਾਵੇਂ ਕੁਝ ਅਜੀਬ ਲੱਗਣ, ਪਰ ਫਲਸਤੀਨੀ ਖੇਤਰ ਦੀਆਂ ਕੰਧਾਂ 'ਤੇ ਇਜ਼ਰਾਈਲ ਖਿਲਾਫ ਲਿਖੇ ਹਜ਼ਾਰਾਂ ਨਾਅਰਿਆਂ ਵਿਚਾਲੇ ਮਹਾਂਤਮਾ ਗਾਂਧੀ ਵੀ ਮੌਜੂਦ ਹਨ। ਸ਼ਹਿਰ ਦੇ ਬੇਤਲੇਹਮ ਇਲਾਕੇ ਦੇ ਆਇਦਾ ਫਲਸਤੀਨੀ ਸ਼ਰਨਾਰਥੀ ਕੈਂਪ ਦੀ ਇਕ ਕੰਧ 'ਤੇ ਲਿਖੇ ਹਜ਼ਾਰਾਂ ਨਾਅਰਿਆਂ ਵਿਚਾਲੇ ਅੰਗਰੇਜ਼ੀ ਵਿਚ ਇਕ ਵਾਕ ਲਿਖਿਆ ਹੈ, ਜਿਸ ਦਾ ਅਰਥ ਹੈ-'ਹਿੰਸਾ ਜ਼ਰੀਏ ਹਾਸਲ ਕੀਤੀ ਗਈ ਜਿੱਤ ਹਾਰ ਦੇ ਬਰਾਬਰ ਹੈ ਕਿਉਂਕਿ ਇਹ ਅਸਥਾਈ ਹੁੰਦੀ ਹੈ'-ਮਹਾਂਤਮਾ ਗਾਂਧੀ।

ਫਲਸਤੀਨ 'ਤੇ ਇਜ਼ਰਾਈਲ ਦੇ ਕਬਜ਼ੇ ਤੋਂ ਬਾਅਦ ਆਪਣੀ ਹੀ ਧਰਤੀ 'ਤੇ ਸ਼ਰਨਾਰਥੀ ਹੋ ਗਏ ਫਲਸਤੀਨੀਆਂ ਦੇ ਆਗੂ ਅਤੇ ਇਸ ਖੇਤਰ ਦੇ ਉਪ ਗਵਰਨਰ ਮੁਹੰਮਦ ਤਾਹਾ ਨੇ ਕਿਹਾ, 'ਭਾਵੇਂ ਹੀ ਅਸੀਂ ਆਪਣੇ ਮਕਸਦ ਲਈ ਹਥਿਆਰ ਚੁੱਕਣ ਨੂੰ ਮਜਬੂਰ ਕੀਤੇ ਗਏ ਹਾਂ, ਪਰ ਹੁਣ ਵੀ ਅਸੀਂ ਅਹਿੰਸਾ ਦੇ ਰਸਤੇ ਵਿਚ ਯਕੀਨ ਕਰਦੇ ਹਾਂ। ਅਸੀਂ ਆਪਣੇ ਵੱਲੋਂ ਪੂਰੀ ਤਰ੍ਹਾਂ ਅਹਿੰਸਾਤਮਕ ਤਰੀਕੇ ਨਾਲ ਅੰਦੋਲਨ ਅਤੇ ਵਿਰੋਧ ਕਰਦੇ ਹਾਂ, ਪਰ ਇਸ ਦੇ ਜਵਾਬ ਵਿਚ ਇਜ਼ਰਾਈਲ ਵੱਲੋਂ ਲਗਾਤਾਰ ਹਿੰਸਾ ਕੀਤੀ ਜਾਂਦੀ ਹੈ। ਸਾਡੀ ਜ਼ਮੀਨ ਸਾਡੀ ਆਜ਼ਾਦੀ ਅਤੇ ਸਾਡੀ ਪਛਾਣ ਨੂੰ ਤਬਾਹ ਕਰ ਦਿੱਤਾ ਗਿਆ ਹੈ।' ਇਜ਼ਰਾਈਲ ਵਿਚ ਅਤੇ ਖਾਸ ਤੌਰ 'ਤੇ ਯੇਰੂਸ਼ਲਮ ਵਿਚ ਆਇਦਾ ਵਰਗੇ 26 ਸ਼ਰਨਾਰਥੀ ਕੈਂਪ ਹਨ, ਜਿਥੇ ਫਲਸਤੀਨੀਆਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਾਣੀ ਅਤੇ ਸਿਖਿਆ ਦੀ ਕਮੀ ਕਾਰਨ ਬੱਚਿਆਂ ਦਾ ਭਵਿੱਖ ਹਨੇਰੇ ਵਿਚ ਡੁੱਬ ਗਿਆ ਹੈ। ਆਇਦਾ ਕੈਂਪ ਦੇ ਬਾਹਰ ਬਣੀ ਇਕ ਵੱਡੀ ਕੰਧ 'ਤੇ ਬਹੁਤ ਵੱਡੀ ਚਾਬੀ ਬਣੀ ਹੋਈ ਹੈ ਅਤੇ ਉਸ 'ਤੇ ਲਿਖਿਆ ਹੈ-ਨਾਟ ਫਾਰ ਸੇਲ! ਇਹ ਚਾਬੀ ਉਨ੍ਹਾਂ ਸ਼ਰਨਾਰਥੀਆਂ ਦੀ ਉਮੀਦ ਦਾ ਪ੍ਰਤੀਕ ਹੈ, ਜੋ ਮੰਨਦੇ ਹਨ ਕਿ ਕਿਸੇ ਦਿਨ ਉਹ ਆਪਣੇ ਘਰ ਪਰਤਣਗੇ ਅਤੇ ਆਪਣੇ ਘਰਾਂ ਨੂੰ ਲਗੇ ਜੰਦਰਿਆਂ ਨੂੰ ਆਪਣੀ ਚਾਬੀ ਨਾਲ ਖੋਲ੍ਹ ਸਕਣਗੇ। ਤਾਹਾ ਨੇ ਫਲਸਤੀਨ ਪ੍ਰਤੀ ਭਾਰਤੀ ਨੀਤੀ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਭਾਰਤ ਹਮੇਸ਼ਾ ਸਾਡਾ ਸਾਥ ਦਿੰਦਾ ਰਿਹਾ ਹੈ।

32 ਘੰਟੇ ਲਗਾਤਾਰ ਯੋਗ ਆਸਨ ਦਾ ਰਿਕਾਰਡ

ਟੋਰਾਂਟੋ-ਨ ਦ ਬ

ਕੈਨੇਡਾ ਦੀ ਇਕ ਯੋਗਾ ਟੀਚਰ ਨੇ 32 ਘੰਟੇ ਤੱਕ ਲਗਾਤਾਰ ਯੋਗਆਸਨ ਕਰਨ 'ਤੇ ਗਿਨੀਜ਼ ਵਰਲਡ ਰਿਕਾਰਡ ਬਣਾਉਣ ਦਾ ਦਾਅਵਾ ਕੀਤਾ ਹੈ। ਫਿਲਹਾਲ 29 ਘੰਟੇ ਅਤੇ ਚਾਰ ਮਿੰਟ ਤੱਕ ਮੈਰਾਥਨ ਯੋਗਾ ਕਰਨ ਦਾ ਰਿਕਾਰਡ ਗਿਨੀਜ਼ ਬੁਕਸ ਵਿਚ ਦਰਜ ਹੈ। ਪਰ 28 ਸਾਲਾ ਯੋਗਾ ਇੰਸਟਰਕਟਰ ਯਾਸਮੀਨ ਫੁਡਾਕੋਸਕਾ-ਗਾਓ ਨੇ 32 ਘੰਟੇ ਤੱਕ ਮੈਰਾਥਨ ਯੋਗਾ ਕਰਨ ਦਾ ਦਾਅਵਾ ਕੀਤਾ ਹੈ। ਯਾਸਮੀਨ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਗਿਨੀਜ਼ ਵਰਲਡ ਰਿਕਾਰਡ ਦਾ ਸਰਟੀਫਿਕੇਟ ਨਹੀਂ ਮਿਲਿਆ ਹੈ, ਕਿਉਂਕਿ ਇਹਦੇ ਲਈ ਘੱਟ ਤੋਂ ਘੱਟ 6 ਲੋਕਾਂ ਦੀ ਗਵਾਹੀ ਜ਼ਰੂਰੀ ਹੁੰਦੀ ਹੈ, ਜੋ ਉਸ ਸਮੇਂ ਮੌਜੂਦ ਰਹੇ ਹੋਣ। ਯੋਗਾ ਦੌਰਾਨ ਉਨ੍ਹਾਂ ਨੇ 108 ਸੂਰਯ ਨਮਸਕਾਰ ਕੀਤੇ ਸਨ।

ਇਕ-ਦੂਜੇ ਦੇ ਹੋਏ ਮਾਰਕ ਤੇ ਚੇਲਸੀ

ਨਿਊਯਾਰਕ-ਨ ਦ ਬ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਿੱਲ ਕਲਿੰਟਨ ਅਤੇ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦੀ ਇਕਲੌਤੀ ਧੀ ਚੇਲਸੀ ਆਪਣੇ ਪ੍ਰੇਮੀ ਮਾਰਕ ਮੇਜ਼ਵਿੰਸਕੀ ਨਾਲ ਵਿਆਹ ਬੰਧਨ ਵਿਚ ਬੱਝ ਗਈ। ਸਖ਼ਤ ਸੁਰੱਖਿਆ ਪਹਿਰੇ ਹੇਠ ਨਿਊਯਾਰਕ ਵਿਚ ਹਡਸਨ ਨਦੀ ਦੇ ਕਿਨਾਰੇ ਵਸੇ ਰਾਈਨਬੇਕ ਵਿਚ ਮਾਰਕ ਅਤੇ ਚੇਲਸੀ ਦਾ ਵਿਆਹ ਹੋਇਆ।

ਸੂਤਰਾਂ ਮੁਤਾਬਕ ਸਦੀ ਦੇ ਸਭ ਤੋਂ ਯਾਦਗਾਰ ਵਿਆਹ ਵਿਚ ਭਾਰਤੀ ਮੂਲ ਦੇ ਹੋਟਲ ਵਪਾਰੀ ਸੰਤ ਚਟਵਾਲ, ਸਾਬਕਾ ਅਮਰੀਕੀ ਵਿਦੇਸ਼ ਮੰਤਰੀ ਮੈਡਲਿਨ ਅਲਬ੍ਰਾਈਟ, ਹਾਲੀਵੁੱਡ ਸਟਾਰ ਟੇਡ ਡੇਨਸਨ ਅਤੇ ਮੈਰੀ ਸਟੀਨਬਰਗਨ, ਮੰਨੇ-ਪ੍ਰਮੰਨੇ ਫਿਲਮ ਨਿਰਮਾਤਾ ਸਟੀਵਨ ਬਿੰਗ ਤੇ ਮਸ਼ਹੂਰ ਫੈਸ਼ਨ ਡਿਜ਼ਾਈਨਰ ਵੇਰਾ ਵੈਂਗ ਸ਼ਰੀਕ ਹੋਏ। ਹਾਲਾਂਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਅਤੇ ਟੀ.ਵੀ. ਹਸਤੀ ਓਪਰਾ ਵਿਨਫਰੇ ਨਵ-ਵਿਆਹੀ ਜੋੜੀ ਨੂੰ ਆਪਣੀਆਂ ਸ਼ੁਭਕਾਮਨਾਵਾਂ ਦੇਣ ਲਈ ਨਹੀਂ ਪੁੱਜੇ। ਵਿਆਹ ਤੋਂ ਬਾਅਦ ਹਿਲੇਰੀ ਅਤੇ ਬਿਲ ਕਲਿੰਟਨ ਨੇ ਇਕ ਬਿਆਨ ਰਾਹੀਂ ਆਪਣੀਆਂ ਭਾਵਨਾਵਾਂ ਜ਼ਾਹਰ ਕੀਤੀਆਂ। ਉਨ੍ਹਾਂ ਕਿਹਾ, 'ਚੇਲਸੀ ਦੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਲਈ ਇਸ ਤੋਂ ਖ਼ੂਬਸੂਰਤ ਦਿਨ ਨਹੀਂ ਹੋ ਸਕਦਾ ਸੀ। ਅਸੀਂ ਮਾਰਕ ਦਾ ਆਪਣੇ ਪਰਿਵਾਰ ਵਿਚ ਸਵਾਗਤ ਕਰਕੇ ਬਹੁਤ ਖੁਸ਼ ਹਾਂ।' ਕਲਿੰਟਨ ਜੋੜੇ ਨੇ ਰਾਈਨਬੇਕ ਦੇ ਲੋਕਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਵਿਆਹ ਸਮਾਰੋਹ ਯਾਦਗਾਰ ਬਣਾਉਣ ਵਿਚ ਉਨ੍ਹਾਂ ਦੀ ਮਦਦ ਕੀਤੀ। 'ਦੀ ਵਾਸ਼ਿੰਗਟਨ ਪੋਸਟ' ਅਨੁਸਾਰ ਇਸ ਮੌਕੇ ਜਿਨ੍ਹਾਂ ਦੋ ਵਿਅਕਤੀਆਂ (ਓਬਾਮਾ ਤੇ ਓਪਰਾ) ਦੀ ਮੌਜੂਦਗੀ ਨੂੰ ਲੈ ਕੇ ਅਟਕਲਾਂ ਦਾ ਬਾਜ਼ਾਰ ਗਰਮ ਸੀ, ਉਹ ਵਿਆਹ ਵਿਚ ਸ਼ਾਮਲ ਨਹੀਂ ਹੋਏ। ਪਰਿਵਾਰਕ ਸੂਤਰਾਂ ਮੁਤਾਬਕ ਹਿਲੇਰੀ ਅਤੇ ਬਿਲ ਇਸ ਸਮਾਰੋਹ ਨੂੰ ਖਾਸ ਤੌਰ 'ਤੇ ਮਾਰਕ ਤੇ ਚੇਲਸੀ ਦਾ ਬਣਾ ਕੇ ਹੀ ਰੱਖਣਾ ਚਾਹੁੰਦੇ ਸਨ। ਇਸੇ ਲਈ ਉਨ੍ਹਾਂ ਨੇ ਓਬਾਮਾ ਤੇ ਓਪਰਾ ਨੂੰ ਸੱਦਾ ਨਹੀਂ ਭੇਜਿਆ।

ਪੰਜਾਬ ਅੱਜ-ਕੱਲ੍ਹ

ਸੂਬੇ ਦੇ ਕਰਮਚਾਰੀ-ਅਧਿਕਾਰੀਆਂ ਨੂੰ ਦੇਣੇ ਹਨ 7000 ਕਰੋੜ ਰੁਪਏ

ਪੰਜਾਬ ਸਰਕਾਰ ਦੀ ਨੀਂਦ ਉਡੀ

ਚੰਡੀਗੜ੍ਹ (ਇੰਦਰਪ੍ਰੀਤ ਸਿੰਘ)

ਪੰਜਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਲਾਗੂ ਹੋਇਆਂ ਕਰੀਬ ਸਾਲ ਹੋ ਗਿਆ ਹੈ। ਆਈ.ਏ.ਐੱਸ., ਆਈ.ਪੀ.ਐੱਸ ਅਤੇ ਆਈ.ਆਰ.ਐੱਸ. ਅਫਸਰਾਂ ਨੂੰ ਉਨ੍ਹਾਂ ਦਾ ਬਕਾਇਆ ਮਿਲ ਗਿਆ ਹੈ ਪਰ ਪੰਜਾਬ ਸਰਕਾਰ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਇਕ ਜਨਵਰੀ 2006 ਤੋਂ ਲੈ ਕੇ 31 ਜੁਲਾਈ 2009 ਤਕ ਦੇ 43 ਮਹੀਨਿਆਂ ਦਾ ਬਕਾਇਆ ਦੇਣ ਬਾਰੇ ਸੋਚ ਕੇ ਹੀ ਵਿੱਤ ਵਿਭਾਗ ਦੇ ਪਸੀਨੇ ਛੁੱਟ ਰਹੇ ਹਨ। ਔਸਤਨ 2000 ਕਰੋੜ ਰੁਪਏ ਦੇ ਸਾਲਾਨਾ ਵਾਧੂ ਬੋਝ ਵਾਲੇ ਇਸ ਏਰੀਅਰ ਦੇ ਅੰਕੜੇ ਜੁਟਾਉਣ ਵਿਚ ਵਿੱਤ ਵਿਭਾਗ ਦੇ ਸਾਰੇ ਸਮੀਕਰਨ ਵਿਗੜ ਗਏ ਹਨ। ਵਿੱਤ ਮੰਤਰੀ ਮਨਪ੍ਰੀਤ ਬਾਦਲ ਵਿਧਾਨ ਸਭਾ ਵਿਚ ਐਲਾਨ ਕਰ ਚੁੱਕੇ ਹਨ ਕਿ ਕਰਮਚਾਰੀਆਂ ਨੂੰ ਪਹਿਲੀ ਜਨਵਰੀ 2006 ਤੋਂ ਪੰਜਵੇਂ ਤਨਖਾਹ ਕਮਿਸ਼ਨ ਅਨੁਸਾਰ ਏਰੀਅਰ ਦਿੱਤਾ ਜਾਵੇਗਾ। ਹਾਲਾਂਕਿ ਸ਼ੁਰੂਆਤੀ ਅੰਕੜੇ ਜਦੋਂ ਇਕੱਠੇ ਕੀਤੇ ਗਏ ਤਾਂ ਵਿੱਤ ਵਿਭਾਗ ਨੂੰ ਪੰਜ ਹਜ਼ਾਰ ਕਰੋੜ ਰੁਪਏ ਦੇ ਕਰੀਬ ਬੋਝ ਪੈਣ ਦੀ ਉਮੀਦ ਸੀ, ਪਰ ਹੁਣ ਜਦੋਂ ਅੰਤਿਮ ਸੂਚੀ ਤਿਆਰ ਕਰ ਲਈ ਗਈ ਹੈ ਤਾਂ ਇਹ ਬੋਝ 7000 ਕਰੋੜ ਰੁਪਏ ਦਾ ਬਣਦਾ ਹੈ ਜਿਸ ਵਿਚੋਂ 1800 ਕਰੋੜ ਰੁਪਏ ਸਿਰਫ ਪੈਨਸ਼ਨਰਜ਼ ਨੂੰ ਹੀ ਦੇਣੇ ਹਨ। ਇਨ੍ਹਾਂ 1800 ਕਰੋੜ ਰੁਪਏ ਨੂੰ ਤਾਂ ਕਿਸੇ ਫੰਡ ਵਿਚ ਪਾਕੇ ਸਰਕਾਰ ਆਪਣਾ ਪੱਲਾ ਨਹੀਂ ਝਾੜ ਸਕਦੀ, ਕਿਉਂਕਿ ਇਹ ਸਾਰੇ ਰਿਟਾਇਰ ਹੋ ਚੁੱਕੇ ਹਨ ਅਤੇ ਇਨ੍ਹਾਂ ਦਾ ਕੋਈ ਫੰਡ ਹੁਣ ਨਹੀਂ ਹੈ।

ਦੇਸ਼ ਦੇ ਸਾਰੇ ਵਿੱਤ ਮੰਤਰੀਆਂ 'ਤੇ ਆਧਾਰਤ ਇੰਪਾਵਰਡ ਕਮੇਟੀ ਨੇ ਕਮਿਸ਼ਨ ਨੂੰ ਸਿਫਾਰਸ਼ ਕੀਤੀ ਸੀ ਕਿ ਘੱਟੋ ਘੱਟ ਬਕਾਏ ਦਾ ਬੋਝ ਕੇਂਦਰ ਸਹਿਣ ਕਰੇ ਜਾਂ 2006 ਤੋਂ 2009 ਤੱਕ ਦਾ ਸੂਬਿਆਂ ਤੋਂ ਇਕੱਠਾ ਕੀਤਾ ਜਾਵੇ, ਪਰ ਇਨ੍ਹਾਂ ਦੋਵਾਂ ਸੁਝਾਵਾਂ ਵੱਲ ਕੇਂਦਰ ਧਿਆਨ ਨਹੀਂ ਦਿੱਤਾ।

ਮਾਲਵਾ ਵਿਚ ਦੂਸ਼ਿਤ ਪਾਣੀ ਦਾ ਕਹਿਰ, ਬੇਔਲਾਦ ਜੋੜਿਆਂ ਦੀ ਸੰਖਿਆ ਵਿਚ ਹੋ ਰਿਹਾ ਹੈ ਵਾਧਾ

ਮੰਦਬੁੱਧੀ ਬੱਚਿਆਂ ਦਾ ਗੜ੍ਹ ਬਣਿਆ ਕਬੂਲਸ਼ਾਹ ਖੁਬੱਨ

ਫਾਜ਼ਿਲਕਾ (ਅਮ੍ਰਿਤ ਸਚਦੇਵਾ)

ਮਾਲਵਾ ਖੇਤਰ ਦੇ ਪਾਣੀ ਵਿਚ ਹੈਵੀ ਮੈਟਲ ਦੀ ਮਾਤਰਾ ਜ਼ਿਆਦਾ ਹੋਣ ਕਾਰਨ ਕਈ ਇਲਾਕੇ ਤਾਂ ਏਨੇ ਜ਼ਿਆਦਾ ਅਸਰ ਹੇਠ ਹਨ ਕਿ ਉਥੇ ਲੋਕ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੀ ਲਪੇਟ ਵਿਚ ਹਨ। ਫਿਰੋਜ਼ਪੁਰ ਜ਼ਿਲੇ ਦੇ ਪਿੰਡ ਕਬੂਲਸ਼ਾਹ ਖੁਬੱਨ ਵਿਚ ਦੂਸ਼ਿਤ ਪਾਣੀ ਕਾਰਨ ਇਥੇ ਬੱਚਿਆਂ ਦੇ ਵਾਲ ਚਿੱਟੇ, ਚਮੜੀ ਰੋਗ, ਜੋੜਾਂ ਦੇ ਦਰਦ ਦੀ ਵੱਡੀ ਸਮੱਸਿਆ ਹੈ। ਛੇ ਸੌ ਘਰਾਂ ਵਾਲੇ ਇਸ ਪਿੰਡ ਦੇ ਕਰੀਬ ਸੌ ਘਰਾਂ ਵਿਚ ਮੰਦਬੁੱਧੀ, ਪੋਲੀਓਗ੍ਰਸਤ, ਗੂੰਗੇ ਬੋਲੇ ਤੇ ਅਪਾਹਜ ਬੱਚੇ ਹਨ। ਇਸ ਪਿੰਡ ਵਿਚ ਬੇਔਲਾਦ ਜੋੜਿਆਂ ਦੀ ਸੰਖਿਆ ਵਿਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ।

ਇਸ ਪਿੰਡ ਦੇ ਦੌਰੇ ਦੌਰਾਨ ਪਤਾ ਲੱਗਾ ਕਿ ਪਿੰਡ ਦੇ ਸਰਕਾਰੀ ਹਾਈ ਸਕੂਲ ਦੇ ਕੁਲ ਸੱਤ ਸੌ ਬੱਚਿਆਂ ਵਿਚੋਂ 10 ਫੀਸਦੀ ਤੋਂ ਵੱਧ ਬੱਚਿਆਂ ਦੇ ਵਾਲ ਕਾਫੀ ਚਿੱਟੇ ਹੋ ਗਏ ਹਨ। ਇਸ ਤੋਂ ਇਲਾਵਾ ਰੋਜ਼ਾਨਾ ਪੇਟ ਰੋਗ ਤੋਂ ਪੀੜਤ ਛੁੱਟੀ ਲੈਣ ਵਾਲੇ ਬੱਚਿਆਂ ਦੀ ਸੰਖਿਆ ਵੀ ਲਗਾਤਾਰ ਵੱਧ ਰਹੀ ਹੈ। ਪਿੰਡ ਦੀ ਸਰਪੰਚ ਰਾਮੇਸ਼ਵਰੀ ਦੇਵੀ ਦੇ ਪਤੀ ਸਾਹਿਬ ਰਾਮ ਨੇ ਦੱਸਿਆ ਕਿ ਦੂਸ਼ਿਤ ਪਾਣੀ ਕਾਰਨ ਪਿੰਡ ਦੇ ਸੈਂਕੜੇ ਲੋਕ ਵੀ ਇਨ੍ਹਾਂ ਰੋਗਾਂ ਦਾ ਸ਼ਿਕਾਰ ਹਨ। ਪਿੰਡ ਵਿਚ 13 ਬੱਚੇ ਮਾਨਸਿਕ ਰੋਗੀ, 32 ਅਪਾਹਜ, ਸੱਤ ਗੂੰਗੇ-ਬੋਲੇ, 10 ਦਿਮਾਗੀ ਤੌਰ 'ਤੇ ਪੀੜਤ ਤੇ ਤਿੰਨ ਬੱਚੇ ਲਰਨਿੰਗ ਡਿਸਐਬਿਲਟੀ ਦੇ ਸ਼ਿਕਾਰ ਹਨ। ਇਹ ਸੰਖਿਆ 18 ਸਾਲਾਂ ਤੱਕ ਦੇ ਬੱਚਿਆਂ ਦੀ ਹੈ। ਉਸ ਨਾਲੋਂ ਵੱਧ ਉਮਰ ਦੇ ਵੀ ਕਰੀਬ 40 ਮੁੰਡੇ-ਕੁੜੀਆਂ ਅਪਾਹਜ, ਮੰਦਬੁੱਧੀ ਵਰਗੇ ਰੋਗਾਂ ਦੇ ਸ਼ਿਕਾਰ ਹਨ। ਮਾਲਵਾ ਵਿਚ ਦੂਸ਼ਿਤ ਪਾਣੀ ਦੇ ਕਹਿਰ 'ਤੇ ਖੋਜ ਕਰ ਰਹੇ ਖੇਤੀ ਵਿਰਾਸਤ ਮਿਸ਼ਨ ਦੇ ਕਾਰਜਕਾਰੀ ਪ੍ਰਧਾਨ ਡਾ. ਅਮਰ ਸਿੰਘ ਆਜ਼ਾਦ ਦਾ ਕਹਿਣਾ ਹੈ ਕਿ ਇਸ ਪਿੱਛੇ ਪਾਣੀ ਤੇ ਮਿੱਟੀ ਵਿਚ ਨੀਰੋਟਾਕਿਸਕ ਹੈਵੀ ਮੈਟਲ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸੰਸਥਾ ਪਿੰਡ ਦੇ ਪਾਣੀ ਅਤੇ ਮਿੱਟੀ ਦੀ ਜਰਮਨੀ ਦੀ ਮਿਨਰਲ ਲੈਬ ਵਿਚ ਜਾਂਚ ਕਰਵਾਏਗੀ। ਉਧਰ ਦੂਸ਼ਿਤ ਪਾਣੀ ਦੇ ਕਹਿਰ ਤੋਂ ਬਚਣ ਲਈ ਆਰ.ਓ. ਸਿਸਟਮ ਲਾਉਣਾ ਤਾਂ ਬਹੁਤ ਦੂਰ ਦੀ ਗੱਲ ਪਿੰਡ ਵਿਚ ਵਾਟਰ ਵਰਕਸ ਹੀ ਨਹੀਂ ਹੈ। ਗਵਾਂਢੀ ਪਿੰਡ ਰਾਮਕੋਟ ਦੇ ਵਾਟਰ ਵਰਕਸ ਤੋਂ ਪਾਣੀ ਸਪਲਾਈ ਕੀਤਾ ਜਾਂਦਾ ਹੈ। ਬਿਮਾਰ ਹੋ ਰਹੇ ਇਸ ਪਿੰਡ ਦੀ ਸਿਹਤ ਲਈ ਕੋਈ ਸਰਕਾਰੀ ਡਿਸਪੈਂਸਰੀ ਨਹੀਂ ਹੈ। ਪਸ਼ੂਆਂ ਦੀ ਹਾਲਤ ਵੀ ਦੂਸ਼ਿਤ ਪਾਣੀ ਕਾਰਨ ਤਰਸਯੋਗ ਹੈ। ਉਪਰੋਂ ਪਸ਼ੂ ਡਿਸਪੈਂਸਰੀ ਨਾ ਹੋਣਾ ਵੀ ਮੁਸ਼ਕਲਾਂ ਵਿਚ ਹੋਰ ਵਾਧਾ ਕਰਦਾ ਹੈ।

ਪ੍ਰਧਾਨ ਮੰਤਰੀ ਬਣੇ ਪੀ.ਪੀ.ਸੀ.ਸੀ. ਦੇ ਮੈਂਬਰ

ਅੰਮ੍ਰਿਤਸਰ-ਨ ਦ ਬ

ਪੰਜਾਬ ਕਾਂਗਰਸ ਦਾ ਪ੍ਰਧਾਨ ਕੌਣ ਬਣੇਗਾ, ਇਹ ਹਾਲੇ ਦੂਰ ਦੀ ਗੱਲ ਹੈ, ਪਰ ਇਸ ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਰਾਏ ਵੀ ਅਹਿਮ ਭੂਮਿਕਾ ਨਿਭਾਏਗੀ। ਪ੍ਰਧਾਨ ਮੰਤਰੀ ਨੇ ਸੂਬੇ ਦੀ ਸਿਆਸਤ ਤੋਂ ਆਪਣੇ ਆਪ ਨੂੰ ਦੂਰ ਰੱਖਿਆ ਹੈ, ਇਸ ਦੇ ਬਾਵਜੂਦ ਉਨ੍ਹਾਂ ਨੂੰ ਅਮ੍ਰਿਤਸਰ ਦੇ ਗੋਲਡਨ ਟੈਂਪਲ ਬਲਾਕ ਤੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਪੀ.ਪੀ.ਸੀ.ਸੀ.) ਮੈਂਬਰ ਚੁਣਿਆ ਗਿਆ ਹੈ।

ਕਿਉਂਕਿ ਪ੍ਰਧਾਨ ਮੰਤਰੀ ਦਾ ਘਰ ਅੰਮ੍ਰਿਤਸਰ ਵਿਚ ਹੈ ਅਤੇ ਕਾਂਗਰਸ ਸਿੱਖਾਂ ਵਿਚ ਦਿੱਖ ਸਾਫ ਬਣਾਉਣਾ ਚਾਹੁੰਦੀ ਹੈ, ਇਸ ਲਈ ਉਨ੍ਹਾਂ ਨੂੰ ਗੋਲਡਨ ਟੈਂਪਲ ਬਲਾਕ ਤੋਂ ਮੈਂਬਰ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਸਿੰਘ ਨੂੰ ਅਮ੍ਰਿਤਸਰ ਤੋਂ ਕੁੱਲ ਹਿੰਦ ਕਾਂਗਰਸ ਕਮੇਟੀ ਦਾ ਮੈਂਬਰ ਬਣਾਇਆ ਗਿਆ ਸੀ। ਪੰਜਾਬ ਕਾਂਗਰਸ ਦੀਆਂ ਜਥੇਬੰਦਕ ਚੋਣਾਂ ਦੌਰਾਨ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰ ਸੂਬਾ ਪ੍ਰਧਾਨ ਦੀ ਚੋਣ ਕਰਨਗੇ।

Asian Western Grocery Store
8324 - 160 Ave. Edmonton, AB. T5Z 3P1

NOW OPEN

All indian, Fijian, South African Grocery

ਏਸ਼ੀਅਨ ਵੈਸਟ੍ਰਨ ਗਰੋਸਰੀ ਐਂਡ ਮੂਵੀ ਸਟੋਰ

ਸਾਫ ਸੁਥਰੀ ਅਤੇ ਵਧੀਆ ਗਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।



For more information call
Balraj @
780-756-2225
780-660-2061

ਭਾਰਤ ਅੱਜ-ਕੱਲ੍ਹ

ਖੇਡਾਂ ਦੇ ਨਾਂ ਤੇ ਖ਼ੂਬ ਹੋਈ ਵਿਦੇਸ਼ ਦੀ ਸੈਰ

ਨਵੀਂ ਦਿੱਲੀ-ਨ ਦ ਬ

ਰਾਸ਼ਟਰਮੰਡਲ ਖੇਡਾਂ ਦੀਆਂ ਤਿਆਰੀਆਂ ਦੇ ਨਾਂਅ 'ਤੇ ਕਈ ਖੇਡਾਂ ਸਾਹਮਣੇ ਆ ਰਹੀਆਂ ਹਨ। ਨਵੀਂ ਖੇਡ ਵਿਦੇਸ਼ ਦੌਰੇ ਦੀ ਹੈ। ਖ਼ੂਬ ਦੌਰੇ ਹੋਏ ਹਨ ਅਤੇ ਉਨ੍ਹਾਂ ਦੇਸ਼ਾਂ ਵਿਚ ਵੀ ਹੋਏ ਜੋ ਰਾਸ਼ਟਰਮੰਡਲ ਖੇਡਾਂ ਦਾ ਹਿੱਸਾ ਨਹੀਂ ਹਨ। ਖੇਡ ਮੰਤਰਾਲੇ ਦੇ ਅਧਿਕਾਰੀਆਂ ਨੇ ਪਿਛਲੇ ਚਾਰ ਸਾਲਾਂ ਵਿਚ ਕਰੀਬ 90 ਵਿਦੇਸ਼ੀ ਦੌਰੇ ਕੀਤੇ ਹਨ ਜਿਸ ਲਈ ਮੰਤਰਾਲੇ ਨੂੰ 92 ਲੱਖ ਰੁਪਏ ਖਰਚ ਕਰਨੇ ਪਏ। ਨਾਲ ਹੀ ਵਿੱਤੀ ਬੇਨਿਯਮੀਆਂ ਦੀਆਂ ਖ਼ਬਰਾਂ ਦੀ ਭਰਮਾਰ ਦੇ ਚੱਲਦਿਆਂ ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਜੈਪਾਲ ਰੈੱਡੀ ਨੇ ਕਿਹਾ ਕਿ ਕੇਂਦਰੀ ਚੌਕਸੀ ਵਿਭਾਗ (ਸੀ.ਵੀ.ਸੀ.) ਦੀ ਜਾਂਚ ਵਿਚ ਕੋਈ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਸੂਚਨਾ ਦੇ ਅਧਿਕਾਰ ਦੀ ਅਰਜ਼ੀ ਦੇ ਜਵਾਬ ਵਿਚ ਇਹ ਜਾਣਕਾਰੀਆਂ ਸਾਹਮਣੇ ਆਈਆਂ ਹਨ। ਮੰਤਰਾਲੇ ਨੇ 2005-09 ਦੌਰਾਨ ਆਪਣੇ ਅਧਿਕਾਰੀਆਂ ਦੇ 87 ਦੌਰਿਆਂ ਦੀ ਸੂਚਨਾ ਦਿੱਤੀ ਹੈ। ਯਾਤਰਾ ਕਰਨ ਵਿਚ ਸਭ ਤੋਂ ਅੱਗੇ ਸੰਯੁਕਤ ਸਕੱਤਰ ਐਸ.ਕ੍ਰਿਸ਼ਨ ਰਹੇ, ਜਿਨ੍ਹਾਂ ਨੇ 2005-07 ਦੌਰਾਨ 11 ਵਾਰ ਵਿਦੇਸ਼ ਦੌਰੇ ਕੀਤੇ, ਉਨ੍ਹਾਂ ਤੋਂ ਬਾਅਦ ਸੰਯੁਕਤ ਸਕੱਤਰ ਰਾਹੁਲ ਭਟਨਾਗਰ ਨੇ 2007-09 ਵਿਚ 10 ਅਤੇ ਸੰਯੁਕਤ ਸਕੱਤਰ ਆਈ. ਸ਼੍ਰੀਨਿਵਾਸ ਨੇ 8 ਵਿਦੇਸ਼ੀ ਦੌਰੇ ਕੀਤੇ। ਮੰਤਰਾਲੇ ਦੇ ਸਕੱਤਰ ਐੱਸ.ਕੇ. ਅਰੋੜਾ 7 ਵਾਰ ਵਿਦੇਸ਼ ਗਏ। ਇਨ੍ਹਾਂ ਸਾਰਿਆਂ ਨੇ ਕਿਊਬਾ, ਚੀਨ, ਕੁਵੈਤ ਅਤੇ ਦੱਖਣੀ ਕੋਰੀਆ ਦਾ ਦੌਰਾ ਕੀਤਾ, ਜੋ ਰਾਸ਼ਟਰ ਮੰਡਲ ਖੇਡਾਂ ਦਾ ਹਿੱਸਾ ਨਹੀਂ ਹੈ। ਆਰ.ਟੀ.ਆਈ. ਦਾਇਰ ਕਰਨ ਵਾਲੇ ਅਭਿਸ਼ੇਕ ਸ਼ੁਕਲਾ ਨੇ ਖਰਚੇ ਦਾ ਵੀ ਬਿਊਰਾ ਮੰਗਿਆ ਜਿਸ ਵਿਚ ਟਿਕਟ ਦੀ ਕੀਮਤ, ਹੋਟਲ ਵਿਚ ਰੁਕਣ ਅਤੇ ਸਥਾਨਕ ਯਾਤਰਾ ਦਾ ਖਰਚ ਵੀ ਸ਼ਾਮਲ ਹੈ ਪਰ ਮੰਤਰਾਲੇ ਨੇ ਇਸ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕੁੱਲ ਖਰਚ ਰਾਸ਼ੀ ਬਾਰੇ ਹੀ ਜਾਣਕਾਰੀ ਦਿੱਤੀ। ਸੀ.ਵੀ.ਸੀ. ਹੋਰਨਾਂ ਕਾਰਜਾਂ ਦੀ ਵੀ ਜਾਂਚ ਕਰੇਗਾ। ਖੇਡਾਂ ਨਾਲ ਜੁੜੇ 16 ਪ੍ਰਾਜੈਕਟਾਂ ਵਿਚ ਬੇਨਿਯਮੀਆਂ ਦਾ ਖੇਡ ਫੜੇ ਜਾਣ ਤੋਂ ਬਾਅਦ ਸੀ.ਵੀ.ਸੀ. ਨੇ ਕਿਹਾ ਕਿ ਇਸ ਨਾਲ ਜੁੜੇ ਹੋਰਨਾਂ ਕਾਰਜਾਂ ਦੀ ਵੀ ਜਾਂਚ ਵਿਭਾਗ ਨੇ ਭ੍ਰਿਸ਼ਟਾਚਾਰ ਰੋਕਣ ਲਈ ਕਰਾਉਣ ਦਾ ਫੈਸਲਾ ਕੀਤਾ ਹੈ। ਇਹ ਵਿਭਾਗ ਸਿਵਲ ਅਤੇ ਨਿਰਮਾਣ ਏਜੰਸੀਆਂ ਵੱਲੋਂ ਜਾਰੀ ਸਾਰੀਆਂ ਅਰਜ਼ੀਆਂ ਅਤੇ ਹੋਰ ਦਸਤਾਵੇਜ਼ਾਂ ਦੀ ਫੇਰ ਤੋਂ ਜਾਂਚ ਕਰ ਰਿਹਾ ਹੈ

ਕਮੇਟੀ, ਕਮਿਸ਼ਨ ਦੇ ਦਾਅਵੇ ਵੱਖਰੇ

ਨਵੀਂ ਦਿੱਲੀ-ਕੁਵੀਨਜ਼ ਬੈਟਨ ਰਿਲੇ ਦੇ ਉਦਘਾਟਨ ਸਮਾਰੋਹ ਲਈ ਬਰਤਾਨਵੀ ਕੰਪਨੀ ਏ.ਐਮ. ਫਿਲਮਜ਼ ਯੂ.ਕੇ. ਲਿਮਟਿਡ ਦੀ ਸੇਵਾ ਲੈਣ ਦੇ ਮਾਮਲੇ ਵਿਚ ਕਾਮਨਵੈਲਥ ਖੇਡ ਪ੍ਰਬੰਧਕ ਕਮੇਟੀ ਅਤੇ ਲੰਡਨ ਸਥਿਤ ਭਾਰਤੀ ਹਾਈ ਕਮਿਸ਼ਨ ਆਪਣੇ ਆਪਣੇ ਦਾਅਵੇ 'ਤੇ ਅੜੇ ਹਨ। ਕੰਪਨੀ ਨੂੰ ਇਕ ਕਰੋੜ 80 ਲੱਖ ਰੁਪਏ ਦਾ ਭੁਗਤਾਨ ਕੀਤਾ ਗਿਆ। ਇਸ ਰਕਮ ਵਿਚ ਹੇਰਾਫੇਰੀ ਦਾ ਦੋਸ਼ ਹੈ। ਦੋਸ਼ ਸਾਹਮਣੇ ਆਉਣ 'ਤੇ ਪ੍ਰਬੰਧਕ ਕਮੇਟੀ ਦੇ ਮੁਖੀ ਸੁਰੇਸ਼ ਕਲਮਾਡੀ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਕੰਪਨੀ ਦੀ ਸਿਫਾਰਸ਼ ਹਾਈ ਕਮਿਸ਼ਨ ਨੇ ਕੀਤੀ ਸੀ। ਦੂਸਰੇ ਪਾਸੇ ਹਾਈ ਕਮਿਸ਼ਨ ਨੇ ਇਸ ਦਾ ਖੰਡਨ ਕੀਤਾ ਅਤੇ ਕਿਹਾ ਕਿ ਉਸ ਨੇ ਕਿਸੇ ਕੰਪਨੀ ਦੀ ਸਿਫਾਰਸ਼ ਨਹੀਂ ਕੀਤੀ। ਕਲਮਾਡੀ ਨੇ ਹਾਈ ਕਮਿਸ਼ਨ ਦੇ ਇਸ ਦਾਅਵੇ ਨੂੰ ਖਾਰਜ ਕਰਦੇ ਹੋਏ ਕਿਹਾ, ਅਸੀਂ ਹਾਈ ਕਮਿਸ਼ਨ ਵਿਚ ਸਕੱਤਰ ਵਿਕਰਾਂਤ ਰਤਨ ਨੂੰ ਮੇਲ ਰਾਹੀਂ ਆਵਾਜਾਈ ਅਤੇ ਹੋਰ ਸੇਵਾਵਾਂ ਲਈ ਏਜੰਸੀਆਂ ਅਤੇ ਉਨ੍ਹਾਂ ਦੀਆਂ ਦਰਾਂ ਦੀ ਸੂਚੀ ਮੰਗੀ ਸੀ।

'ਕਾਮਨਵੈਲਥ ਗੇਮਜ਼ ਦੇ ਨਿਰਮਾਣ ਕਾਰਜ ਵਿਚ ਕੁਝ ਗੜਬੜਾਂ ਹੋਈਆਂ ਹਨ, ਜਿਨ੍ਹਾਂ ਨੂੰ ਸਮਾਂ ਰਹਿੰਦੇ ਸੁਧਾਰ ਲਿਆ ਜਾਵੇਗਾ। ਮੀਡੀਆ ਨੂੰ ਗੱਲ ਵਧਾ ਚੜ੍ਹਾ ਕੇ ਨਹੀਂ ਕਰਨੀ ਚਾਹੀਦੀ। ਸਾਨੂੰ ਤਾਂ ਕਾਮਨਵੈਲਥ ਖੇਡਾਂ ਨੂੰ ਲੈ ਕੇ ਦੇਸ਼ ਵਿਚ ਜਸ਼ਨ ਦਾ ਮਾਹੌਲ ਬਣਾਉਣਾ ਚਾਹੀਦਾ ਹੈ।'

ਜੈਪਾਲ ਰੈੱਡੀ, ਸ਼ਹਿਰੀ ਵਿਕਾਸ ਮੰਤਰੀ

'ਹਾਲੇ ਸਾਡੇ ਕੋਲ ਦੋ ਮਹੀਨੇ ਦਾ ਵਕਤ ਹੈ। ਸਾਰੀਆਂ ਸਮੱਸਿਆਵਾਂ ਸੁਲਝਾ ਲਈਆਂ ਜਾਣਗੀਆਂ। ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਇਹ ਦੇਖੋ ਕਿ ਆਡੀਟੋਰੀਅਮ ਕਿੰਨਾ ਸ਼ਾਨਦਾਰ ਬਣਿਆ ਹੈ। ਇਸ ਲਈ ਇੰਜਨੀਅਰਾਂ ਦੀ ਤਾਰੀਫ ਕਰੋ।'

ਐਮ.ਐਸ. ਗਿੱਲ, ਖੇਡ ਮੰਤਰੀ

ਉਦਘਾਟਨ ਮਗਰੋਂ ਹੀ ਟਪਕਣ ਲੱਗੀ ਛੱਤ

ਨਵੀਂ ਦਿੱਲੀ-ਨ ਦ ਬ

ਕਾਮਨਵੈਲਥ ਖੇਡਾਂ ਦੀ ਤਾਰੀਕ ਜਿਵੇਂ ਜਿਵੇਂ ਨੇੜੇ ਆ ਰਹੀ ਹੈ, ਇਸ ਨਾਲ ਸਬੰਧਤ ਵਿਵਾਦ ਵੀ ਵਧਦੇ ਜਾ ਰਹੇ ਹਨ। ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਜੈਪਾਲ ਰੈੱਡੀ ਨੇ ਇਥੇ ਨਵੀਂ ਬਣੀ ਵੇਟਲਿਫਟਿੰਗ ਆਡੀਟੋਰੀਅਮ ਦਾ ਉਦਘਾਟਨ ਕੀਤਾ। ਪਰ ਇਸ ਤੋਂ ਬਾਅਦ ਪਏ ਮੀਂਹ ਕਾਰਨ ਆਡੀਟੋਰੀਅਮ ਦੀ ਛੱਤ ਚੋਣ ਲੱਗੀ ਅਤੇ ਦੇਖਦੇ ਹੀ ਦੇਖਦੇ ਉਥੇ ਪਾਣੀ ਭਰ ਗਿਆ।

ਤਿੰਨ ਅਕਤੂਬਰ ਤੋਂ ਸ਼ੁਰੂ ਹੋਣ ਵਾਲੀਆਂ ਕਾਮਨਵੈਲਥ ਖੇਡਾਂ ਲਈ ਮੁੜ ਉਸਾਰੇ ਯਮੁਨਾ ਸਪੋਰਟਸ ਕੰਪਲੈਕਸ, ਸਿਰੀ ਫੋਰਟ ਆਡੀਟੋਰੀਅਮ ਅਤੇ ਕਰਨੀ ਸਿੰਘ ਸ਼ੂਟਿੰਗ ਰੇਂਜ ਦੀਆਂ ਛੱਤਾਂ ਵੀ ਚੋਅ ਰਹੀਆਂ ਹਨ। ਖੇਡਾਂ ਦੇ ਉਦਘਾਟਨ ਤੇ ਸਮਾਪਤੀ ਸਥਾਨ ਜਵਾਹਰ ਲਾਲ ਨਹਿਰੂ ਸਟੇਡੀਅਮ ਕੰਪਲੈਕਸ ਵਿਚ ਨਵੇਂ ਉਸਾਰੇ ਵੇਟਲਿਫਟਿੰਗ ਆਡੀਟੋਰੀਅਮ ਨੂੰ ਬਣਾਉਣ ਵਿਚ ਲਗਭਗ 80 ਕਰੋੜ ਰੁਪਏ ਦੀ ਲਾਗਤ ਆਈ ਹੈ। ਉਧਰ ਸੂਤਰਾਂ ਮੁਤਾਬਕ ਸੀ.ਵੀ.ਸੀ. ਕਾਮਨਵੈਲਥ ਖੇਡਾਂ ਨਾਲ ਜੁੜੇ ਸਾਰੇ ਪ੍ਰਾਜੈਕਟਾਂ ਦੀ ਜਾਂਚ ਕਰ ਸਕਦਾ ਹੈ।

ਸਾਨੂੰ ਮੰਦ ਬੁੱਧੀ ਕਹਿਣ ਵਾਲੀ ਅਮਰੀਕੀ ਖੋਜ ਝੂਠੀ

ਨਵੀਂ ਦਿੱਲੀ-ਨ ਦ ਬ

ਵਿਕਾਸਸ਼ੀਲ ਦੇਸ਼ਾਂ ਦੇ ਲੋਕਾਂ ਨੂੰ ਮੰਦ ਬੁੱਧੀ ਦੱਸਣ ਵਾਲੀ ਅਮਰੀਕੀ ਖੋਜ 'ਤੇ ਵਿਰੋਧ ਦੇ ਪੱਥਰਾਂ ਦੀ ਬਰਸਾਤ ਹੋਣ ਲੱਗੀ ਹੈ। ਵਿਕਾਸਸ਼ੀਲ ਦੇਸ਼ ਦੀ ਬੁੱਧੀ ਦੇ ਬਲਬੂਤੇ ਅੱਗੇ ਵਧ ਰਹੇ ਹਨ, ਅਮਰੀਕਾ ਦੇ ਖੋਜਕਾਰਾਂ ਦੀ ਬੁੱਧੀ 'ਤੇ ਸਵਾਲ ਉਠਣ ਲੱਗੇ ਹਨ।

ਕੁਝ ਦਿਨ ਪਹਿਲਾਂ ਅਮਰੀਕਾ ਵਿਚ ਇਕ ਖੋਜ ਦੇ ਹਵਾਲੇ ਨਾਲ ਕਿਹਾ ਗਿਆ ਸੀ ਕਿ ਵਿਕਾਸਸ਼ੀਲ ਦੇਸ਼ਾਂ ਦੇ ਲੋਕਾਂ ਦਾ ਆਈ ਕਿਊ (ਬੌਧਿਕ ਪੱਧਰ) ਘੱਟ ਹੁੰਦਾ ਹੈ ਕਿਉਂਕਿ ਉਨ੍ਹਾਂ ਦਾ ਦਿਮਾਗ ਆਪਣੀ ਊਰਜਾ ਬਿਮਾਰੀਆਂ ਨਾਲ ਲੜਨ 'ਤੇ ਖਰਚ ਕਰਦਾ ਹੈ। ਫਰੀਦਾਬਾਦ ਸਥਿਤ ਏਸ਼ੀਅਨ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਦੇ ਸੀਨੀਅਰ ਨਿਊਰੋਲਾਜਿਸਟ ਕਮਲ ਵਰਮਾ ਨੇ ਕਿਹਾ, 'ਇਹ ਰਿਪੋਰਟ ਨਿਸ਼ਚਿਤ ਰੂਪ 'ਤੇ ਨਸਲਵਾਦੀ ਹੈ। ਬਿਮਾਰੀ ਅਤੇ ਬੁੱਧੀਮਾਨੀ ਵਿਚ ਕੋਈ ਸਬੰਧ ਨਹੀਂ ਹੈ।' ਵਰਮਾ ਨੇ ਕਿਹਾ, 'ਇਸ ਤੋਂ ਪਹਿਲਾਂ ਇਕ ਖੋਜ ਵਿਚ ਬੁੱਧੀ ਨੂੰ ਦੇਸ਼ ਦੀ ਸੰਪਤੀ ਅਤੇ ਅਮੀਰੀ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਅਮਰੀਕਾ ਦੇ ਲੋਕਾਂ ਦਾ ਆਈ.ਕਿਊ ਬ੍ਰਾਜ਼ੀਲ ਵਰਗੇ ਦੇਸ਼ਾਂ ਨਾਲੋਂ ਕਾਫੀ ਘੱਟ ਹੈ। ਸਾਰੇ ਜਾਣਦੇ ਹਨ ਕਿ ਜ਼ਿਆਦਾ ਵਿਕਸਿਤ ਦੇਸ਼ ਵਿਕਾਸਸ਼ੀਲ ਦੇਸ਼ਾਂ ਦੀ ਬੁੱਧੀ ਦੀ ਹੀ ਵਰਤੋਂ ਕਰਦੇ ਹਨ।' ਨਿਊ ਮੈਕਸਿਕੋ ਯੂਨੀਵਰਸਿਟੀ ਵਿਚ ਕੀਤੀ ਗਈ ਇਸ ਖੋਜ ਵਿਚ ਦੁਨੀਆ ਭਰ ਵਿਚ ਬੁੱਧੀਮਾਨੀ ਦੀ ਵੰਨਸੁਵੰਨਤਾ ਦੇ ਕਾਰਨ ਸਿੱਧ ਕਰਨ ਦਾ ਦਾਅਵਾ ਕੀਤਾ ਗਿਆ ਹੈ ਅਤੇ ਗਰਮ ਦੇਸ਼ਾਂ ਵਿਚ ਮਲੇਰੀਆ, ਟੈਟਨਸ ਅਤੇ ਤਪਦਿਕ ਵਰਗੀਆਂ ਬਿਮਾਰੀਆਂ ਨੂੰ ਇਸਦਾ ਕਾਰਨ ਦੱਸਿਆ ਗਿਆ ਹੈ। ਅਪੋਲੋ ਹਸਪਤਾਲ ਦੇ ਸੀਨੀਅਰ ਨਿਊਰੋਲਿਜਸਟ ਪੀ.ਐਨ. ਰੰਜਨ ਨੇ ਕਿਹਾ ਕਿ ਆਈ ਕਿਊ ਮਾਪਣ ਦੀ ਵਿਧੀ ਦੇ ਗਲਤ ਹੋਣ ਨਾਲ ਹੀ ਇਹ ਭੁਲੇਖਾ ਹੁੰਦਾ ਹੈ।

ਦਾਰੂ ਪਾਰਟੀ ਵਿਚ ਫੜੇ ਗਏ 400 ਵਿਦਿਆਰਥੀ

ਮੁੰਬਈ-ਨ ਦ ਬ

ਪੂਨੇ ਦੇ ਥਿਓਰ ਨੇੜੇ ਇਕ ਫਾਰਮ ਹਾਊਸ ਵਿਚ ਫਰੈਂਡਸ਼ਿਪ ਡੇਅ ਮੌਕੇ ਦਾਰੂ ਪਾਰਟੀ ਮਨਾਉਂਦੇ ਹੋਏ ਕਰੀਬ 400 ਮੁੰਡੇ-ਕੁੜੀਆਂ ਫੜੇ ਗਏ ਹਨ। ਇਹ ਸਾਰੇ ਪੂਨੇ ਦੀ ਇਕ ਸੰਸਥਾ ਦੇ ਐਮ.ਬੀ.ਏ. ਦੇ ਵਿਦਿਆਰਥੀ ਹਨ। ਜ਼ਿਆਦਾਤਰ ਵਿਦਿਆਰਥੀ ਦੂਸਰੇ ਸੂਬਿਆਂ ਦੇ ਦੱਸੇ ਜਾ ਰਹੇ ਹਨ। ਇਨ੍ਹਾਂ ਵਿਚੋਂ 88 ਵਿਦਿਆਰਥੀ ਨਸ਼ੇ ਦੀ ਹਾਲਤ ਵਿਚ ਹਿਰਾਸਤ ਵਿਚ ਲਏ ਗਏ ਸਨ। ਪੂਨੇ ਦਿਹਾਤੀ ਪੁਲੀਸ ਸਟੇਸ਼ਨ ਦੇ ਇੰਸਪੈਕਟਰ ਸੁਹਾਸ ਗਰੁੜ ਮੁਤਾਬਕ ਹਿਰਾਸਤ ਵਿਚ ਲਏ ਸਾਰੇ ਵਿਦਿਆਰਥੀਆਂ ਦੇ ਖ਼ੂਨ ਦੇ ਨਮੂਨੇ ਲਏ ਗਏ ਹਨ। 88 ਵਿਦਿਆਰਥੀਆਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ।

ਅਦਾਲਤ ਤੋਂ ਇਨ੍ਹਾਂ ਸਾਰੇ 88 ਵਿਦਿਆਰਥੀਆਂ ਨੂੰ ਦੋ-ਦੋ ਹਜ਼ਾਰ ਰੁਪਏ ਦੇ ਨਿੱਜੀ ਮੁਚਲਕੇ 'ਤੇ ਜ਼ਮਾਨਤ ਮਿਲ ਗਈ ਹੈ। ਪੁਲੀਸ ਦਾ ਕਹਿਣਾ ਹੈ ਕਿ ਮੈਡੀਕਲ ਰਿਪੋਰਟ ਆਉਣ ਤੋਂ ਬਾਅਦ ਇਨ੍ਹਾਂ ਵਿਦਿਆਰਥੀਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਕਲਾ ਸੰਸਕ੍ਰਿਤੀ ਦੀ ਵੰਨਗੀ ਨਹੀਂ, ਸੁਰੱਖਿਆ ਕਵਚ ਵੀ ਮੁਸਤੈਦ

ਨਵੀਂ ਦਿੱਲੀ, ਸੁਸ਼ੀਲ ਸ਼ਰਮਾ

ਆਈ.ਜੀ.ਆਈ. ਦਾ ਟਰਮੀਨਲ-3 ਸੁਵਿਧਾਜਨਕ ਅਤੇ ਖ਼ੂਬਸੂਰਤ ਹੀ ਨਹੀਂ ਬਲਕਿ ਪੁਖ਼ਤਾ ਸੁਰੱਖਿਆ ਵਾਲਾ ਵੀ ਹੈ। ਇਸ ਵਿਚ ਕੌਮਾਂਤਰੀ ਪੱਧਰ ਦੀਆਂ ਅਤਿ-ਆਧੁਨਿਕ ਪ੍ਰਣਾਲੀਆਂ ਲਾਈਆਂ ਜਾ ਰਹੀਆਂ ਹਨ। ਦਿੱਲੀ ਹਵਾਈ ਅੱਡਾ ਪਹਿਲਾਂ ਹੀ ਕੌਮਾਂਤਰੀ ਨਾਗਰਿਕ ਉਡਾਨ ਸੰਗਠਨ ਦੇ ਮਾਪਦੰਡਾਂ 'ਤੇ ਖਰਾ ਉਤਰਿਆ ਸੀ ਪਰ ਹੁਣ ਇਸ ਨੂੰ ਹਰ ਮੌਸਮ ਵਿਚ ਹਵਾਈ ਆਵਾਜਾਈ ਦੇ ਲਾਇਕ ਬਣਾਉਣ ਲਈ ਕਈ ਕਦਮ ਚੁੱਕੇ ਜਾ ਰਹੇ ਹਨ।

ਆਈ.ਜੀ.ਆਈ. 'ਤੇ ਪਹਿਲਾਂ ਹੀ ਕੋਹਰੇ ਦੇ ਹਾਲਾਤ ਨਾਲ ਨਜਿੱਠਣ ਲਈ ਆਈ.ਐਲ.ਐਸ. ਕੈਟ-3 ਪ੍ਰਣਾਲੀ ਲਾਗੂ ਹੋਈ ਹੈ। ਜ਼ਮੀਨ 'ਤੇ ਜਹਾਜ਼ਾਂ ਅਤੇ ਗੱਡੀਆਂ ਨੂੰ ਟਕਰਾਉਣ ਤੋਂ ਬਚਾਉਣ ਲਈ ਵਿਸ਼ੇਸ਼ ਰਾਡਾਰ ਏਅਰਪੋਰਟ ਸਰਫੇਸ ਮੂਵਮੈਂਟ ਗਾਈਡੈਂਸ ਐਂਡ ਕੰਟਰੋਲ ਸਿਸਟਮ ਵੀ ਕਈ ਸਾਲ ਪਹਿਲਾਂ ਮੰਗਵਾਇਆ ਗਿਆ ਸੀ ਪਰ ਹੁਣ ਉਸ ਨੂੰ ਪੂਰੀ ਤਰ੍ਹਾਂ ਚਾਲੂ ਕਰ ਦਿੱਤਾ ਗਿਆ ਹੈ। ਅਜਿਹੀਆਂ ਪ੍ਰਣਾਲੀਆਂ ਹੈਦਰਾਬਾਦ ਅਤੇ ਬੰਗਲੌਰ ਕੌਮਾਂਤਰੀ ਹਵਾਈ ਅੱਡਿਆਂ 'ਤੇ ਵੀ ਲਾਈਆਂ ਗਈਆਂ ਹਨ।

ਜ਼ਮੀਨ ਤੋਂ ਇਲਾਵਾ ਆਸਮਾਨ ਵਿਚ ਵੀ ਜਹਾਜ਼ਾਂ ਦੀ ਸੁਰੱਖਿਅਤ ਉਡਾਨ ਭਰਨ ਲਈ ਗਗਨ ਨੇਵੀਗੇਸ਼ਨ ਪ੍ਰਣਾਲੀ 'ਤੇ ਕੰਮ ਚੱਲ ਰਿਹਾ ਹੈ।

ਇਸੇ ਤਰ੍ਹਾਂ ਹਵਾਈ ਅੱਡੇ 'ਤੇ ਬੈਗੇਜ ਸਕਰੀਨਿੰਗ ਦੀ ਅਜਿਹੀ ਅਤਿ-ਆਧੁਨਿਕ ਪ੍ਰਣਾਲੀ ਲਗਾਈ ਗਈ ਹੈ ਜੋ ਕੰਵੇਅਰ ਬੈਲਟ 'ਤੇ ਜਹਾਜ਼ 'ਤੇ ਲੱਦਣ ਲਈ ਜਾ ਰਹੇ ਸਾਮਾਨ ਦੀ ਪੰਜ ਪੱਧਰਾਂ 'ਤੇ ਜਾਂਚ ਕਰਦੀ ਹੈ। ਇਹ ਵਿਸ਼ਵ ਦੀ ਅਤਿ-ਆਧੁਨਿਕ ਸਾਮਾਨ ਦੀ ਜਾਂਚ ਕਰਨ ਵਾਲੀ ਪ੍ਰਣਾਲੀ ਹੈ। ਸੀਮੇਨਸ ਕੰਪਨੀ ਨੇ 7 ਕਰੋੜ ਡਾਲਰ (ਕਰੀਬ31.5 ਕਰੋੜ ਰੁਪਏ) ਦੀ ਇਸ ਪ੍ਰਣਾਲੀ ਨੂੰ ਸਥਾਪਤ ਕੀਤਾ ਹੈ। ਸੀਮੇਨਸ ਕੰਪਨੀ ਦੇ ਦੱਖਣੀ ਏਸ਼ਿਆਈ ਇੰਚਾਰਜ ਤਿਲਕ ਸੇਠ ਨੇ ਮੁੰਬਈ ਤੋਂ ਫੋਨ ਰਾਹੀਂ ਦੱਸਿਆ ਕਿ ਅਤਿਵਾਦੀ ਖਤਰਿਆਂ ਦੇ ਮੱਦੇਨਜ਼ਰ ਹੋਲਡ ਬੈਗੇਜ ਸਕਰੀਨਿੰਗ ਸਿਸਟਮ ਦੇ ਪਹਿਲੇ ਗੇੜ ਵਿਚ ਸਾਮਾਨ ਐਕਸਰੇ ਰਾਹੀਂ ਲੰਘਦਾ ਹੈ। ਦੂਸਰੇ ਪੱਧਰ 'ਤੇ ਬੈਠਾ ਓਪਰੇਟਰ ਐਕਸਰੇ ਚਿੱਤਰ ਦਾ ਵਿਸ਼ਲੇਸ਼ਣ ਕਰਦਾ ਹੈ। ਤੀਸਰੇ ਪੱਧਰ 'ਤੇ ਕੁਝ ਦੂਰ ਲੱਗੇ ਸੀਟੀ ਸਕੈਨਰ (ਕੰਪਿਊਟਰ ਟੋਮੋਗ੍ਰਾਫੀ) 'ਤੇ ਓਪਰੇਟਰ ਚਿੱਤਰ ਦੇ ਪੱਖਾਂ ਦਾ ਵਿਸ਼ਲੇਸ਼ਣ ਕਰਦਾ ਹੈ। ਜੇਕਰ ਸ਼ੱਕ ਹੋਵੇ ਤਾਂ ਜਿਸ ਯਾਤਰੀ ਦਾ ਸਾਮਾਨ ਹੈ ਉਸ ਨੂੰ ਬੁਲਾਇਆ ਜਾਂਦਾ ਹੈ। ਅਤੇ ਸਾਮਾਨ ਦੀ ਫਿਜ਼ੀਕਲ ਜਾਂਚ ਹੁੰਦੀ ਹੈ। ਪੰਜਵੇਂ ਪੱਧਰ 'ਤੇ ਜੇਕਰ ਸਾਮਾਨ ਦਾ ਦਾਅਵਾ ਕਰਨ ਵਾਲਾ ਕੋਈ ਨਾ ਹੋਵੇ ਤਾਂ ਇਸ ਵਿਚ ਬੰਬ ਹੋਣ ਦਾ ਸ਼ੱਕ ਕੀਤਾ ਜਾਂਦਾ ਹੈ। ਫੇਰ ਸਾਮਾਨ ਵੱਖ ਕਰ ਕੇ ਜ਼ਰੂਰੀ ਕਦਮ ਚੁੱਕੇ ਜਾਂਦੇ ਹਨ। ਇਸ ਤਰ੍ਹਾਂ ਦੀ ਪ੍ਰਣਾਲੀ ਸੀਮੇਨਸ ਕੰਪਨੀ ਨੇ ਬੀਜਿੰਗ ਅਤੇ ਸਪੇਨ ਵਿਚ ਮੈਡਰਿਡ ਏਅਰਪੋਰਟ 'ਤੇ ਲਗਾਈ ਹੈ।

ਵਿਸ਼ਵ ਅੱਜ-ਕੱਲ੍ਹ

ਚਿੱਲੀ ਵੱਲੋਂ ਮੁਆਫੀ ਦਾ ਪ੍ਰਸਤਾਵ ਰੱਦ

ਚਿੱਲੀ -ਨ ਦ ਬ

ਚਿੱਲੀ ਦੇ ਰਾਸ਼ਟਰਪਤੀ ਸੈਬਸਟੀਅਨ ਪਿਨੇਰਾ ਨੇ ਕੈਥੋਲਿਕ ਚਰਚ ਦਾ ਪੁਰਾਣੇ ਕੈਦੀਆਂ ਨੂੰ ਮੁਆਫੀ ਦੇਣ ਦਾ ਪ੍ਰਸਤਾਵ ਰੱਦ ਕਰ ਦਿੱਤਾ ਹੈ। ਇਨ੍ਹਾਂ ਕੈਦੀਆਂ ਵਿਚ ਇਕ ਸਾਬਕਾ ਫੌਜੀ ਅਫਸਰ ਵੀ ਸ਼ਾਮਲ ਹੈ ਜਿਸ ਨੂੰ ਫੌਜੀ ਸਾਸ਼ਨ ਦੌਰਾਨ ਤਸ਼ੱਦਦ ਢਾਹੁਣ ਦਾ ਦੋਸ਼ੀ ਠਹਿਰਾਇਆ ਗਿਆ ਹੈ। ਪਿਨੇਰਾ ਦਾ ਕਹਿਣਾ ਹੈ ਕਿ ਮਨੁੱਖਤਾ ਦੇ ਆਧਾਰ 'ਤੇ ਮੁਆਫੀ ਦੇਣ ਬਾਰੇ ਇਕ-ਇਕ ਕੇਸ 'ਤੇ ਵਿਚਾਰ ਹੋਵੇਗਾ ਜਦਕਿ ਜੰਗੀ ਜੁਰਮਾਂ ਨਾਲ ਸਬੰਧਤ ਅਪਰਾਧਾਂ ਨੂੰ ਬਿਲਕੁਲ ਨਹੀਂ ਵਿਚਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਨੂੰ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਵਧਾਉਣ ਦੀ ਲੋੜ ਹੈ। ਮੁਆਫੀ ਦੇਣ ਲੱਗਿਆਂ ਬਰੀਕੀ ਨਾਲ ਮੁਲਜ਼ਮ ਬਾਰੇ ਘੋਖ ਕੀਤੀ ਜਾਵੇਗੀ ਪਰ ਗੰਭੀਰ ਕਿਸਮ ਦੇ ਅਪਰਾਧੀਆਂ ਨੂੰ ਕਿਸੇ ਕੀਮਤ 'ਤੇ ਮੁਆਫੀ ਨਹੀਂ ਦਿੱਤੀ ਜਾ ਸਕਦੀ। ਜ਼ਿਕਰਯੋਗ ਹੈ ਕਿ ਕੈਥੋਲਿਕ ਚਰਚ ਨੇ ਦੇਸ਼ ਦੇ ਆਗਾਮੀ ਦੋ ਸੌ ਸਾਲਾ ਉਤਸਵ ਨੂੰ ਧਿਆਨ ਵਿਚ ਰੱਖਦਿਆਂ ਬਿਮਾਰਾਂ, ਬਜ਼ੁਰਗਾਂ ਜਾਂ ਅੱਧੀ ਸਜ਼ਾ ਭੁਗਤ ਚੁੱਕੇ ਕੈਦੀਆਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਫੌਜੀ ਅਫਸਰਾਂ ਦੀ ਰਿਹਾਈ ਦੀ ਅਪੀਲ ਕੀਤੀ ਸੀ।

ਅਧਿਕਾਰਾਂ ਦੀ ਵਕਾਲਤ ਕਰਨ ਵਾਲੇ ਲੋਕਾਂ ਨੇ ਪਿਨੇਰਾ ਦੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ ਪਰ ਅਗਵਾ ਕੀਤੇ ਜਾਂ ਜੇਲ੍ਹ ਵਿਚ ਬੰਦ ਕੈਦੀਆਂ ਦੇ ਰਿਸ਼ਤੇਦਾਰਾਂ ਨੇ ਆਸ ਪ੍ਰਗਟਾਈ ਹੈ ਕਿ ਸ਼ਾਇਦ ਭਵਿੱਖ ਵਿਚ ਉਨ੍ਹਾਂ ਦੇ ਸਕੇ-ਸਬੰਧੀਆਂ ਨੂੰ ਮੁਆਫੀ ਮਿਲ ਜਾਵੇ। ਚਿੱਲੀ ਦੀ ਪਿਛਲੀ ਸਰਕਾਰ ਦਾ ਕਹਿਣਾ ਹੈ ਕਿ ਦੇਸ਼ 'ਤੇ ਵੀਹ ਸਾਲ ਰਾਜ ਕਰਨ ਵਾਲੇ ਜਨਰਲ ਅਗਸਟੋ ਪਿਨੋਸ਼ੇਟ ਦੇ ਰਾਜ ਦੌਰਾਨ 3195 ਲੋਕ ਮਾਰੇ ਗਏ ਜਾਂ ਲਾਪਤਾ ਹੋ ਗਏ। ਇਥੋਂ ਤੱਕ ਸਾਬਕਾ ਰਾਸ਼ਟਰਪਤੀ ਮਿਸ਼ੇਲ ਬੇਸ਼ਲੇਟ 'ਤੇ ਵੀ ਤਸ਼ੱਦਦ ਢਾਹੇ ਗਏ ਸਨ। ਕਰੀਬ 600 ਫੌਜੀ ਜਵਾਨਾਂ 'ਤੇ ਤਸ਼ੱਦਦ ਢਾਹੁਣ ਦੇ ਦੋਸ਼ ਲੱਗੇ ਸਨ ਪਰ 150 ਤੋਂ ਵੱਧ ਇਸ ਸਮੇਂ ਜੇਲ੍ਹ ਵਿਚ ਹਨ। ਇਸ ਦੁਨੀਆ ਤੋਂ 2006 ਵਿਚ ਰੁਖਸਤ ਹੋ ਚੁੱਕੇ ਪਿਨੋਸ਼ੇਟ ਨੂੰ ਅੱਜ ਵੀ ਨਫਰਤ ਦੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਹੈ। ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਦੇ ਬਾਵਜੂਦ ਉਸ ਨੂੰ ਕੋਈ ਸਜ਼ਾ ਨਾ ਮਿਲੀ।

ਸ਼ਾਵੇਜ਼ ਵੱਲੋਂ ਅਮਰੀਕਾ ਨੂੰ ਤੇਲ ਨਾ ਦੇਣ ਦੀ ਧਮਕੀ

ਵੈਨਜ਼ੂਏਲਾ -ਨ ਦ ਬ

ਵੈਨਜ਼ੂਏਲਾ ਦੇ ਰਾਸ਼ਟਰਪਤੀ ਹਿਊਗੋ ਸ਼ਾਵੇਜ਼ ਨੇ ਧਮਕੀ ਦਿੱਤੀ ਹੈ ਕਿ ਜੇਕਰ ਅਮਰੀਕਾ ਦੇ ਮਿੱਤਰ ਕੋਲੰਬੀਆ ਨੇ ਉਨ੍ਹਾਂ ਦੇ ਦੇਸ਼ 'ਤੇ ਹਮਲਾ ਕੀਤਾ ਤਾਂ ਉਹ ਅਮਰੀਕਾ ਨੂੰ ਬਰਾਮਦ ਕੀਤਾ ਜਾਂਦਾ ਤੇਲ ਰੋਕ ਦੇਣਗੇ। ਸ਼ਾਵੇਜ਼ ਦਾ ਬਿਆਨ ਠੀਕ ਉਦੋਂ ਆਇਆ ਹੈ ਜਦੋਂ ਇਹ ਦੋਸ਼ ਲੱਗਣੇ ਸ਼ੁਰੂ ਹੋਏ ਕਿ ਵੈਨਜ਼ੂਏਲਾ ਕੋਲੰਬੀਆ ਦੇ ਬਾਗੀਆਂ ਨੂੰ ਸ਼ਹਿ ਦੇ ਰਿਹਾ ਹੈ। ਸ੍ਰੀ ਸ਼ਾਵੇਜ਼ ਨੇ ਪਿਛਲ ਹਫਤੇ ਕੋਲੰਬੀਆ ਨਾਲ ਰਾਜਦੂਤਕ ਸਬੰਧ ਤੋੜ ਲਏ ਸਨ ਅਤੇ ਆਪਣੀ ਫੌਜ ਨੂੰ ਹਾਈ ਅਲਰਟ ਜਾਰੀ ਕਰ ਦਿੱਤਾ ਸੀ। ਜ਼ਿਕਰਯੋਗ ਹੈ ਕਿ ਵੈਨਜ਼ੂਏਲਾ, ਅਮਰੀਕਾ ਨੂੰ ਤੇਲ ਸਪਲਾਈ ਕਰਨ ਵਾਲਾ ਪੰਜਵਾਂ ਵੱਡਾ ਸਰੋਤ ਹੈ। ਉਹ ਅਮਰੀਕਾ ਨੂੰ ਕਰੀਬ ਮਿਲੀਅਨ ਬੈਰਲਜ਼ ਪ੍ਰਤੀ ਦਿਨ ਤੇਲ ਬਰਾਮਦ ਕਰਦਾ ਹੈ।

ਸ਼ਾਵੇਜ਼ ਨੇ ਕਿਹਾ ਕਿ ਉਸ ਨੂੰ ਖੁਫੀਆ ਰਿਪੋਰਟਾਂ ਮਿਲੀਆਂ ਹਨ ਕਿ ਕੋਲੰਬੀਆ ਵੱਲੋਂ ਵੈਨਜ਼ੂਏਲਾ 'ਤੇ ਕਿਸੇ ਵੇਲੇ ਵੀ ਵੱਡੇ ਪੱਧਰ 'ਤੇ ਹਮਲਾ ਕੀਤਾ ਜਾ ਸਕਦਾ ਹੈ।

ਪ੍ਰਦਰਸ਼ਨਕਾਰੀਆਂ ਨੇ ਬ੍ਰਾਜ਼ੀਲ ਪਾਵਰ ਪਲਾਂਟ ਨੂੰ ਘੇਰਾ ਪਾਇਆ

ਬ੍ਰਾਜ਼ੀਲ -ਨ ਦ ਬ

ਬ੍ਰਾਜ਼ੀਲੀਅਨ ਸ਼ਹਿਰ ਅਰੀਪੁਆਨਾ ਵਿਚ ਨਿਰਮਾਣ ਅਧੀਨ ਹਾਈਡਰੋ ਇਲੈਕਟ੍ਰਿਕ ਪਲਾਂਟ 'ਤੇ ਕਰੀਬ 300 ਸੁਦੇਸ਼ੀਆਂ ਨੇ ਘੇਰਾ ਪਾ ਲਿਆ ਹੈ। ਪਲਾਂਟ 'ਤੇ ਕੰਮ ਕਰ ਰਹੇ ਸੌ ਦੇ ਕਰੀਬ ਵਰਕਰ ਕੰਮ ਛੱਡ ਕੇ ਚਲੇ ਗਏ ਹਨ। ਇਹ ਪ੍ਰਦਰਸ਼ਨਕਾਰੀ ਪੁਰਖਾਂ ਦੀ ਸਮਸ਼ਾਨ ਭੂਮੀ 'ਤੇ ਬਣਾਏ ਜਾ ਰਹੇ ਡੈਮ ਦਾ ਵਿਰੋਧ ਕਰ ਰਹੇ ਹਨ। ਵਿਖਾਵਾਕਾਰੀ ਮੰਗ ਕਰ ਰਹੇ ਹਨ ਕਿ ਉਨ੍ਹਾਂ ਦੀ ਸਭਿਆਚਾਰਕ ਤੇ ਸਮਾਜਕ ਹੋਂਦ ਨੂੰ ਖਤਮ ਕਰਨ ਦੇ ਏਵਜ ਵਜੋਂ 5.6 ਮਿਲੀਅਨ ਡਾਲਰ ਮੁਆਵਜ਼ਾ ਦਿੱਤਾ ਜਾਵੇ। ਰਵਾਇਤੀ ਹਥਿਆਰਾਂ ਤੇ ਤੀਰ ਕਮਾਨ ਚੁੱਕੀ ਅੱਠ ਕਬੀਲਿਆਂ ਦੇ ਇਹ ਪ੍ਰਦਰਸ਼ਨਕਾਰੀ ਪਲਾਂਟ ਵਾਲੀ ਥਾਂ 'ਤੇ ਘੇਰਾ ਪਾ ਕੇ ਬੈਠੇ ਹਨ।

ਇਸ ਸਾਲ ਉਜੜਿਆ ਰਹੇਗਾ ਕਨਾਟ ਪਲੇਸ

ਨਵੀਂ ਦਿੱਲੀ-ਕਾਮਨਵੈਲਥ ਖੇਡਾਂ ਤੱਕ ਦਿੱਲੀ ਦਾ ਦਿਲ ਕਨਾਟ ਪਲੇਸ (ਸੀ.ਪੀ.) ਓਵੇਂ ਨਹੀਂ ਸਜ ਸਕੇਗਾ ਜਿਵੇਂ ਇਸ ਦੀ ਕਲਪਨਾ ਕੀਤੀ ਗਈ ਸੀ। ਅਤਿਆਧੁਨਿਕ ਅੰਦਾਜ਼ ਵਿਚ ਸਬ-ਵੇਅ ਬਣਾਉਣ ਨੂੰ ਲੈ ਕੇ ਐਨ.ਡੀ.ਐਮ.ਸੀ. ਨੇ ਪਹਿਲਾਂ ਹੀ ਹੱਥ ਖੜੇ ਕਰ ਦਿੱਤੇ ਸਨ, ਪਰ ਹੁਣ ਇਸ ਨੂੰ ਸੁੰਦਰ ਬਣਾਉਣ ਲਈ 31 ਦਸੰਬਰ 2011 ਦੀ ਤਾਰੀਕ ਦੱਸੀ ਗਈ ਹੈ। ਗ੍ਰਹਿ ਰਾਜ ਮੰਤਰੀ ਮੁੱਲਾਪੱਲੀ ਰਾਮਚੰਦਰਨ ਨੇ ਲੋਕ ਸਭਾ ਵਿਚ ਇਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਸੀ.ਪੀ. ਸਾਹਮਣੇ ਦੇ ਹਿੱਸੇ ਨੂੰ ਸਜਾਉਣ ਦਾ ਕੰਮ ਇਸ ਸਾਲ 31 ਅਗਸਤ ਤੱਕ ਪੂਰਾ ਹੋ ਜਾਵੇਗਾ, ਪਰ ਸਰਵਿਸ ਕੰਪਲੈਕਸ ਨੂੰ ਸੁੰਦਰ ਬਣਾਉਣ ਦਾ ਕੰਮ ਅਗਲੇ ਸਾਲ ਦੇ ਅਖੀਰ ਤੱਕ ਪੂਰਾ ਹੋ ਸਕੇਗਾ। ਇਸ ਤਰ੍ਹਾਂ ਸੀ.ਪੀ. ਨੂੰ ਸੱਜ ਕੇ ਪੂਰੀ ਤਰ੍ਹਾਂ ਤਿਆਰ ਹੋਣ ਵਿਚ ਹਾਲੇ ਡੇਢ ਸਾਲ ਲਗ ਜਾਵੇਗਾ।

ਰਾਮ ਚੰਦਰਨ ਨੇ ਦੱਸਿਆ ਕਿ ਸੀ.ਪੀ. ਦੇ ਅਗਲੇ ਹਿੱਸੇ ਵਿਚ ਚੱਲ ਰਿਹਾ ਕਾਰਜ 90 ਫੀਸਦੀ ਅਤੇ ਸਰਵਿਸ ਕੰਪਲੈਕਸ ਵਿਚ ਚੱਲ ਰਿਹਾ ਕੰਮ 60 ਫੀਸਦੀ ਪੂਰਾ ਹੋ ਚੁੱਕਾ ਹੈ। ਜ਼ਿਕਰਯੋਗ ਹੈ ਕਿ ਸੀ.ਪੀ. ਨੂੰ ਸਜਾ ਕੇ ਚਮਾਚਮ ਕਰਨ ਦੀ ਯੋਜਨਾ ਕਾਮਨਵੈਲਥ ਖੇਡਾਂ ਨੂੰ ਧਿਆਨ ਵਿਚ ਰੱਖ ਕੇ ਬਣਾਈ ਗਈ ਸੀ। ਪੁਨਰਵਿਕਾਸ ਤਹਿਤ 671 ਕਰੋੜ ਰੁਪਏ ਦਾ ਪ੍ਰਾਜੈਕਟ ਬਣਾਇਆ ਗਿਆ।

ਕੇਂਦਰ ਨੇ ਇਸ ਲਈ 253.78 ਕਰੋੜ ਰੁਪਏ ਮਨਜ਼ੂਰ ਕੀਤੇ। ਸੀ.ਪੀ. ਦੇ 'ਏ' ਤੋਂ ਲੈ ਕੇ 'ਐਫ' ਤੱਕ ਦੇ ਛੇ ਬਲਾਕਾਂ ਨੂੰ ਅਸਲ ਹਸਤਕਲਾ ਨਾਲ ਹੀ ਤਿਆਰ ਕਰਨ ਦੀ ਯੋਜਨਾ 'ਤੇ ਕੰਮ ਹੋ ਰਿਹਾ ਹੈ। ਸੀ ਬਲਾਕ ਦਾ ਕਾਰਜ ਪੂਰਾ ਹੋ ਚੁੱਕਾ ਹੈ ਪਰ ਹੋਰਨਾਂ ਬਲਾਕਾਂ ਵਿਚ ਕੰਮ ਜਾਰੀ ਹੈ। ਸੀ.ਪੀ. ਵਿਚ 4 ਸਬ ਵੇਅ ਨੂੰ ਇਲੈਕਟ੍ਰਿਕ ਪੌੜੀਆਂ ਨਾਲ ਅਤਿ ਆਧੁਨਿਕ ਬਣਾਉਣ ਦਾ ਕੰਮ ਵੀ ਚੱਲ ਰਿਹਾ ਸੀ, ਪਰ ਉਹ ਵੀ ਖੇਡਾਂ ਦੌਰਾਨ ਅਧੂਰਾ ਹੀ ਰਹੇਗਾ।

ਜਾਰੀ ਹੈ। ਸੀ.ਪੀ. ਵਿਚ 4 ਸਬ-ਵੇਅ ਨੂੰ ਇਲੈਕਟ੍ਰਿਕ ਪੌੜੀਆਂ ਨਾਲ ਅਤਿ ਆਧੁਨਿਕ ਬਣਾਉਣ ਦਾ ਕੰਮ ਵੀ ਚੱਲ ਰਿਹਾ ਸੀ, ਪਰ ਉਹ ਵੀ ਖੇਡਾਂ ਦੌਰਾਨ ਅਧੂਰਾ ਹੀ ਰਹੇਗਾ।

ਸਦਨ ਵਿਚ ਸਿਰਫ 7 ਸੰਸਦਾ ਮੈਂਬਰਾਂ ਦੀ ਸੌ ਫੀਸਦੀ ਹਾਜ਼ਰੀ

ਨਵੀਂ ਦਿੱਲੀ (ਵਿਜੇਂਦਰ ਰਾਵਤ)-ਸੰਸਦ ਮੈਂਬਰ ਜਨਤਾ ਦੀ ਆਵਾਜ਼ ਨੂੰ ਦੇਸ਼੍ ਦੀ ਸਰਵ-ਉੱਚ ਪੰਚਾਇਤ (ਸੰਸਦ) ਵਿਚ ਉਠਾਉਣ ਦਾ ਵਾਅਦਾ ਕਰਕੇ ਚੋਣ ਜਿੱਤਦੇ ਹਨ ਅਤੇ ਜਨਤਾ ਵੀ ਉਮੀਦ ਕਰਦੀ ਹੈ ਕਿ ਉਸ ਦੀ ਆਵਾਜ਼ ਉਠਾਉਣ ਲਈ ਉਨ੍ਹਾਂ ਦੇ ਪ੍ਰਤੀਨਿਧ ਸੰਸਦ ਦੀ ਕਾਰਵਾਈ ਵਿਚ ਮੌਜੂਦ ਰਹਿਣ। ਪਰ 2009 ਦਾ ਰਿਕਾਰਡ ਦੇਖੀਏ ਤਾਂ ਪਤਾ ਚੱਲਦਾ ਹੈ ਕਿ ਪਿਛਲੇ ਸਾਲ ਸਿਰਫ ਸੱਤ ਸੰਸਦ ਮੈਂਬਰਾਂ ਨੇ ਲੋਕ ਸਭਾ ਵਿਚ ਸੌ ਫੀਸਦੀ ਮੌਜੂਦਗੀ ਦਰਜ ਕਰਵਾਈ। ਇਨ੍ਹਾਂ ਵਿਚੋਂ ਵੀ 6 ਸੰਸਦ ਮੈਂਬਰ ਕਾਂਗਰਸ ਦੇ ਸਨ।

ਦਿੱਲੀ ਦੀ ਇਕ ਸਮਾਜ ਸੇਵੀ ਸੰਸਥਾ 'ਮਾਸ ਫਾਰ ਅਵੇਅਰਨੈੱਸ' ਨੇ ਵੋਟ ਫਾਰ ਇੰਡੀਆ ਮੁਹਿੰਮ ਤਹਿਤ 15ਵੀਂ ਲੋਕ ਸਭਾ ਦੇ ਸੰਸਦ ਮੈਂਬਰਾਂ ਦਾ ਸਾਲ ਭਰ ਦਾ ਲੇਖਾ-ਜੋਖਾ ਤਿਆਰ ਕੀਤਾ ਹੈ। ਰਿਪੋਰਟ ਅਨੁਸਾਰ ਸੂਬਿਆਂ ਦੇ ਹਿਸਾਬ ਨਾਲ ਮਨੀਪੁਰ ਦੇ ਸੰਸਦ ਮੈਂਬਰਾਂ ਦੀ ਲੋਕ ਸਭਾ ਵਿਚ ਸਭ ਤੋਂ ਜ਼ਿਆਦਾ ਮੌਜੂਦਗੀ ਰਹੀ। ਸਾਬਕਾ ਪ੍ਰਧਾਨ ਮੰਤਰੀ ਐਚ.ਡੀ. ਦੇਵਗੌੜਾ ਸਮੇਤ ਕਰੀਬ 100 ਸੰਸਦ ਮੈਂਬਰਾਂ ਨੇ ਸਦਨ ਵਿਚ ਇਕ ਵੀ ਸਵਾਲ ਪੁੱਛਣਾ ਜ਼ਰੂਰੀ ਨਹੀਂ ਸਮਝਿਆ। ਇਸ ਵਿਚ ਮਹਾਂਰਾਸ਼ਟਰ ਦੇ ਸੰਸਦ ਮੈਂਬਰ ਸਭ ਤੋਂ ਅੱਗੇ ਹਨ। ਸੰਸਦ ਮੈਂਬਰਾਂ ਨੂੰ ਮਿਲੇ ਸਭ ਤੋਂ ਤਾਕਤਵਰ ਹਥਿਆਰ ਪ੍ਰਾਈਵੇਟ ਮੈਂਬਰ ਬਿੱਲ ਵਿਚ 93 ਫੀਸਦੀ ਸੰਸਦ ਮੈਂਬਰਾਂ ਨੇ ਕੋਈ ਰੁਚੀ ਨਹੀਂ ਲਈ। ਦਿੱਲੀ ਦੇ ਸੰਸਦ ਮੈਂਬਰ 11 ਬਿੱਲ ਲਿਆ ਕੇ ਸਭ ਤੋਂ ਅੱਗੇ ਰਹੇ।

ਉਚੇਰੀ ਸਿੱਖਿਆ ਵਿੱਚ ਵਿਅਰਥ ਜਾ ਰਹੀ ਮਨੁੱਖੀ ਸ਼ਕਤੀ ਤੇ ਮਾਲੀ ਸਾਧਨ

ਨ. ਦ. ਬ.

ਸਿੱਖਿਆ ਲਈ ਸਰਕਾਰ ਦੀ ਬਜਟ ਨੀਤੀ ਦੀ ਅਕਸਰ ਆਲੋਚਨਾ ਹੋਈ ਹੈ ਅਤੇ ਇਹ ਕਿਸੇ ਹੱਦ ਤੱਕ ਵਾਜਬ ਵੀ ਹੈ ਪਰੰਤੂ ਸਿੱਖਿਆ ਵਿੱਚ ਵਿਅਰਥ ਜਾ ਰਹੀ ਮਨੁੱਖੀ ਸ਼ਕਤੀ ਤੇ ਮਾਲੀ ਸਾਧਨਾਂ ਦਾ ਮਸਲਾ ਬਹੁਤ ਘੱਟ ਵਿਚਾਰਿਆ ਗਿਆ ਹੈ। ਡਾਕਟਰ ਟੀ.ਐਸ. ਸੰਧੂ ਨੇ ਕੁੱਝ ਅਜਿਹੇ ਮੁੱਦੇ ਉਠਾਏ ਹਨ, ਜਿਹਨਾਂ ਦੇ ਆਧਾਰ 'ਤੇ ਇਹ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਉਚੇਰੀ ਸਿੱਖਿਆ ਵਿੱਚ ਮਨੁੱਖੀ ਸ਼ਕਤੀ ਤੇ ਮਾਲੀ ਸਾਧਨਾਂ ਦੀ ਵਿਅਰਥਾ ਦਾ ਮਾਮਲਾ ਵੀ ਕਾਫ਼ੀ ਗੰਭੀਰ ਹੈ। ਨੁਕਤੇ ਇਸ ਪ੍ਰਕਾਰ ਹਨ-

1-ਉਚੇਰੀ ਸਿੱਖਿਆ ਵਿਚਲਾ ਵਿਅਰਥਾ ਦਾ ਇਕ ਪ੍ਰਮਾਣ ਤੇ ਪੱਖ ਇਹ ਵੀ ਹੈ ਕਿ ਵਿਦਿਆਰਥੀ ਰਹਿੰਦੇ ਤਾਂ ਕਾਲਜਾਂ ਵਿੱਚ ਹੀ ਹਨ ਪਰੰਤੂ ਉਹਨਾਂ ਦੀ ਭਾਰੀ ਗਿਣਤੀ ਅਸਫ਼ਲਤਾ ਦਾ ਮੂੰਹ ਹੀ ਦੇਖਦੀ ਹੈ। ਇਸ ਤੋਂ ਇਲਾਵਾ ਜਿਹੜੇ ਵਿਦਿਆਰਥੀ ਹਾਜ਼ਰੀਆਂ ਘੱਟ ਹੋਣ ਜਾਂ ਕਈ ਹੋਰ ਕਾਰਨਾਂ ਕਰਕੇ ਪ੍ਰਖਿਆ ਹੀ ਨਹੀਂ ਦੇ ਸਕਦੇ ਉਹਨਾਂ ਨੂੰ ਵੀ ਜੇਕਰ ਸੂਚੀ ਵਿੱਚ ਸ਼ਾਮਲ ਕਰ ਲਿਆ ਜਾਵੇ ਤਾਂ ਜਿਹੜੀ ਤਸਵੀਰ ਸਾਹਮਣੇ ਆਉਂਦੀ ਉਹ ਹਰੇਕ ਲਈ ਹੈਰਾਨੀਜਨਕ ਹੋਵੇਗੀ। ਤਕਰੀਬਨ 80 ਪ੍ਰਤੀਸ਼ਤ ਵਿਦਿਆਰਥੀ ਫੇਲ੍ਹ ਹੋ ਜਾਂਦੇ ਹਨ। ਕੀ ਇਹ ਵਿਦਿਆਰਥੀ ਇਸ ਪੜ੍ਹਾਈ ਨੂੰ ਸਮਝਣ ਦੇ ਸਮਰੱਥ ਹੀ ਨਹੀਂ ਸਨ? ਜਾਂ ਉਹਨਾਂ ਨੂੰ ਪੜ੍ਹਾਉਣ/ਸਮਝਾਉਣ ਦੇ ਠੀਕ ਯਤਨ ਹੀ ਨਹੀਂ ਕੀਤੇ ਗਏ? ਜਾਂ ਉਹ ਪੜ੍ਹਾਈ ਕਰਨ ਦੇ ਮਕਸਦ ਨਾਲ਼ ਕਾਲਜ ਦਾਖ਼ਲ ਹੀ ਨਹੀਂ ਹੋਏ ਸਨ, ਇਸ ਤੋਂ ਵੀ ਜ਼ਿਆਦਾ ਜ਼ਰੂਰੀ ਸਵਾਲ ਹੈ ਕਿ ਜੋ ਪਾਸ ਹੋਏ ਉਹਨਾਂ ਦੀ ਵਿਅਕਤੀਗਤ ਯੋਗਤਾ, ਸਹੀ ਸਮਾਜਕ ਮੁੱਲ ਤੇ ਸਾਰਥਕਤਾ ਵਿੱਚ ਕੀ ਖ਼ਾਸ ਵਾਧਾ ਹੋਇਆ। ਇੰਨੇ ਸਵਾਲਾਂ ਦੇ ਜਵਾਬ ਲੱਭਣੇ ਸਿੱਖਿਆ ਸ਼ਾਸਤਰੀਆਂ ਲਈ ਸਭ ਤੋਂ ਜ਼ਰੂਰੀ ਹਨ ਕਿਉਂਕਿ ਸਾਡੇ ਵਰਗੇ ਘੱਟ ਵਿਕਸਿਤ ਦੇਸ਼ ਕੋਲ ਉਚੇਰੀ ਸਿੱਖਿਆ ਪ੍ਰਦਾਨ ਕਰਨ ਲਈ ਬਹੁਤ ਹੀ ਸੀਮਤ ਸਾਧਨ ਹਨ। ਮਨੁੱਖੀ ਸ਼ਕਤੀ ਅਤੇ ਸਾਧਨਾ ਦਾ ਅਣਉਚਿਤ ਪ੍ਰਯੋਗ ਤੇ ਅਜਾਈਪਣ ਦੇਸ ਦੀ ਅਰਥ ਵਿਵਸਥਾ, ਸਮਾਜਕ ਸਥਿਰਤਾ ਅਤੇ ਸਹੀ ਵਿਕਾਸ ਮਾਰਗ ਲਈ ਵੀ ਬਹੁਤ ਵੱਡਾ ਅੜਿੱਕਾ ਬਣ ਸਕਦਾ ਹੈ।

2- ਉਚੇਰੀ ਸਿੱਖਿਆ ਲਈ ਸਾਡੇ ਮੌਜੂਦਾ ਪਾਠ-ਕ੍ਰਮ ਬਿਲਕੁਲ ਹੀ ਕਿਸੇ ਵਿਗਿਆਨਕ ਸਿਧਾਂਤ ਜਾਂ ਢੰਗ ਦੇ ਆਧਾਰ 'ਤੇ ਸਿਰਜੇ/ਵਿਉਂਤੇ ਨਹੀਂ ਜਾਂਦੇ। ਵਿਦਿਆਰਥੀਆਂ ਨੂੰ ਸਿੱਖਣ ਦੇ ਢੁਕਵੇਂ ਮੌਕੇ ਹੀ ਨਹੀਂ ਦਿੱਤੇ ਜਾਂਦੇ ਤੇ ਸਿੱਖਿਆ ਦੇਣ ਦੀਆਂ ਵਿਧੀਆਂ ਵੀ ਉਹਨਾਂ ਦੀ ਸਿੱਖਣ ਦੀ ਸਮਰੱਥਾ ਅਨੁਸਾਰ ਨਹੀਂ ਹੁੰਦੀਆਂ। ਏਥੋਂ ਦੇ ਪ੍ਰੋਫ਼ੈਸਰ ਉਂਝ ਹੀ ਸਿੱਖਿਆ ਦੇ ਖੇਤਰ ਵਿੱਚ ਵਾਪਰ ਰਹੇ ਅਤਿਅੰਤ ਸੰਜੀਦਾ ਵਰਤਾਰਿਆਂ ਤੋਂ ਅਭਿਜ ਹੀ ਰਹਿਣ ਵਿੱਚ ਬੇਹਤਰੀ ਸਮਝਦੇ ਹਨ।

3- ਅੱਜਕੱਲ੍ਹ ਹਰ ਵਿਅਕਤੀ ਦਾ ਇਹ ਨਿੱਜੀ ਤਜੁਰਬਾ ਹੈ ਕਿ ਵਿੱਦਿਆ ਦਾ ਪੱਧਰ ਬਹੁਤ ਗਿਰ ਗਿਆ ਹੈ। ਬੀ.ਏ. ਪਾਸ ਵਿਦਿਆਰਥੀ ਵੀ ਆਮ ਕੰਮ-ਕਾਜ ਬਹੁਤੀ ਨਿਪੁੰਨਤਾ ਨਾਲ਼ ਨਹੀਂ ਕਰ ਸਕਦਾ। ਸ਼ਾਇਦ ਇਹੀ ਕਾਰਨ ਹੋਵੇ ਕਿ ਨੌਕਰੀਆਂ ਨੂੰ ਡਿਗਰੀਆਂ ਨਾਲੋਂ ਨਿਖੇੜਨ ਦੀ ਚਰਚਾ ਚੱਲੀ ਹੈ। ਇਹ ਗੱਲ ਹੁਣ ਅੱਛੀ ਤਰ੍ਹਾਂ ਸਥਾਪਤ ਹੋ ਗਈ ਹੈ ਕਿ ਸਿੱਖਿਆ ਵਿੱਚ ਲਗਾਈ ਗਈ ਪੂੰਜੀ ਦਾ ਫ਼ਲ ਸਹੀ ਸਮਾਜੀ ਮਨੁੱਖੀ ਦ੍ਰਿਸ਼ਟੀਕੋਣ ਤੋਂ ਵਪਾਰ ਜਾਂ ਕਾਰਖਾਨਿਆਂ ਵਿੱਚ ਲਗਾਈ ਗਈ ਪੂੰਜੀ ਨਾਲੋਂ ਕਿਤੇ ਵੱਧ ਹੁੰਦਾ ਏ ਪਰ ਇਹ ਫ਼ਲ ਤਦ ਹੀ ਪ੍ਰਾਪਤ ਹੋ ਸਕਦਾ ਹੈ ਜੇਕਰ ਲਗਾਈ ਗਈ ਪੂੰਜੀ ਦੀ ਠੀਕ ਵਰਤੋਂ ਹੋਵੇ। ਸਾਡੇ ਵਰਗਾ ਉੱਨਤ ਹੋ ਰਿਹਾ ਦੇਸ਼ ਸ਼ਾਇਦ ਘੱਟ ਯੋਗਤਾ ਵਾਲੇ ਵਿਅਕਤੀਆਂ ਦੇ ਹੱਥਾਂ ਵਿੱਚ ਬਹੁਤੀ ਤਰੱਕੀ ਨਹੀਂ ਕਰ ਸਕਦਾ। ਕੱਚੇ-ਪੱਕੇ ਜਾਂ ਬੀਮਾਰ ਜਿਹੇ ਵਿਅਕਤੀ ਬਣਾਈ ਜਾਣਾ ਸਾਡੇ ਹੱਕ ਵਿੱਚ ਨਹੀਂ ਜਾਂਦਾ।

Anuj Gupta
AMP, B.Com.
Associate Broker

Alberta Mortgage Centre
Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed
For FREE Consultation, please call
(780)479-2222
78, 4003-98 Street, Edmonton, AB www.albertamortgagecentre.com
CAAMP ACCHA · AXIOM MORTGAGE PARTNERS · AMBA · BBB ACCREDITED BUSINESS · think MORTGAGE think AMP

Krishna(KK)Gupta, AMP
"Experienced, Knowledgeable, Committed"
Serving the Community Since 1999

ਅਤਿਵਾਦੀਆਂ ਨੂੰ ਟਿਕਟ ਦੇਣ ਦਾ ਵਾਅਦਾ ਕਰ ਰਹੇ ਹਨ ਸਰਨਾ

ਐਸ.ਜੀ.ਪੀ.ਸੀ. ਚੋਣਾਂ ਨੂੰ ਲੈ ਕੇ ਇਨ੍ਹਾਂ ਖੁਲਾਸਿਆਂ ਨਾਲ ਸਿੱਖ ਹਲਕਿਆਂ ਵਿਚ ਹਲਚਲ

ਤਿੰਨ ਅਤਿਵਾਦੀਆਂ ਨੇ ਸਰਨਾ ਨਾਲ ਸਬੰਧ ਕਬੂਲੇ

ਚੰਡੀਗੜ੍ਹ-ਨ ਦ ਬ

ਪੰਜਾਬ ਵਿਚ ਹਾਲ ਹੀ 'ਚ ਫੜੇ ਗਏ ਸ਼ੱਕੀ ਅਤਿਵਾਦੀਆਂ ਕੋਲੋਂ ਪੁਲੀਸ ਪੁੱਛਗਿੱਛ ਦੌਰਾਨ ਹੋਏ ਸਨਸਨੀਖੇਜ਼ ਖੁਲਾਸੇ ਤੋਂ ਬਾਅਦ ਸਿੱਖ ਹਲਕਿਆਂ ਵਿਚ ਹਲਚਲ ਪੈਦਾ ਹੋਈ ਹੈ। ਸ਼੍ਰੋਮਣੀ ਤੱਤ ਖਾਲਸਾ ਦੇ ਇਨ੍ਹਾਂ ਕਾਰਕੁੰਨਾਂ ਨੇ ਮੰਨਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਪੰਜਾਬ ਤੋਂ ਚੋਣ ਲੜਾਉਣ ਦਾ ਵਾਅਦਾ ਕੀਤਾ ਸੀ। ਖੰਨਾ ਪੁਲੀਸ ਜ਼ਿਲੇ ਦੇ ਐਸ.ਐਸ.ਪੀ. ਸ੍ਰੀ ਐਸ.ਐਸ. ਮਾਨ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੇ ਸਰਨਾ ਨਾਲ ਸਬੰਧਾਂ ਦੀ ਗੱਲ ਮੰਨੀ ਹੈ।

ਗੌਰਤਲਬ ਹੈ ਕਿ ਪਿਛਲੇ ਹਫਤੇ ਪੰਜਾਬ ਪੁਲੀਸ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਹਰਮਿੰਦਰ ਸਿੰਘ ਸਮੇਤ ਪਟਿਆਲਾ ਜ਼ਿਲੇ ਨਾਲ ਸਬੰਧਤ ਸ਼੍ਰੋਮਣੀ ਤੱਤ ਖਾਲਸਾ ਦੇ ਸਰਗਰਮ ਕਾਰਕੁੰਨਾਂ ਰਾਜਪੁਰਾ ਦੇ ਜਸਵਿੰਦਰ ਸਿੰਘ, ਹੁਸੈਨਪੁਰਾ ਦੇ ਮਨਜਿੰਦਰ ਸਿੰਘ ਅਤੇ ਜੰਗਪੁਰ ਦੇ ਗੁਰਜੰਟ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ ਪੁਲੀਸ ਸੂਤਰਾਂ ਮੁਤਾਬਕ ਤਿੰਨਾਂ ਵਿਅਕਤੀਆਂ ਨੇ ਦਿੱਲੀ ਵਿਚ ਪਰਮਜੀਤ ਸਿੰਘ ਸਰਨਾ ਦੇ ਪੁੱਤਰ ਦੇ ਵਿਆਹ ਸਮਾਰੋਹ ਵਿਚ ਵੀ ਸ਼ਿਰਕਤ ਕੀਤੀ ਸੀ। ਸਰਨਾ ਨੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਜਸਵਿੰਦਰ ਸਿੰਘ ਨੂੰ ਰਾਜਪੁਰਾ, ਮਨਜਿੰਦਰ ਸਿੰਘ ਨੂੰ ਸਨੌਰ (ਪਟਿਆਲਾ ਜ਼ਿਲ੍ਹਾ) ਅਤੇ ਗੁਰਜੰਟ ਸਿੰਘ ਨੂੰ ਬਨੂੜ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦਾ ਟਿਕਟ ਦੇਣ ਦਾ ਵਾਅਦਾ ਕੀਤਾ ਸੀ।

ਗੌਰਤਲਬ ਹੈ ਕਿ ਸਰਨਾ ਨੇ ਪਿਛਲੇ ਸਾਲ ਦਸੰਬਰ ਦੇ ਪਹਿਲੇ ਹਫਤੇ ਵਿਚ ਲੁਧਿਆਣਾ ਵਿਚ ਸਿੱਖ ਸੰਗਠਨਾਂ ਤੇ ਦਿਵਯ ਜਿਓਤੀ ਜਾਗ੍ਰਿਤੀ ਸੰਸਥਾ ਵਿਚਾਲੇ ਟਕਰਾਅ ਸਮੇਂ ਪੁਲੀਸ ਕਾਰਵਾਈ ਵਿਚ ਜ਼ਖ਼ਮੀ ਹੋਏ ਸਿੱਖਾਂ ਨੂੰ 50-50 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਸੀ। ਇਨ੍ਹਾਂ ਤਿੰਨਾਂ ਕਥਿਤ ਅਤਿਵਾਦੀਆਂ ਨੂੰ ਵੀ ਉਸ ਸਮੇਂ ਸਰਨਾ ਨੇ ਕਈ ਸਿੱਖ ਆਗੂਆਂ ਦੀ ਮੌਜੂਦਗੀ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਹ ਸਹਾਇਤਾ ਰਾਸ਼ੀ ਦਿੱਤੀ ਸੀ। ਉਸ ਸਮੇਂ ਕੁਝ ਅਖਬਰਾਂ ਵਿਚ ਇਨ੍ਹਾਂ ਨਾਲ ਫੋਟੋ ਵੀ ਪ੍ਰਕਾਸ਼ਤ ਹੋਈ ਸੀ। ਪੁਲੀਸ ਦੀ ਮੰਨੀਏ ਤਾਂ ਉਸ ਤੋਂ ਬਾਅਦ ਤੋਂ ਹੀ ਇਹ ਤਿੰਨੋਂ ਲੋਕ ਸਰਨਾ ਦੇ ਸੰਪਰਕ ਵਿਚ ਸਨ।

ਦਿੱਲੀ ਦੀ ਸਿੱਖ ਰਾਜਨੀਤੀ ਵਿਚ ਅਹਿਮ ਸਥਾਨ ਰੱਖਣ ਵਾਲੇ ਸਰਨਾ ਦੇ ਅਤਿਵਾਦੀਆਂ ਨਾਲ ਕਥਿਤ ਮੇਲਜੋਲ ਤੋਂ ਬਾਅਦ ਸਿੱਖ ਹਲਕਿਆਂ ਵਿਚ ਹਲਚਲ ਵਧ ਗਈ ਹੈ।

ਮਰਹੂਮ ਬੇਅੰਤ ਸਿੰਘ ਦੀ ਪਤਨੀ ਜਸਵੰਤ ਕੌਰ ਦਾ ਦਿਹਾਂਤ

ਚੰਡੀਗੜ੍ਹ-ਨ ਦ ਬ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੀ ਪਤਨੀ ਜਸਵੰਤ ਕੌਰ ਦਾ ਇਥੇ ਦਿਹਾਂਤ ਹੋ ਗਿਆ। ਉਹ 86 ਵਰ੍ਹਿਆਂ ਦੇ ਸਨ। ਉਨ੍ਹਾਂ ਨੂੰ ਦੁਪਹਿਰ ਬਾਅਦ ਦਿਲ ਦਾ ਦੌਰਾ ਪੈਣ ਕਾਰਨ ਪੀ.ਜੀ.ਆਈ. ਵਿਚ ਭਰਤੀ ਕਰਵਾਇਆ ਗਿਆ, ਜਿਥੇ ਕਰੀਬ ਚਾਰ ਵਜੇ ਉਨ੍ਹਾਂ ਆਖਰੀ ਸਾਹ ਲਿਆ। ਬੇਅੰਤ ਸਿੰਘ ਦੀ ਹੱਤਿਆ ਤੋਂ ਬਾਅਦ ਜਸਵੰਤ ਕੌਰ ਨੂੰ ਸਰਕਾਰ ਨੇ ਕੈਬਨਿਟ ਰੈਂਕ ਦਿੱਤਾ ਹੋਇਆ ਸੀ।

ਪ੍ਰਧਾਨਗੀ ਦੀ ਚੋਣ ਟਲਦੇ ਹੀ ਕਾਂਗਰਸੀ ਹੋਏ ਠੰਢੇ

ਅੰਮ੍ਰਿਤਸਰ-ਸੰਜੇ ਗਰਗ

ਪੰਜਾਬ ਕਾਂਗਰਸ ਦੇ ਪ੍ਰਧਾਨ ਦੀ ਚੋਣ ਕੀ ਟਲੀ, ਕਾਂਗਰਸੀਆਂ ਦੀ ਚੁਸਤੀ-ਫੁਰਤੀ ਹੀ ਗਾਇਬ ਹੋ ਗਈ ਹੈ। ਆਪਣੇ ਨਵੇਂ ਕਮਾਂਡਰ ਦਾ ਚੇਹਰਾ ਦੇਖਣ ਲਈ ਬੇਤਾਬ ਜਿਨ੍ਹਾਂ ਕਾਂਗਰਸੀਆਂ ਨੇ ਚੰਡੀਗੜ੍ਹ ਅਤੇ ਨਵੀਂ ਦਿੱਲੀ ਵਿਚ ਡੇਰੇ ਲਾਏ ਸਨ, ਉਹ ਸਾਰੇ ਬਰੰਗ ਪਰਤ ਆਏ ਹਨ। ਏਨਾ ਹੀ ਨਹੀਂ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਸੂਚੀ ਹਾਈ ਕਮਾਂਡ ਕੋਲ ਪੁੱਜਣ ਤੋਂ ਬਾਅਦ ਉਨ੍ਹਾਂ ਦਾ ਜੋਸ਼ ਖਤਮ ਜਿਹਾ ਹੋ ਗਿਆ ਹੈ। ਸੂਚੀ ਦੇ ਇਸ ਹਫਤੇ ਜਾਰੀ ਹੋਣ ਦੀ ਸੰਭਾਵਨਾ ਕਾਰਨ ਸਾਰਿਆਂ ਦੇ ਦਿਲਾਂ ਦੀ ਧੜਕਨ ਰੁਕ ਪਈ ਹੈ। ਅਕਤੂਬਰ 2009 ਤੋਂ ਸ਼ੁਰੂ ਹੋਈ ਜਥੇਬੰਦਕ ਚੋਣ ਪ੍ਰਕਿਰਿਆ ਸਿਰਫ ਦਿਖਾਵਾ ਬਣ ਚੁੱਕੀ ਹੈ। ਮੈਂਬਰਸ਼ਿਪ ਮੁਹਿੰਮ ਤੋਂ ਕਰੀਬ ਡੇਢ ਕਰੋੜ ਰੁਪਏ ਕਮਾਉਣ ਤੋਂ ਬਾਅਦ ਪ੍ਰਧਾਨਗੀ ਦੀ ਗੇਂਦ ਫੇਰ ਤੋਂ ਹਾਈ ਕਮਾਂਡ ਦੇ ਪਾਲੇ ਵਿਚ ਸੁੱਟ ਦਿੱਤੀ ਗਈ ਹੈ। ਇਥੋਂ ਤਕ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੈਂਬਰਾਂ ਦੀ ਨਾਮਜ਼ਦਗੀ ਵੀ ਏ.ਸੀ. ਕਮਰਿਆਂ ਵਿਚ ਬੈਠ ਕੇ ਕਰ ਦਿੱਤੀ ਗਈ ਹੈ। ਪੰਜਾਬ ਕਾਂਗਰਸ ਕਮੇਟੀ ਦੇਮੈਂਬਰ ਬਣਨ ਲਈ ਸੂਬੇ ਭਰ ਦੇ ਆਗੂਆਂ ਨੇ ਕਈ ਦਿਨਾਂ ਤੋਂ ਨਵੀਂ ਦਿੱਲੀ ਅਤੇ ਚੰਡੀਗੜ੍ਹ ਵਿਚ ਡੇਰੇ ਲਾਏ ਹੋਏ ਹਨ।

ਪ੍ਰਦੇਸ਼ ਵਿਚ ਨਵੇਂ ਸਿਰੇ ਤੋਂ ਗੁੱਟਬੰਦੀ ਨਾ ਵਧੇ, ਇਸ ਲਈ ਬੰਦ ਕਮਰਿਆਂ ਵਿਚ ਸਾਰੇ ਗੁੱਟਾਂ ਦੇ ਆਗੂਆਂ ਨੂੰ ਥਾਂ ਦੇ ਦਿੱਤੀ ਗਈ ਹੈ। ਕਰੀਬ 280 ਮੈਂਬਰੀ ਸੂਚੀ ਨੂੰ ਆਖਰੀ ਰੂਪ ਦੇ ਕੇ ਕੁੱਲ ਹਿੰਦ ਚੋਣ ਕਮੇਟੀ ਦੇ ਇੰਚਾਰਜ ਆਸਕਰ ਫਰਨਾਂਡੀਜ਼ ਨੂੰ ਸੌਂਪ ਦਿੱਤੀ ਗਈ ਹੈ। ਹੁਣ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਵਿਦੇਸ਼ ਦੌਰੇ ਤੋਂ ਵਾਪਸ ਆਉਣ 'ਤੇ ਹੀ ਫੈਸਲਾ ਲਿਆ ਜਾਵੇਗਾ।

ਉਧਰ ਇਕ ਸੀਨੀਅਰ ਆਗੂ ਨੇ ਕਿਹਾ ਕਿ ਫਿਲਹਾਲ ਕੁਝ ਵੀ ਕਹਿਣਾ ਉਨ੍ਹਾਂ ਲਈ ਭਾਰੀ ਪੈ ਸਕਦਾ ਹੈ। ਉਨ੍ਹਾਂ ਨੂੰ ਨਵੇਂ ਕਮਾਂਡਰ ਦੀ ਉਡੀਕ ਹੈ, ਜਿਸ ਦੇ ਸਿਰ ਤਾਜ ਸਜੇਗਾ, ਉਸੇ ਦੀ ਵਫ਼ਾਦਾਰੀ ਦਾ ਦਮ ਭਰਨਾ ਪਏਗਾ।

ਵਿਧਾਨ ਸਭਾ ਚੋਣਾਂ ਵਿਚ ਟਿਕਟ 'ਤੇ ਅੱਖ ਰੱਖੀ ਬੈਠੇ ਇਕ ਆਗੂ ਨੇ ਤਾਂ ਇਥੋਂ ਤੱਕ ਕਿਹਾ, 'ਜਿਸ ਕੀ ਲਾਠੀ ਉਸੀ ਕੀ ਭੈਂਸ ਹੋਤੀ ਹੈ।' ਅੱਜ ਦੇ ਦੌਰ ਵਿਚ ਪਾਰਟੀ ਦੀ ਸੇਵਾ ਨੂੰ ਨਹੀਂ ਬਲਕਿ ਪ੍ਰਧਾਨ ਦੇ ਦਰਬਾਰ ਦੀ ਹਾਜ਼ਰੀ ਨੂੰ ਅਹਿਮੀਅਤ ਦਿੱਤੀ ਜਾਂਦੀ ਹੈ।

ਦੋ ਦਹਾਕੇ ਵਿਚ ਪੰਜਾਬ ਦੇ ਆੜ੍ਹਤੀਆਂ ਨੇ ਕਮਾਏ 6427.27 ਕਰੋੜ ਰੁਪਏ

ਚੰਡੀਗੜ੍ਹ-ਨ ਦ ਬ

ਪੰਜਾਬ ਵਿਚ ਆੜ੍ਹਤੀਆਂ (ਕਮਿਸ਼ਨ ਏਜੰਟਸ) ਨੇ ਦੋ ਦਹਾਕਿਆਂ ਵਿਚ 6427.27 ਕਰੋੜ ਰੁਪਏ ਕਮਾਏ ਹਨ। ਉਨ੍ਹਾਂ ਦਾ ਵਪਾਰ ਲਗਾਤਾਰ ਲਾਭ ਵੱਲ ਹੈ। ਸਾਲ 1961 ਵਿਚ ਜਿਥੇ ਡੇਢ ਫੀਸਦੀ ਲਾਭਅੰਸ਼ ਸੀ, ਉਥੇ 1998 ਵਿਚ ਇਹ ਢਾਈ ਫੀਸਦੀ ਤੱਕ ਵਧ ਗਿਆ ਹੈ। ਲੁਧਿਆਣਾ ਸਥਿਤ ਪੰਜਾਬ ਖੇਤੀ ਯੂਨੀਵਰਸਿਟੀ ਨੇ ਇਸ ਸਬੰਧ ਵਿਚ ਇਕ ਸਟੱਡੀ ਰਿਪੋਰਟ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਦਿੱਤੀ ਹੈ।

ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਸ ਵਪਾਰ ਵਿਚ ਜਿਥੇ ਸਾਲ 1970 ਤੋਂ ਪਹਿਲਾਂ ਜੱਟ ਭਾਈਚਾਰੇ ਦੇ ਲੋਕ ਨਹੀਂ ਸਨ, ਉਥੇ 1980 ਵਿਚ 26.25 ਫੀਸਦੀ ਤੇ 1990 ਤੱਕ 52.50 ਫੀਸਦੀ ਜੱਟ ਇਸ ਵਪਾਰ ਨਾਲ ਜੁੜੇ ਹਨ। 700 ਲੋਕਾਂ ਨੂੰ ਧਿਆਨ ਵਿਚ ਰੱਖ ਕੇ ਬਣਾਈ ਗਈ ਰਿਪੋਰਟ ਵਿਚ 300 ਆੜ੍ਹਤੀ ਤੇ 400 ਕਿਸਾਨਾਂ ਨੂੰ ਸ਼ਾਮਲ ਕੀਤਾ ਗਿਆ। ਪੰਜਾਬ ਵਿਚ 20232 ਕੱਚੇ ਆੜ੍ਹਤੀਏ ਕੰਮ ਕਰ ਰਹੇ ਹਨ। ਪ੍ਰਤੀ ਸਾਲ ਔਸਤਨ 306.07 ਕਰੋੜ ਰੁਪਏ ਦੇ ਖਾਦਾਨ 'ਤੇ ਆੜ੍ਹਤੀ ਆਪਣਾ ਹਿੱਸਾ ਲੈ ਰਹੇ ਹਨ।

ਰਿਪੋਰਟ ਵਿਚ ਸਿਫਾਰਸ਼ ਕੀਤੀ ਗਈ ਹੈ ਕਿ ਮੌਜੂਦਾ ਵਿਵਸਥਾ ਦਾ ਬਦਲ ਤਿਆਰ ਕਰਨ ਦੀ ਲੋੜ ਹੈ। ਇਸ ਵਿਚ ਡਾਇਰੈਕਟ ਸਟੇਟ ਪ੍ਰੋਕਿਓਰਮੈਂਟ ਸਿਸਟਮ ਅਤੇ ਕੋ-ਆਪਰੇਟਿਵ ਮਾਰਕਿਟਿੰਗ ਸਿਸਟਮ ਨੂੰ ਵਿਕਸਤ ਕਰਨ ਦੀ ਲੋੜ ਹੈ। ਇਸ ਤੋਂ ਇਲਾਵਾ ਬੈਂਕਿੰਗ ਸਿਸਟਮ ਨੂੰ ਕਿਸਾਨ ਹਿਤਕਾਰੀ ਬਣਾਉਣ ਦੀ ਲੋੜ ਹੈ। ਪੰਜਾਬ ਚੈਂਬਰ ਆਫ ਫਾਰਮਰ ਅਤੇ ਹੋਰਨਾਂ ਵੱਲੋਂ ਦਾਖਲ ਪਟੀਸ਼ਨ ਵਿਚ ਕਿਹਾ ਗਿਆ ਕਿ ਪਿਛਲੇ ਦੋ ਸਾਲਾਂ ਵਿਚ ਸੰਗਰੂਰ ਅਤੇ ਬਠਿੰਡਾ ਜ਼ਿਲੇ ਵਿਚ ਹੀ 2900 ਤੋਂ ਜ਼ਿਆਦਾ ਕਿਸਾਨਾਂ ਨੇ ਕਰਜ਼ੇ ਦੇ ਬੋਝ ਹੇਠ ਦੱਬੇ ਹੋਣ ਕਾਰਨ ਖੁਦਕੁਸ਼ੀਆਂ ਕੀਤੀਆਂ ਹਨ।

ਪੰਜਾਬ ਸਰਕਾਰ ਨੇ ਫੇਰ ਚੁੱਕਿਆ 500 ਕਰੋੜ ਦਾ ਕਰਜ਼ਾ

ਚੰਡੀਗੜ੍ਹ-ਨ ਦ ਬ

ਆਬਕਾਰੀ ਸੈਕਟਰ ਵਿਚ ਪਿਛਲੇ ਸਾਲ ਦੇ ਮੁਕਾਬਲੇ 42 ਫੀਸਦੀ ਵਾਧੇ ਦਾ ਦਾਅਵਾ ਕਰਨ ਦੇ ਬਾਵਜੂਦ ਪੰਜਾਬ ਸਰਕਾਰ ਨੇ 500 ਕਰੋੜ ਰੁਪਏ ਦਾ ਕਰਜ਼ਾ ਲੈਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਕਰਜ਼ਾ ਸੂਬੇ ਵਿਚ ਪੂੰਜੀ ਖਰਚ, ਯੋਜਨਾ ਤਹਿਤ ਵਿਕਾਸ ਸਕੀਮਾਂ ਦੇ ਵਿੱਤੀ ਹਿੱਸੇ ਨੂੰ ਪੂਰਾ ਕਰਨ ਖਾਤਰ ਲਏ ਜਾਣ ਦਾ ਦਾਅਵਾ ਕੀਤਾ ਗਿਆ ਹੈ। ਇਸ ਵਿੱਤੀ ਸਾਲ ਵਿਚ ਇਹ ਦੂਸਰਾ ਮੌਕਾ ਹੈ ਜਦੋਂ ਸੂਬਾ ਸਰਕਾਰ ਨੇ 500 ਕਰੋੜ ਦਾ ਕਰਜ਼ਾ ਲਿਆ ਹੈ। ਇਸ ਤੋਂ ਪਹਿਲਾਂ ਅਪਰੈਲ ਵਿਚ ਸਰਕਾਰ 800 ਕਰੋੜ ਦਾ ਕਰਜ਼ਾ ਲੈ ਚੁੱਕੀ ਹੈ।

ਸਟਾਕ ਵਿਕਰੀ ਲਈ ਜਾਰੀ-ਵਿੱਤ ਵਿਭਾਗ ਦੇ ਬੁਲਾਰੇ ਅਨੁਸਾਰ ਸੂਬਾ ਸਰਕਾਰ ਨੇ ਅਗਲੇ ਦਸ ਸਾਲਾਂ ਲਈ 500 ਕਰੋੜ ਰੁਪਏ (ਨਾਮੀਨਲ) ਦੀ ਰਕਮ ਲਈ ਪੰਜਾਬ ਸਰਕਾਰ ਸਟਾਕ (ਸਕਿਊਰਿਟੀਜ਼)ਦੀ ਵਿਕਰੀ ਲਈ ਜਾਰੀ ਕੀਤਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਕਰਜ਼ੇ ਦੀ ਪ੍ਰਾਪਤੀ ਲਈ ਕੇਂਦਰ ਸਰਕਾਰ ਦੀ ਸਹਿਮਤੀ ਪਹਿਲਾਂ ਹੀ ਹਾਸਲ ਕੀਤੀ ਜਾ ਚੁੱਕੀ ਹੈ।

ਕਾਬਿਲੇ ਗੌਰ ਹੈ ਕਿ ਪਿਛਲੇ ਸਾਲ ਸਰਕਾਰ ਨੇ ਆਪਣੇ ਖਰਚਿਆਂ ਅਤੇ ਆਮਦਨੀ ਦੇ ਫਰਕ ਨੂੰ ਪੂਰਾ ਕਰਨ ਲਈ 6059 ਕਰੋੜ ਰੁਪਏ ਦਾ ਕਰਜ਼ਾ ਲਿਆ ਸੀ ਜੋ ਇਸ ਸਾਲ ਵਧਣ ਦੀ ਸੰਭਾਵਨਾ ਹੈ। ਇਸ ਸਾਲ ਬਜਟ ਵਿਚ 6254 ਕਰੋੜ ਦਾ ਕਰਜ਼ਾ ਲੈਣ ਦਾ ਅਨੁਮਾਨ ਲਾਇਆ ਗਿਆ ਹੈ।

ਡਿਪਟੀ ਸਪੀਕਰ ਨੇ ਵੀ ਨਹੀਂ ਦਿੱਤੀ ਕਾਹਲੋਂ 'ਤੇ ਮੁਕੱਦਮੇ ਦੀ ਆਗਿਆ

ਚੰਡੀਗੜ੍ਹ-ਨ ਦ ਬ

ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸਤਪਾਲ ਗੋਸਾਈਂ ਨੇ ਵਿਧਾਨ ਸਭਾ ਸਪੀਕਰ ਨਿਰਮਲ ਸਿੰਘ ਕਾਹਲੋਂ 'ਤੇ ਮੁਕੱਦਮਾ ਚਲਾਉਣ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਕਾਹਲੋਂ ਖਿਲਾਫ ਪੰਚਾਇਤ ਸੈਕਟਰੀ ਭਰਤੀ ਘੋਟਾਲੇ ਵਿਚ ਸੀ.ਬੀ.ਆਈ. ਨੇ ਚਾਰਜਸ਼ੀਟ ਦਾਇਰ ਕੀਤੀ ਹੈ। ਸੂਬਾ ਸਰਕਾਰ ਕਾਹਲੋਂ 'ਤੇ ਭਰਤੀ ਘਪਲੇ ਨੂੰ ਲੈ ਕੇ ਮੁਕੱਦਮਾ ਚਲਾਉਣ ਦੀ ਸੀ.ਬੀ.ਆਈ. ਦੀ ਅਪੀਲ ਨੂੰ ਪਹਿਲਾਂ ਹੀ ਖਾਰਜ ਕਰ ਚੁੱਕੀ ਹੈ। ਕੇਂਦਰੀ ਜਾਂਚ ਬਿਊਰੋ ਨੇ ਪਟਿਆਲਾ ਸਥਿਤ ਵਿਸ਼ੇਸ਼ ਅਦਾਲਤ ਵਿਚ ਨੌਂ ਜੁਲਾਈ ਨੂੰ ਚਾਰਜਸ਼ੀਟ ਦਾਇਰ ਕੀਤੀ ਹੈ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ



ਦਾਇਰ ਇਕ ਹਲਫ਼ਨਾਮੇ ਵਿਚ ਸੂਬਾ ਸਰਕਾਰ ਨੇ ਕਿਹਾ ਹੈ ਕਿ ਕਿਉਂਕਿ ਵਿਧਾਨ ਸਭਾ ਸਪੀਕਰ ਖੁਦ 'ਮਾਮਲੇ ਨਾਲ ਜੁੜੇ ਹਨ', ਇਸ ਲਈ ਸੀ.ਬੀ.ਆਈ. ਨੂੰ ਮੁਕੱਦਮਾ ਚਲਾਉਣ ਦੀ ਆਗਿਆ ਦੇਣਾ ਜਾਂ ਨਾ ਦੇਣ ਦਾ ਮੁੱਦਾ ਡਿਪਟੀ ਸਪੀਕਰ ਦੇ ਸਾਹਮਣੇ ਵੀ ਰੱਖਿਆ ਜਾਣਾ ਚਾਹੀਦਾ ਹੈ।

ਸਰਕਾਰ ਨੇ ਕਿਹਾ ਕਿ ਡਿਪਟੀ ਸਪੀਕਰ ਨੇ ਭ੍ਰਿਸ਼ਟਾਚਾਰ ਵਿਰੋਧੀ ਐਕਟ, 1988 ਤਹਿਤ ਮੁਕੱਦਮੇ ਚਲਾਉਣ ਦੀ ਆਗਿਆ ਨਾ ਦੇਣ ਦਾ ਫੈਸਲਾ ਕੀਤਾ ਜੋ ਕਿ ਸਹੀ ਹੈ। ਸਰਕਾਰ ਨੇ ਕਿਹਾ ਕਿ ਡਿਪਟੀ ਸਪੀਕਰ ਨੂੰ ਸੀ.ਬੀ.ਆਈ. ਵੱਲੋਂ ਮੰਗੀ ਗਈ ਮਨਜ਼ੂਰੀ ਨੂੰ ਨਕਾਰਨ ਦਾ ਪੂਰਾ ਅਧਿਕਾਰ ਹੈ।

32 ਪੰਜਾਬੀਆਂ ਨੂੰ ਜਾਰੀ ਹੋਣਗੇ ਯੈਲੋ ਕਾਰਨਰ ਨੋਟਿਸ

ਚੰਡੀਗੜ੍ਹ (ਨ ਦ ਬ) ਪੰਜਾਬ ਸਰਕਾਰ ਨੇ ਵਿਦੇਸ਼ਾਂ ਵਿਚ ਜਾ ਕੇ ਗਾਇਬ ਹੋਏ 32 ਪੰਜਾਬੀ ਨੌਜਵਾਨਾਂ ਦੇ ਨਾਮ ਇੰਟਰਪੋਲ ਨੂੰ ਸੌਂਪ ਦਿੱਤੇ ਹਨ। ਇਸ ਦੇ ਨਾਲ ਹੀ ਇਕ ਨੌਜਵਾਨ ਦੇ ਠਿਕਾਨੇ ਦੀ ਜਾਣਕਾਰੀ ਇੰਟਰਪੋਲ ਨੇ ਲਗਾ ਲਈ ਹੈ। ਇਹ ਜਾਣਕਾਰੀ ਪੰਜਾਬ ਪੁਲੀਸ ਨੇ ਅਸਿਸਟੈਂਟ ਆਈ.ਜੀ. (ਕਰਾਈਮ) ਤਜਿੰਦਰ ਪਾਲ ਸਿੰਘ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਸੌਂਪੇ ਜਵਾਬ ਵਿਚ ਦਿੱਤੀ। ਹਾਈ ਕੋਰਟ ਵਿਚ ਦਾਇਰ ਹਲਫਨਾਮੇ ਵਿਚ ਸਿੰਘ ਨੇ ਦੱਸਿਆ ਕਿ ਸਰਬਜੀਤ ਸਿੰਘ ਦਾ ਪਤਾ ਲਗਾ ਲਿਆ ਗਿਆ ਹੈ।

ਉਹ ਫਿਲਹਾਲ ਕੈਸੇਗੋ ਸੈਨ ਮਾਰਟਿਨੋ (ਬ੍ਰੇਸਿਆ, ਇਟਲੀ) ਦੇ ਵਿਸੇਨਜ਼ਾ ਵਿਚ ਰਹਿ ਰਿਹਾ ਹੈ। ਇਸ ਸਬੰਧ ਵਿਚ ਕਾਰਵਾਈ ਕਰਨ ਲਈ ਐਸ.ਐਸ.ਪੀ. ਨਵਾਂ ਸ਼ਹਿਰ ਨੂੰ ਨਿਰਦੇਸ਼ ਦੇ ਦਿੱਤੇ ਗਏ ਹਨ। ਹਲਫਨਾਮੇ ਵਿਚ ਉਨ੍ਹਾਂ ਕਿਹਾ ਕਿ ਅਸਿਸਟੈਂਟ ਡਾਇਰੈਕਟਰ ਸੀ.ਬੀ.ਆਈ., ਨਾਰਕੋਟਿਕਸ ਕੰਟਰੋਲ ਬਿਊਰੋ, ਇੰਟਰਪੋਲ ਨੂੰ ਗਾਇਬ ਹੋਏ 32 ਪੰਜਾਬੀ ਨੌਜਵਾਨਾਂ ਦੇ ਨਾਮ ਯੈਲੋ ਕਾਰਨਰ ਨੋਟਿਸ ਜਾਰੀ ਕਰਨ ਲਈ ਸੌਂਪ ਦਿੱਤੇ ਗਏ ਹਨ। ਇਕ ਪਟੀਸ਼ਨ ਵਿਚ 37 ਨੌਜਵਾਨਾਂ ਦਾ ਪਤਾ ਠਿਕਾਨਾ ਪਤਾ ਕਰਨ ਦੀ ਮੰਗ ਕੀਤੀ ਗਈ ਸੀ ਜੋ ਨਵੰਬਰ 2004 ਤੋਂ ਗਾਇਬ ਹਨ। ਇਹ ਨੌਜਵਾਨ ਬਿਨਾਂ ਕਿਸੇ ਮਨਜ਼ੂਰੀ ਦੇ ਧੰਦਾ ਚਲਾ ਰਹੇ ਟਰੈਵਲ ਏਜੰਟਾਂ ਦੇ ਸ਼ਿਕੰਜੇ ਵਿਚ ਫਸ ਕੇ ਵਿਦੇਸ਼ਾਂ ਵਿਚ ਗਏ ਸਨ।

'ਕਨੇਡਾ ਦੇ ਗਦਰੀ ਯੋਧੇ' ਐਡਮਿੰਟਨ ਵਿਚ ਲੋਕ ਅਰਪਣ

ਐਡਮਿੰਟਨ -ਨ ਦ ਬ

ਐਡਮਿੰਟਨ ਪ੍ਰੋਗਰੈਸਿਵ ਪੀਪਲਜ਼ ਫਾਊਡੇਸ਼ਨ ਆਫ ਐਡਮਿੰਟਨ ਵਲੋਂ ਭਾਰਤ ਦੀ ਆਜਾਦੀ ਦੇ ਸ਼ਾਨਾਮੱਤੇ ਇਤਹਾਸ ਵਿਚ ਅਹਿਮ ਯੋਗਦਾਨ ਅਤੇ ਵਿਆਪਕ ਪ੍ਰਭਾਵ ਪਾਉਣ ਵਾਲੀ ਗਦਰ ਲਹਿਰ ਦੇ 41 ਕਨੇਡੀਅਨ ਯੋਧਿਆਂ ਦੀ ਸੰਘਰਸ਼ਮਈ ਜੀਵਨ ਗਾਥਾ ਬਿਆਨ ਕਰਦੀ ਪੰਜਾਬੀ ਦੇ ਨਾਮਵਾਰ ਖੋਜੀ ਲੇਖਕ ਸੋਹਨ ਸਿੰਘ ਪੂੰਨੀ ਦੀ ਕਿਤਾਬ 'ਕਨੇਡਾ ਦੇ ਗਦਰੀ ਯੋਧੇ' ਇੱਕ ਪ੍ਰਭਾਵਸ਼ਾਲੀ ਪ੍ਰੋਗਰਾਮ 'ਚ ਲੋਕ ਅਰਪਣ ਕੀਤੀ ਗਈ। ਡਾ. ਪੀ ਆਰ ਕਾਲੀਆ ਨੇ ਪ੍ਰੋਗਰਾਮ ਦੇ ਸ਼ੁਰੂ 'ਚ ਸੋਹਣ ਪੂਨੀ ਦੇ ਕੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹਿੰਦੁਸਤਾਨ 'ਚ ਅੱਜ ਵੀ ਸਤਧਾਰੀ ਧਿਰਾਂ ਵਲੋਂ ਆਮ ਲੋਕਾਂ ਦੀ ਲੁੱਟ-ਖਸੁੱਟ ਜਾਰੀ ਹੈ। ਉਨ੍ਹਾਂ ਪ੍ਰੋਗਰਾਮ 'ਚ ਸ਼ਾਮਲ ਬੁਲਾਰਿਆਂ ਤੋਂ ਇਹ ਆਸ ਜਤਾਈ ਕਿ ਉਹ ਗਦਰ ਲਹਿਰ ਦੀ ਅੱਜ ਦੇ ਸਮੇਂ 'ਚ ਪ੍ਰਸੰਗਤਾ ਬਾਰੇ ਗਲਬਾਤ ਕਰਨਗੇ।

ਲਾਟ ਭਿੰਡਰ ਨੇ ਪੂੰਨੀ ਦੀ ਕਿਤਾਬ ਨੂੰ ਸਾਂਭਣਯੋਗ ਦਸਤਾਵੇਜ਼ ਕਿਹਾ ਅਤੇ ਆਸ ਪ੍ਰਗਟਾਈ ਕਿ ਇਹ ਕਿਤਾਬ ਹਰ ਘਰ ਦੀ ਲਾਇਬ੍ਰੇਰੀ ਦਾ ਜ਼ਰੂਰੀ ਹਿੱਸਾ ਬਣੇਗੀ।

ਕਿਤਾਬ ਤੇ ਬਹਿਸ ਸ਼ੁਰੂ ਕਰਦਿਆਂ ਦਰਸ਼ਨ ਖਹਿਰਾ ਨੇ ਕਿਹਾ ਕਿ ਸੋਹਣ ਪੂੰਨੀ ਨੇ ਆਪਣੀ ਕਿਤਾਬ ਜ਼ਰੀਏ ਇਤਿਹਾਸ 'ਚੋਂ 41 ਗਵਾਹ ਪੇਸ਼ ਕੀਤੇ ਹਨ ਪਰ ਕਿਤਾਬ 'ਚ ਘਟਨਾਵਾਂ ਦੇ ਦੁਹਰਾਉ ਬਾਰੇ ਵੀ ਲੇਖਕ ਨੂੰ ਸੁਚੇਤ ਕੀਤਾ।

ਨਵੀਂ ਦੁਨੀਆ ਦੇ ਸੰਪਾਦਕ ਦਲਬੀਰ ਸਾਂਗਿਆਣ ਨੇ ਬਹਿਸ ਨੂੰ ਅੱਗੇ ਤੋਰਦਿਆਂ ਕਿਹਾ ਕਿ ਬ੍ਰਿਟਿਸ਼ ਸਾਮਰਾਜ ਦੇ ਬਾਸ਼ਿੰਦੇ ਹੋਣ ਦੇ ਬਾਵਜੂਦ ਭਾਰਤੀ ਲੋਕਾਂ ਨਾਲ ਕੀਤੀ ਜਾਂਦੀ ਰਾਜਸੀ ਤੇ ਸਮਾਜਿਕ ਵਿਤਕਰੇਬਾਜੀ ਨੇ ਸਮਾਜਿਕ ਬਰਾਬਰਤਾ ਅਤੇ ਆਜ਼ਾਦੀ ਦੀ ਭਾਵਨਾ ਦੀ ਤਾਂਘ ਪ੍ਰਬਲ ਕੀਤੀ। ਉਨ੍ਹਾਂ ਨੇ ਸੋਹਣ ਪੂੰਨੀ ਦੀ 9 ਸਾਲਾਂ ਦੀ ਸਖਤ ਘਾਲਣਾ ਤੇ ਮੁਬਾਰਕ ਦਿੱਤੀ।

ਕਿਤਾਬ ਦੇ ਲੇਖਕ ਸੋਹਣ ਪੂੰਨੀ ਨੇ ਇਸ ਦੀ ਰਚਨ ਪ੍ਰਕਿਰਿਆ ਬਾਰੇ ਗੱਲ ਕਰਦਿਆਂ ਕਿਹਾ ਕਿ ਕਿਤਾਬ ਨੂੰ ਨੇਪਰੇ ਚਾੜ੍ਹਨ ਲਈ ਪੁਰਾਤੱਤਵ ਵਿਭਾਗ ਦੇ ਰਿਕਾਰਡ ਦੀ ਛਾਣਬੀਣ ਤੋਂ ਇਲਾਵਾ ਗਦਰੀਆਂ ਦੇ ਸਕੇ-ਸਬੰਧੀਆਂ ਨਾਲ ਵੀ ਉਨ੍ਹਾਂ ਨੂੰ ਰਾਬਤਾ ਕਾਇਮ ਕਰਨਾ ਪਿਆ। ਪੂੰਨੀ ਨੇ ਦੱਸਿਆ ਕਿ ਇਸ ਕਿਤਾਬ 'ਚ ਗਦਰ ਲਹਿਰ ਨਾਲ ਜੁੜੀਆਂ ਪ੍ਰਮੁਖ ਸਖਸ਼ੀਅਤਾਂ ਦੇ ਨਾਲ ਨਾਲ ਅਣਗੋਲੇ ਨਾਇਕਾਂ ਬਾਰੇ ਵੀ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ। ਪ੍ਰੋਗਰਾਮ ਦੌਰਾਨ ਉੱਠੇ ਸਵਾਲਾਂ ਦੇ ਜੁਆਬ ਦਿੰਦਿਆਂ ਸ੍ਰੀ ਪੂੰਨੀ ਨੇ ਕਿਹਾ ਕਿ ਕਿਤਾਬ 'ਚ ਭਾਵੇਂ ਦੁਹਰਾਵਾਂ ਤੋਂ ਬਚਣ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ, ਪਰ ਕਿਤਾਬ ਦੇ ਨਾਇਕ ਇਕੋ ਸਮੇਂ/ਸਥਾਨ ਅਤੇ ਇਕੋ ਲਹਿਰ ਨਾਲ ਜੁੜੇ ਹੋਣ ਕਰਕੇ ਇਹ ਕੁਦਰਤੀ ਸੀ।

ਡਾ: ਰਾਜ ਪੰਨੂ ਸਾਬਕਾ ਐਮ ਐਲ ਏ ਨੇ ਆਪਣੇ ਪ੍ਰਧਾਨਗੀ ਭਾਸ਼ਣ 'ਚ ਕਿਹਾ ਕਿ ਗਦਰੀਆਂ ਨੇ ਸਾਰੇ ਭਾਰਤੀਆਂ ਲਈ ਇਕ ਬਰਾਬਰਤਾ ਵਾਲਾ ਸਮਾਜ ਸਿਰਜਣ ਦਾ ਸੁਪਨਾ ਲਿਆ, ਪਰ ਉਸ ਲਈ ਭਾਰਤ ਦਾ ਆਜ਼ਾਦ ਹੋਣਾ ਪ੍ਰਮੁੱਖ ਸੀ ਜਿਸ ਲਈ ਉਨ੍ਹਾਂ ਨੇ ਸਭ ਦੇਸ਼-ਵਾਸੀਆਂ ਨੂੰ ਜਾਤ-ਪਾਤ, ਇਲਾਕਾਵਾਦ, ਫਿਰਕਾਪ੍ਰਸਤੀ, ਭਾਸ਼ਾ ਅਤੇ ਹੋਰ ਭੇਦ-ਭਾਵਾਂ ਤੋ ਉੱਪਰ ਉੱਠ ਕੇ ਕੰਮ ਕਰਨ ਦਾ ਸੱਦਾ ਦਿਤਾ। ਡਾ: ਪੰਨੂ ਨੇ ਅਫਸੋਸ ਨਾਲ ਕਿਹਾ ਕਿ ਆਜ਼ਾਦੀ ਦੇ ਛੇ ਦਹਾਕਿਆਂ ਉਪਰੰਤ ਵੀ ਭਾਰਤ ਗਦਰੀਆਂ ਵਲੋਂ ਚਿਤਵੇ ਸੁਪਨਿਆਂ ਵਾਲੇ ਸਮਾਜ ਤੋਂ ਕੋਹਾਂ ਦੂਰ ਹੈ ਅਤੇ ਅੱਜ ਸਾਨੂੰ ਗਦਰ ਲਹਿਰ ਦੇ ਸ਼ਾਨਾ-ਮੱਤੇ ਇਤਹਾਸ ਤੋਂ ਸਿੱਖਣ ਅਤੇ ਗਦਰੀਆਂ ਦੇ ਪਾਏ ਹੋਏ ਪੂਰਨਿਆਂ ਤੇ ਚੱਲਣ ਦੀ ਲੋੜ ਹੈ।

ਦ੍ਰਿੜ ਇਰਾਦੇ ਅਤੇ ਆਤਮ ਵਿਸ਼ਵਾਸ਼ ਦੇ ਮੁਜੱਸਮਾ ਸਨ ਸਾਥੀ ਸ਼ੰਕਰ ਸਿੰਘ ਛੋਕਰ

ਐਡਮਿੰਟਨ- ਨ ਦ ਬ

ਬਜ਼ੁਰਗ ਕਮਿਊਨਿਸਟ, ਮਿਹਨਤਕਸ਼ਾ ਦੇ ਸਾਥੀ ਕਾ: ਸ਼ੰਕਰ ਸਿੰਘ ਛੋਕਰ ਦਾ 89 ਸਾਲ ਦੀ ਉਮਰ 'ਚ ਲੰਬੀ ਬਿਮਾਰੀ ਤੋਂ ਬਾਅਦ 8 ਜੁਲਾਈ ਨੂੰ ਦਿਹਾਂਤ ਹੋ ਗਿਆ।



1949 ਤੋ ਕਮਿਊਨਿਸਟ ਪਾਰਟੀ ਦੇ ਮੈਂਬਰ ਕਾ: ਛੋਕਰ ਨੇ ਜਿੱਥੇ ਖੁਸ਼-ਹੈਸਿਅਤੀ ਟੈਕਸ ਮੋਰਚੇ 'ਚ ਆਪ ਗ੍ਰਿਫਤਾਰੀ ਦਿੱਤੀ, ਉੱਥੇ ਔਰਤਾਂ ਦੇ ਜੱਥੇ 'ਚ ਉਨ੍ਹਾਂ ਦੀ ਜੀਵਨ ਸਾਥਣ ਸਵਰਨ ਕੌਰ ਅਤੇ ਤਿੰਨ ਸਾਲ ਦੀ ਬੱਚੀ ਵੀ ਜੇਲ੍ਹ ਗਏ। ਅਪਣੇ ਪਿੰਡ ਦੀ ਤੱਰਕੀ ਲਈ ਹਮੇਸ਼ਾ ਤਤਪਰ ਕਾ: ਛੋਕਰ ਲੰਮਾ ਸਮਾਂ ਮੈਂਬਰ ਪੰਚਾਇਤ ਰਹੇ। ਤਤਕਾਲੀ ਸਰਪੰਚ ਪੰਡਿਤ ਪ੍ਰਤੂਲ ਚੰਦ ਨਾਲ ਮਿਲ ਕੇ ਪਿੰਡ 'ਚ ਭਲਾਈ ਦੇ ਕੰਮ ਕੀਤੇ।

ਕਾ: ਸ਼ੰਕਰ ਸਿੰਘ ਛੋਕਰ ਪਿਛਲੇ ਲੰਮੇ ਸਮੇਂ ਤੋਂ ਆਪਣੇ ਪਰਿਵਾਰ ਨਾਲ ਐਡਮਿੰਟਨ 'ਚ ਰਹਿ ਰਹੇ ਸਨ। ਉਹ ਅੰਤਿਮ ਸਮੇਂ ਤੱਕ ਅਗਾਂਹ-ਵਧੂ ਪਰਚਿਆਂ 'ਨਵਾਂ ਜ਼ਮਾਨਾ' ਅਤੇ 'ਸੰਗਰਾਮੀ ਲਹਿਰ' ਨਾਲ ਜੁੜੇ ਰਹੇ। ਕਨੇਡੀਅਨ-ਪੰਜਾਬੀ ਭਾਈਚਾਰੇ ਲਈ ਇਕ ਨਵੀਂ ਪਿਰਤ ਕਾਇਮ ਕਰਦਿਆਂ ਕਾ: ਛੋਕਰ ਨੇ ਮੌਤ ਉਪਰੰਤ ਵੀ ਮਨੁੱਖਤਾ ਦੇ ਕੰਮ ਆਉਣ ਲਈ ਆਪਣਾ ਸਰੀਰ ਮੈਡੀਕਲ ਖੋਜਾਂ ਹਿੱਤ ਹਸਪਤਾਲ ਨੂੰ ਦਾਨ ਕਰ ਦਿਤਾ। ਅਦਾਰਾ ਨਵੀਂ ਦੁਨੀਆ ਕਾ: ਛੋਕਰ ਨੂੰ ਇਨਕਲਾਬੀ ਸ਼ਰਧਾਂਜਲੀ ਭੇਟ ਕਰਦਾ ਹੈ ਤੇ ਪ੍ਰੀਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਾ ਹੈ।

ਅੰਬੀ ਐਂਡ ਬਿੰਦਾ ਫਰੈਂਡਜ਼ ਸਪੋਰਟਸ ਕਲੱਬ ਨੇ ਕਬੱਡੀ ਕੱਪ 'ਤੇ ਕੀਤਾ ਕਬਜ਼ਾ

ਕੈਲਗਰੀ ਨ ਦ ਬ

ਅੰਬੀ ਐਂਡ ਬਿੰਦਾ ਫਰੈਂਡਜ਼ ਸਪੋਰਟਸ ਕਬੱਡੀ ਕਲੱਬ ਕੈਲਗਰੀ ਅਤੇ ਦਸਮੇਸ਼ ਕਬੱਡੀ ਕਲੱਬ ਕੈਲਗਰੀ ਵੱਲੋਂ ਅਲਬਰਟਾ ਕਬੱਡੀ ਫੈਡਰੇਸ਼ਨ ਕਲਚਰਲ ਐਂਡ ਐਸੋਸੀਏਸ਼ਨ ਦੇ ਸਹਿਯੋਗ ਨਾਲ ਨਾਮਵਰ ਕਬੱਡੀ ਖਿਡਾਰੀਆਂ ਵਰਿੰਦਰ ਬਿੰਦਾ ਅਤੇ ਅਮਰਜੀਤ ਅੰਬੀ ਦੀ ਯਾਦ 'ਚ ਟੂਰਨਾਮੈਂਟ ਕਰਵਾਇਆ ਗਿਆ। ਟੂਰਨਾਮੈਂਟ 'ਚ 6 ਕਲੱਬਾਂ ਦੀਆਂ ਟੀਮਾਂ ਨੇ ਭਾਗ ਲਿਆ। ਫਾਈਨਲ ਮੈਚ ਸ਼ੇਰੇ ਪੰਜਾਬ ਕਬੱਡੀ ਕਲੱਬ ਐਡਮਿੰਟਨ ਅਤੇ ਅੰਬੀ ਐਂਡ ਬਿੰਦਾ ਸਪੋਰਟਸ ਕਲੱਬ ਕੈਲਗਰੀ 'ਚ ਖੇਡਿਆ ਗਿਆ। ਅੰਬੀ ਐਂਡ ਬਿੰਦਾ ਸਪੋਰਟਸ ਕਲੱਬ ਦੀ ਟੀਮ ਨੂੰ ਗਰਾਊਂਡ 'ਚ ਦੇਰੀ ਨਾਲ ਆਉਣ ਕਰਕੇ 500 ਡਾਲਰ ਜੁਰਮਾਨਾ ਕੀਤਾ ਗਿਆ। ਫਾਈਨਲ ਮੈਚ ਦੇ ਫਸਵੇਂ ਮੁਕਾਬਲੇ 'ਚ ਅੰਬੀ ਐਂਡ ਬਿੰਦਾ ਸਪੋਰਟਸ ਕਲੱਬ ਕੈਲਗਰੀ ਦੀ ਟੀਮ ਜੇਤੂ ਰਹੀ ਤੇ 5 ਹਜ਼ਾਰ ਡਾਲਰ ਲੈ ਉਡੀ। ਦੂਜੇ ਸਥਾਨ ਵਾਲੀ ਟੀਮ ਨੂੰ 4 ਹਜ਼ਾਰ ਡਾਲਰ ਦਿੱਤੇ ਗਏ। ਕੁਸ਼ਤੀ ਮੁਕਾਬਲੇ 'ਚ ਮੀਤਾ ਕਾਂਜਲੀ ਨੇ ਪਹਿਲਾ ਅਤੇ ਸੋਢੀ ਐਡਮਿੰਟਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸ ਟੂਰਨਾਮੈਂਟ 'ਚ ਬੈਸਟ ਜਾਫੀ ਬਲਜੀਤ ਸੈਦੋਕੇ ਅਤੇ ਬੈਸਟ ਧਾਵੀ ਡਾ: ਬਲਜੀਤ ਕਾਹਲੋਂ ਨੂੰ ਐਲਾਨਿਆ ਗਿਆ। ਸ਼ੋਅ ਮੈਚ 'ਚ ਛੋਟੇ-ਛੋਟੇ ਬੱਚਿਆਂ ਨੇ ਖੂਬ ਵਾਹ-ਵਾਹ ਖੱਟੀ। ਬਿੱਲਾ ਜਲਾਲਦੀਵਾਲ, ਨਾਨਕ ਹਠੂਰ, ਮਾਟਾ ਢੈਪਈ, ਲਾਡੀ ਬੱਸੀਆਂ ਅਤੇ ਜੀਤਾ ਸੈਦੋ ਨੂੰ ਬੂਟਾ ਭਿੰਡਰ ਵੱਲੋਂ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਗੁਰਪ੍ਰੀਤ ਬੇਰਕਲਾਂ, ਸਤਨਾਮ ਸਿੰਘ ਪਿੰਡ ਖਾਰਾ (ਫਰੀਦਕੋਟ), ਮੱਖਣ ਅਲੀ ਅਤੇ ਸੁਰਜੀਤ ਕਕਰਾਲੀ ਨੇ ਕੁਮੈਂਟਰੀ ਸਮੇਂ ਮਾਈਕ 'ਤੇ ਰੇਡਾਂ ਪੁਵਾਈਆਂ। ਟੂਰਨਾਮੈਂਟ ਨੂੰ ਸਫ਼ਲ ਬਣਾਉਣ ਲਈ ਪ੍ਰਬੰਧਕਾਂ ਕੁਲਦੀਪ ਸੰਧੂ, ਸੰਨੀ ਪੂਨੀਆਂ, ਨਿਸ਼ਾਨ ਭੰਮੀਪੁਰਾ ਅਤੇ ਹੋਰਨਾਂ ਨੇ ਸਾਰਿਆਂ ਦਾ ਧੰਨਵਾਦ ਕੀਤਾ। ਅਲਬਰਟਾ ਕਬੱਡੀ ਫੈਡਰੇਸ਼ਨ ਕਲਚਰਲ ਐਂਡ ਐਸੋਸੀਏਸ਼ਨ ਦੇ ਪ੍ਰਧਾਨ ਜੌਰਜ ਬਰਾੜ ਨੇ ਖਿਡਾਰੀਆਂ ਦੇ ਵੀਜ਼ੇ ਲਗਵਾਉਣ ਲਈ ਕੀਤੇ ਉਪਰਾਲੇ ਲਈ ਸੰਸਦ ਮੈਂਬਰ ਦਵਿੰਦਰ ਸ਼ੋਰੀ ਅਤੇ ਸ: ਟਿੰਮ ਉੱਪਲ ਸੰਸਦ ਮੈਂਬਰ ਦਾ ਧੰਨਵਾਦ ਕੀਤਾ।

ਸਿੱਖ ਹੈਰੀਟੇਜ ਫੈਸਟੀਵਲ ਗਿੱਧੇ-ਭੰਗੜੇ ਦੀਆਂ ਪੁਰਾਤਨ ਰਵਾਇਤਾਂ ਨਾਲ ਸੰਪੰਨ

ਐਡਮਿੰਟਨ- ਨ ਦ ਬ

ਸਿੱਖ ਫੈਡਰੇਸ਼ਨ ਆਫ ਐਡਮਿੰਟਨ ਵੱਲੋਂ 19ਵੇਂ ਦੋ ਦਿਨਾ ਸਾਲਾਨਾ ਸਿੱਖ ਹੈਰੀਟੇਜ਼ ਫੈਸਟੀਵਲ ਵਿਚ ਪਹਿਲੇ ਦਿਨ ਸੋਕਰ, ਹਾਕੀ ਤੇ ਐਥਲੈਟਿਕਸ ਦੇ ਸਖ਼ਤ ਮੁਕਾਬਲੇ ਦੇਖਣ ਨੂੰ ਮਿਲੇ। ਸੱਭਿਆਚਾਰਕ ਪ੍ਰੋਗਰਾਮ ਦੌਰਾਨ ਭੰਗੜੇ, ਗਿੱਧੇ ਦੇ ਮੁਕਾਬਲੇ, ਬੱਚਿਆਂ ਦੇ ਡਾਂਸ ਤੋਂ ਇਲਾਵਾ ਪੰਜਾਬ ਤੋਂ ਪੁੱਜੇ ਨਾਮਵਰ ਕਲਾਕਾਰ ਕਲੇਰ ਕੰਠ, ਮਲਿਕਾ ਜੋਤੀ, ਬੁੱਕਣ ਜੱਟ, ਪੱਪੂ ਜੋਗਰ, ਰਾਜ ਰਣਯੋਧ, ਜਗਦੀਪ, ਕੁਲਵੰਤ ਸੇਖੋਂ, ਜੁਬਲੀ ਤੇ ਸੁੱਖੀ ਘੁੰਮਣ ਨੇ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ। ਸਿੱਖ ਫੈਡਰੇਸ਼ਨ ਵੱਲੋਂ ਪੜ੍ਹਾਈ 'ਚ ਪੰਜਾਬੀ ਭਾਈਚਾਰੇ ਦਾ ਨਾਂਅ ਰੌਸ਼ਨ ਕਰਨ ਵਾਲੇ ਵਿਦਿਆਰਥੀ 'ਚੋਂ ਗੁਰਪ੍ਰੀਤ ਕੌਰ ਗਿੱਲ ਨੂੰ ਸਨਮਾਨ ਚਿੰਨ੍ਹ ਤੇ ਰਾਸ਼ੀ ਭੇਟ ਕੀਤੀ ਗਈ। ਗੀਤਕਾਰ ਜਸਵੀਰ ਗੁਣਾਚੌਰੀਆ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਮੇਲੇ 'ਚ ਪਾਰਲੀਮਾਨੀ ਸਕੱਤਰ ਡਾ: ਰਾਜ ਸਰਮਨ, ਵਿਧਾਇਕ ਨਰੇਸ਼ ਭਾਰਦਵਾਜ, ਕੌਂਸਲਰ ਅਮਰਜੀਤ ਸੋਹੀ, ਸਾਬਕਾ ਵਿਧਾਇਕ ਭਰਤ ਅਗਨੀਹੋਤਰੀ, ਫੈਡਰੇਸ਼ਨ ਪ੍ਰਧਾਨ ਕਰਨੈਲ ਸਿੰਘ ਦਿਉਲ, ਮੇਲਾ ਕਮੇਟੀ ਪ੍ਰਧਾਨ ਲਖਵਿੰਦਰ ਅਟਵਾਲ, ਸਕੱਤਰ ਰਾਜ ਲਧਾਈਕੇ, ਅਮਰਜੀਤ ਸਰਾਂ, ਤੀਰਥ ਬਰਾੜ, ਗੁਰਦੁਆਰਾ ਪ੍ਰਧਾਨ ਜਗਜੀਤ ਸਿੰਘ ਗਿੱਲ, ਬਿਜ਼ਨਸਮੈਨ ਜੁਗਿੰਦਰ ਸੂਕਰ, ਸੀਤਲ ਨੰਨੂਆ, ਕੁਲਮੀਤ ਸੰਘਾ, ਰਾਣਾ ਢਿੱਲੋਂ, ਜਗਰੂਪ ਧਾਲੀਆ, ਪਾਲ ਸੇਖੋਂ, ਬਲਵਿੰਦਰ ਗਿੱਲ, ਬਿੱਟੂ ਦਿਉਲ, ਰਣਜੀਤ ਪਵਾਰ, ਬਲਦੇਵ ਧਾਲੀਵਾਲ, ਗੁਰਸੇਵਕ ਸਿੰਘ, ਭੰਗੜਾ ਕੋਚ ਮਨਜੀਤ ਸਿੰਘ ਆਦਿ ਤੋਂ ਇਲਾਵਾ ਭਾਰੀ ਗਿਣਤੀ 'ਚ ਪੰਜਾਬੀ ਭਾਈਚਾਰਾ ਮੌਜੂਦ ਸੀ।

ਸ਼ਹੀਦ ਭਗਤ ਸਿੰਘ ਕਬੱਡੀ ਕਲੱਬ ਵੱਲੋਂ ਗੋਲਡ ਕੱਪ 'ਤੇ ਕਬਜ਼ਾ

ਐਡਮਿੰਟਨ - ਨ ਦ ਬ

ਕਬੱਡੀ ਨੂੰ ਨਵੀਂ ਦਿਸ਼ਾ ਅਤੇ ਦਸ਼ਾ ਪ੍ਰਦਾਨ ਕਰਨ ਦੇ ਮਨਸ਼ੇ ਨਾਲ ਹੋਂਦ ਵਿਚ ਲਿਆਂਦੀ ਗਈ ਕਨੇਡਾ ਦੀ ਨਾਮਵਰ ਅਲਬਰਟਾ ਕਬੱਡੀ ਫੈਡਰੇਸ਼ਨ ਐਂਡ ਕਲਚਰਲ ਐਸੋ: ਦੇ ਸਹਿਯੋਗ ਨਾਲ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਐਡਮਿੰਟਨ ਵੱਲੋਂ ਸ਼ਾਨਦਾਰ ਖੇਡ ਟੂਰਨਾਮੈਂਟ ਰਿਕ ਸੈਂਟਰ ਦੀਆਂ ਗਰਾਊਂਡਾਂ ਵਿਚ ਕਰਵਾਇਆ ਗਿਆ। ਜ਼ਬਰਦਸਤ ਮੁਕਾਬਲੇ 'ਚੋਂ ਸ਼ਹੀਦ ਭਗਤ ਸਿੰਘ ਕਬੱਡੀ ਕਲੱਬ ਐਡਮਿੰਟਨ ਨੇ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ ਨੂੰ ਹਰਾ ਕੇ ਗੋਲਡ ਕੱਪ 'ਤੇ ਕਬਜ਼ਾ ਕਰ ਲਿਆ। ਮੈਂਬਰ ਪਾਰਲੀਮੈਂਟ ਸ: ਟਿੰਮ ਉੱਪਲ ਵੱਲੋਂ ਮਾਂ-ਖੇਡ ਕਬੱਡੀ ਨੂੰ ਵਿਦੇਸ਼ਾਂ ਦੀ ਧਰਤੀ 'ਤੇ ਪ੍ਰਫੁੱਲਿਤ ਕਰਨ ਬਦਲੇ ਖਿਡਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸ਼ੋਕਰ ਤੇ ਰੱਸਾਕਸ਼ੀ ਦੇ ਮੁਕਾਬਲੇ 'ਚ ਪੰਜਾਬ ਵਾਰੀਅਰ ਐਡਮਿੰਟਨ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਵਿਧਾਇਕ ਨਰੇਸ਼ ਭਾਰਦਵਾਜ, ਕੌਂਸਲਰ ਅਮਰਜੀਤ ਸੋਹੀ ਤੇ ਸਾਬਕਾ ਵਿਧਾਇਕ ਭਾਰਤ ਅਗਨੀਹੋਤਰੀ ਨੇ ਕਲੱਬ ਤੇ ਫੈਡਰੇਸ਼ਨ ਵੱਲੋਂ ਨੌਜਵਾਨਾਂ ਨੂੰ ਖੇਡਾਂ ਵੱਲ ਰੁਚਿਤ ਕਰਨ ਲਈ ਕੀਤੇ ਜਾਂਦੇ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਟੂਰਨਾਮੈਂਟ ਕਮੇਟੀ ਨੇ ਬੈਸਟ ਰੇਡਰ ਸੁਲਤਾਨ ਸ਼ੀਹਾਂ ਦੋਦ ਤੇ ਜਾਫ਼ੀ ਨਿਰਮਲ ਚਾਮਲੀ ਨੂੰ ਸਨਮਾਨਿਤ ਕੀਤਾ। ਟੂਰਨਾਮੈਂਟ ਕਮੇਟੀ ਦੇ ਪ੍ਰਧਾਨ ਪ੍ਰਿਤਪਾਲ ਸਿੰਘ ਸੇਖੋਂ ਨੇ ਟੂਰਨਾਮੈਂਟ ਦੀ ਸਫ਼ਲਤਾ ਲਈ ਸਮੂਹ ਭਾਈਚਾਰੇ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

ਲੋਕੀ ਕਹਿੰਦੇ ਬਸ ਕਰ, ਬਸ ਕਰ

ਇਸ ਬਾਰੇ ਤਾਂ ਕੋਈ ਦੋ ਰਾਵਾਂ ਨਹੀਂ ਹਨ ਕਿ ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਦੀ ਸਥਿਤੀ ਮਾਤਰਾ ਪੱਖੋਂ ਤੇ ਕਈ ਇਲਾਕਿਆਂ ਵਿਚ ਤਾਂ ਗੁਣ ਪੱਖੋਂ ਵੀ ਕਾਫੀ ਚਿੰਤਾਜਨਕ ਹੈ। ਇਹ ਵੀ ਸੱਚ ਹੈ ਕਿ ਪਾਣੀ ਦੀ ਇਸ ਸਥਿਤੀ ਬਾਰੇ ਹੁਣ ਤੱਕ



ਕੇਵਲ ਚਿੰਤਾ ਹੀ ਪ੍ਰਗਟਾਈ ਜਾ ਰਹੀ ਹੈ, ਸਥਿਤੀ ਨੂੰ ਸੁਧਾਰਨ ਲਈ ਬਹੁਤ ਘੱਟ ਉਪਰਾਲੇ ਹੋਏ ਹਨ। ਜ਼ਮੀਨ ਹੇਠਲੇ ਪਾਣੀ ਦੀ ਸਥਿਤੀ, ਮਾਤਰਾ ਪੱਖੋਂ, ਮਾਤਰ ਬਚਦੇ ਪਾਣੀ ਨੂੰ ਸੰਭਾਲਣ ਨਾਲ ਹੀ ਨਹੀਂ ਸੁਧਰਨੀ। ਜ਼ਮੀਨੀ ਪਾਣੀ ਦਾ ਪੱਧਰ ਤਦ ਹੀ ਉੱਚਾ ਹੋ ਸਕਦਾ ਹੈ, ਜੇਕਰ ਭਰਵੀਂ ਵਰਖਾ ਪਵੇ ਅਤੇ ਵਰਖਾ ਦੇ ਪਾਣੀ ਨੂੰ ਯੋਗ ਪ੍ਰਣਾਲੀ ਰਾਹੀਂ ਜ਼ਮੀਨ ਅੰਦਰ ਜਾਣ ਦਿੱਤਾ ਜਾਵੇ। ਜੂਨ ਦੇ ਪਿਛਲੇ ਅੱਧ ਵਿਚ ਜਦ ਮੌਨਸੂਨ ਨੇ ਦਸਤਕ ਦਿੱਤੀ, ਵਰਖਾ ਦੇ ਪਹਿਲੇ ਛਰਾਟੇ ਵਰ੍ਹੇ ਤਾਂ ਲੋਕਾਂ ਦੇ ਚਿਹਰੇ ਇਕ ਦਮ ਖਿੜ ਗਏ ਪਰ ਪਹਿਲੇ ਦਿਨ ਦੇ ਮੋਹਲੇਧਾਰ ਮੀਂਹ ਤੋਂ ਮਗਰੋਂ ਛੇਤੀ ਹੀ ਮੁਰਝਾ ਵੀ ਗਏ। ਵਾਪਰਿਆ ਇਹ ਕਿ ਦੋ ਦਿਨਾਂ ਦੇ ਮੀਂਹ ਨੇ ਹੀ ਪੰਜਾਬ ਤੇ ਹਰਿਆਣੇ ਵਿਚ ਹੜ੍ਹ ਵਰਗੇ ਹਾਲਾਤ ਪੈਦਾ ਕਰ ਦਿੱਤੇ। ਗੱਲ ਇਹ ਨਹੀਂ ਕਿ ਮੀਂਹ ਹੱਦੋਂ ਵੱਧ ਤੇ ਬੇਵਕਤ ਪਿਆ ਸੀ। ਮੀਂਹ ਤਾਂ ਸਗੋਂ ਵਰ੍ਹਿਆਂ ਬਾਅਦ ਸਹੀ ਸਮੇਂ ਅਤੇ ਸਹੀ ਮਾਤਰਾ ਵਿਚ ਪਿਆ ਸੀ। ਪਰ ਐਨੇ ਕੁ ਮੀਂਹ ਨੇ ਹੀ ਲੋਕਾਂ ਨੂੰ ਬਸ ਕਰ, ਬਸ ਕਰ! ਕਹਿਣ ਲਾ ਦਿੱਤਾ। ਕਈ ਨਹਿਰਾਂ, ਨਾਲਿਆਂ ‘ਚ ਪਾੜ ਪੈ ਗਏ, ਘੱਗਰ ਨੇ ਅੱਡ ਆਪਣਾ ਕਹਿਰ ਵਰਸਾਇਆ। ਝੋਨੇ ਦੀ ਫਸਲ ਨੂੰ ਪਾਣੀ ਲਾਉਂਦੇ-ਲਾਉਂਦੇ ਕਿਸਾਨ ਖੇਤਾਂ ‘ਚੋਂ ਪਾਣੀ ਕੱਢਣ ਲੱਗ ਪਏ, ਏਸ ਡਰੋਂ ਕਿ ਫਸਲ ਡੁੱਬ ਹੀ ਨਾ ਜਾਵੇ, ਹਰਿਆਣੇ ਨਾਲ ਲੱਗਦਾ ਪੰਜਾਬ ਦਾ ਇਲਾਕਾ ਜਲ-ਥਲ ਹੋ ਗਿਆ। ਦੋਵਾਂ ਗੁਆਂਢੀ ਰਾਜਾਂ ਪੰਜਾਬ ਤੇ ਹਰਿਆਣੇ ਦੇ ਸਿਆਸਤਦਾਨਾਂ ਨੇ ਫਿਰ ਪਾਣੀ ਦੀ ਸਿਆਸਤ ਕਰਨੀ ਸ਼ੁਰੂ ਕਰ ਦਿੱਤੀ। ਇਕ ਦੂਜੇ ਨੂੰ ਹੜ੍ਹਾਂ ਲਈ ਜ਼ਿੰਮੇਵਾਰ ਠਹਿਰਾਇਆ ਪਰ ਜਲ-ਧਨ ਨੂੰ ਅਜਾਈਂ ਜਾਣ ਤੋਂ ਕਿਵੇਂ ਬਚਾਇਆ ਜਾਵੇ, ਇਸ ਬਾਰੇ ਕੁਝ ਨਾ ਕਿਹਾ। ਦਰਅਸਲ, ਅਣਕਿਆਸੇ ਹੜ੍ਹਾਂ ਲਈ ਦੋਹਾਂ ਪ੍ਰਾਂਤਾਂ ਦੀਆਂ ਸਰਕਾਰਾਂ ਦੀ ਪਾਣੀ ਪ੍ਰਤੀ ਅਣਗਹਿਲੀ ਹੀ ਜ਼ਿੰਮੇਵਾਰ ਹੈ। ਵਰਖਾ ਰੁੱਤ ਤੋਂ ਪਹਿਲਾਂ ਅਜਿਹੇ ਇੰਤਜ਼ਾਮ ਜ਼ਰੂਰੀ ਹਨ ਕਿ ਵਰਖਾ ਦੇ ਪਾਣੀ ਦੀ ਯੋਗ ਨਿਕਾਸੀ ਹੋ ਸਕੇ। ਦੋਹਾਂ ਪ੍ਰਾਂਤਾਂ ਅੰਦਰ ਹੀ ਰਜਬਾਹਿਆਂ, ਨਹਿਰਾਂ, ਨਾਲਿਆਂ ਦਾ ਜਾਲ ਵਿਛਿਆ ਹੋਇਆ ਹੈ। ਜੇਕਰ ਇਸ ਪ੍ਰਣਾਲੀ ਰਾਹੀਂ ਪਾਣੀ ਨੂੰ ਕੰਟਰੋਲ ਨਹੀਂ ਕੀਤਾ ਜਾ ਸਕਿਆ ਤਾਂ ਇਹਦਾ ਅਰਥ ਇਹੋ ਨਿਕਲਦਾ ਹੈ ਕਿ ਸਰਕਾਰਾਂ ਨੇ ਇਸ ਪ੍ਰਣਾਲੀ ਦਾ ਵੇਲੇ ਸਿਰ ਮੁਆਇਨਾ ਹੀ ਨਹੀਂ ਕੀਤਾ। ਜਿਹੜੀਆਂ ਸਰਕਾਰਾਂ ਵਰਖਾ ਦੇ ਪਾਣੀ ਦੀ ਯੋਗ ਨਿਕਾਸੀ ਦਾ ਬੰਦੋਬਸਤ ਨਹੀਂ ਕਰ ਸਕਦੀਆਂ ਉਹ ਕੁਦਰਤ ਦੀ ਇਸ ਵਡਮੁੱਲੀ ਦਾਤ ਨੂੰ ਕਦਾਚਿਤ ਸੰਭਾਲ ਵੀ ਨਹੀਂ ਸਕਦੀਆਂ। ਸਰਕਾਰਾਂ ਦੀ ਇਸ ਨਿਰਾਸ਼ਾਜਨਕ ਕਾਰਗੁਜ਼ਾਰੀ ਦੇ ਮੱਦੇਨਜ਼ਰ ਇੰਦਰ ਦੇਵਤਾ ਨੂੰ ਆਮ ਲੋਕਾਂ ਵਲੋਂ ‘ਹੁਣ, ਬਸ ਕਰ, ਬਸ ਕਰ!!‘ ਕਹਿਣਾ ਹੀ ਬਣਦਾ ਸੀ।

ਵਿਧਾਇਕਾਂ-ਵਜ਼ੀਰਾਂ ਦੇ ਵਿਦੇਸ਼ੀ ਦੌਰੇ

ਸਾਡੇ ਵਿਧਾਇਕ-ਵਜ਼ੀਰ ਵਿਕਾਸ ਅਤੇ ਸੇਵਾ ਦੇ ਨਾਂ ‘ਤੇ ਲੋਕਾਂ ਤੋਂ ਵੋਟਾਂ ਹਾਸਲ ਕਰਦੇ ਹਨ। ਚੋਣਾਂ ਜਿੱਤਣ ਉਪਰੰਤ ਇਨ੍ਹਾਂ ਦੀਆਂ ਤਰਜੀਹਾਂ ਬਦਲ ਜਾਂਦੀਆਂ ਹਨ, ਵਾਅਦੇ ਵਿੱਸਰ ਜਾਂਦੇ ਹਨ ਤੇ ਇਨ੍ਹਾਂ ਦੀ ਸੋਚ ਉਪਰ ਨਿੱਜੀ ਹਿੱਤਾਂ ਦੀ ਪਕੜ ਪੀਡੀ ਹੋ ਜਾਂਦੀ ਹੈ। ਹੁਣ ਇਹ ਸਰਕਾਰੀ ਖਰਚੇ ਅਤੇ ਸੁਵਿਧਾਵਾਂ ਰਾਹੀਂ ਮੁਕੰਮਲ ਮੌਜ-ਮਸਤੀ ਕਰਦੇ ਹਨ। ‘ਵਿਕਾਸ‘ ਦੇ ਨਾਂ ‘ਤੇ ਵੀ ਇਨ੍ਹਾਂ ਦੀ ਕੋਸ਼ਿਸ਼ ਇਹੀ ਰਹਿੰਦੀ ਹੈ ਕਿ ਵਧੀਆ ਸਰਕਾਰੀ ਗੱਫ਼ਾ ਅਪਣੇ ਲਈ ਰਾਖਵਾਂ ਰੱਖ ਲਿਆ ਜਾਵੇ। ਇਹ ਦੇਸ਼-ਵਿਦੇਸ਼, ਜਿੱਥੇ ਵੀ ਸੰਭਵ ਹੋਵੇ, ਸਨਮਾਨਯੋਗ ਮਹਿਮਾਨ ਬਣ ਕੇ ਅਪਣੀ ਖੂਬ ‘ਸੇਵਾ‘ ਕਰਵਾਉਂਦੇ ਹਨ ਅਤੇ ਇਸ ਤਰ੍ਹਾਂ ਇਹ ਅਪਣਾ ‘ਵਿਕਾਸ ਤੇ ਸੇਵਾ‘ ਦਾ ਮਿਸ਼ਨ ਨੇਪਰੇ ਚਾੜ੍ਹਦੇ ਹਨ। ਵਿਦੇਸ਼ ਜਾਣ ਦਾ ਤਾਂ ਇਨ੍ਹਾਂ ਨੂੰ ਬਸ ਬਹਾਨਾ ਚਾਹੀਦਾ ਹੈ। ਇਨ੍ਹਾਂ ਦੇ ਵਿਦੇਸ਼ੀ ਦੌਰਿਆਂ ਦਾ ਜਨਤਕ ਮਹੱਤਵ ਹਾਲ ਦੀ ਘੜੀ ਤਾਂ ਸਿਫਰ ਦੇ ਬਰਾਬਰ ਹੀ ਹੈ। ਕੋਈ ਵੀ ਵਿਦੇਸ਼ੀ ਦੌਰੇ ਤੋਂ ਪਰਤਿਆ ਵਿਧਾਇਕ-ਵਜ਼ੀਰ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਉਹ ਵਿਦੇਸ਼ ਤੋਂ ਜਨਤਾ ਦੇ ਭਲੇ ਲਈ ਕੋਈ ਵਧੀਆ ਤੇ ਲੋਕ ਭਲਾਈ ਦੀ ਸਕੀਮ ਲੈ ਕੇ ਆਇਆ ਹੈ ਤੇ ਸਰਕਾਰ ਤੋਂ ਇਸ ਨੂੰ ਲਾਗੂ ਕਰਵਾਇਆ ਜਾਵੇਗਾ।

ਇਨ੍ਹੀਂ ਦਿਨੀਂ ਪੰਜਾਬ ਦੇ ਵਿਧਾਇਕਾਂ-ਵਜ਼ੀਰਾਂ ਦਾ ਇਕ ਜਥਾ ਸਕਾਟਲੈਂਡ ਦੇ ਦੌਰੇ ‘ਤੇ ਹੈ, ਤੇ ਇਸ ਨੇ ਅਪਣਾ ਮਿਸ਼ਨ ਇਸ ਮੁਲਕ ਵਿਚ ਬਣਦੀ ਵਿਸ਼ਵ ਪ੍ਰਸਿੱਧ ਸਕਾਚ ਵਿਸਕੀ ਦੇ ਨਿਰਮਾਣ ਦੀ ਜਾਣਕਾਰੀ ਲੈਣਾ ਦੱਸਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਬਹੁ-ਬਦਨਾਮ ਛੋਟੇ ਦਰਿਆ ਨਾਲ ਜੁੜੇ ਮਿਸ਼ਨ ਲਈ ਸਕਾਟਲੈਂਡ ਗਏ ਵਫਦ, ਜਿਸ ਵਿਚ ਹਾਕਮ ਤੇ ਵਿਰੋਧੀ ਧਿਰ ਦੋਵਾਂ ਦੇ ਪ੍ਰਤੀਨਿਧ ਸ਼ਾਮਲ ਹੈ, ਲਈ ਪੇਸ਼ਗੀ ਯਾਤਰਾ ਭੱਤਾ ਦੇਣ ਦੀ ਮਨਜ਼ੂਰੀ ਵਿੱਤ ਵਿਭਾਗ ਵਲੋਂ ਨਹੀਂ ਦਿੱਤੀ ਗਈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਵੀ ਇਸ ਦੌਰੇ ਦਾ ਕੋਈ ਆਧਾਰ ਨਹੀਂ ਦੱਸਿਆ (ਵਫਦ ਦੇ ਏਜੰਡੇ ਵਿਚ ਸ਼ਰਾਬ ਦੇ ਕਾਰਖਾਨਿਆਂ ਦੇ ਇਰਦ-ਗਿਰਦ ਪ੍ਰਦੂਸ਼ਣ ਦੀ ਸਮੱਸਿਆ ਦਾ ਅਧਿਐਨ ਵੀ ਸ਼ਾਮਲ ਹੈ ਜਦ ਕਿ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਅਜਿਹੀ ਕਿਸੇ ਸਮੱਸਿਆ ਦੀ ਹੋਂਦ ਤੋਂ ਇਨਕਾਰ ਕੀਤਾ ਹੈ ਅਤੇ ਪੰਜਾਬ ਦੇ ਚਾਰ ਸ਼ਰਾਬ ਕਾਰਖਾਨਿਆਂ ਦੇ 30 ਕਿਲੋਮੀਟਰ ਦੇ ਘੇਰੇ ਵਿਚ ਜ਼ਮੀਨ ਹੇਠਲੇ ਪਾਣੀ ਨੂੰ ਠੀਕ ਕਿਹਾ ਹੈ) ਹੋਰ ਤਾਂ ਹੋਰ ਇਕ ਜ਼ਿੰਮੇਵਾਰ ਗੈਰ ਸਰਕਾਰੀ ਸੰਗਠਨ ਨੇ ਤਾਂ ਇਥੋਂ ਤੱਕ ਵੀ ਕਿਹਾ ਹੈ ਕਿ ਜਿਹੜੀ ਜਾਣਕਾਰੀ ਹਾਸਲ ਕਰਨ ਲਈ ਵਿਧਾਇਕਾਂ-ਵਜ਼ੀਰਾਂ ਦਾ ਦਲ ਬੜਾ ਧਾਹ ਕੇ ਸਕਾਟਲੈਂਡ ਗਿਆ ਹੈ .. .. ਉਹ ਜਾਣਕਾਰੀ ਤਾਂ ਇੰਟਰਨੈੱਟ ‘ਤੇ ਵੀ ਉਪਲਬਧ ਹੈ ਤਾਂ ਕਿ ਫਿਰ ਸਰਕਾਰੀ ਧਨ ਦਾ ਉਜਾੜਾ ਕਿਉਂ? .. .. ਸ਼ਾਇਦ ਸਾਡੇ ਵਿਧਾਇਕ-ਵਜ਼ੀਰ ਅਪਣੇ ‘ਸੇਵਾ‘ ਦੇ ਮਿਸ਼ਨ ਨੂੰ ਅਧੂਰਾ ਨਹੀਂ ਛੱਡਣਾ ਚਾਹੁੰਦੇ। ਉਦੋਂ ਤਾਂ ‘ਸੇਵਾ‘ ਦਾ ਮਜ਼ਾ ਹੀ ਵੱਖਰਾ ਹੁੰਦਾ ਹੈ ਜਦੋਂ ਇਸ ਵਿਚ ‘ਸਕਾਚ‘ ਵੀ ਸ਼ਾਮਲ ਹੋਵੇ।

ਭਾਰੂ ਸਿਆਸੀ ਦਲ ਦਾ ਯੂਥ-ਕਲਚਰ

ਜਿਹੜੇ ਨੌਜਵਾਨ ਸੱਤਾਧਾਰੀ ਸਿਆਸੀ ਦਲਾਂ ਦੀ ਸਰਪ੍ਰਸਤੀ ਹੇਠ ਰਹਿੰਦੇ ਹਨ, ਉਹ ਇਕ ਵਿਸ਼ੇਸ਼ ਪ੍ਰਕਾਰ ਦਾ ਯੂਥ-ਕਲਚਰ ਉਸਾਰ ਲੈਂਦੇ ਹਨ। ਇਸ ਯੂਥ ਕਲਚਰ ਦੀ ਵਿਆਪਕ ਝਲਕ ਤਾਂ ਸੱਤਾਧਾਰੀ ਸਿਆਸੀ ਦਲਾਂ ਦੇ ਸ਼ਕਤੀ ਪ੍ਰਦਰਸ਼ਨ ਸਮੇਂ ਦਿਖਾਈ ਦਿੰਦੀ ਹੈ, ਜਦੋਂ ਇਹ ਨੌਜਵਾਨ ਮੋਟਰ ਸਾਈਕਲਾਂ, ਜਿਪਸੀਆਂ, ਲੰਡੀਆਂ ਜੀਪਾਂ ਆਦਿ ਵਾਹਨਾਂ ਉੱਪਰ ਕਾਫਲਿਆਂ ਦੀ ਸ਼ਕਲ ਵਿਚ ਹੁੱਲੜਬਾਜ਼ੀ ਕਰਦੇ ਹੋਏ ਸੜਕਾਂ ‘ਤੇ ਨਿਕਲਦੇ ਹਨ। ਖ਼ੈਰ, ਇਹ ਤਾਂ ਵਿਸ਼ੇਸ਼ ਮੌਕਿਆਂ ‘ਤੇ ਵਾਪਰਦਾ ਹੈ, ਆਮ ਮੌਕਿਆਂ ‘ਤੇ ਵੀ ਇਹ ਨੌਜਵਾਨ ਸੱਤਾ ਦੀ ਸ਼ਹਿ ‘ਤੇ ਆਪਹੁਦਰੀਆਂ ਕਰਦੇ, ਪ੍ਰਸ਼ਾਸਨਿਕ ਕੰਮਾਂ ਵਿਚ ਬੇਲੋੜੀ ਦਖਲਅੰਦਾਜ਼ੀ ਕਰਦੇ ਅਤੇ ਗੈਰਇਖਲਾਕੀ ਕਾਰਜਾਂ ਨੂੰ ਸਰਅੰਜ਼ਾਮ ਦਿੰਦੇ ਅਕਸਰ ਦਿਖਾਈ ਦਿੰਦੇ ਹਲ। ਖੇਦ ਦੀ ਗੱਲ ਹੈ ਕਿ ਇਹ ਨੌਜਵਾਨ ਲੋੜੀਂਦੀ ਉਸਾਰੂ ਸੇਧ ਤੋਂ ਵੰਚਿਤ ਰਹਿ ਜਾਂਦੇ ਹਨ ਜਿਸ ਕਾਰਨ ਸਮਾਜ ਨੂੰ ਤਾਂ ਨੁਕਸਾਨ ਪਹੁੰਚਦਾ ਹੀ ਹੈ, ਖੁਦ ਇਨ੍ਹਾਂ ਨੌਜਵਾਨਾਂ ਦਾ ਆਪਣਾ ਨਾ ਪੂਰਿਆ ਜਾ ਸਕਣ ਵਾਲਾ ਨੁਕਸਾਨ ਵੀ ਹੋ ਜਾਂਦਾ ਹੈ।

ਪਿਛਲੇ ਦਿਨੀਂ ਮੁਕਤਸਰ ਦੇ ਇਕ ਨੌਜਵਾਨ ਯੂਥ ਅਕਾਲੀ ਆਗੂ ਟਿਪਾ ਸੇਖੋਂ ਦੀ ਚੰਡੀਗੜ੍ਹ ‘ਚ ਹੱਤਿਆ ਕਰ ਦਿੱਤੀ ਗਈ। ਹੱਤਿਆ ਦੇ ਕਾਰਨਾਂ ਦਾ ਜਦ ਮੀਡੀਆ ‘ਚ ਖੁਲਾਸਾ ਹੋਇਆ ਤਾਂ ਪਤਾ ਲੱਗਾ ਕਿ ਯੂਥ ਅਕਾਲੀ ਆਗੂ ਦੇ ਸਾਥੀਆਂ ਨੇ ਕਿਸੇ ਹੋਰ ਯੂਥ ਆਗੂ ਦੀ ਭੈਣ ਦੀ ਅਸ਼ਲੀਲ ਵੀਡੀਓ ਬਣਾਈ ਸੀ। ਵੀਡੀਓ ਬਣਾਉਣ ਵਾਲਿਆਂ ‘ਚ ਟਿਪਾ ਸੇਖੋਂ ਦਾ ਨਾਂ ਵੀ ਬੋਲਦਾ ਸੀ। ਭਾਵੇਂ ਉਸ ਨੂੰ ਪੁਲਿਸ ਵਲੋਂ ਗਰੀਨ ਚਿੱਟ ਮਿਲ ਗਈ ਸੀ, ਸ਼ਾਇਦ ਉਸਦੇ ਰਸੂਖ ਸਦਕਾ। ਅਜਿਹੀਆਂ ਘਟਨਾਵਾਂ ਪਹਿਲਾਂ ਵੀ ਕਈ ਵਾਰ ਵਾਪਰੀਆਂ ਹਨ ਤੇ ਦਰਸਾਉਂਦੀਆਂ ਹਨ ਕਿ ਭਾਰੂ ਸਿਆਸੀ ਦਲਾਂ ਦੀ ਸਰਪ੍ਰਸਤੀ ਹੇਠਲੇ ਨੌਜਵਾਨ ਬੜੀ ਘਾਤਕ ਕਿਸਮ ਦੇ ਸਭਿਆਚਾਰ ਨੂੰ ਵਿਕਸਤ ਕਰ ਰਹੇ ਹਨ। ਇਨ੍ਹਾਂ ਦੇ ਸਰਪ੍ਰਸਤ ਇਨ੍ਹਾਂ ਦੀਆਂ ਗੈਰ ਸਮਾਜੀ ਗਤੀਵਿਧੀਆਂ ਦੇ ਮੂਕ ਦਰਸ਼ਨ ਬਣੇ ਰਹਿੰਦੇ ਹਨ ਤੇ ਕੇਵਲ ਤੇ ਕੇਵਲ ਇਨ੍ਹਾਂ ਨੂੰ ਅਪਣੀ ਸਿਆਸੀ ਵਰਤੋਂ ਲਈ ਹੀ ਰਾਖਵਾਂ ਰੱਖਦੇ ਹਨ। ਨੌਜਵਾਨਾਂ ਪ੍ਰਤੀ ਸੱਤਾਧਾਰੀ ਸਿਆਸੀ ਦਲਾਂ ਦਾ ਇਹ ਵਤੀਰਾ ਨਿੰਦਣਯੋਗ ਹੈ। ਨੌਜਵਾਨਾਂ ਨੂੰ ਜ਼ਰਾ ਸੁਚੇਤ ਹੋ ਕੇ, ਟਿਪਾ ਦੀ ਉਦਾਹਰਣ ਤੋਂ ਸਬਕ ਸਿੱਖਦਿਆਂ, ਇਨ੍ਹਾਂ ਲੀਹਾਂ ‘ਤੇ ਸੋਚਣਾ ਚਾਹੀਦਾ ਹੈ ਕਿ ਭੱਠ ਪਿਆ ਸੋਨਾ ਜਿਹੜਾ ਕੰਨਾਂ ਨੂੰ ਖਾਵੇ। ਆਖਰ ਕੀ ਕਰਨੀ ਹੈ ਉਨ੍ਹਾਂ ਨੇ ਅਜਿਹੀ ਸਰਪ੍ਰਸਤੀ ਜਿਹੜੀ ਉਨ੍ਹਾਂ ਲਈ ਅੰਤ ਨੂੰ ਆਤਮਘਾਤੀ ਸਾਬਤ ਹੋਵੇ।

ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ, ਪਰ...

‘ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ, ਜੈਸੇ ਬੇਲਿਓਂ ਨਿਕਲਦੇ ਸ਼ੇਰ ਮੀਆਂ’ ਅਜਿਹੀ ਤਾਰੀਫ ਦੇ ਕਾਬਲ ਰਹੇ ਪੰਜਾਬੀ ਗੱਭਰੂਆਂ ਦੀ ਵਰਤਮਾਨ ਸਥਿਤੀ ਕੀ ਹੈ, ਇਸਦਾ ਅੰਦਾਜ਼ਾ ਪਿਛਲੇ ਦਿਨੀਂ ਹੋਈ ਪੁਲਿਸ ਭਰਤੀ ਦੀਆਂ ਰਿਪੋਰਟਾਂ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਸ ਸਬੰਧੀ ਜੋ ਅੰਕੜੇ ਮੀਡੀਆ ’ਚ ਨਸ਼ਰ ਹੋਏ ਹਨ, ਉਹਨਾਂ ਅਨੁਸਾਰ ਚੰਡੀਗੜ੍ਹ ਪੁਲਿਸ ਲਈ ਹੋਈ ਭਰਤੀ ਵਿਚ 157 ਵਿਚੋਂ ਹਰਿਆਣਾ ਦੇ 79 ਗੱਭਰੂਆਂ ਨੇ ਸਰੀਰਕ ਟੈਸਟ ਪਾਸ ਕੀਤਾ ਜਦਕਿ ਪੰਜਾਬ ਦੇ ਕੇਵਲ 15 ਗੱਭਰੂ ਹੀ ਇਹ ਟੈਸਟ ਪਾਸ ਕਰ ਸਕੇ। ਇਸ ਟੈਸਟ ਵਿਚ ਪਾਸ ਹੋਣ ਪੱਖੋਂ ਔਰਤਾਂ ਵਿਚੋਂ ਬਾਜ਼ੀ ਵੀ ਹਰਿਆਣਾ ਦੀਆਂ ਮੁਟਿਆਰਾਂ ਨੇ ਹੀ ਮਾਰੀ, ਪੰਜਾਬ ਦੀਆਂ 10 ਜਦਕਿ ਹਰਿਆਣਾ ਦੀਆਂ 15 ਮੁਟਿਆਰਾਂ ਨੇ ਇਹ ਟੈਸਟ ਪਾਸ ਕੀਤਾ ਹੈ। ਪੰਜਾਬ ਦੇ ਗੱਭਰੂ ਜੋ ਸੁਰੱਖਿਆ ਦਲਾਂ ਦੀ ਨੌਕਰੀ ਲਈ ਵਿਸ਼ੇਸ਼ ਤਾਂਘ ਵੀ ਰੱਖਦੇ ਆਏ ਹਨ, ਭਰਤੀ ਹੋਣ ਦੇ ਮਾਮਲੇ ਵਿਚ ਨਿਰਉਤਸ਼ਾਹਿਤ ਹੋਏ ਵੀ ਦਿਖਾਈ ਦੇ ਰਹੇ ਹਨ। ਹੁਣ ਚੰਡੀਗੜ੍ਹ ਪੁਲਿਸ ਨੇ 1200 ਸਿਪਾਹੀ ਭਰਤੀ ਕਰਨੇ ਹਨ ਤੇ ਇਨ੍ਹਾਂ ਅਸਾਮੀਆਂ ਲਈ ਪੰਜਾਬੀ ਉਮੀਦਵਾਰਾਂ ਦੀ ਗਿਣਤੀ ਕੇਵਲ 13 ਪ੍ਰਤੀਸ਼ਤ ਹੈ, ਜਿਸ ਤੋਂ ਸਿੱਟਾ ਇਹੋ ਨਿਕਲਦਾ ਹੈ ਕਿ ਚੰਡੀਗੜ੍ਹ ਪੁਲਿਸ ਵਿਚ ਪੰਜਾਬੀਆਂ ਦਾ ਭਵਿੱਖ ਵਿਚ ਬੋਲਬਾਲਾ ਖਤਮ ਹੋਣ ਜਾ ਰਿਹਾ ਹੈ।



ਜ਼ਾਹਿਰ ਹੈ ਕਿ ਪੰਜਾਬੀ ਗਭਰੂਆਂ ਦੇ ਜਿਸਮਾਨੀ ਜਾਹੋ ਜਹਾਲ ਤੇ ਤਾਕਤ ਦੀ ਮਿੱਥ ਦਿਨੋਂ ਦਿਨ ਤਿੜਕਦੀ ਜਾ ਰਹੀ ਹੈ। ਪੰਜਾਬ ਦੀ ਜਵਾਨੀ ਦਾ ਘਾਣ ਕਿਉਂ ਹੋ ਰਿਹਾ ਹੈ? ਇਸ ਸਵਾਲ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ। ਜੇਕਰ ਅਸੀਂ ਇਸ ਸਵਾਲ ਪ੍ਰਤੀ ਅਣਗਹਿਲੀ ਵਾਲਾ ਵਤੀਰਾ ਹੀ ਧਾਰਨ ਕਰੀ ਰੱਖਾਂਗੇ ਤਾਂ ਸ਼ਾਇਦ ਪੰਜਾਬੀ ਗੱਭਰੂਆਂ ਦਾ ਮੁੜ ਮੁਹਿੰਮਾਂ ਲਈ ਬੇਲਿਓਂ ਸ਼ੇਰ ਵਾਂਗ ਨਿਕਲਣਾ, ਮਾਤਰ ਸੁਪਨਾ ਬਣਕੇ ਰਹਿ ਜਾਵੇਗਾ।

ਕਿਸਾਨਾਂ ਨੂੰ ਵੀ ਬੇਕਾਰ ਜਾਪੀ ਆੜ੍ਹਤੀਆ ਪ੍ਰਣਾਲੀ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਰਥ ਸ਼ਾਸਤਰ ਵਿਭਾਗ ਵਲੋਂ ਜਾਰੀ ਇਕ ਸਰਵੇ ਰਿਪੋਰਟ ਅਨੁਸਾਰ ਪੰਜਾਬ ਦੇ 84 ਪ੍ਰਤੀਸ਼ਤ ਕਿਸਾਨਾਂ ਨੇ ਆੜ੍ਹਤੀਆ ਪ੍ਰਣਾਲੀ ਨੂੰ ਖਤਮ ਕਰਨ ਦਾ ਪੱਖ ਪੂਰਿਆ ਹੈ ਅਤੇ 93 ਪ੍ਰਤੀਸ਼ਤ ਕਿਸਾਨਾਂ ਨੇ ਕਿਹਾ ਹੈ ਕਿ ਕਿਸਾਨਾਂ ਨੂੰ ਉਹਨਾਂ ਦੀਆਂ ਜਿਣਸਾਂ ਦੀ ਅਦਾਇਗੀ ਆੜ੍ਹਤੀਏ ਰਾਹੀਂ ਹੋਣ ਦੀ ਥਾਂ ਖਰੀਦ ਏਜੰਸੀ ਵਲੋਂ ਚੈਕ ਰਾਹੀਂ ਸਿੱਧੀ ਸਬੰਧਤ ਕਿਸਾਨ ਨੂੰ ਹੋਵੇ। ਦਰਅਸਲ, ਅਖਬਾਰਾਂ ਵਿਚ ਖੇਤੀ ਜਿਣਸਾਂ ਦੀ ਅਦਾਇਗੀ ਦੇ ਢੰਗ ਨੂੰ ਲੈ ਕੇ ਹੋਈ ਬਹਿਸ ਵਿਚ ਜੋ ਨੁਕਤੇ ਉਭਰੇ ਸਨ, ਉਹਨਾਂ ਦੀ ਹੀ ਪੁਸ਼ਟੀ ਪੀ.ਏ.ਯੂ. ਦੀ ਸਰਵੇ ਰਿਪੋਰਟ ਨੇ ਕੀਤੀ ਹੈ। ਇਸ ਰਿਪੋਰਟ ਨੇ ਸਾਬਤ ਕੀਤਾ ਹੈ ਕਿ ਕਿਸਾਨ ਤੇ ਆੜ੍ਹਤੀਏ ਵਿਚਕਾਰ ਕੋਈ ਭਾਵੁਕ ਤੇ ਨੈਤਿਕ (ਨਹੁੰ-ਮਾਸ ਦਾ) ਸਬੰਧ ਨਹੀਂ ਹੈ, ਸਗੋਂ ਇਹ ਸਬੰਧ ਨਿਰੋਲ ਕਾਰੋਬਾਰੀ ਹੈ। ਆੜ੍ਹਤੀਆ-ਕਾਰੋਬਾਰ ‘ਚ ਧਨੀ ਕਿਸਾਨੀ (ਜੱਟ-ਜ਼ਿਮੀਦਾਰ) ਦੀ ਵੱਡੀ ਸ਼ਮੂਲੀਅਤ ਦੀ ਪੁਸ਼ਟੀ ਵੀ ਕੀਤੀ ਗਈ ਹੈ। ਰਿਪੋਰਟ ਮੁਤਾਬਕ ਰੱਜੀ-ਪੁੱਜੀ ਜੱਟ ਕਿਰਸਾਣੀ ਦਾ ਆੜ੍ਹਤ ਦੇ ਅੱਧ ਤੋਂ ਵੀ ਵੱਧ ਕਾਰੋਬਾਰ ਉੱਪਰ ਕਬਜ਼ਾ ਹੈ। ਹਰ ਆੜ੍ਹਤੀਆ ਕੇਵਲ ਕਮਿਸ਼ਨ ਹੀ ਨਹੀਂ ਲੈਂਦਾ ਸਗੋਂ ਕਈ ਤਰ੍ਹਾਂ ਦੀ ਹੋਰ ਦੁਕਾਨਦਾਰੀ ਵੀ ਕਰਦਾ ਹੈ ਤੇ ਆਪਣੇ ਪੱਕੇ ਗਾਹਕਾਂ (ਕਿਸਾਨਾਂ) ਤੋਂ ਭਾਰੀ ਮੁਨਾਫਾ ਕਮਾਉਂਦਾ ਹੈ। ਇਹ ਰਿਪੋਰਟ ਆੜ੍ਹਤੀਆਂ ਪ੍ਰਤੀ ਕਿਸਾਨਾਂ ‘ਚ ਆਈ ਜਾਗ੍ਰਤੀ ਨੂੰ ਵੀ ਦਰਸਾਉਂਦੀ ਹੈ। ਕਿਸਾਨ ਜੇਕਰ ਆੜ੍ਹਤੀਏ ‘ਤੇ ਨਿਰਭਰਤਾ ਤਿਆਗ ਦੇਵੇ ਤਾਂ ਉਹ ਖੁੱਲ੍ਹੇ ਬਜ਼ਾਰ ਵਿਚੋਂ ਦੇਖ-ਪਰਖ ਕੇ ਚੰਗੀ ਕੁਆਲਿਟੀ ਨਿਸਬਤਨ ਸਸਤੀ ਦਰ ‘ਤੇ ਖਰੀਦ ਸਕਦਾ ਹੈ। ਜਿਣਸ ਦੀ ਮੰਡੀ ਵਿਚ ਵਿਕਰੀ ਲਈ ਲੋੜੀਂਦੀ ਸਾਫ-ਸਫਾਈ ਲਈ ਵੀ ਸਹਿਕਾਰੀ ਪ੍ਰਣਾਲੀ ਸਥਾਪਤ ਕੀਤੀ ਜਾ ਸਕਦੀ ਹੈ। ਕਿਸਾਨਾਂ ਨੇ (ਰਿਪੋਰਟ ਮੁਤਾਬਕ) ਚੈੱਕ ਰਾਹੀਂ ਸਿੱਧੀ ਅਦਾਇਗੀ ਨੂੰ ਹੀ ਯੋਗ ਠਹਿਰਾਇਆ ਹੈ ਤਾਂ ਕਿ ਉਸਦੇ ਖੇਤੀ ਕਾਰੋਬਾਰ ਦਾ ਸਮੁੱਚਾ ਹਿਸਾਬ-ਕਿਤਾਬ ਕਿਸੇ ਦੂਸਰੇ ਕੋਲ ਨਾ ਹੋ ਕੇ, ਖੁਦ ਉਸ ਦੇ ਆਪਣੇ ਹੱਥਾਂ ਵਿਚ ਹੋਵੇ। ਪੀ.ਏ.ਯੂ. ਵਲੋਂ ਇਹ ਰਿਪੋਰਟ ਵਿਚਾਰਨ ਹਿੱਤ ਪੰਜਾਬ ਮੰਡੀ ਬੋਰਡ ਨੂੰ ਭੇਜ ਦਿੱਤੀ ਗਈ ਹੈ।

ਛੇਕੜਲੀ ਗੱਲ

ਚੈਕ ਰਾਹੀਂ ਅਦਾਇਗੀ, ਅਦਾਇਗੀਆਂ ਕਰਨ ਦੀ ਇਕ ਮਿਆਰੀ ਤੇ ਕਾਨੂੰਨੀ ਵਿਧੀ ਹੈ। ਸਰਕਾਰੀ ਕਰਮਚਾਰੀਆਂ ਦੀ ਤਨਖਾਹ ਤਾਂ ਸਿੱਧੀ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਹੀ ਜਮ੍ਹਾਂ ਹੁੰਦੀ ਹੈ। ਨਿੱਜੀ ਖੇਤਰ ਵਿਚ ਵੀ ਜਿਹੜੇ ਲੋਕ ਅਪਣੀਆਂ ਵਸਤਾਂ ਤੇ ਸੇਵਾਵਾਂ ਦੂਸਰਿਆਂ ਨੂੰ ਮੁਹੱਈਆ ਕਰਵਾਉਂਦੇ ਹਨ, ਇਵਜ਼ ਵਿਚ ਇਨ੍ਹਾਂ ਦੀ ਸਿਧੀ ਅਦਾਇਗੀ ਚੈੱਕ ਜਾਂ ਨਕਦੀ ਦੇ ਰੂਪ ਵਿਚ ਖੁਦ ਹਾਸਲ ਕਰਦੇ ਹਨ ਤਾਂ ਫਿਰ ਕਿਸਾਨਾਂ ਨਾਲ ਹੀ ਵਿਤਕਰਾ ਕਿਉਂ? ਵਿਤਕਰਾ ਵੀ ਉਸ ਸਰਕਾਰ ਵਲੋਂ ਜਿਹੜੀ ਕਿਸਾਨ-ਹਿਤੈਸ਼ੀ ਹੋਣ ਦੇ ਦਾਅਵੇ ਨਾਲ ਸੱਤਾ ‘ਚ ਆਈ ਹੋਈ ਹੈ। ਜਦੋਂ ਚੈੱਕ ਰਾਹੀਂ ਅਦਾਇਗੀ ਕਰਨ ਦਾ, ਕਿਸਾਨੀ ਜਥੇਬੰਦੀਆਂ ਵਲੋਂ, ਸਰਕਾਰ ਉਪਰ ਦਬਾਅ ਵਧਾਇਆ ਗਿਆ ਤਾਂ ਕਿਸਾਨਾਂ ਨਾਲ ਹੋਰ ਵੀ ਕੋਝਾ ਮਜ਼ਾਕ ਕੀਤਾ ਗਿਆ। ਉਨ੍ਹਾਂ ਦੀ ਮੰਗ ਨੂੰ ਇਸ ਸ਼ਰਤ ‘ਤੇ ਅਮਲੀ ਜਾਮਾ ਪਹਿਨਾਇਆ ਗਿਆ ਕਿ ਅਦਾਇਗੀ ਤਾਂ ਚੈੱਕ ਰਾਹੀਂ ਹੀ ਹੋਵੇਗੀ, ਪਰ ਇਹ ਚੈੱਕ ਅਪਣੀ ਵਸੂਲੀ ਮਗਰੋਂ ਕੱਟ ਕਟਾ ਕੇ ਆੜ੍ਹਤੀਆ ਕਿਸਾਨ ਨੂੰ ਦੇਵੇਗਾ। ਸਵਾਲ ਇਹ ਹੈ ਕਿ ਆੜ੍ਹਤੀਆ ਜੇਕਰ ਕਿਸਾਨ ‘ਤੇ ਯਕੀਨ ਹੀ ਨਹੀਂ ਕਰਦਾ ਤਾਂ ਫਿਰ ਉਨ੍ਹਾਂ ਦਰਮਿਆਨ ਨਹੁੰ-ਮਾਸ ਦਾ ਰਿਸ਼ਤਾ ਕਿਵੇਂ ਹੋਇਆ?

ਮੁੱਕਦੀ ਗੱਲ ਇਹ ਹੈ ਕਿ ਮਸਲਾ ਭਾਵੇਂ ਪਾਣੀਆਂ ਦਾ ਹੋਵੇ ਤੇ ਭਾਵੇਂ ਜਵਾਨੀ ਦੇ ਘਾਣ ਦਾ, ਕਿਸਾਨਾਂ ਨਾਲ ਵਿਤਕਰਾ ਹੁੰਦਾ ਹੈ ਤਾਂ ਹੋਈ ਜਾਵੇ, ਸਰਕਾਰ ਅਪਣੇ (ਪਰਿਵਾਰਕ) ਵਿਕਾਸ ਤੇ (ਸਕਾਚ) ਸੇਵਾ ਦੇ ਮਿਸ਼ਨ ਨੂੰ ਪੂਰੀ ਤਰ੍ਹਾਂ ਸਮਰਪਿਤ ਦਿਖਾਈ ਦੇ ਰਹੀ ਹੈ।

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

ਸੰਪਾਦਕੀ

ਸੁਲਗਦੇ ਕਸ਼ਮੀਰ ਦਾ ਹੱਲ ਸੰਗੀਨਾਂ ਨਹੀਂ

ਕਸ਼ਮੀਰ ਘਾਟੀ ਫੇਰ ਸੁਲਗ ਉਠੀ ਹੈ। ਇਸ ਵਾਰ ਦੀ ਅੱਗ 20 ਸਾਲ ਪਹਿਲਾਂ ਲੱਗੀ ਅੱਗ ਤੋਂ ਕਿਤੇ ਜ਼ਿਆਦਾ ਖ਼ਤਰਨਾਕ ਅਤੇ ਤਬਾਹਕੁੰਨ ਹੈ ਕਿਉਂਕਿ ਹੁਣ ਦੀ ਹਿੰਸਾ ਉਹ ਦਹਿਸ਼ਤੀ ਹਿੰਸਾ ਨਹੀਂ ਹੈ, ਜਿਹੜੀ ਏ.ਕੇ. ਸੰਤਾਲੀ ਦੀ ਨਾਲੀ 'ਚੋਂ ਨਿਕਲਿਆ ਕਰਦੀ ਸੀ। ਅੱਜ ਕਸ਼ਮੀਰ ਦੇ ਬੱਚਿਆਂ, ਨੌਜਵਾਨਾਂ ਤੇ ਬਜ਼ੁਰਗਾਂ ਤੋਂ ਲੈ ਕੇ ਘਰੇਲੂ ਔਰਤਾਂ ਦੇ ਹੱਥਾਂ ਵਿਚ ਵੀ ਪੱਥਰ ਹਨ, ਜਿਹੜੇ ਏ.ਕੇ. ਸੰਤਾਲੀ ਤੋਂ ਕਿਤੇ ਵਧੇਰੇ ਮਾਰ ਕਰਨ ਵਾਲੇ ਹਨ। ਜਦੋਂ ਅਵਾਮ ਇਸ ਕਦਰ ਸੜਕਾਂ 'ਤੇ ਆ ਜਾਵੇ ਕਿ ਕਰਫਿਊ ਦੀ ਪਰਵਾਹ ਨਾ ਕਰੇ, ਉਦੋਂ ਸਮਝ ਲੈਣਾ ਚਾਹੀਦਾ ਹੈ ਕਿ ਇਹ ਮਸਲਾ ਸਿਰਫ ਅਮਨ-ਕਾਨੂੰਨ ਦਾ ਹੀ ਨਹੀਂ ਹੈ। ਪਰ ਉਮਰ ਅਬਦੁੱਲਾ ਦੀ ਅਗਵਾਈ ਵਾਲੀ ਜੰਮੂ-ਕਸ਼ਮੀਰ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਹਾਲੇ ਵੀ ਇਹਦਾ ਹਲ, ਅਰਧ-ਫੌਜੀ ਬਲਾਂ ਦੀ ਗਿਣਤੀ ਵਧਾਉਣ ਵਿਚ ਹੀ ਨਜ਼ਰ ਆ ਰਿਹਾ ਹੈ। ਇਸ ਤੋਂ ਵੱਡੀ ਵਿਡੰਬਨਾ ਕੀ ਹੋ ਸਕਦੀ ਹੈ ਕਿ ਦਿੱਲੀ ਵਿਚ ਜਾ ਕੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਵਿਚ ਤਾਂ ਉਮਰ ਅਬਦੁੱਲਾ ਜੰਮੂ-ਕਸ਼ਮੀਰ ਲਈ ਸਿਆਸੀ ਪੈਕਜ ਦੀ ਮੰਗ ਕਰਦੇ ਹਨ ਪਰ ਚੰਦ ਘੰਟਿਆਂ ਬਾਅਦ ਹੀ ਕਸ਼ਮੀਰ ਘਾਟੀ ਵਿਚ 'ਸ਼ੂਟ ਐਟ ਸਾਈਟ' ਦਾ ਐਲਾਨ ਕਰ ਦਿੱਤਾ ਜਾਂਦਾ ਹੈ ਪਰ ਲੋਕ ਤਾਂ ਫਿਰ ਵੀ ਨਹੀਂ ਰੁਕੇ। ਲੋਕਾਂ ਦਾ ਸਾਰੀਆਂ ਪਾਬੰਦੀਆਂ ਦਾ ਸ਼ਰੇਆਮ ਉਲੰਘ ਜਾਣਾ, ਮਸਲੇ ਦੇ ਬੇਹੱਦ ਵਿਗੜ ਜਾਣ ਵੱਲ ਹੀ ਸੰਕੇਤ ਕਰਦਾ ਹੈ। ਹਾਲਾਤ ਇਵੇਂ ਦੇ ਹਨ ਜਿਵੇਂ ਕਸ਼ਮੀਰ ਘਾਟੀ ਬਾਰੂਦ ਦੇ ਢੇਰ 'ਤੇ ਬੈਠੀ ਹੋਵੇ। ਇਹ ਹਾਲਾਤ ਮੁਲਕ ਨੂੰ ਤੋੜਨ ਵਾਲੀਆਂ ਤਾਕਤਾਂ ਲਈ ਬੜੇ ਮੁਫ਼ੀਦ ਹਨ। ਭੀੜਾਂ ਵਿਚ ਸ਼ਰਾਰਤੀ ਅਨਸਰਾਂ ਦੀ ਵੱਡੀ ਪੱਧਰ 'ਤੇ ਘੁਸਪੈਠ ਹੋ ਚੁੱਕੀ ਹੈ। ਹੁਣ ਭਾਰਤ ਦੇ ਗ੍ਰਹਿ ਮੰਤਰੀ ਕਹਿ ਰਹੇ ਹਨ ਕਿ ਗੱਲਬਾਤ ਤੋਂ ਬਿਨਾਂ ਮਸਲਾ ਹੱਲ ਨਹੀਂ ਹੋਣਾ ਪਰ ਗੱਲਬਾਤ ਅਮਨ-ਅਮਾਨ ਹੋਣ 'ਤੇ ਹੀ ਹੋਵੇਗੀ। ਸਵਾਲ ਹੈ ਕਿ ਪਿਛਲੇ ਦੋ ਸਾਲਾਂ ਤੋਂ ਤਾਂ ਕਸ਼ਮੀਰ ਘਾਟੀ ਵਿਚ ਅਮਨ-ਅਮਾਨ ਹੀ ਸੀ। ਕਸ਼ਮੀਰੀ ਲੋਕਾਂ ਦੀ ਜੀਵਨ ਤੰਦ ਸੈਰ-ਸਪਾਟਾ ਉਦਯੋਗ ਫੇਰ ਰਵਾਂ ਹੋ ਗਿਆ ਸੀ ਪਰ ਉਦੋਂ ਵੀ ਸਰਕਾਰ ਨੇ ਕਸ਼ਮੀਰੀ ਲੋਕਾਂ ਦੇ ਬੁਨਿਆਦੀ ਮਸਲਿਆਂ ਪ੍ਰਤੀ ਘੇਸਲ ਹੀ ਵੱਟੀ ਰੱਖੀ। ਉਦੋਂ ਕਿਉਂ ਨਾ ਨਿਸ਼ਾਨਦੇਹੀ ਕੀਤੀ ਗਈ ਕਿ ਕਿਹੜੀਆਂ ਧਿਰਾਂ ਹਨ, ਜਿਨ੍ਹਾਂ ਨਾਲ ਗੱਲਬਾਤ ਦੀ ਮੇਜ਼ 'ਤੇ ਬੈਠ ਕੇ ਕਸ਼ਮੀਰੀ ਅਵਾਮ ਦੇ ਦੁੱਖਾਂ-ਤਕਲੀਫਾਂ ਦੀ ਸਾਰ ਲਈ ਜਾ ਸਕਦੀ ਹੈ। ਉਦੋਂ ਕਿਉਂ ਨਾ ਜੰਮੂ-ਕਸ਼ਮੀਰ ਵਿਚੋਂ ਵਾਧੂ ਸੁਰੱਖਿਆ ਫੋਰਸਾਂ ਨੂੰ ਵਾਪਸ ਬੁਲਾਇਆ ਗਿਆ। ਲੋਕਾਂ ਦਾ ਹਾਲੀਆ ਗੁੱਸਾ ਇਨ੍ਹਾਂ ਗੱਲਾਂ ਨੂੰ ਲੈ ਕੇ ਹੀ ਹੈ। ਜੰਮੂ-ਕਸ਼ਮੀਰ ਵਿਚ ਸ਼ੁਰੂ ਹੋਈ ਤਾਜ਼ਾ ਹਿੰਸਾ ਤੋਂ ਤੁਰੰਤ ਬਾਅਦ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਕਸ਼ਮੀਰ ਘਾਟੀ ਵਿਚ ਸੀ.ਆਰ.ਪੀ.ਐਫ. ਦੀ ਮੌਜੂਦਗੀ ਦੀ ਤਿੱਖੀ ਆਲੋਚਨਾ ਕੀਤੀ ਸੀ। ਹਿੰਸਾ ਦੀ ਸ਼ੁਰੂਆਤ ਹੀ ਇਸ ਵਾਰ ਅਰਧ-ਫੌਜੀ ਬਲਾਂ ਦੀਆਂ ਮਨਮਾਨੀਆਂ, ਧੱਕੇਸ਼ਾਹੀਆਂ ਅਤੇ ਸਪੈਸ਼ਲ ਆਰਮਜ਼ ਐਕਟ ਦੀ ਦੁਰਵਰਤੋਂ ਕਰਕੇ ਹੋਈ ਹੈ। ਇਸ ਤੋਂ ਇਲਾਵਾ ਫੌਜ ਦੇ ਫਰਜ਼ੀ ਮੁਕਾਬਲਿਆਂ ਨੇ ਵੀ ਲੋਕਾਂ ਦਾ ਗੁੱਸਾ ਸੱਤਵੇਂ ਅਸਮਾਨ 'ਤੇ ਪੁਚਾ ਦਿੱਤਾ ਹੈ।

ਸਵਾਲ ਤਾਂ ਇਹ ਹੀ ਹੈ ਕਿ ਜਦੋਂ ਉਮਰ ਅਬਦੁੱਲਾ ਨੂੰ ਪਤਾ ਹੈ ਕਿ ਲੋਕਾਂ ਦਾ ਗੁੱਸਾ ਫੌਜ ਅਤੇ ਅਰਧ-ਫੌਜੀ ਬਲਾਂ ਖ਼ਿਲਾਫ਼ ਹੈ ਤਾਂ ਫਿਰ ਉਹ ਕੇਂਦਰ ਸਰਕਾਰ ਤੋਂ ਹੋਰ ਅਰਧ-ਫੌਜੀ ਬਲਾਂ ਦੀ ਮੰਗ ਕਿਉਂ ਕਰ ਰਹੇ ਹਨ? ਸ਼ਾਇਦ ਉਮਰ ਅਬਦੁੱਲਾ ਨੂੰ ਇਹ ਲੱਗਣ ਲੱਗਾ ਹੈ ਕਿ ਸੂਬੇ ਦੇ ਮੁਖੀ ਦੇ ਤੌਰ 'ਤੇ ਉਹ ਆਪਣੀ ਸ਼ਾਖ ਬੁਰੀ ਤਰ੍ਹਾਂ ਗੁਆ ਚੁੱਕੇ ਹਨ ਤੇ ਹੁਣ ਸਰਕਾਰ ਚਲਾਉਣ ਦਾ ਇਕੋ ਇਕ ਰਸਤਾ ਸੰਗੀਨ ਹੀ ਹੈ। ਪਰ ਉਹ ਨਹੀਂ ਜਾਣਦੇ ਕਿ ਲੋਕਾਂ ਵਿਰੁੱਧ ਤਣੀਆਂ ਹੋਈਆਂ ਸੰਗੀਨਾਂ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀਆਂ।

ਦਰਅਸਲ, ਕੇਂਦਰ ਅਤੇ ਸੂਬਾਈ ਸਰਕਾਰਾਂ ਦੀ ਮਸਲੇ ਪ੍ਰਤੀ ਗ਼ੈਰ ਵਿਗਿਆਨਕ ਪਹੁੰਚ ਨੇ ਸਥਿਤੀ ਬਦ ਤੋਂ ਬਦਤਰ ਬਣਾ ਦਿੱਤੀ ਹੈ। ਹੁਣ ਜਦਕਿ ਕਸ਼ਮੀਰ ਘਾਟੀ ਦੇ ਇਸ ਹਿੰਸਕ ਐਲਾਨ ਵਿਚ ਰਿਮੋਟ ਕੰਟਰੋਲ ਨਾਲ ਚੱਲਣ ਵਾਲੇ ਤੱਤ ਵੀ ਕਾਫੀ ਗਿਣਤੀ ਵਿਚ ਘੁਲ ਮਿਲ ਗਏ ਹਨ ਤਾਂ ਸਰਕਾਰਾਂ ਨੂੰ ਹੋਰ ਵੀ ਸੰਜੀਦਗੀ ਨਾਲ ਇਹਨੂੰ ਲੈਣਾ ਚਾਹੀਦਾ ਹੈ। ਕਸ਼ਮੀਰੀ ਅਵਾਮ ਦੀ ਖ਼ੁਦਮੁਖ਼ਤਿਆਰੀ ਦਾ ਮਸਲਾ ਛੋਹਿਆਂ ਬਿਨਾਂ ਕਿਸੇ ਵੀ ਸਾਰਥਕ ਹੱਲ ਵੱਲ ਨਹੀਂ ਵਧਿਆ ਜਾ ਸਕਦਾ। ਸੰਗੀਨਾਂ ਦੀ ਵਰਤੋਂ ਸਦਾ ਹੀ ਆਤਮ ਘਾਤੀ ਹੋਇਆ ਕਰਦੀ ਹੈ। ਇਹ ਗੱਲ ਅੱਜ ਹੀ ਸਮਝ ਲਈ ਜਾਵੇ ਤਾਂ ਚੰਗਾ ਹੈ ਨਹੀਂ ਤਾਂ ਹਾਲਾਤ ਹੋਰ ਵੀ ਵਿਗੜ ਸਕਦੇ ਹਨ।

ਸੰਪਾਦਕੀ ਬੋਰਡ **ਨਵਤੇਜ, ਦਲਬੀਰ ਸਾਂਗਿਆਣ (ਕੈਨੇਡਾ)**
ਸੁਸ਼ੀਲ ਦੁਸਾਂਝ (ਭਾਰਤ)
ਸਲਾਹਕਾਰ ਬੋਰਡ **ਡਾ. ਕਰਮਜੀਤ ਸਿੰਘ (ਕੁਰਕਸ਼ੇਤਰ)**
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਬੀਰ ਦਿਓਲ (ਐਡਮਿੰਟਨ)
ਜੈਸੀ ਸਿੰਘ (ਕੈਲਗਿਰੀ)

2nd Floor 3448 – 93 Street NW,
Edmonton T6E 6A4, Alberta (Canada)
Phone: 780 465 9118 Fax: 780 465 0661
e-mail: **info@nawidunia.com**

ਆਰਥਿਕ ਨੀਤੀਆਂ ਕਾਰਨ ਲੜਖੜਾ ਰਹੀ ਯੂਪੀਏ ਸਰਕਾਰ

ਪ੍ਰੋ. ਰਾਕੇਸ਼ ਰਮਨ

ਦੇਸ਼ ਅੰਦਰ ਇਸ ਸਮੇਂ ਯੂਪੀਏ-2 ਗਠਜੋੜ ਦੀ ਸਰਕਾਰ ਅਜੀਬੋ ਗਰੀਬ ਸਥਿਤੀ 'ਚੋਂ ਗੁਜ਼ਰ ਰਹੀ ਹੈ। ਬਹੁਤ ਕੁਝ ਅਜੀਬੋ ਗਰੀਬ ਤਾਂ ਪਿਛਲੀ ਯੂਪੀਏ ਸਰਕਾਰ ਦੇ ਸਮੇਂ ਤੋਂ ਹੀ ਚੱਲਦਾ ਆ ਰਿਹਾ ਹੈ। ਮਸਲਨ, ਪਿਛਲੇ ਛੇ ਸਾਲਾਂ ਤੋਂ ਇਕ ਅਜਿਹੇ ਪ੍ਰਧਾਨ ਮੰਤਰੀ ਨਾਲ ਗੁਜ਼ਾਰਾ ਚਲਾਇਆ ਜਾ ਰਿਹਾ ਹੈ, ਜਿਹੜਾ ਸਿੱਧੀ ਚੋਣ ਪ੍ਰਣਾਲੀ ਰਾਹੀਂ ਪਾਰਲੀਮੈਂਟ ਦਾ ਮੈਂਬਰ ਨਹੀਂ ਬਣਿਆ। ਇਹ ਵੀ ਬੜਾ ਅਜੀਬ ਜਾਪਦਾ ਹੈ ਕਿ ਯੂਪੀਏ ਦੀ ਅਗਵਾਈ ਕਰ ਰਹੀ ਸਿਆਸੀ ਪਾਰਟੀ ਨੇ ਡਾ. ਮਨਮੋਹਨ ਸਿੰਘ ਨੂੰ ਲੋਕ ਸਭਾ ਦੀਆਂ ਚੋਣਾਂ ਵਿਚ ਕਿਸੇ ਬੇਹੱਦ (ਪਾਰਟੀ ਲਈ) ਸੁਰੱਖਿਅਤ ਸੀਟ ਤੋਂ ਉਮੀਦਵਾਰ ਬਣਾਉਣਾ ਵੀ ਮੁਨਾਸਿਬ ਨਹੀਂ ਸਮਝਿਆ। ਸਪੱਸ਼ਟ ਹੈ ਕਿ ਖੁਦ ਕਾਂਗਰਸ ਪਾਰਟੀ ਨੂੰ ਡਾ. ਮਨਮੋਹਨ ਸਿੰਘ ਦੇ ਜਨਤਕ ਬਿੰਬ 'ਤੇ ਭਰੋਸਾ ਨਹੀਂ ਹੈ। ਏਥੇ ਇਹ ਵੀ ਜ਼ਿਕਰਯੋਗ ਹੈ ਕਿ ਜਦੋਂ ਡਾ. ਮਨਮੋਹਨ ਸਿੰਘ ਦੇ ਵਿਅਕਤੀਤਵ ਨੂੰ ਲੋਕਾਂ ਵਿਚ ਜ਼ਰਾ ਚਲਾਉਣ ਦੀ ਲੋੜ ਪੈਂਦੀ ਹੈ ਤਾਂ ਇਲੈਕਟ੍ਰੋਨਿਕ ਮੀਡੀਆ ਦੀ ਭਰਪੂਰ ਵਰਤੋਂ ਕੀਤੀ ਜਾਂਦੀ ਹੈ। ਹਰ ਨਿੱਜੀ ਚੈਨਲ ਤੋਂ 'ਸਿੰਘ ਇਜ਼ ਕਿੰਗ' ਫਿਲਮੀ ਗੀਤ ਗੂੰਜਣ ਲੱਗ ਪੈਂਦਾ ਹੈ। ਜੇਕਰ ਮੀਡੀਆ ਦੇ ਇਸ ਪ੍ਰਚਾਰ ਨੂੰ ਪ੍ਰਧਾਨ ਮੰਤਰੀ ਦੀ ਸ਼ਖਸੀਅਤ ਤੋਂ ਲਾਂਭੇ ਕਰ ਦੇਈਏ ਤਾਂ ਡਾ. ਮਨਮੋਹਨ ਸਿੰਘ ਦਾ ਬਾਕੀ ਬਚਦਾ ਸਿਆਸੀ ਬਿੰਬ ਕਿਸੇ ਵੀ ਪੱਖੋਂ ਪ੍ਰਭਾਵਸ਼ਾਲੀ ਨਹੀਂ ਹੈ।

ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਡਾ. ਮਨਮੋਹਨ ਸਿੰਘ ਨੂੰ ਸਿਆਸੀ ਤੇ ਜਨਤਕ ਜੀਵਨ ਦਾ ਕੋਈ ਸਿੱਧਾ ਤਜਰਬਾ ਨਹੀਂ ਹੈ। ਉਹ ਇਕ ਅਕਾਦਮੀਸ਼ੀਅਨ ਤੇ ਅਰਥ ਸ਼ਾਸਤਰੀ ਹਨ। ਅਰਥ ਸ਼ਾਸਤਰੀ ਵਜੋਂ ਉਹ ਭੂਮੰਡਲੀ ਮੁਕਤ ਬਾਜ਼ਾਰ ਅਰਥ ਵਿਵਸਥਾ ਦੇ ਪ੍ਰਮੁੱਖ ਪ੍ਰਵਕਤਾ ਹਨ। ਮਰਹੂਮ ਨਰਸਿਮ੍ਹਾ ਰਾਓ ਦੀ ਸਰਕਾਰ ਵਿਚ ਵਿੱਤ ਮੰਤਰੀ ਵਜੋਂ ਲਏ ਜਾਣ ਉਪਰੰਤ ਉਹ ਭਾਰਤ ਨੂੰ ਵਿਸ਼ਵ ਮੰਡੀ ਵਿਚ ਬਦਲਣ ਲਈ ਜਾਂ ਫਿਰ ਵਿਸ਼ਵ ਮੰਡੀ ਦੇ ਭਾਰਤ ਵਿਚ ਬੇਰੋਕ ਟੋਕ ਵਿਸਥਾਰ ਲਈ ਅਨੁਕੂਲ ਮਾਹੌਲ ਤਿਆਰ ਕਰਦੇ ਆਏ ਹਨ। ਜਨਤਕ ਖੇਤਰ ਦੇ ਨਿੱਜੀਕਰਣ ਤੇ ਸਾਮਰਾਜੀ ਦੇਸ਼ਾਂ ਨਾਲ (ਭਾਰਤ ਲਈ ਅਢੁਕਵੇਂ) ਵਪਾਰਕ ਸਮਝੌਤਿਆਂ ਨੂੰ ਉਹਨਾਂ ਵਲੋਂ ਵਿਸ਼ੇਸ਼ ਹੱਲਾਸ਼ੇਰੀ ਮਿਲਦੀ ਰਹੀ ਹੈ। ਅਤਿਕਥਨੀ ਨਹੀਂ ਹੋਵੇਗੀ ਜੇਕਰ ਕਿਹਾ ਜਾਵੇ ਕਿ ਭਾਰਤ ਦੀ ਮਿਸ਼ਰਿਤ ਅਰਥ ਵਿਵਸਥਾ ਨੂੰ ਕਾਰਪੋਰੇਟ ਅਰਥ ਵਿਵਸਥਾ ਵਿਚ ਤਬਦੀਲ ਕਰਨ ਦਾ ਸਿਹਰਾ ਮੁੱਖ ਤੌਰ 'ਤੇ ਡਾ. ਮੱਨਮੋਹਨ ਸਿੰਘ ਸਿਰ ਹੀ ਬੱਝਦਾ ਹੈ। ਭਾਰਤ ਦਾ ਕਾਰਪੋਰੇਟ ਇਲੈਕਟ੍ਰਾਨਿਕ ਮੀਡੀਆ ਠੀਕ ਹੀ ਉਹਨਾਂ ਦੀ ਇਸ ਬਖਸ਼ਿਸ਼ ਦਾ ਰਿਣ 'ਸਿੰਘ ਇਜ਼ ਕਿੰਗ' ਦੀ ਆਵਾਜ਼ ਬੁਲੰਦ ਕਰਕੇ ਉਤਾਰਦਾ ਹੈ। ਇਸੇ ਤਰ੍ਹਾਂ ਇਹ ਕਹਿਣਾ ਵੀ ਨਿਰਾਧਾਰ ਨਹੀਂ ਹੋਵੇਗਾ ਕਿ ਡਾ. ਮਨਮੋਹਨ ਸਿੰਘ ਨੇ ਪੰ. ਜਵਾਹਰ ਲਾਲ ਨਹਿਰੂ ਦੀਆਂ ਘਰੇਲੂ ਤੇ ਵਿਦੇਸ਼ ਨੀਤੀਆਂ ਨੂੰ ਪੰ. ਨਹਿਰੂ ਦੀ ਸਿਆਸੀ ਪਾਰਟੀ (ਕਾਂਗਰਸ) ਵਿਚ ਆ ਕੇ ਹੀ ਪੁੱਠਾ ਗੇੜਾ ਦੇ ਦਿੱਤਾ ਹੈ।

ਡਾ. ਮਨਮੋਹਨ ਸਿੰਘ ਦੀ ਆਰਥਿਕ ਵਿਚਾਰਧਾਰਾ ਕਾਰਨ ਦੇਸ਼ ਦੀਆਂ ਘਰੇਲੂ ਤੇ ਵਿਦੇਸ਼ ਨੀਤੀਆਂ ਦੇ ਮੁਹਾਜ਼ 'ਤੇ ਜੋ ਕੁਝ ਵੀ ਵਾਪਰਿਆ ਹੈ, ਉਸ ਕਾਰਨ ਯੂਪੀਏ-2 ਨੂੰ ਆਮ ਕਰਕੇ ਅਤੇ ਇਸ ਦੀ ਅਗਵਾਈ ਕਰ ਰਹੀ ਕਾਂਗਰਸ ਪਾਰਟੀ ਨੂੰ ਵਿਸ਼ੇਸ਼ ਕਰਕੇ ਭਾਰੀ ਦਿੱਕਤਾਂ ਦਰਪੇਸ਼ ਹਨ। ਮੌਜੂਦਾ ਪ੍ਰਧਾਨ ਮੰਤਰੀ ਵਲੋਂ ਵਿੱਢੀ ਜਨਤਕ ਖੇਤਰ ਨੂੰ ਖਤਮ ਕਰਨ ਦੀ ਮੁਹਿੰਮ ਅਤੇ ਅਮਰੀਕਾ ਨਾਲ ਅਧੀਨਗੀ ਵਾਲੀ ਨੇੜਤਾ ਨਾ ਤਾਂ ਕਾਂਗਰਸ ਦੇ ਆਦਰਸ਼ ਆਗੂ ਪੰ. ਜਵਾਹਰ ਲਾਲ ਨਹਿਰੂ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਹੈ ਤੇ ਨਾ ਹੀ ਦੇਸ਼ ਦੀ ਆਮ ਜਨਤਾ ਦੇ ਹਿੱਤ ਵਿਚ ਹੈ। ਇਸ ਸਥਿਤੀ ਵਿਚ ਯੂਪੀਏ-2 ਗਠਜੋੜ ਸਰਕਾਰ ਮਨਮੋਹਨ-ਨੀਤੀਆਂ ਦਾ ਬੋਝ ਉਠਾ ਕੇ ਚੱਲ ਤਾਂ ਰਹੀ ਹੈ, ਪਰੰਤੂ ਪੈਰ-ਪੈਰ 'ਤੇ ਲੜਖੜਾ ਵੀ ਰਹੀ ਹੈ।

ਸਰਕਾਰੀ ਨਿਯੰਤਰਣ ਤੋਂ ਮੁਕਤ ਬਾਜ਼ਾਰ ਮਹਿੰਗਾਈ ਪੈਦਾ ਕਰਨ ਦਾ ਮੁੱਖ ਵਸੀਲਾ ਬਣ ਗਿਆ ਹੈ। ਇਸ ਨੇ ਇਸ ਮਿੱਥ ਨੂੰ ਇਕੋ ਝਟਕੇ ਨਾਲ ਹੀ ਤੋੜ ਦਿੱਤਾ ਹੈ ਕਿ ਸਪਲਾਈ ਘਟਣ ਨਾਲ ਜਾਂ ਕਿਸੇ ਵਸਤ ਦਾ ਉਤਪਾਦਨ ਘਟਣ ਨਾਲ ਮਹਿੰਗਾਈ ਵਧਦੀ ਹੈ। ਸਰਕਾਰੀ ਨਿਯੰਤਰਣ ਤੋਂ ਮੁਕਤ ਪਰ ਵਪਾਰੀ ਦੇ ਨਿਯੰਤਰਣ ਹੇਠਲੇ ਬਾਜ਼ਾਰ ਵਿਚ ਵਸਤਾਂ ਦੀ ਕੀਮਤ ਦੀ ਸਪਲਾਈ ਦੇ ਵਧਣ-ਘਟਣ ਨਾਲ ਕੋਈ ਸਬੰਧ ਨਹੀਂ ਹੈ। ਇਸ ਤਰ੍ਹਾਂ ਦੀ ਮਹਿੰਗਾਈ ਦੇ ਸਬੰਧ ਵਿਚ ਇਹ ਦਲੀਲ ਤਾਂ ਆਮ ਹੀ ਦਿੱਤੀ ਜਾਂਦੀ ਹੈ ਕਿ ਗੁਦਾਮ ਅਨਾਜ ਨਾਲ ਤੂੜੇ ਪਏ ਹਨ ਪਰ ਲੋਕ ਜਾਂ ਇਸ ਨੂੰ ਮਹਿੰਗੇ ਮੁੱਲ ਖਰੀਦ ਰਹੇ ਹਨ ਜਾਂ ਫਿਰ ਭੁੱਖੇ ਮਰਨ ਲਈ ਮਜਬੂਰ ਹਨ। ਘਰੇਲੂ ਤੇ ਵਿਦੇਸ਼ ਨੀਤੀਆਂ ਨਾਲ ਜੁੜੇ ਹੋਏ ਹੋਰ ਵੀ ਬਹੁਤ ਸਾਰੇ ਮਸਲੇ ਹਨ, ਜਿਹਨਾਂ ਦੀਆਂ ਜੜ੍ਹਾਂ ਡਾ. ਮਨਮੋਹਨ ਸਿੰਘ ਵਲੋਂ ਲਾਗੂ ਕੀਤੇ ਗਏ ਆਰਥਿਕ ਮਾਡਲ ਵਿਚ ਲੱਗੀਆਂ ਹੋਈਆਂ ਹਨ, ਪ੍ਰੰਤੂ ਇਹਨਾਂ ਵਿਚੋਂ ਮਹਿੰਗਾਈ ਇਕ ਅਜਿਹਾ ਮੁੱਦਾ ਹੈ ਜਿਸ ਤੋਂ ਆਮ ਆਦਮੀ ਫੌਰੀ ਤੌਰ 'ਤੇ ਸਭ ਤੋਂ ਵੱਧ ਪ੍ਰਭਾਵਿਤ ਹੋ ਰਿਹਾ ਹੈ। ਇਸ ਮੁੱਦੇ ਨੂੰ ਲੈ ਕੇ ਇਨ੍ਹੀਂ ਦਿਨੀਂ ਯੂਪੀਏ-2 ਦੀ ਜੰਮ ਕੇ ਆਲੋਚਨਾ ਹੋ ਰਹੀ ਹੈ। ਸਮੁੱਚੀ ਵਿਰੋਧੀ ਧਿਰ ਇਸ ਮੁੱਦੇ 'ਤੇ ਸਰਕਾਰ ਵਿਰੁੱਧ ਮੋਰਚਾ ਮੱਲੀ ਬੈਠੀ ਹੈ। ਸੰਸਦ ਦੀ ਕਾਰਵਾਈ ਚੱਲਣ ਨਹੀਂ ਦਿੱਤੀ ਜਾ ਰਹੀ। ਮਹਿੰਗਾਈ ਦੇ ਮੁੱਦੇ 'ਤੇ ਸੰਸਦ ਵਿਚ ਬਹਿਸ ਕਰਵਾਏ ਜਾਣ ਦੀ ਮੰਗ ਜ਼ੋਰ ਫੜ ਰਹੀ ਹੈ। ਸਰਕਾਰ ਨੇ ਇਸ ਮੁੱਦੇ 'ਤੇ ਅਜਿਹੇ ਨਿਯਮ ਅਧੀਨ ਬਹਿਸ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਹੈ, ਜਿਸ ਵਿਚ ਵੋਟਿੰਗ ਦੀ ਵਿਵਸਥਾ ਵੀ ਹੋਵੇ। ਸਰਕਾਰ ਵੋਟਿੰਗ ਤੋਂ ਹੀ ਨਹੀਂ ਸਗੋਂ ਵਾਹ ਲਗਦੀ ਬਹਿਸ ਤੋਂ ਵੀ ਟਲਣ ਦੇ ਯਤਨ ਵਿਚ ਹੈ। ਇਹ ਸਵਾਲ ਸੌਖਿਆਂ ਹੀ ਸਮਝ ਆਉਣ ਵਾਲਾ ਹੈ ਕਿ ਸਰਕਾਰ ਅਜਿਹਾ ਵਿਵਹਾਰ ਕਿਉਂ ਕਰ ਰਹੀ ਹੈ। ਸਰਕਾਰ ਜਾਣਦੀ ਹੈ ਕਿ ਮਹਿੰਗਾਈ ਦੀ ਸਫਾਈ ਦੇਣ ਲਈ ਇਸ ਕੋਲ ਕੋਈ ਤਰਕ ਨਹੀਂ ਹੈ। ਇਥੋਂ ਤੱਕ ਕਿ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਵੀ ਇਸ ਕੋਲ ਕੋਈ ਅਖਤਿਆਰ ਨਹੀਂ ਹੈ, ਕਿਉਂਕਿ ਡਾ. ਮਨਮੋਹਨ ਸਿੰਘ ਦੇ ਆਰਥਿਕ ਮਾਡਲ ਨੂੰ ਲਾਗੂ ਕਰਨ ਲਈ ਬਜ਼ਾਰ ਨੂੰ ਤਾਂ ਰੱਖਿਆ ਹੀ ਸਰਕਾਰੀ ਨਿਯੰਤਰਣ ਤੋਂ ਮੁਕਤ ਗਿਆ ਹੈ, ਸਰਕਾਰ ਤਾਂ ਤਦ ਹੀ ਮਹਿੰਗਾਈ 'ਤੇ ਰੋਕ ਲਗਾ ਸਕੇਗੀ ਜੇਕਰ ਬਾਜ਼ਾਰ ਇਸਦੇ ਅਧਿਕਾਰਤ ਤੌਰ 'ਤੇ ਕਾਬੂ ਹੇਠ ਹੋਵੇਗਾ।

ਮਹਿੰਗਾਈ ਦਾ ਰਾਕਟ

ਡਾ. ਮਨਮੋਹਨ ਸਿੰਘ ਦਾ ਪ੍ਰਧਾਨ ਮੰਤਰੀ ਪਦ 'ਤੇ ਹੋਣਾ ਮਹਿੰਗਾਈ ਦੇ ਮਨੋਵਿਗਿਆਨਕ ਪੱਖ ਨੂੰ ਵੀ ਮਜ਼ਬੂਤੀ ਬਖਸ਼ ਰਿਹਾ ਹੈ। ਜਿਵੇਂ ਕਿ ਉਪਰ ਵੀ ਚਰਚਾ ਕੀਤੀ ਜਾ ਚੁੱਕੀ ਹੈ ਕਿ ਜਿਸ ਪ੍ਰਕਾਰ ਦੇ ਮੰਡੀ ਅਰਥਚਾਰੇ ਦੇ ਡਾ. ਮਨਮੋਹਨ ਸਿੰਘ ਹਾਮੀ ਹਨ, ਉਸ ਪ੍ਰਕਾਰ ਦੇ ਅਰਥਚਾਰੇ ਵਿਚ ਮੁਨਾਫਾਖੋਰ ਤਾਕਤਾਂ ਦਾ ਹੌਸਲਾ ਬੁਲੰਦ ਰਹਿੰਦਾ ਹੈ। ਇਹੋ ਕੁਝ ਇਸ ਸਮੇਂ ਭਾਰਤੀ ਅਰਥਚਾਰੇ ਵਿਚ ਵਾਪਰ ਰਿਹਾ ਹੈ। ਪ੍ਰੰਤੂ ਨਾਲ ਹੀ ਇਸਦੇ ਪ੍ਰਤੀਕਰਮ ਵਜੋਂ ਜਨਤਕ ਰੋਸ ਵੀ ਤੀਬਰ ਹੁੰਦਾ ਜਾ ਰਿਹਾ ਹੈ। ਇਸ ਰੋਸ ਨੂੰ ਲਗਾਤਾਰ ਸਰਕਾਰ ਵਲੋਂ ਅਣਗੌਲਿਆਂ ਕੀਤਾ ਜਾ ਰਿਹਾ ਹੈ ਜਦਕਿ ਸਮਝਿਆ ਇਹ ਜਾਂਦਾ ਹੈ ਕਿ ਘੱਟ ਗਿਣਤੀ ਸਰਕਾਰ ਹਮੇਸ਼ਾ ਦਬਾਅ ਹੇਠ ਕੰਮ ਕਰਦੀ ਹੈ। ਯੂਪੀਏ-2 ਦੇ ਨੀਤੀਆਂ ਲਾਗੂ ਕਰਨ 'ਤੇ ਸਖਤ ਫੈਸਲੇ (ਵਿਵਾਦਤ ਤੇ ਲੋਕ ਵਿਰੋਧੀ) ਲੈਣ ਦੇ ਮੌਜੂਦਾ ਅੜੀਅਲ ਵਤੀਰੇ ਨੂੰ ਦੇਖ ਕੇ ਤਾਂ ਇਉਂ ਵੀ ਜਾਪਦਾ ਹੈ ਕਿ ਘੱਟ ਗਿਣਤੀ ਸਰਕਾਰ ਦਾ ਦਬਾਅ ਹੇਠ ਕੰਮ ਕਰਨਾ ਵੀ ਇਕ ਮਿੱਥ ਹੈ। ਗਿਣਤੀ ਮਾਤਰ ਇਕ ਰਸਮ ਪੂਰਤੀ ਬਣ ਕੇ ਰਹਿ ਗਈ ਹੈ, ਜੋ ਕਿ ਨਾਜ਼ੁਕ ਮੌਕਿਆਂ 'ਤੇ ਲੋਕਤੰਤਰ ਦੀਆਂ ਚੋਰਮੋਰੀਆਂ ਰਾਹੀਂ ਜੁਟਾ ਲਈ ਜਾਂਦੀ ਹੈ, ਜਿਵੇਂ ਕਿ ਅਮਰੀਕਾ ਨਾਲ ਵਿਵਾਦਗ੍ਰਸਤ ਪ੍ਰਮਾਣੂ ਸਮਝੌਤਾ ਸਹੀਬੱਧ ਕਰਨ ਸਮੇਂ ਜੁਟਾਈ ਗਈ ਸੀ।

ਨਿਰਸੰਦੇਹ, ਨੈਤਿਕ ਤੇ ਗਿਣਤੀ ਪੱਖੋਂ ਯੂਪੀਏ-2 ਇਕ ਕਮਜ਼ੋਰ ਸਰਕਾਰ ਹੈ। ਭਾਰਤ ਦੀ ਪਾਰਲੀਮਾਨੀ ਰਾਜਨੀਤੀ ਵਿਚ ਉਭਰੀ ਇਕ ਵਿਸ਼ੇਸ਼ ਰਾਜਨੀਤਕ ਸਥਿਤੀ ਦੀ ਆੜ ਵਿਚ ਇਹ ਆਪਹੁਦਰੇ ਢੰਗ ਨਾਲ ਲੋਕ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ ਤੇ ਕਾਰਪੋਰੇਟ ਸੈਕਟਰ ਨੂੰ ਭਾਰੀ ਲਾਭ ਪੁਚਾ ਰਹੀ ਹੈ। ਇਸ ਦੀ ਸਮਝ ਇਹ ਜਾਪਦੀ ਹੈ ਕਿ ਮੌਜੂਦਾ ਵਿਸ਼ੇਸ਼ ਰਾਜਨੀਤਕ ਸਥਿਤੀ ਵਿਚ ਕੋਈ ਵੀ ਧਿਰ ਨਵੀਆਂ ਚੋਣਾਂ ਨਹੀਂ ਚਾਹੇਗੀ, ਇਸ ਲਈ ਯੂਪੀਏ-2 ਦੀ ਸਰਕਾਰ ਬਚੀ ਰਹੇਗੀ। ਪ੍ਰੰਤੂ ਇਹ ਸਮਝ ਸਥਿਤੀ ਦਾ ਨਜਾਇਜ਼ ਫਾਇਦਾ ਉਠਾਉਣ ਤੋਂ ਵੱਧ ਕੁਝ ਨਹੀਂ ਹੈ। ਅਜਿਹੀ ਸਮਝ ਵਾਲੀਆਂ ਘੱਟ ਗਿਣਤੀ ਸਰਕਾਰਾਂ ਕਈ ਵਾਰ ਬਹੁਤ ਵੱਡੇ ਨੁਕਸਾਨ ਦਾ ਸਬੱਬ ਵੀ ਬਣ ਜਾਂਦੀਆਂ ਹਨ। ਕਿਸੇ ਵੀ ਸਰਕਾਰ ਦਾ ਸੱਚਮੁੱਚ ਦੇ ਜਨਤਕ ਸਮਰਥਨ ਤੋਂ ਬਗੈਰ ਵੱਡੇ ਫੈਸਲੇ ਲੈਣਾ ਅੰਤ ਨੂੰ ਘਾਤਕ ਇਤਿਹਾਸਕ ਭੁੱਲਾਂ ਹੋ ਨਿਬੜਦਾ ਹੈ। ਇਸ ਸੰਦਰਭ ਵਿਚ ਹਿਟਲਰ ਦੀ ਮਿਸਾਲ ਸਾਡੇ ਸਾਹਮਣੇ ਹੈ।

ਮਹਿੰਗਾਈ ਦੇ ਮੁੱਦੇ 'ਤੇ ਯੂਪੀਏ-2 ਦੇ ਭਾਈਵਾਲ ਵੀ ਸਰਕਾਰ ਦੀ ਸੁਰ ਵਿਚ ਸੁਰ ਮਿਲਾਉਣ ਲਈ ਤਿਆਰ ਨਹੀਂ ਹਨ। ਸਰਕਾਰ ਦਾ ਸੰਸਦ ਵਿਚ ਬਹਿਸ ਤੇ ਵੋਟਿੰਗ ਤੋਂ ਪਾਸਾ ਵੱਟਣਾ ਇਸਦੇ ਲੜਖੜਾਉਣ ਦਾ ਸੂਚਕ ਹੈ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਇਸ ਨੂੰ ਲੜਖੜਾਉਂਦਿਆਂ ਹੋਇਆਂ ਵੀ ਡਾ. ਮਨਮੋਹਨ ਸਿੰਘ ਦੇ ਮਹਿੰਗਾਈ-ਮੁਖੀ ਆਰਥਿਕ ਮਾਡਲ ਨੂੰ ਲਾਗੂ ਕਰਨਾ ਪੈ ਰਿਹਾ ਹੈ। ਜਿਵੇਂ ਕਿ ਅਸੀਂ ਹਿਟਲਰ ਦੇ ਹਵਾਲੇ ਨਾਲ ਪਹਿਲਾਂ ਵੀ ਜ਼ਿਕਰ ਕੀਤਾ ਹੈ ਅਜਿਹੀ ਸਥਿਤੀ ਰਾਜਸੀ ਨਜ਼ਰੀਏ ਤੋਂ ਕਾਫੀ ਚਿੰਤਾਜਨਕ ਸਮਝੀ ਜਾਣੀ ਚਾਹੀਦੀ ਹੈ।

ਇਸ ਚਕਾ-ਚੌਂਧ ਵਿਚ ਮੈਡਲ ਕਿੱਥੇ?

ਮਿਲਖਾ ਸਿੰਘ

ਦਿੱਲੀ ਵਿਚ ਕਾਮਨਵੈਲਥ ਖੇਡਾਂ ਹੋਣ ਜਾ ਰਹੀਆਂ ਹਨ। ਸਾਰੇ ਫੁੱਲੇ ਨਹੀਂ ਸਮਾ ਰਹੇ। ਇਹ ਦੇਸ਼ ਲਈ ਕਿੰਨੀ ਖੁਸ਼ੀ ਅਤੇ ਗੌਰਵ ਦਾ ਮੌਕਾ ਹੈ। ਸਾਡਾ ਆਤਮ ਵਿਸ਼ਵਾਸ ਵੱਧ ਰਿਹਾ ਹੈ, ਦੁਨੀਆ ਵਿਚ ਭਾਰਤ ਦੀ ਹਸਤੀ ਉੱਚੀ ਉਠ ਰਹੀ ਹੈ। ਹਰ ਪਾਸੇ ਮੇਲੇ ਵਰਗਾ ਮਾਹੌਲ ਹੈ।

ਆਓ ਇਸ ਸਾਰੇ ਮੇਲੇ ਦੇ ਸਬੰਧ ਵਿਚ ਇਕ ਦ੍ਰਿਸ਼ ਦੀ ਕਲਪਨਾ ਕਰੀਏ। ਨਵੀਂ ਦਿੱਲੀ ਦਾ ਜਵਾਹਰ ਲਾਲ ਨਹਿਰੂ ਸਟੇਡੀਅਮ ਖਚਾਖਚ ਭਰਿਆ ਹੋਇਆ ਹੈ। ਸਾਰੀ ਦੁਨੀਆ ਤੋਂ ਲੋਕ ਇਕ ਵਿਸ਼ਾਲ ਮਹਾਂਦੀਪ ਦੇ ਇਸ ਮਹਾਂਦੇਸ਼ ਵਿਚ ਆਏ ਹਨ। ਪੂਰਾ ਦੇਸ਼ ਟੈਲੀਵਿਜ਼ਨ 'ਤੇ ਖੇਡਾਂ ਦਾ ਸਿੱਧਾ ਪ੍ਰਸਾਰਣ ਦੇਖ ਰਿਹਾ ਹੈ। ਸਾਡੀਆਂ ਅੱਖਾਂ ਅੱਗੇ ਹੀ ਉਹ ਕੁਝ ਵਾਪਰ ਰਿਹਾ ਹੈ, ਜਿਸ ਨਾਲ ਸਾਡਾ ਸਿਰ ਮਾਣ ਨਾਲ ਉਚਾ ਨਹੀਂ ਬਲਕਿ ਝੁਕ ਜਾਂਦਾ ਹੈ। ਸਾਡੀਆਂ ਅੱਖਾਂ ਸਾਹਮਣੇ ਇੰਗਲੈਂਡ, ਜਮੈਕਾ, ਯੁਗਾਂਡਾ ਅਤੇ ਦੁਨੀਆ ਦੇ ਪਤਾ ਨਹੀਂ ਕਿਹੜੇ ਕਿਹੜੇ ਦੇਸ਼ਾਂ ਦੇ ਲੋਕ ਮੈਡਲ ਲੈ ਜਾਂਦੇ ਹਨ ਅਤੇ ਮੇਜ਼ਬਾਨ ਭਾਰਤ ਮੂੰਹ ਦੇਖਦਾ ਰਹਿ ਜਾਂਦਾ ਹੈ।

ਦੁਨੀਆ ਨੂੰ ਅਸੀਂ ਆਪਣੇ ਘਰ ਸੱਦਾ ਦਿੱਤਾ ਹੈ। ਸਟੇਡੀਅਮ ਬਣਾਏ, ਇਮਾਰਤਾਂ ਖੜ੍ਹੀਆਂ ਕੀਤੀਆਂ, ਸੜਕਾਂ, ਫਲਾਈਓਵਰ ਅਤੇ ਮੈਟਰੋ ਦਾ ਜਾਲ ਵਿਛਾ ਦਿੱਤਾ। ਸੰਸਾਰ ਦੀਆਂ ਜਿੰਨੀਆਂ ਸੰਭਵ ਰੰਗੀਨੀਆਂ ਅਤੇ ਚਮਕ-ਦਮਕ ਹੈ, ਸਾਰਿਆਂ ਨਾਲ ਅਸੀਂ ਆਪਣਾ ਵਿਹੜਾ ਸਜਾ ਲਿਆ ਹੈ ਪਰ ਕਦੇ ਸੋਚਿਆ ਕਿ ਕਿਉਂ ਅਸੀਂ ਸਾਰੀ ਦੁਨੀਆ ਨੂੰ ਆਪਣੇ ਘਰ ਵਿਚ ਸੱਦਿਆ ਹੈ। ਆਪਣੀਆਂ ਸੜਕਾਂ, ਇਮਾਰਤਾਂ ਅਤੇ ਫਲਾਈ ਓਵਰ ਦਿਖਾਉਣ ਲਈ? ਅਸੀਂ ਕੀ ਸਿੱਧ ਕਰਨਾ ਚਾਹੁੰਦੇ ਹਾਂ? ਆਪਣੀ ਤਾਕਤ? ਦੁਨੀਆ ਵਿਚ ਸਾਡੀ ਹੈਸੀਅਤ? ਆਖਿਰ ਕੀ?

ਚੀਨ ਨੇ ਵੀ ਆਪਣੇ ਦੇਸ਼ ਵਿਚ ਓਲੰਪਿਕ ਦਾ ਮਹਾਂ ਪ੍ਰਬੰਧ ਕੀਤਾ। ਇਹ ਫੈਸਲਾ ਲੈਣ ਤੋਂ ਬਾਅਦ ਚੀਨ ਕੋਲ 8 ਸਾਲਾਂ ਦਾ ਸਮਾਂ ਸੀ ਅਤੇ ਉਹ ਦੇਸ਼ ਜਾਣਦਾ ਸੀ ਕਿ ਇਨ੍ਹਾਂ 8 ਸਾਲਾਂ ਦਾ ਹਰ ਦਿਨ ਅਤੇ ਹਰ ਰਾਤ ਉਸ ਨੇ ਕਿਸ ਟੀਚੇ ਨੂੰ ਹਾਸਲ ਕਰਨ ਲਈ ਸਮਰਪਤ ਕਰਨਾ ਹੈ। 8 ਸਾਲ ਬਾਅਦ ਜਦ ਪੂਰੀ ਦੁਨੀਆ ਉਸ ਦੇ ਘਰ ਦੇ ਵਿਹੜੇ ਵਿਚ ਹੋਵੇਗੀ ਤਾਂ ਸਭ ਦੀਆਂ ਨਜ਼ਰਾਂ ਬਸ ਇਕ ਚੀਜ਼ 'ਤੇ ਟਿਕੀਆਂ ਹੋਣਗੀਆਂ-ਚੀਨ ਦੇ ਖਿਡਾਰੀਆਂ ਦੇ ਅਦਭੁੱਤ ਪ੍ਰਦਰਸ਼ਨ 'ਤੇ। ਉਹ ਅਜਿਹੇ ਕਰਿਸ਼ਮਈ ਖੇਡ ਦਿਖਾਉਣਗੇ ਕਿ ਮੈਡਲ ਚੀਨ ਦੀ ਦੀਵਾਰ ਤੋਂ ਪਾਰ ਨਾ ਜਾਣ ਅਤੇ ਉਨ੍ਹਾਂ ਨੇ ਸੱਚਮੁੱਚ ਇਹ ਕਰ ਦਿਖਾਇਆ ਕਿ ਉਸ ਕੋਲ ਚਮਕੀਲੀਆਂ ਸੜਕਾਂ, ਆਲੀਸ਼ਾਨ ਇਮਾਰਤਾਂ ਅਤੇ ਸੰਸਾਰ ਦੀ ਸਭ ਤੋਂ ਅਤਿ ਆਧੁਨਿਕ ਤਕਨੀਕ ਹੈ। ਉਸ ਨੇ ਦਿਖਾਇਆ ਕਿ ਉਸ ਕੋਲ ਦੁਨੀਆ ਦੀਆਂ ਸਰਵੋਤਮ ਖੇਡ ਪ੍ਰਤਿਭਾਵਾਂ ਹਨ।

ਅਸੀਂ ਪੂਰੀ ਦੁਨੀਆ ਨੂੰ ਕੀ ਦਿਖਾਵਾਂਗੇ?

ਅੱਠ ਸਾਲ ਪਹਿਲਾਂ ਜਦੋਂ ਭਾਰਤ ਨੇ ਕਾਮਨਵੈਲਥ ਖੇਡਾਂ ਕਰਾਉਣ ਦਾ ਫੈਸਲਾ ਲਿਆ, ਮੈਂ ਉਸ ਸਮੇਂ ਇਹ ਸੁਝਾਅ ਦਿੱਤਾ ਸੀ ਕਿ ਇਨ੍ਹਾਂ 8 ਸਾਲਾਂ ਵਿਚ ਸਾਨੂੰ ਆਪਣੇ ਸਾਰੇ ਸਰੋਤ, ਮਿਹਨਤ ਅਤੇ ਧਨ ਖੇਡ ਪ੍ਰਤਿਭਾਵਾਂ ਨੂੰ ਤਰਾਸ਼ਣ ਅਤੇ ਤਿਆਰ ਕਰਨ ਵਿਚ ਝੋਕ ਦੇਣੇ ਚਾਹੀਦੇ ਹਨ। ਮੈਂ ਖ਼ੁਦ ਸੁਰੇਸ਼ ਕਲਮਾਡੀ ਨੂੰ ਇਹ ਸੁਝਾਅ ਦਿੱਤਾ ਕਿ ਉਹ ਖ਼ੁਦ ਤਾਂ ਪ੍ਰਬੰਧਾਂ ਵਿਚ ਰੁੱਝੇ ਹੋਣਗੇ, ਇਸ ਲਈ ਖਿਡਾਰੀਆਂ ਨੂੰ ਟਰੇਨਿੰਗ ਦੇਣ ਲਈ ਕੋਈ ਪ੍ਰਬੰਧ ਹੋਣਾ ਚਾਹੀਦਾ ਹੈ। ਪਰ ਇਕ ਅਜਿਹੇ ਮੁਲਕ ਵਿਚ ਅਜਿਹਾ ਕਿਵੇਂ ਹੋ ਸਕਦਾ ਹੈ, ਜਿਥੇ ਖੇਡ ਬੋਰਡਾਂ ਦੇ ਚੇਅਰਮੈਨ ਦੀ ਕੁਰਸੀ 'ਤੇ ਨੇਤਾ ਅਤੇ ਨੌਕਰਸ਼ਾਹ ਬਿਰਾਜਮਾਨ ਹੋਣ। ਜਿਥੇ ਇਸ ਤਰ੍ਹਾਂ ਦੇ ਵੱਡੇ ਪ੍ਰਬੰਧ ਦਾ ਅਰਥ ਹੈ ਭ੍ਰਿਸ਼ਟਾਚਾਰ ਅਤੇ ਦਲਾਲੀ ਦਾ ਪ੍ਰਬੰਧ। ਆਖਰ ਇਸ ਵਿਚ ਹੈਰਾਨੀ ਹੀ ਕੀ ਹੈ? ਕਿਸੇ ਨੇਤਾ ਜਾਂ ਨੌਕਰਸ਼ਾਹ ਨੂੰ ਇਸ ਗੱਲ ਦਾ ਅਹਿਸਾਸ ਕਿਵੇਂ ਹੋ ਸਕਦਾ ਹੈ ਕਿ ਖੇਡਣ ਲਈ ਕਿੰਨੀ ਮਿਹਨਤ ਕਰਨੀ ਪੈਂਦੀ ਹੈ। ਕਿੰਨੀ ਪੀੜਾ ਅਤੇ ਤਕਲੀਫਾਂ ਵਿਚੋਂ ਲੰਘਣ ਤੋਂ ਬਾਅਦ ਕੋਈ ਖਿਡਾਰੀ ਉਸ ਮੁਕਾਮ 'ਤੇ ਪੁੱਜਦਾ ਹੈ, ਜਿਥੇ ਦੁਨੀਆ ਦੀਆਂ ਅੱਖਾਂ ਉੱਚੀਆਂ ਕਰਕੇ ਉਸ ਨੂੰ ਦੇਖਦੀਆਂ ਹਨ। ਦੇਸ਼ ਉਸ ਉਪਰ ਮਾਣ ਕਰਦਾ ਹੈ। ਦਲਾਲੀ ਦੇ ਗੋਰਖ ਧੰਦੇ ਵਿਚ ਫਸੇ ਹੋਏ ਲੋਕ ਇਕ ਖਿਡਾਰੀ ਦੀ ਉਸ ਪੀੜਾ ਨੂੰ ਕਦੇ ਸਮਝ ਹੀ ਨਹੀਂ ਸਕਦੇ। ਤਿਆਗ ਅਤੇ ਮਿਹਨਤ ਦੀ ਉਸ ਉਚਾਈ ਨੂੰ ਉਹ ਕੀ ਸਮਝਣਗੇ ਭਲਾ? ਅੱਜ ਜੇਕਰ ਹਿੰਦੁਸਤਾਨ ਵਿਚ ਇੱਕਾ-ਦੁੱਕਾ ਖੇਡਾਂ ਨੂੰ ਛੱਡ ਕੇ ਖੇਡ ਅਤੇ ਖਿਡਾਰੀਆਂ ਦੀ ਸਥਿਤੀ ਏਨੀ ਬੁਰੀ ਹੈ ਤਾਂ ਇਸ ਲਈ ਸਾਡਾ ਸਮੁੱਚਾ ਤੰਤਰ ਜ਼ਿੰਮੇਵਾਰ ਹੈ। ਸਾਡੇ ਵਿਚ ਉਹ ਨੈਤਿਕ ਬੋਧ ਅਤੇ ਉਚਾਈ ਹੈ ਹੀ ਨਹੀਂ ਕਿ ਅਸੀਂ ਛੋਟੇ, ਨਿੱਜੀ ਸਵਾਰਥਾਂ ਤੋਂ ਅੱਗੇ ਜਾ ਕੇ ਅਤੇ ਉਪਰ ਉਠ ਕੇ ਕੋਈ ਵੱਡਾ ਸੁਪਨਾ ਦੇਖ ਸਕੀਏ ਜਾਂ ਉਸ ਲਈ ਤਿਆਗ ਅਤੇ ਮਿਹਨਤ ਕਰ ਸਕੀਏ। ਸ਼ਾਇਦ ਇਹ ਵਕਤ ਹੀ ਅਜਿਹਾ ਹੈ। ਅੱਜ ਚਾਰੇ ਪਾਸੇ ਬਹੁਤ ਗੰਦਗੀ ਫੈਲ ਗਈ ਹੈ। ਸਾਡੇ ਜ਼ਮਾਨੇ ਵਿਚ ਅਜਿਹਾ ਨਹੀਂ ਹੁੰਦਾ ਸੀ। ਇਹ ਕਿਹੋ ਜਿਹਾ ਵਕਤ ਹੈ ਕਿ ਕਰਨਮ ਮਲੇਸ਼ਵਰੀ ਨੂੰ ਆਪਣੇ ਕੋਚ 'ਤੇ ਅਜਿਹਾ ਦੋਸ਼ ਲਾਉਣਾ ਪੈ ਰਿਹਾ ਹੈ। ਕੋਚ ਤਾਂ ਪਿਤਾ ਦੇ ਬਰਾਬਰ ਹੁੰਦਾ ਹੈ। ਉਹ ਗੁਰੂ ਹੈ।

ਅੱਜ ਖੇਡ ਬੋਰਡ ਦੇ ਚੇਅਰਮੈਨ ਦੀ ਕੁਰਸੀ ਦਾ ਅਰਥ ਹੈ, ਨਿੱਜੀ ਲਾਭਾਂ ਦਾ ਸਮੀਕਰਨ। ਅਸੀਂ ਕਿਸੇ ਪੁਰਾਣੇ ਅਨੁਭਵੀ ਖਿਡਾਰੀ, ਜਿਸ ਨੇ ਦੇਸ਼ ਦਾ ਮਾਣ ਵਧਾਇਆ ਹੋਵੇ, ਨੂੰ ਇਹ ਜ਼ਿੰਮੇਵਾਰੀ ਕਿਉਂ ਨਹੀਂ ਸੌਂਪਦੇ? ਤੁਸੀਂ ਕਿਸੇ ਤਾਕਤਵਰ ਖਿਲਾਫ ਜ਼ਰਾ ਬੋਲ ਕੇ ਦੇਖੋ, ਤੁਹਾਨੂੰ ਇਕ ਵੋਟ ਨਹੀਂ ਮਿਲੇਗੀ। ਕੌਣ ਲੜੇਗਾ, ਕੌਣ ਜਿੱਤੇਗਾ, ਸਭ ਕੁਝ ਪਹਿਲਾਂ ਤੋਂ ਇਸ ਤਰ੍ਹਾਂ ਤੈਅ ਰਹਿੰਦਾ ਹੈ ਕਿ ਬਾਹਰ ਦਾ ਕੋਈ ਵਿਅਕਤੀ ਉਸ ਵਿਚ ਸੰਨ੍ਹ ਨਹੀਂ ਮਾਰ ਸਕਦਾ।

ਸਾਡੇ ਇਥੇ ਵੱਡੇ ਖਿਡਾਰੀ ਪੈਦਾ ਨਹੀਂ ਹੁੰਦੇ ਕਿਉਂਕਿ ਉਹ ਜ਼ਮੀਨ ਹੀ ਨਹੀਂ ਹੈ, ਜੋ ਅਜਿਹੇ ਖਿਡਾਰੀ ਪੈਦਾ ਕਰ ਸਕੇ। ਇਹ ਪ੍ਰੇਰਣਾ, ਇਹ ਹਿੰਮਤ ਆਖਰ ਆਏਗੀ ਕਿਥੋਂ? ਵਿਦੇਸ਼ਾਂ ਵਿਚ ਹਰ ਸਕੂਲ ਵਿਚ ਅਥਲੈਟਿਕਸ, ਤੈਰਾਕੀ, ਜਿਮਨਾਸਟਿਕ ਆਦਿ ਜ਼ਰੂਰੀ ਹੈ। ਬੱਚੇ ਸ਼ੁਰੂ ਤੋਂ ਹੀ ਇਨ੍ਹਾਂ ਖੇਡਾਂ ਵਿਚ ਸਰਗਰਮ ਹੁੰਦੇ ਹਨ ਅਤੇ ਖਿਡਾਰੀਆਂ ਦੀ ਚੋਣ ਕਰਨ ਅਤੇ ਉਨ੍ਹਾਂ ਨੂੰ ਤਿਆਰ ਕਰਨ ਵਾਲੇ ਲੋਕ ਉਥੋਂ ਹੀ ਬੱਚਿਆਂ ਨੂੰ ਚੁਣ ਕੇ ਉਨ੍ਹਾਂ ਨੂੰ ਬਕਾਇਦਾ ਸਿਖਲਾਈ ਦੇਣ ਅਤੇ ਨਿਖਾਰਣ ਦਾ ਕੰਮ ਕਰਦੇ ਹਨ। ਸਾਡੇ ਇਥੇ ਅਜਿਹਾ ਕੋਈ ਸਿਸਟਮ ਨਹੀਂ ਹੈ।

ਖਿਡਾਰੀਆਂ ਦੀ ਸਥਿਤੀ ਬਹੁਤ ਬੁਰੀ ਹੈ। ਉਹ ਆਰਥਕ ਤੰਗੀ ਸਣੇ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਉਨ੍ਹਾਂ ਉਪਰ ਸਭ ਤੋਂ ਉਚੀ ਕੁਰਸੀ 'ਤੇ ਬੈਠਾ ਹੈ ਕੋਈ ਦਲਾਲ ਜਾਂ ਨੌਕਰਸ਼ਾਹ।

ਇਸ ਖੁਸ਼ੀ ਮੌਕੇ ਅੱਖਾਂ ਨਮ ਵੀ ਹੋ ਜਾਂਦੀਆਂ ਹਨ। ਅਜਿਹਾ ਕੌਣ ਹੈ, ਜੋ ਇਕ ਖਿਡਾਰੀ ਅੰਦਰ ਬੈਠੀ ਉਸ ਡੂੰਘੀ ਪੀੜ ਦੀ ਸਾਰ ਲੈ ਸਕੇ। ਵੱਡੇ ਪ੍ਰਬੰਧ ਹੋਣਗੇ ਡਾਂਸ, ਰੌਸ਼ਨੀ, ਚਮਕ-ਦਮਕ, ਦਿਖਾਵਾ, ਸਭ ਕੁਝ ਹੋਵੇਗਾ। ਸੰਭਵ ਹੈ ਨਿਸ਼ਾਨੇਬਾਜ਼ੀ ਜਾਂ ਕੁਸ਼ਤੀ ਵਿਚ ਇਕ-ਅੱਧ ਮੈਡਲ ਮਿਲ ਵੀ ਜਾਵੇ ਪਰ ਤਾਂ ਵੀ ਦਿਲ ਵਿਚ ਇਕ ਕਸਕ ਬਾਕੀ ਰਹਿ ਜਾਵੇਗੀ ਕਿ ਇਹ ਰੌਸ਼ਨੀਆਂ ਥੋੜ੍ਹੀਆਂ ਘੱਟ ਹੁੰਦੀਆਂ, ਦਿਖਾਵਾ ਥੋੜ੍ਹਾ ਘੱਟ ਹੀ ਹੁੰਦਾ, ਪਰ ਸਾਡੇ ਖਿਡਾਰੀਆਂ ਦੀ ਰੌਸ਼ਨੀ ਨਾਲ ਪੂਰੀ ਦੁਨੀਆ ਦੀਆਂ ਅੱਖਾਂ ਚੌਂਧਿਆ ਜਾਂਦੀਆਂ। ਅਸੀਂ ਮੈਡਲਾਂ ਦੀ ਬਰਸਾਤ ਕਰਦੇ। ਦੁਨੀਆ ਨੂੰ ਦਿਖਾਉਂਦੇ ਕਿ ਅਸੀਂ ਸਖ਼ਤ ਮਿਹਨਤ ਵਿਚ ਖ਼ੁਦ ਨੂੰ ਡੁਬੋ ਦੇਣ ਵਾਲੇ ਲੋਕ ਹਾਂ। ਪਰ ਮੇਰੀ ਇਸ ਪੀੜਾ ਨੂੰ ਕੌਣ ਸਮਝੇਗਾ ਕਿ ਕਿਉਂ ਅਜਿਹਾ ਕਦੀ ਨਹੀਂ ਹੋਵੇਗਾ। ਕਿਉਂ ਅਜਿਹਾ ਕਦੇ ਹੋ ਨਹੀਂ ਸਕਿਆ। ◻

ਗਰੀਬਾਂ ਨੂੰ ਤਾਂ ਬਖ਼ਸ਼ ਦਿਓ

ਸ਼ਾਂਤਾ ਕੁਮਾਰ

ਕੇਂਦਰ ਸਰਕਾਰ ਨੇ ਤੇਲ ਅਤੇ ਗੈਸ ਬਾਜ਼ਾਰ ਦੇ ਹਵਾਲੇ ਕਰਨ ਪਿਛੇ ਵਧਦੀ ਸਬਸਿਡੀ ਦਾ ਤਰਕ ਦਿੱਤਾ ਹੈ। ਉਸ ਦਾ ਕਹਿਣਾ ਹੈ ਕਿ ਸਰਕਾਰ ਰੋਜ਼ਾਨਾ ਸੱਤ ਹਜ਼ਾਰ ਕਰੋੜ ਰੁਪਏ ਦੀ ਸਬਸਿਡੀ ਦਾ ਬੋਝ ਝੱਲ ਨਹੀਂ ਸਕਦੀ। ਇਸ 'ਤੇ ਬਹੁਤ ਬਹਿਸ ਹੋਈ। ਵਿਰੋਧੀ ਧਿਰ ਨੇ ਇਕਜੁੱਟ ਹੋ ਕੇ ਭਾਰਤ ਬੰਦ ਕੀਤਾ। ਸਬਸਿਡੀ ਦੇ ਬੋਝ ਦੇ ਤਰਕ ਨੂੰ ਮੀਡੀਆ ਵਿਚ ਵੀ ਸਮਰਥਨ ਮਿਲਿਆ। ਪਰ ਇਹ ਬੋਝ ਕਿਵੇਂ ਘੱਟ ਕੀਤਾ ਜਾਵੇ, ਇਸ 'ਤੇ ਡੂੰਘਾਈ ਨਾਲ ਵਿਚਾਰ ਨਹੀਂ ਹੋਇਆ। ਸਰਕਾਰ 'ਤੇ ਸਬਸਿਡੀ ਦਾ ਬੇਸ਼ੱਕ ਬੋਝ ਹੈ, ਜਿਸ ਨੂੰ ਘੱਟ ਕਰਨਾ ਚਾਹੀਦਾ ਹੈ। ਪਰ ਇਹ ਬੋਝ ਘੱਟ ਕਰਨ ਲਈ ਭਾਰ ਕਿਸ 'ਤੇ ਪਾਉਣਾ ਚਾਹੀਦਾ ਹੈ, ਇਸ 'ਤੇ ਬਹੁਤ ਵਿਚਾਰ-ਚਰਚਾ ਨਹੀਂ ਹੋਈ। ਸਰਕਾਰੀ ਅੰਕੜਿਆਂ ਅਨੁਸਾਰ ਕਰੀਬ 70 ਕਰੋੜ ਲੋਕ 20 ਰੁਪਏ ਰੋਜ਼ਾਨਾ 'ਤੇ ਗੁਜ਼ਾਰਾ ਕਰ ਰਹੇ ਹਨ। ਸਵਾਲ ਇਹ ਹੈ ਕਿ ਕੀ ਉਨ੍ਹਾਂ 'ਤੇ ਮਹਿੰਗਾਈ ਦਾ ਹੋਰ ਵਧ ਬੋਝ ਪਾਉਣਾ ਜਾਇਜ਼ ਹੈ? ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਅਨੁਸਾਰ ਵਿਸ਼ਵ ਵਿਚ ਸਭ ਤੋਂ ਵੱਧ ਭੁੱਖੇ ਲੋਕ ਭਾਰਤ ਵਿਚ ਰਹਿੰਦੇ ਹਨ। ਸਬਸਿਡੀ ਹਟਾਉਣ ਲਈ ਕੀ ਉਨ੍ਹਾਂ 'ਤੇ ਬੋਝ ਪਾ ਦਿੱਤਾ ਜਾਵੇ?

ਦੇਸ਼ ਵਿਚ ਕਰੀਬ 20 ਕਰੋੜ ਲੋਕ ਅਜਿਹੇ ਹਨ, ਜੋ ਲਗਾਤਾਰ ਅਮੀਰ ਹੁੰਦੇ ਜਾ ਰਹੇ ਹਨ। ਦੁਨੀਆ ਭਰ ਵਿਚ ਅਰਬਪਤੀ ਭਾਰਤੀਆਂ ਦੀ ਸੰਖਿਆ ਵਧ ਰਹੀ ਹੈ। ਫੋਰਬਸ ਦੀ ਰਿਪੋਰਟ ਅਨੁਸਾਰ, ਪਿਛਲੇ ਇਕ ਸਾਲ ਵਿਚ ਇਥੇ ਅਮੀਰਾਂ ਦੀ ਸੰਪਤੀ ਛੇ ਲੱਖ ਕਰੋੜ ਤੋਂ ਵੱਧ ਕੇ 13 ਲੱਖ ਕਰੋੜ ਹੋ ਗਈ। ਸਰਕਾਰ ਆਪਣੇ ਸਾਧਨ ਵਧਾਉਣ ਲਈ ਇਨ੍ਹਾਂ 20 ਕਰੋੜ ਲੋਕਾਂ 'ਤੇ ਵਿਸ਼ੇਸ਼ ਕਰ ਲਗਾ ਸਕਦੀ ਹੈ। ਇਸੇ ਤਰ੍ਹਾਂ ਮਹਿੰਗੇ ਅਤੇ ਦਿਖਾਵੇ ਦੇ ਭੜਕੀਲੇ ਸਾਮਾਨ 'ਤੇ ਵੀ ਹੋਰ ਟੈਕਸ ਲਗਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਦੇਸ਼ ਅਤੇ ਵਿਦੇਸ਼ ਦੇ ਗੈਰ ਯੋਜਨਾ ਵਪਾਰ ਵਿਚ ਫਜ਼ੂਲ ਖਰਚੀ ਰੋਕ ਕੇ ਘੱਟ ਤੋਂ ਘੱਟ 10 ਫੀਸਦੀ ਦੀ ਬਚਤ ਕੀਤੀ ਜਾ ਸਕਦੀ ਹੈ।

ਇਨ੍ਹਾਂ ਸੁਝਾਵਾਂ ਨਾਲ ਕੇਂਦਰ ਸਰਕਾਰ ਦੇ ਬਜਟ ਵਿਚ 40 ਹਜ਼ਾਰ ਕਰੋੜ ਦੀ ਬਚਤ ਹੋ ਸਕਦੀ ਹੈ। ਭ੍ਰਿਸ਼ਟਾਚਾਰ 'ਤੇ ਰੋਕ ਲਾਉਣ ਦਾ ਕੰਮ ਹੋ ਜਾਵੇ ਤਾਂ ਸਰਕਾਰ ਕੋਲ ਏਨਾ ਧਨ ਆ ਜਾਵੇਗਾ ਕਿ ਇਸ ਨਾਲ ਗਰੀਬ 'ਤੇ ਬੋਝ ਹੋਰ ਵੀ ਘੱਟ ਕੀਤਾ ਜਾ ਸਕਦਾ ਹੈ। ਸਰਕਾਰ ਇਕ ਪਾਸੇ ਝੋਂਪੜੀਆਂ ਵਿਚ ਦਮ ਤੋੜਦੇ ਗਰੀਬਾਂ ਨੂੰ ਮਹਿੰਗਾਈ ਦੀ ਮਾਰ ਦੇ ਰਹੀ ਹੈ, ਦੂਸਰੇ ਪਾਸੇ ਭ੍ਰਿਸ਼ਟਾਚਾਰੀਆਂ ਨੂੰ ਖੁੱਲ੍ਹੀ ਛੂਟੀ ਦੇ ਰਹੀ ਹੈ।

ਭ੍ਰਿਸ਼ਟਾਚਾਰ ਦਾ ਸਿਰਫ ਇਕ ਉਦਾਹਰਣ ਸਥਿਤੀ ਦੱਸਣ ਲਈ ਕਾਫੀ ਹੈ। ਜਨਵਰੀ 2007 ਵਿਚ ਪੂਨਾ ਦੇ ਇਕ ਰਿਅਲ ਅਸਟੇਟ ਏਜੰਟ ਅਤੇ ਘੋੜੇ ਵੇਚਣ ਵਾਲੇ ਵਿਅਕਤੀ ਦੇ ਤਿੰਨ ਘਰਾਂ 'ਤੇ ਆਮਦਨ ਵਿਭਾਗ ਵੱਲੋਂ ਛਾਪੇ ਮਾਰੇ ਗਏ। ਉਸ ਦੌਰਾਨ ਇਤਰਾਜ਼ਯੋਗ ਦਸਤਾਵੇਜ਼ ਮਿਲਣ ਦੇ ਆਧਾਰ 'ਤੇ ਉਸ ਨੂੰ 40 ਹਜ਼ਾਰ ਕਰੋੜ ਰੁਪਏ ਆਮਦਨ ਕਰ ਜਮ੍ਹਾ ਕਰਾਉਣ ਦਾ ਨੋਟਿਸ ਦਿੱਤਾ ਗਿਆ। ਸਵਿਟਜ਼ਰਲੈਂਡ ਸਥਿਤ ਬੈਂਕਾਂ ਵਿਚ ਉਸ ਦੇ 10 ਗੁਪਤ ਖਾਤਿਆਂ ਦਾ ਵੀ ਪਤਾ ਲੱਗਾ, ਜਿਨ੍ਹਾਂ ਵਿਚੋਂ ਇਕ ਖਾਤੇ ਵਿਚ 8 ਅਰਬ ਡਾਲਰ ਜਮ੍ਹਾਂ ਹੋਣ ਦਾ ਪ੍ਰਮਾਣ ਮਿਲਿਆ। ਉਸ ਆਦਮੀ 'ਤੇ ਇਕ ਜਾਅਲੀ ਪਾਸਪੋਰਟ ਰੱਖਣ ਦਾ ਮੁਕੱਦਮਾ ਚੱਲਿਆ। ਉਸ ਦੀ ਗ੍ਰਿਫਤਾਰੀ ਹੋਈ, ਫੇਰ ਉਸ ਨੂੰ ਜ਼ਮਾਨਤ ਮਿਲੀ। ਬਹੁਤ ਰੌਲਾ ਰੱਪਾ ਪਿਆ, ਤਾਂ ਸਰਕਾਰ ਨੂੰ ਹਾਈ ਕੋਰਟ ਵਿਚ ਅਪੀਲ ਦਾਖ਼ਲ ਕਰਨੀ ਪਈ, ਪਰ ਜਦੋਂ ਛੇ ਮਹੀਨੇ ਤੱਕ ਕੋਈ ਕਾਰਵਾਈ ਸਰਕਾਰ ਵੱਲੋਂ ਨਹੀਂ ਕੀਤੀ ਗਈ, ਤਾਂ ਅਦਾਲਤ ਨੇ ਆਪਣੀ ਟਿੱਪਣੀ ਵਿਚ ਕਿਹਾ ਕਿ ਜਦੋਂ ਸਰਕਾਰ ਭ੍ਰਿਸ਼ਟਾਚਾਰ ਦੇ ਇਸ ਮਾਮਲੇ ਵਿਚ ਉਦਾਸੀਨ ਹੈ, ਤਾਂ ਅਦਾਲਤ ਵੀ ਆਪਣਾ ਸਮਾਂ ਕਿਉਂ ਬਰਬਾਦ ਕਰੇ! ਗੌਰਤਲਬ ਹੈ ਕਿ ਭਾਜਪਾ ਦੇ ਇਕ ਵਿਧਾਇਕ ਨੇ ਮਹਾਂਰਾਸ਼ਟਰ ਵਿਧਾਨ ਸਭਾ ਵਿਚ ਇਕ ਸੀ.ਡੀ. ਪੇਸ਼ ਕੀਤੀ, ਜਿਸ ਵਿਚ ਹਸਨ ਅਲੀ ਅਤੇ ਕਈ ਕੱਦਾਵਰ ਆਗੂਆਂ ਦੀ ਗੱਲਬਾਤ ਰਿਕਾਰਡ ਸੀ। ਉਸ ਗੱਲਬਾਤ ਵਿਚ ਕੁਝ ਮੰਤਰੀ, ਮੁੱਖ ਮੰਤਰੀ ਅਤੇ ਕੇਂਦਰ ਦੇ ਆਗੂ ਵੀ ਸ਼ਾਮਲ ਸਨ। ਇਸ ਮਾਮਲੇ ਦੀ ਅਖ਼ਬਾਰਾਂ ਵਿਚ ਚਰਚਾ ਹੋਈ। ਵਿਧਾਨ ਸਭਾ ਅਤੇ ਸੰਸਦ ਵਿਚ ਮਾਮਲਾ ਉਠਿਆ, ਪਰ ਹੋਇਆ ਕੁਝ ਵੀ ਨਹੀਂ, ਕਿਉਂਕਿ ਦੋਸ਼ੀ ਵਿਅਕਤੀ ਦੇ ਸਬੰਧ ਦੇਸ਼ ਦੇ ਵੱਡੇ ਵੱਡੇ ਨੇਤਾਵਾਂ ਨਾਲ ਸਨ। ਸਰਕਾਰ ਵੱਲੋਂ ਕਿਸੇ ਨੇ ਇਹ ਸਵਾਲ ਨਹੀਂ ਉਠਾਇਆ ਕਿ ਘੋੜੇ ਪਾਲਣ ਵਾਲਾ ਇਕ ਵਿਅਕਤੀ ਅਰਬਾਂ ਰੁਪਏ ਕਿਥੋਂ ਕਮਾ ਸਕਦਾ ਹੈ ਜਾਂ ਉਹ ਵਿਦੇਸ਼ੀ ਬੈਂਕਾਂ ਵਿਚ ਖਾਤੇ ਵੀ ਕਿਵੇਂ ਖੁਲ੍ਹਵਾ ਸਕਦਾ ਹੈ? ਇਸ ਦੇਸ਼ ਵਿਚ ਕਾਨੂੰਨ ਦਾ ਰਾਜ ਹੈ ਜਾਂ ਭ੍ਰਿਸ਼ਟਾਚਾਰੀਆਂ ਦਾ?

ਜ਼ਾਹਰ ਹੈ, ਸਰਕਾਰ ਆਪਣੀ ਭੂਮਿਕਾ ਬਾਖ਼ੂਬੀ ਨਿਭਾਉਣ ਦੀ ਇੱਛੁਕ ਨਹੀਂ ਹੈ। ਇਹ ਤਾਂ ਇਕ ਉਦਾਹਰਣ ਹੀ ਹੈ। ਅਜਿਹੇ ਕਿੰਨੇ ਹੀ ਤਿਕੜਮੀ ਲੋਕ ਸੱਤਾ ਨਾਲ ਨਜ਼ਦੀਕੀ ਬਣਾ ਕੇ ਆਪਣਾ ਘਰ ਭਰ ਰਹੇ ਹਨ ਅਤੇ ਸਰਕਾਰ ਨੂੰ ਚੂਨਾ ਲਗਾ ਰਹੇ ਹਨ। ਉਨ੍ਹਾਂ ਦੀ ਸ਼ਨਾਖਤ ਕਰਨ ਦੀ ਬਜਾਏ ਸਰਕਾਰ ਵਾਰ ਵਾਰ ਅਜਿਹੇ ਲੋਕਾਂ ਨੂੰ ਨਿਸ਼ਾਨਾ ਬਣਾਉਂਦੀ ਹੈ, ਜੋ ਆਪਣੀ ਮਿਹਨਤ ਅਤੇ ਇਮਾਨਦਾਰੀ ਦੇ ਬਾਵਜੂਦ ਦੋ ਵਕਤ ਦੀ ਰੋਟੀ ਮੁਸ਼ਕਲ ਨਾਲ ਕਮਾ ਪਾਉਂਦੇ ਹਨ। ਸਰਕਾਰ 'ਤੇ ਸਬਸਿਡੀ ਦਾ ਬੋਝ ਘੱਟ ਹੋਵੇ, ਪਰ ਇਸਦਾ ਮਤਲਬ ਇਹ ਨਹੀਂ ਕਿ ਪਹਿਲਾਂ ਤੋਂ ਹੀ ਮਰ ਮਰ ਕੇ ਜੀਵਨ ਕੱਟ ਰਹੇ ਗਰੀਬਾਂ 'ਤੇ ਹੋਰ ਭਾਰ ਪਾ ਦਿੱਤਾ ਜਾਵੇ। ◻

ਧੁਖ਼ਦਾ ਕਾਲਮ

ਸੁਸ਼ੀਲ ਦੁਸਾਂਝ

ਗੁਮਰਾਹ ਹੋ ਗਏ ਨੇ ਰਸਤਾ ਦਿਖਾਉਣ ਵਾਲੇ

ਆਪਣੇ ਸਮਾਜ ਵਿਚ ਪਿਛਲੇ ਕੁਝ ਸਾਲਾਂ ਤੋਂ ਬਹੁਤ ਕੁਝ ਬੜੀ ਤੇਜ਼ੀ ਨਾਲ ਬਦਲਿਆ ਹੈ। ਬਦਲਾਅ ਜ਼ਰੂਰੀ ਵੀ ਹੈ ਅਤੇ ਇਹ ਕੋਈ ਗ਼ੈਰ ਕੁਦਰਤੀ ਵਰਤਾਰਾ ਵੀ ਨਹੀਂ ਹੈ। ਵਕਤ ਦੇ ਨਾਲ-ਨਾਲ ਹੀ ਸਮਾਜ ਨੇ ਵਿਕਾਸ ਕਰਨਾ ਹੁੰਦਾ ਹੈ ਅਤੇ ਹਰ ਖੇਤਰ ਵਿਚ ਬਦਲਾਅ ਵੀ ਲਾਜ਼ਮੀ ਹੀ ਹੋਣੇ ਹੁੰਦੇ ਹਨ। ਸਵਾਲ ਇਹ ਨਹੀਂ ਕਿ ਆਪਣੇ ਆਲੇ-ਦੁਆਲੇ ਬੜਾ ਕੁਝ ਤਬਦੀਲ ਕਿਉਂ ਹੋ ਗਿਆ ਹੈ; ਸਵਾਲ ਇਹ ਹੈ ਕਿ ਇਸ ਤਬਦੀਲੀ ਦੀ ਦਿਸ਼ਾ ਕੀ ਹੈ? ਕੀ ਬੜੀ ਤੇਜ਼ੀ ਨਾਲ ਹੋ ਰਹੀਆਂ ਤਬਦੀਲੀਆਂ ਮਨੁੱਖੀ ਜੀਵਨ ਨੂੰ ਹੋਰ ਚੰਗੇਰਾ ਬਣਾਉਣ ਵੱਲ ਸੇਧਤ ਹਨ ਜਾਂ ਫਿਰ ਜੋ ਕੁਝ ਚੰਗਾ ਹੈ ਉਸਨੂੰ ਪੁੱਠਾ ਗੇੜ ਦੇਣ ਵੱਲ? ਦਰਅਸਲ, ਪਿਛਲੇ 20 ਕੁ ਸਾਲਾਂ ਤੋਂ ਉਦਾਰੀਕਰਨ ਦੀ ਲਹਿਰ ਨੇ ਤਬਦੀਲੀ ਦਾ ਰੁਖ ਧੁੰਦਲਕੇ ਵੱਲ ਮੋੜ ਦਿੱਤਾ ਹੈ। ਇਹ ਧੁੰਦਲਕਾ ਹਰ ਖੇਤਰ ਵਿਚ ਦਿਖਾਈ ਦੇ ਰਿਹਾ ਹੈ; ਪਰ ਅੱਜ ਗਲ ਮੀਡੀਏ ਦੀ ਕਰਨੀ ਹੈ।

ਸੱਚ ਇਹ ਹੈ ਕਿ ਮੀਡੀਆ ਦਾ ਇਕ ਵੱਡਾ ਹਿੱਸਾ ਅੱਜ ਸਾਰੀਆਂ ਸੀਮਾਵਾਂ ਉਲੰਘ ਰਿਹਾ ਹੈ। ਬਿਜਲਈ ਮੀਡੀਏ ਨੇ ਤਾਂ ਮੁਕਾਬਲੇਬਾਜ਼ੀ ਵਿਚ ਪੈਂਦਿਆਂ ਸ਼ਰਮ ਹਯਾ ਨਾਂਅ ਦੇ ਸ਼ਬਦ ਆਪਣੀ ਡਿਕਸ਼ਨਰੀ ਵਿਚੋਂ ਲਗਭਗ ਮੇਟ ਹੀ ਦਿੱਤੇ ਹਨ। ਸਟਿੰਗ ਅਪ੍ਰੇਸ਼ਨਾਂ ਦੇ ਨਾਂਅ 'ਤੇ ਬਿਜਲਈ ਮੀਡੀਆ ਅਸ਼ਲੀਲਤਾ ਦਾ ਪੂਰਾ ਬਾਜ਼ਾਰ ਲਾ ਕੇ ਬੈਠ ਗਿਆ ਹੈ। ਇਥੋਂ ਤੱਕ ਕਿ ਸਿਰਫ਼ ਖ਼ਬਰਾਂ 'ਤੇ ਅਧਾਰਤ ਪ੍ਰੋਗਰਾਮਾਂ ਵਿਚ ਵੀ ਕਿਸੇ ਨਾ ਕਿਸੇ ਬਹਾਨੇ ਨਾਲ ਅਸ਼ਲੀਲਤਾ ਪਰੋਸ ਦਿੱਤੀ ਜਾਂਦੀ ਹੈ। ਮਨੋਰੰਜਨ ਚੈਨਲਾਂ ਵਲੋਂ ਪਰੋਸੀ ਜਾਂਦੀ ਅਸ਼ਲੀਲਤਾ ਦੀ ਤਾਂ ਕੋਈ ਹੱਦ ਹੀ ਨਹੀਂ ਰਹੀ ਹੈ। ਸੈਂਕੜੇ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਪਰ ਆਪਾਂ ਸਾਰੇ ਹੀ ਇਹ ਸਾਰਾ ਕੁਝ ਹਰ ਰੋਜ਼ ਨਾ ਚਾਹੁੰਦਿਆਂ ਹੋਇਆਂ ਵੀ ਦੇਖਦੇ ਹੀ ਹਾਂ; ਖਿਝਦੇ ਵੀ ਹਾਂ ਪਰ ਕੁਝ ਕਰ ਨਹੀਂ ਪਾਉਂਦੇ। ਬਿਜਲਈ ਮੀਡੀਏ ਦੇ ਪਿੱਛੇ-ਪਿੱਛੇ ਹੀ ਪ੍ਰਿੰਟ ਮੀਡੀਆ ਤੁਰਿਆ ਆ ਰਿਹਾ ਹੈ।

ਵਿਦੇਸ਼ੀ ਮੀਡੀਏ ਨੂੰ ਭਾਰਤ ਵਿਚ ਖੁਲ੍ਹ-ਖੇਡਣ ਦੀ ਆਗਿਆ ਦਿੱਤੇ ਜਾਣ ਸਾਰ ਹੀ ਲੰਡਨ ਦਾ ਰਸਾਲਾ 'ਮੈਕਸਿਮ' ਭਾਰਤ ਤੋਂ ਵੀ ਛੱਪਣ ਲੱਗ ਗਿਆ ਹੈ। ਆਪਣੇ ਮੁਲਕ ਦੇ ਪ੍ਰਿੰਟ ਮੀਡੀਏ ਦਾ ਇਕ ਹਿੱਸਾ ਵੀ ਵਿਦੇਸ਼ੀ ਮੀਡੀਏ ਦੀ ਹੀ ਪੈੜ ਚਾਲ ਨੱਪਦਾ ਦਿਖਾਈ ਦੇ ਰਿਹਾ ਹੈ। ਕਥਿਤ ਆਧੁਨਿਕਰਨ ਦੇ ਨਾਂਅ 'ਤੇ ਖਪਤ ਸਭਿਆਚਾਰ ਦਾ ਖੁਲ੍ਹਾ ਪ੍ਰਚਾਰ ਕੀਤਾ ਜਾ ਰਿਹਾ ਹੈ। ਮੁਲਕ ਦੇ ਬਹੁਤੇ ਮੀਡੀਆ ਗਰੁੱਪ ਆਪਣੀ ਪੂੰਜੀ ਨੂੰ ਦੂਣ-ਸਵਾਇਆ ਕਰਨ ਦੇ ਯਤਨਾਂ ਵਿਚ ਲੱਗੇ ਹੋਏ ਨੈਤਿਕਤਾ ਨੂੰ ਲਗਾਤਾਰ ਲੀਰੋ-ਲੀਰ ਕਰਦੇ ਜਾ ਰਹੇ ਹਨ। ਆਮ ਬੰਦੇ ਦੀਆਂ ਸਮਸਿਆਵਾਂ- ਰੋਟੀ, ਰੁਜ਼ਗਾਰ ਅਤੇ ਜੀਉਣ ਹਾਲਤਾਂ ਨਾਲ ਇਨ੍ਹਾਂ ਦਾ ਕੋਈ ਲੈਣ-ਦੇਣ ਨਹੀਂ ਹੈ। ਇਹ ਅਸ਼ਲੀਲਤਾ, ਹਿੰਸਾ ਅਤੇ ਜੁਰਮਾਂ ਦੀਆਂ 'ਬਾਕਸ ਆਈਟਮਾਂ' ਲਗਾ ਕੇ ਹੀ ਆਪਣੀਆਂ ਤਿਜੌਰੀਆਂ ਭਰ ਸਕਦੇ ਹਨ। ਤਿਜੌਰੀਆਂ ਭਰਨ ਦੇ ਆਹਰ ਵਿਚ ਜੁਟੇ ਹੋਏ ਮੀਡੀਏ ਦੇ ਇਸ ਵੱਡੇ ਹਿੱਸੇ ਦਾ ਪਹਿਲਾ ਅਤੇ ਆਖ਼ਰੀ ਮੰਤਰ 'ਖਾਓ ਪੀਓ, ਐਸ਼ ਕਰੋ' ਹੈ।

ਅਸ਼ਲੀਲਤਾ ਦੇ ਖੁਲ੍ਹੇ ਇਸ ਬਾਜ਼ਾਰ ਵਿਚ ਪੰਜਾਬੀ ਪ੍ਰਿੰਟ ਮੀਡੀਏ ਦਾ ਇਕ ਹਿੱਸਾ ਵੀ ਆਪਣੀ ਡਫ਼ਲੀ ਵਜਾ ਰਿਹਾ ਹੈ। ਬਾਜ਼ਾਰੂ ਸਭਿਆਚਾਰ ਦੇ ਵਾਹਕ ਇਸ ਮੀਡੀਏ ਨੇ ਪਿਛਲੇ ਕੁਝ ਸਾਲਾਂ ਤੋਂ ਪੱਤਰਕਾਰਤਾ ਦੇ ਧਰਮ ਨੂੰ ਹੀ ਪੈਰਾਂ ਹੇਠ ਮਧੋਲ ਛੱਡਿਆ ਹੈ। ਪੰਜਾਬੀ ਪਤੱਰਕਾਰੀ ਦਾ ਇਤਿਹਾਸ ਸ਼ਾਨਾਮੱਤਾ ਹੈ। ਆਜ਼ਾਦੀ ਦੀ ਲਹਿਰ ਵਿਚ ਸ਼ਾਨਦਾਰ ਅਤੇ ਜਾਨਦਾਰ ਭੂਮਿਕਾ ਨਿਭਾਉਣ ਵਾਲੀ ਪੰਜਾਬੀ ਪੱਤਰਕਾਰਤਾ ਆਜ਼ਾਦੀ ਤੋਂ ਬਾਅਦ ਵੀ ਸਦਾ ਹੀ ਲੋਕ ਲਹਿਰਾਂ ਦੀ ਪਿੱਠ 'ਤੇ ਖਲੋਂਦੀ ਰਹੀ ਹੈ ਪਰ ਪਿਛਲੇ ਕੁਝ ਵਰ੍ਹਿਆਂ ਤੋਂ ਪੰਜਾਬੀ ਮੀਡੀਏ ਵਿਚ ਵੀ ਬਾਜ਼ਾਰੂ ਸਭਿਆਚਾਰ ਦੀ ਖੁਲ੍ਹੀ ਘੁਸਪੈਠ ਦੇਖਣ ਨੂੰ ਮਿਲ ਰਹੀ ਹੈ। ਅੱਜ ਇਸ ਬਾਜ਼ਾਰੂ ਪੱਤਰਕਾਰਤਾ ਨਾਲ ਸਿੱਧਿਆਂ ਹੋ ਕੇ ਸਿੱਝਣ ਦੀ ਲੋੜ ਹੈ ਪਰ ਇਹ ਏਨਾ ਆਸਾਨ ਨਹੀਂ ਹੈ। ਅਸ਼ਲੀਲਤਾ ਦੀ ਇਸ ਹਨੇਰੀ ਨਾਲ ਟੱਕਰਨ ਲਈ ਇਸ ਪਿੱਛੇ ਕੰਮ ਕਰ ਰਹੀਆਂ ਤਾਕਤਾਂ ਨੂੰ ਪਛਾਨਣ ਦੀ ਲੋੜ ਹੈ। ਇਨ੍ਹਾਂ ਤਾਕਤਾਂ ਦੀ ਪਛਾਣ ਕਰਕੇ ਹੀ ਇਨ੍ਹਾਂ ਵਿਰੁੱਧ ਲੜਾਈ ਦੀ ਕੋਈ ਕਾਰਗਰ ਤਰਕੀਬ ਲੱਭੀ ਜਾ ਸਕਦੀ ਹੈ। ਆਓ ਫਿਰ ਆਪਾਂ ਸਿਰ ਜੋੜੀਏ, ਕੁਝ ਸੋਚੀਏ ਤੇ ਫਿਰ ਕੁਝ ਕਰੀਏ। ਜੇ ਅੱਜ ਵੀ ਆਪਣਾ ਇਹ ਫ਼ਰਜ਼ ਆਪਾਂ ਨਾ ਨਿਭਾਇਆ ਤਾਂ ਇਤਿਹਾਸ ਸਾਨੂੰ ਕਦੇ ਮੁਆਫ਼ ਨਹੀਂ ਕਰੇਗਾ। ਉਸਤਾਦ ਗ਼ਜ਼ਲਗੋ ਉਲਫ਼ਤ ਬਾਜਵਾ ਦੇ ਇਸ ਸ਼ਿਅਰ ਨਾਲ ਆਗਿਆ ਦਿਓ-

'ਲੋਕਾਂ ਨੂੰ ਕੌਣ ਦੱਸੇ ਮੰਜ਼ਿਲ ਦਾ ਠੀਕ ਰਸਤਾ,
ਗੁਮਰਾਹ ਹੋ ਗਏ ਨੇ ਰਸਤਾ ਦਿਖਾਉਣ ਵਾਲੇ।

◻

ਭਾਰਤ ਵਿਚ ਬਰਤਾਨਵੀ ਰਾਜ ਦੇ ਪੜਾਅ

ਬਿਪਨ ਚੰਦਰ , ਅਮਲੇਸ਼ ਤ੍ਰਿਪਾਠੀ, ਬਰੁਨ ਡੇ

1757 ਤੋਂ ਅੰਗਰੇਜ਼ਾਂ ਨੇ ਭਾਰਤ ਉੱਤੇ ਅਪਣੇ ਕਬਜ਼ੇ ਨੂੰ ਅਪਣੇ ਹਿੱਤਾਂ ਲਈ ਹੀ ਵਰਤਿਆ। ਪਰ ਇਹ ਨਤੀਜਾ ਕੱਢਣਾ ਵੀ ਗਲਤ ਹੋਵੇਗਾ ਕਿ ਉਨ੍ਹਾਂ ਦੇ ਭਾਰਤ 'ਤੇ ਰਾਜ ਦਾ ਮੂਲ ਮੰਤਵ ਸਦਾ ਇਹੀਓ ਰਿਹਾ। 200 ਵਰ੍ਹੇ ਦੀ ਲੰਬੀ ਹਕੂਮਤ ਵਿਚ ਇਹ ਕਈ ਪੜਾਵਾਂ ਵਿਚੋਂ ਲੰਘਿਆ। ਬਰਤਾਨਵੀ ਰਾਜ ਦੇ ਸਾਮਰਾਜ ਦਾ ਮੁਖੀ ਵਤੀਰਾ ਅਤੇ ਇਸ ਦੀਆਂ ਨੀਤੀਆਂ ਤੇ ਪ੍ਰਭਾਵ ਬਰਤਾਨੀਆ ਦੀਆਂ ਸਮਾਜਿਕ, ਆਰਥਿਕ ਤੇ ਰਾਜਸੀ ਤਬਦੀਲੀਆਂ ਦੇ ਨਾਲ ਨਾਲ ਬਦਲਦੇ ਰਹੇ ਹਨ।

1757 ਤੋਂ ਪਹਿਲਾਂ ਵੀ ਈਸਟ ਇੰਡੀਆ ਕੰਪਨੀ ਕੇਵਲ ਪੂੰਜੀ ਬਣਾਉਣ ਵਿਚ ਦਿਲਚਸਪੀ ਰੱਖਦੀ ਸੀ। ਇਹ ਭਾਰਤ ਅਤੇ ਹੋਰ ਪੂਰਬੀ ਦੇਸ਼ਾਂ ਨਾਲ ਅਪਣੀ ਤਜਾਰਤੀ ਅਜਾਰੇਦਾਰੀ ਰੱਖਣਾ ਚਾਹੁੰਦੀ ਸੀ ਤਾਂ ਕਿ ਦੂਜੇ ਯੂਰਪੀ ਵਪਾਰੀ ਜਾਂ ਵਪਾਰੀ ਕੰਪਨੀਆਂ ਇਸਦੇ ਮੁਕਾਬਲੇ 'ਤੇ ਨਾ ਆ ਸਕਣ। ਇਥੋਂ ਤੱਕ ਕਿ ਕੰਪਨੀ ਭਾਰਤੀ ਵਪਾਰੀਆਂ ਨੂੰ ਵੀ ਅਪਣੇ ਮੁਕਾਬਲੇ 'ਤੇ ਨਹੀਂ ਸੀ ਆਉਣ ਦੇਣਾ ਚਾਹੁੰਦੀ। ਕੰਪਨੀ ਚਾਹੁੰਦੀ ਸੀ ਕਿ ਭਾਰਤੀ ਵਪਾਰੀ ਵੀ ਭਾਰਤੀ ਉਪਜਾਂ ਦੀ ਭਾਰਤ ਵਿਚ ਖਰੀਦ ਜਾਂ ਭਾਰਤ ਤੋਂ ਬਾਹਰ ਵਿਕਰੀ ਦੇ ਪੱਖੋਂ ਕੰਪਨੀ ਨਾਲ ਟੱਕਰ ਨਾ ਲੈ ਸਕਣ।

ਦੂਜੇ ਸ਼ਬਦਾਂ ਵਿਚ ਕੰਪਨੀ ਅਪਣਾ ਮਾਲ ਵੱਧ ਤੋਂ ਵੱਧ ਕੀਮਤ ਉੱਤੇ ਵੇਚਣਾ ਚਾਹੁੰਦੀ ਸੀ ਤੇ ਭਾਰਤੀ ਮਾਲ ਘਟ ਤੋਂ ਘੱਟ ਕੀਮਤ 'ਤੇ ਖਰੀਦਣਾ ਚਾਹੁੰਦੀ ਸੀ ਜਿਸ ਨਾਲ ਇਸ ਨੂੰ ਵੱਧ ਤੋਂ ਵੱਧ ਮੁਨਾਫਾ ਹੋ ਸਕੇ। ਅਜਿਹਾ ਲਾਭ ਸਧਾਰਨ ਵਪਾਰ ਵਿਚ ਸੰਭਵ ਨਹੀਂ ਸੀ ਜਿੱਥੇ ਵੱਖ ਵੱਖ ਕੰਪਨੀਆਂ ਤੇ ਵਪਾਰੀ ਇਕ ਦੂਜੇ ਨਾਲ ਮੁਕਾਬਲਾ ਕਰਨ ਦਾ ਹੱਕ ਰੱਖਦੇ ਹਨ। ਕੰਪਨੀ ਵਾਸਤੇ ਅੰਗਰੇਜ਼ ਵਪਾਰੀਆਂ ਨੂੰ ਮੁਕਾਬਲੇ ਤੋਂ ਰੋਕੀ ਰੱਖਣਾ ਕੋਈ ਕਠਨ ਨਹੀਂ ਸੀ। ਅਜਿਹਾ ਕਰਨ ਲਈ ਕੰਪਨੀ ਰਿਸ਼ਵਤ ਵੀ ਦੇ ਸਕਦੀ ਸੀ ਤੇ ਸਰਕਾਰੀ ਦਬਾ ਵੀ ਪੁਆ ਸਕਦੀ ਸੀ। ਦਬਾ ਪਾਉਣ ਦੇ ਅਨੇਕਾਂ ਆਰਥਿਕ ਤੇ ਰਾਜਸੀ ਸਾਧਨ ਸਨ। ਪਰ ਬਰਤਾਨਵੀ ਕਾਨੂੰਨ ਦੂਜੇ ਯੂਰਪੀ ਦੇਸ਼ਾਂ ਦੇ ਵਪਾਰੀਆਂ ਤੇ ਕੰਪਨੀਆਂ ਨੂੰ ਨਹੀਂ ਰੋਕ ਸਕਦੇ ਸਨ। ਇਹੋ ਕਾਰਨ ਸੀ ਕਿ ਅਪਣੀ ਅਜਾਰੇਦਾਰੀ ਕਾਇਮ ਰੱਖਣ ਲਈ ਈਸਟ ਇੰਡੀਆ ਕੰਪਨੀ ਨੂੰ ਬਾਹਰੀ ਕੰਪਨੀਆਂ ਨਾਲ ਲੰਮੀ ਤੇ ਕਰੜੀ ਲੜਾਈ ਲੜਨੀ ਪਈ। ਬਾਹਰੀ ਵਪਾਰੀ ਦੂਰ, ਕਈ ਸਾਗਰਾਂ ਤੋਂ ਪਾਰ, ਦੇ ਸਨ, ਇਸ ਲਈ ਕੰਪਨੀ ਨੂੰ ਇਕ ਬਹੁਤ ਵੱਡੀ ਜਲ ਸੈਨਾ ਤਿਆਰ ਕਰਨੀ ਪਈ।

ਭਾਰਤੀ ਵਪਾਰੀਆਂ ਨੂੰ ਰੋਕੀ ਰੱਖਣਾ ਵੀ ਏਨਾ ਸੌਖਾ ਕੰਮ ਨਹੀਂ ਸੀ। ਇਨ੍ਹਾਂ ਦੀ ਪਿੱਠ ਉੱਤੇ ਸ਼ਕਤੀਸ਼ਾਲੀ ਮੁਗਲ ਰਾਜ ਸੀ। ਸਤਾਰ੍ਹਵੀਂ ਸਦੀ ਅਤੇ ਅਠਾਰ੍ਹਵੀਂ ਸਦੀ ਦੇ ਸ਼ੁਰੂ ਵਿਚ ਤਾਂ ਭਾਰਤ ਨਾਲ ਕੋਈ ਵੀ ਵਪਾਰ ਕਰਨ ਲਈ ਮੁਗਲ ਰਾਜਿਆਂ ਅਤੇ ਉਹਨਾਂ ਦੇ ਪ੍ਰਾਂਤਕ ਗਵਰਨਰਾਂ ਨੂੰ ਦਰਖਾਸਤਾਂ ਦੇ ਕੇ ਉਨ੍ਹਾਂ ਦੀਆਂ ਮਿੰਨਤਾਂ ਕਰਨੀਆਂ ਪੈਂਦੀਆਂ ਸਨ। ਪਰ ਅਠਾਰਵੀਂ ਸਦੀ ਦੇ ਆਰੰਭ ਵਿਚ ਹੀ ਮੁਗਲ ਰਾਜ ਕਮਜ਼ੋਰ ਹੋ ਗਿਆ ਅਤੇ ਦੂਰ ਦੂਰ ਦੇ ਸਾਗਰ-ਤੱਟੀ ਇਲਾਕਿਆਂ ਉੱਤੇ ਇਸ ਦਾ ਕਾਬੂ ਢਿੱਲਾ ਪੈਣ ਲੱਗਿਆ। ਓਧਰ ਕੰਪਨੀ ਆਪਣੀ ਜਲ ਸੈਨਿਕ ਸ਼ਕਤੀ ਦੇ ਸਹਾਰੇ ਭਾਰਤੀ ਵਪਾਰੀਆਂ ਨੂੰ ਵਿਦੇਸ਼ੀ ਵਪਾਰ ਆਦਿ ਲਈ ਸਾਹਿਲ ਦੇ ਨੇੜੇ ਨਹੀਂ ਸੀ ਲੱਗਣ ਦਿੰਦੀ।

ਇਕ ਹੋਰ ਗੱਲ ਦਾ ਧਿਆਨ ਰੱਖਣਾ ਵੀ ਬੜਾ ਜ਼ਰੂਰੀ ਸੀ। ਕੰਪਨੀ ਨੂੰ ਭਾਰਤ ਤੇ ਮਹਾਂਸਾਗਰਾਂ ਵਿਚ ਅਪਣਾ ਅਧਿਕਾਰ ਰੱਖਣ ਲਈ ਖੁੱਲ੍ਹੇ ਪੈਸੇ ਦੀ ਲੋੜ ਸੀ ਜਿਸ ਨਾਲ ਉਹ ਬਹੁਤ ਵੱਡੀ ਸੈਨਾ ਤਿਆਰ ਕਰਕੇ ਭਾਰਤ ਅਤੇ ਹੋਰ ਸਥਾਨਾਂ 'ਤੇ ਅਪਣੀਆਂ ਵਪਾਰੀ ਚੌਕੀਆਂ ਕਾਇਮ ਰੱਖ ਸਕਦੀ। ਪਰ ਏਨਾ ਪੈਸਾ ਨਾ ਹੀ ਬਰਤਾਨਵੀ ਰਾਜ ਕੋਲ ਸੀ ਤੇ ਨਾ ਹੀ ਈਸਟ ਇੰਡੀਆ ਕੰਪਨੀ ਕੋਲ। ਕੁਝ ਪੈਸਾ ਭਾਰਤ ਵਿਚੋਂ ਹੀ ਪੈਦਾ ਕੀਤਾ ਜਾਣਾ ਸੀ। ਕੰਪਨੀ ਨੇ ਪੈਸਾ ਇਕੱਠਾ ਕਰਨ ਲਈ ਕਲਕੱਤਾ, ਮਰਦਾਸ ਤੇ ਬੰਬਈ ਆਦਿ ਸ਼ਹਿਰਾਂ ਵਿਚ ਸਥਾਨਕ ਕਰ ਲਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਸ਼ਹਿਰਾਂ 'ਤੇ ਕੰਪਨੀ ਦਾ ਜ਼ੋਰ ਚਲਦਾ ਸੀ। ਪਰ ਸਹਿਜੇ ਸਹਿਜੇ ਇਨ੍ਹਾਂ ਟੈਕਸਾਂ ਦਾ ਵਿਕਾਸ ਦੂਜੇ ਭਾਰਤੀ ਇਲਾਕਿਆਂ ਤੱਕ ਕਰਨਾ ਪਿਆ। ਅਜਿਹਾ ਕਰਨ ਬਿਨਾ ਮਾਇਕ ਵਸੀਲੇ ਨਹੀਂ ਸਨ ਬਣਦੇ। ਤੇ ਇਹ ਤਦ ਹੀ ਹੋ ਸਕਦਾ ਸੀ ਜੇ ਕੰਪਨੀ ਅਪਣੇ ਕਬਜ਼ੇ ਅਧੀਨ ਰਕਬੇ ਨੂੰ ਹੋਰ ਫੈਲਾ ਸਕਦੀ।

ਇਹ ਉਸ ਸਮੇਂ ਦੀ ਗੱਲ ਹੈ ਜਦੋਂ ਬਰਤਾਨਵੀ ਸਾਮਰਾਜ ਅਪਣੇ ਵਿਕਾਸ ਦੇ ਸੁਨਹਿਰੀ ਪੜਾਅ ਵਿਚੋਂ ਲੰਘ ਰਿਹਾ ਸੀ। ਵਧੇਰੇ ਵਿਕਾਸ ਲਈ ਉਦਯੋਗ, ਖੇਤੀ ਤੇ ਵਪਾਰ ਵਿਚ ਵਧੇਰੇ ਪੈਸਾ ਲਗਾਉਣ ਦੀ ਲੋੜ ਸੀ। ਪਰ ਬਰਤਾਨੀਆ ਵਿਚ ਉਦੋਂ ਵਸੀਲੇ ਬਹੁਤ ਘੱਟ ਸਨ। ਬਰਤਾਨਵੀ ਪੂੰਜੀਵਾਦ ਦੇ ਪਸਾਰੇ ਲਈ ਘਾਗ ਪੂੰਜੀਪਤੀ ਲੋੜੀਂਦੀ ਪੂੰਜੀ ਪੈਦਾ ਕਰਨ ਲਈ ਬਾਹਰਲੇ ਦੇਸ਼ਾਂ ਨੂੰ ਨੋਚਣ ਦੀਆਂ ਸੋਚਾਂ ਸੋਚਣ ਲੱਗੇ। ਭਾਰਤ


ਬਿਪਨ ਚੰਦਰ

ਉਸ ਸਮੇਂ ਅਮੀਰ ਦੇਸ਼ ਗਿਣਿਆ ਜਾਂਦਾ ਸੀ ਤੇ ਏਸ ਪੱਖ ਤੋਂ ਬਰਤਾਨੀਆ ਦੇ ਕੰਮ ਆ ਸਕਦਾ ਸੀ।

ਜਿਉਂ ਹੀ 1750-70 ਦੇ ਦਿਨਾਂ ਵਿਚ ਬੰਗਾਲ ਤੇ ਦੱਖਣੀ ਭਾਰਤ ਫਟਾ ਫਟ ਕੰਪਨੀ ਦੇ ਰਾਜਸੀ ਕੰਟਰੋਲ ਵਿਚ ਆ ਗਏ ਤਾਂ ਇਹ ਦੋਵੇਂ ਨਿਸ਼ਾਨੇ-ਵਣਜ ਦੀ ਅਜਾਰੇਦਾਰੀ ਅਤੇ ਮਾਇਕ ਵਸੀਲਿਆਂ ਦਾ ਕੰਟਰੋਲ-ਏਨੀ ਤੇਜ਼ੀ ਨਾਲ ਪੂਰੇ ਹੋਏ ਕਿ ਕੰਪਨੀ ਦੇ ਡਾਇਰੈਕਟਰ ਵੀ ਹੈਰਾਨ ਹੋ ਗਏ।

ਹੁਣ ਜਿੱਤੇ ਹੋਏ ਇਲਾਕਿਆਂ ਦੇ ਮਾਮਲੇ ਆਦਿ 'ਤੇ ਕੰਪਨੀ ਦਾ ਸਿੱਧਾ ਕੰਟਰੋਲ ਹੋ ਗਿਆ, ਜਿਸ ਦੁਆਰਾ ਕੰਪਨੀ ਲਈ ਸਥਾਨਕ ਰਾਜਿਆਂ, ਅਮੀਰਾਂ ਤੇ ਜ਼ਿਮੀਂਦਾਰਾਂ ਦੀ ਇਕੱਠੀ ਕੀਤੀ ਹੋਈ ਪੂੰਜੀ ਨੂੰ ਜੱਫਾ ਮਾਰਨਾ ਸੌਖਾ ਹੋ ਗਿਆ। ਕੰਪਨੀ ਨੇ ਇਹ ਪੂੰਜੀ ਤੇ ਮਾਮਲਾ ਅਪਣੇ ਤੇ ਅਪਣੇ ਉੱਚ ਅਧਿਕਾਰੀਆਂ ਦੇ ਲਾਭਾਂ ਤੋਂ ਸਿਵਾ ਹੋਰ ਕਿਧਰੇ ਨਹੀਂ ਵਰਤਿਆ, ਜੇ ਵਰਤਿਆ ਵੀ ਤਾਂ ਭਾਰਤ ਵਿਚ ਇਸ ਕੰਪਨੀ ਦੇ ਹੋਰ ਵਧੇਰੇ ਵਿਕਾਸ ਲਈ। ਪ੍ਰਮਾਣ ਵਜੋਂ ਕੰਪਨੀ ਨੇ 1765 ਤੋਂ 1770 ਵਿਚਕਾਰ ਅਪਣਾ ਕੋਈ ਇਕ-ਤਿਹਾਈ ਮਾਮਲਾ ਵਸਤਾਂ ਦੇ ਰੂਪ ਵਿਚ ਬੰਗਾਲ ਤੋਂ ਬਾਹਰ ਭੇਜਿਆ। ਇਸ ਤੋਂ ਛੁੱਟ ਕੰਪਨੀ ਦੇ ਅਧਿਕਾਰੀਆਂ ਨੇ ਭਾਰਤੀ ਵਪਾਰੀਆਂ, ਕਰਮਚਾਰੀਆਂ ਤੇ ਜ਼ਿਮੀਂਦਾਰਾਂ ਕੋਲੋਂ ਕੀਤੀ ਨਜਾਇਜ਼ ਕਮਾਈ ਵੀ ਬਾਹਰ ਭੇਜੀ। ਭਾਰਤ ਵਿਚੋਂ ਪ੍ਰਾਪਤ ਕੀਤੀ ਇਹ ਪੂੰਜੀ ਬਰਤਾਨੀਆ ਦੇ ਪੂੰਜੀਵਾਦੀ ਵਿਕਾਸ ਵਿਚ ਬਹੁਤ ਸਹਾਈ ਹੋਈ। ਅੰਦਾਜ਼ਾ ਲਾਇਆ ਗਿਆ ਹੈ ਕਿ ਇਹ ਪੂੰਜੀ ਬਰਤਾਨੀਆ ਦੀ ਰਾਸ਼ਟਰੀ ਆਮਦਨ ਦਾ ਲਗਪਗ ਦੋ ਪ੍ਰਤੀਸ਼ਤ ਸੀ।

ਇਸਦੇ ਨਾਲ ਹੀ ਕੰਪਨੀ ਨੇ ਭਾਰਤੀ ਵਪਾਰ ਅਤੇ ਭਾਰਤੀ ਉਪਜ ਉੱਤੇ ਅਪਣੀ ਅਜਾਰੇਦਾਰੀ ਸਥਾਪਤ ਕਰਨ ਲਈ ਰਾਜਨੀਤਕ ਸੱਤਾ ਦੀ ਵਰਤੋਂ ਵੀ ਸ਼ੁਰੂ ਕਰ ਦਿੱਤੀ। ਭਾਰਤੀ ਵਪਾਰੀ ਤਾਂ ਉਂਜ ਹੀ ਖੇਤਰ ਵਿਚੋਂ ਕੱਢ ਦਿੱਤੇ ਗਏ ਸਨ। ਜੁਲਾਹੇ ਤੇ ਹੋਰ ਦਸਤਕਾਰਾਂ ਨੂੰ ਵੀ ਜਾਂ ਅਪਣੀ ਉਪਜ ਘਾਟੇ 'ਤੇ ਵੇਚਣ ਲਈ ਮਜਬੂਰ ਕੀਤਾ ਗਿਆ ਤੇ ਜਾਂ ਕੰਪਨੀ ਦੀ ਨੌਕਰੀ ਕਰਨ ਲਈ ਅਤੇ ਉਹ ਵੀ ਥੋੜ੍ਹੀ ਤੋਂ ਥੋੜ੍ਹੀ ਤਨਖਾਹ ਉੱਤੇ। ਬਰਤਾਨਵੀ ਰਾਜ ਦੇ ਇਸ ਪਹਿਲੇ ਪੜਾਅ ਦਾ ਮੁੱਖ ਲੱਛਣ ਇਹ ਸੀ ਕਿ ਰਾਜ ਪ੍ਰਬੰਧ ਵਿਚ ਕੋਈ ਵਿਸ਼ੇਸ਼ ਤਬਦੀਲੀ ਨਹੀਂ ਸੀ ਕੀਤੀ ਗਈ। ਭਾਰਤੀ ਨਿਆਂ ਪ੍ਰਣਾਲੀ, ਆਵਾਜਾਈ, ਖੇਤੀ ਤੇ ਉਦਯੋਗਿਕ ਉਨਤੀ ਦੇ ਮੂਲ ਢੰਗਾਂ ਤੇ ਹੋਰ ਵਿਦਿਅਕ ਤੇ ਬੌਧਿਕ ਖੇਤਰਾਂ ਵਿਚ ਉੱਕਾ ਕੋਈ ਤਬਦੀਲੀ ਲਿਆਉਣ ਦਾ ਯਤਨ ਨਹੀਂ ਸੀ ਕੀਤਾ ਗਿਆ। ਇਸ ਪੜਾਅ ਉੱਤੇ ਬਰਤਾਨਵੀ ਰਾਜ ਉਨ੍ਹਾਂ ਪ੍ਰੰਪਰਾਵਾਦੀ ਰਾਜਾਂ ਨਾਲੋਂ ਵਧੇਰੇ ਵੱਖਰਾ ਨਹੀਂ ਸੀ ਜਿਹੜੇ ਅਪਣੇ ਇਲਾਕਿਆਂ ਵਿਚੋਂ ਕ੍ਰਿਸ਼ੀ ਦਾ ਮੁਨਾਫਾ ਲੈ ਕੇ ਚੁੱਪ ਕਰ ਰਹਿੰਦੇ ਸਨ, ਭਾਵੇਂ ਬਰਤਾਨਵੀਆ ਅਜਿਹਾ ਕਰਨ ਵਿਚ ਵਧੇਰੇ ਸਫਲ ਸੀ।

ਆਪਣੇ ਤੋਂ ਪਹਿਲਾਂ ਆਉਣ ਵਾਲੇ ਵਿਦੇਸ਼ੀ ਹੁਕਮਰਾਨਾਂ ਵਾਂਗ ਬਰਤਾਨੀਆ ਵੀ ਅਪਣਾ ਜਾਲ ਪਿੰਡਾਂ ਤੱਕ ਫੈਲਾਉਣ ਦੇ ਹੱਕ ਵਿਚ ਨਹੀਂ ਸੀ ਜਦ ਤੱਕ ਕਿ ਉਨ੍ਹਾਂ ਦਾ ਆਰਥਿਕ ਮੁਨਾਫਾ ਪਰੰਪਰਾਵਾਦੀ ਕਰ-ਉਗਰਾਹੀ ਦੁਆਰਾ ਪੂਰੀ ਤਰ੍ਹਾਂ ਨਹੀਂ ਸੀ ਚੂਸ ਲਿਆ ਜਾਂਦਾ। ਇਹੋ ਕਾਰਨ ਸੀ ਕਿ ਜਿਹੜੀਆਂ ਵੀ ਪ੍ਰਸ਼ਾਸਨਿਕ ਤਬਦੀਲੀਆਂ ਕੀਤੀਆਂ ਗਈਆਂ ਉਹ ਕਰ-ਉਗਰਾਹੀ ਅਤੇ ਇਸ ਨੂੰ ਵਧੇਰੇ ਪੀਡੀ ਤੇ ਮਜ਼ਬੂਤ ਕਰਨ ਨਾਲ ਹੀ ਸਬੰਧਤ ਸਨ।

ਬੌਧਕ ਖੇਤਰ ਵਿਚ ਵੀ ਅਜਿਹੇ ਨਵੀਨ ਵਿਚਾਰ ਫੈਲਾਉਣ ਦਾ ਕੋਈ ਯਤਨ ਨਹੀਂ ਸੀ ਕੀਤਾ ਗਿਆ ਜਿਨ੍ਹਾਂ ਨੇ ਪੱਛਮੀ ਜੀਵਨ ਨੂੰ ਬਦਲ ਕੇ ਰੱਖ ਦਿੱਤਾ ਸੀ। ਅਠਾਰ੍ਹਵੀਂ ਸਦੀ ਦੇ ਦੂਜੇ ਅੱਧ ਵਿਚ ਕਲਕੱਤੇ ਅਤੇ ਬਨਾਰਸ ਵਿਚ ਕੇਵਲ ਦੋ ਹੀ ਵਿਦਿਅਕ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ ਸਨ। ਇਹ ਵੀ ਫ਼ਾਰਸੀ ਤੇ ਸੰਸਕ੍ਰਿਤ ਦੀ ਵਿੱਦਿਆ ਦੇਣ ਲਈ ਇੱਥੋਂ ਤੱਕ ਕਿ ਈਸਾਈ ਮਿਸ਼ਨਰੀਆਂ ਨੂੰ ਵੀ ਕੰਪਨੀ ਨੇ ਨੇੜੇ ਨਹੀਂ ਲੱਗਣ ਦਿੱਤਾ।

ਇਹ ਵੀ ਗੱਲ ਚੇਤੇ ਰੱਖਣ ਵਾਲੀ ਹੈ ਕਿ ਭਾਰਤ ਨੂੰ ਈਸਟ ਇੰਡੀਆ ਕੰਪਨੀ ਨੇ ਉਦੋਂ ਜਿੱਤਿਆ ਸੀ ਜਦੋਂ ਬਰਤਾਨੀਆ ਵਿਚ ਮਹਾਨ ਵਪਾਰਕ ਕਾਰਪੋਰੇਸ਼ਨਾਂ ਦਾ ਯੁੱਗ ਸਮਾਪਤ ਹੋ ਚੁੱਕਿਆ ਸੀ। ਬਰਤਾਨਵੀ ਸਮਾਜ ਵਿਚ ਈਸਟ ਇੰਡੀਆ ਕੰਪਨੀ ਮਰ ਰਹੀਆਂ ਸਮਾਜਿਕ ਸ਼ਕਤੀਆਂ ਦੀ ਪ੍ਰਤੀਨਿਧਤਾ ਕਰਦੀ ਸੀ ਜੀਉਂਦੀਆਂ ਦੀ ਨਹੀਂ।

ਉਦਯੋਗਿਕ ਪੂੰਜੀਵਾਦ ਤੇ ਮੁਕਤ ਵਪਾਰ ਦਾ ਯੁਗ

ਈਸਟ ਇੰਡੀਆ ਕੰਪਨੀ ਦੇ ਭਾਰਤ ਵਿਚ ਰਾਜਨੀਤਕ ਸੱਤਾ ਗ੍ਰਹਿਣ ਕਰਦਿਆਂ ਹੀ ਬਰਤਾਨੀਆ ਵਿਚ ਇਹ ਸੰਗ੍ਰਾਮ ਸ਼ੁਰੂ ਹੋ ਗਿਆ ਕਿ ਇਹ ਨਵੀਂ ਹਕੂਮਤ ਕਿਸ ਦੇ ਹਿੱਤਾਂ ਦੀ ਰਾਖੀ ਕਰੇ। ਹਰ ਸਾਲ ਕੰਪਨੀ ਨੂੰ ਬਰਤਾਨੀਆ ਦੇ ਹੋਰ ਵਪਾਰਕ ਤੇ ਉਦਯੋਗਿਕ ਹਿੱਤਾਂ ਲਈ ਰਾਹ ਬਣਾਉਣ ਵਾਸਤੇ ਮਜਬੂਰ ਕੀਤਾ ਗਿਆ। 1813 ਤੱਕ ਇਸ ਕੋਲ ਭਾਰਤ ਵਿਚ ਆਰਥਿਕ ਤੇ ਰਾਜਸੀ ਸੱਤਾ ਨਾ ਮਾਤਰ ਹੀ ਰਹਿ ਗਈ ਸੀ। ਅਸਲ ਸੱਤਾ ਬਰਤਾਨਵੀ ਸਰਕਾਰ ਦੇ ਹੱਥ ਵਿਚ ਆ ਚੁੱਕੀ ਸੀ ਜਿਸ ਨੂੰ ਬਰਤਾਨਵੀ ਸਰਕਾਰ ਸਮੁੱਚੇ ਤੌਰ 'ਤੇ ਬਰਤਾਨੀਆ ਦੀ ਪੂੰਜੀਵਾਦੀ ਸ਼੍ਰੇਣੀ ਦੇ ਹਿੱਤਾਂ ਲਈ ਵਰਤਦੀ ਸੀ।

ਇਸੇ ਸਮੇਂ ਬਰਤਾਨੀਆ ਉਦਯੋਗਿਕ ਕ੍ਰਾਂਤੀ ਵਿਚੋਂ ਲੰਘਿਆ। ਇਸ ਕ੍ਰਾਂਤੀ ਦਾ ਸਦਕਾ ਬਰਤਾਨੀਆ ਨੇ ਉਪਜ ਤੇ ਨਿਰਯਾਤ ਦੇ ਪੱਖ ਤੋਂ ਸੰਸਾਰ ਵਿਚ ਅਪਣਾ ਮੁਖੀ ਸਥਾਨ ਬਣਾ ਲਿਆ। ਇਸ ਕ੍ਰਾਂਤੀ ਦਾ ਸਦਕਾ ਬਰਤਾਨੀਆ ਦੇ ਅੰਦਰੂਨੀ ਢਾਂਚੇ ਵਿਚ ਵੀ ਬਹੁਤ ਵੱਡੀ ਤਬਦੀਲੀ ਆਈ। ਸਮਾਂ ਪਾ ਕੇ ਉਦਯੋਗਿਕ ਪੂੰਜੀਪਤੀ ਬਰਤਾਨਵੀ ਆਰਥਿਕਤਾ ਵਿਚ ਹੀ ਨਹੀਂ ਸਗੋਂ ਰਾਜਨੀਤੀ ਵਿਚ ਵੀ ਘੁਸ ਗਏ। ਭਾਰਤ ਦਾ ਬਸਤੀ ਪ੍ਰਸ਼ਾਸਨ ਤੇ ਮੂਲ ਨੀਤੀ ਵੀ ਇਨ੍ਹਾਂ ਪੂੰਜੀਪਤੀਆਂ ਦੇ ਹਿੱਤਾਂ ਲਈ ਵਰਤਣਾ ਜ਼ਰੂਰੀ ਹੋ ਗਿਆ। ਪਰ ਭਾਰਤ 'ਤੇ ਰਾਜ ਕਰਨ ਵਿਚ ਉਨ੍ਹਾਂ

ਦੀ ਦਿਲਚਸਪੀ ਈਸਟ ਇੰਡੀਆ ਕੰਪਨੀ ਦੀ ਦਿਲਚਸਪੀ ਤੋਂ ਉੱਕਾ ਹੀ ਵੱਖਰੀ ਸੀ। ਕੰਪਨੀ ਕੇਵਲ ਵਪਾਰਕ ਸੰਸਥਾ ਸੀ। ਇਸ ਸਮੇਂ ਭਾਰਤ ਵਿਚ ਬਰਤਾਨਵੀ ਰਾਜ ਨੇ ਇਕ ਨਵੇਂ ਪੜਾਅ ਵਿਚ ਪੈਰ ਧਰਿਆ।

ਭਾਰਤੀ ਦਸਤਕਾਰੀਆਂ ਨੂੰ ਭਾਰਤ ਤੋਂ ਬਾਹਰ ਭੇਜਣ ਦੀ ਅਜਾਰੇਦਾਰੀ ਜਾਂ ਭਾਰਤੀ ਮਾਮਲੇ ਤੇ ਕਰਾਂ ਦੀ ਸਿੱਧੀ ਵਸੂਲੀ ਨਾਲ ਬਰਤਾਨਵੀ ਉਦਯੋਗਿਕਾਂ ਨੂੰ ਵਿਸ਼ੇਸ਼ ਲਾਭ ਨਹੀਂ ਸੀ ਹੋਇਆ। ਇਸ ਦੇ ਉਲਟ ਉਨ੍ਹਾਂ ਨੂੰ ਆਪਣੀ ਵਧ ਰਹੀ ਉਪਜ ਨੂੰ ਬਾਹਰ ਭੇਜਣ ਵਾਸਤੇ ਮੰਡੀਆਂ ਦੀ ਲੋੜ ਸੀ। ਅਜਿਹੀ ਮੰਡੀ ਭਾਰਤ ਤੋਂ ਵਧੀਆ ਕਿਹੜੀ ਹੋ ਸਕਦੀ ਸੀ ਜਿਹੜਾ ਬਹੁਤ ਵੱਡੀ ਵਸੋਂ ਵਾਲਾ ਵਿਸ਼ਾਲ ਦੇਸ਼ ਸੀ। ਇਸ ਤੋਂ ਇਲਾਵਾ ਬਰਤਾਨਵੀ ਉਦਯੋਗਾਂ ਲਈ ਕੱਚੇ ਮਾਲ ਤੇ ਉਨ੍ਹਾਂ ਦੇ ਕਰਮਚਾਰੀਆਂ ਲਈ ਖਾਣ ਵਾਲੇ ਪਦਾਰਥਾਂ ਦੀ ਲੋੜ ਸੀ ਜਿਹੜੇ ਕਿ ਏਥੋਂ ਖਰੀਦੇ ਜਾ ਸਕਦੇ ਸਨ। ਦੂਜੇ ਸ਼ਬਦਾਂ ਵਿਚ ਬਰਤਾਨਵੀ ਪੂੰਜੀਪਤੀ ਭਾਰਤ ਨੂੰ ਵਪਾਰ ਵਿਚ ਆਪਣਾ ਲਘੂ ਭਾਈਵਾਲ ਬਣਾਉਣਾ ਚਾਹੁੰਦੇ ਸਨ ਜਿੱਥੇ ਉਹ ਅਪਣਾ ਤਿਆਰ ਮਾਲ ਵੇਚ ਸਕਦੇ ਤੇ ਜਿਸ ਤੋਂ ਉਹ ਅਪਣੇ ਲਈ ਕੱਚਾ ਮਾਲ ਤੇ ਖਾਣ ਵਾਲੇ ਪਦਾਰਥ ਪੈਦਾ ਕਰਵਾ ਸਕਦੇ ਸਨ।

ਪਰ ਅਜਿਹਾ ਕਰਨ ਵਿਚ ਇਕ ਮੁਸ਼ਕਲ ਸੀ। ਭਾਰਤ ਨੂੰ ਬਾਹਰੋਂ ਮੰਗਵਾਈਆਂ ਵਸਤਾਂ ਦੇ ਪੈਸੇ ਦੇਣੇ ਪੈਂਦੇ ਸਨ। ਇਸ ਤੋਂ ਛੁੱਟ ਕੰਪਨੀ ਦੇ ਭਾਈਵਾਲਾਂ ਨੂੰ ਲਾਭ-ਅੰਸ਼ ਦੇ ਰੂਪ ਵਿਚ ਅਤੇ ਬਰਤਾਨੀਆ ਦੇ ਸੈਨਿਕ ਤੇ ਦੂਸਰੇ ਕਰਮਚਾਰੀਆਂ ਨੂੰ ਤਨਖਾਹਾਂ ਦੇ ਰੂਪ ਵਿਚ ਭਾਰਤ ਦੀ ਬਹੁਤ ਸਾਰੀ ਪੂੰਜੀ ਭਾਰਤ ਤੋਂ ਬਾਹਰ ਜਾਣ ਲੱਗੀ। ਇਨ੍ਹਾਂ ਕਰਮਚਾਰੀਆਂ ਨੂੰ ਭਾਰਤ ਵਿਚ ਬਚਾਇਆ ਹੋਇਆ ਪੈਸਾ ਆਪਣੇ ਦੇਸ਼ ਲਿਜਾਣ ਦੀ ਆਗਿਆ ਦੇਣੀ ਵੀ ਜ਼ਰੂਰੀ ਸੀ। ਬਰਤਾਨਵੀ ਵਪਾਰੀਆਂ ਤੇ ਬਗੀਚਿਆਂ ਦੇ ਮਾਲਕਾਂ ਦੇ ਮੁਨਾਫੇ ਵੀ ਭਾਰਤ ਵਿਚੋਂ ਬਾਹਰ ਜਾਣੇ ਕੁਦਰਤੀ ਸਨ। ਭਾਰਤ ਨੂੰ ਅਜਿਹੀ ਬਰਤਾਨਵੀ ਪੂੰਜੀ 'ਤੇ ਮੁਨਾਫਾ ਤੇ ਸੂਦ ਦੇਣਾ ਪੈਣਾ ਸੀ, ਜਿਹੜੀ ਅੰਗਰੇਜ਼ਾਂ ਨੇ ਇੱਥੇ ਲਗਾਈ ਹੋਈ ਸੀ। ਇਹ ਕੇਵਲ ਤਦ ਹੀ ਹੋ ਸਕਦਾ ਸੀ ਜੇ ਭਾਰਤ ਅਪਣੀ ਉਪਜ ਬਰਤਾਨੀਆ ਜਾਂ ਦੂਜੇ ਦੇਸ਼ਾਂ ਨੂੰ ਭੇਜਦਾ। ਪਰ ਭਾਰਤ ਦੀ ਅਜਿਹੀ ਦਸਤਕਾਰੀ ਜਿਸ ਉੱਤੇ ਭਾਰਤ ਨੂੰ ਮਾਣ ਸੀ ਬਾਹਰਲੇ ਦੇਸ਼ਾਂ ਵਿਚ ਜਾਣੀ ਉੱਕਾ ਹੀ ਬੰਦ ਹੋ ਗਈ। ਇੱਥੇ ਹੀ ਬੱਸ ਨਹੀਂ ਕੰਪਨੀ ਦੀ ਸ਼ੋਸ਼ਤ ਨੀਤੀ ਕਾਰਨ ਅੰਗਰੇਜ਼ ਭਾਰਤ ਨੂੰ ਅਜਿਹੀਆਂ ਵਸਤਾਂ ਬਾਹਰ ਭੇਜਣ ਦੀ ਆਗਿਆ ਨਹੀਂ ਸੀ ਦੇਣਾ ਚਾਹੁੰਦੇ ਜਿਹੜੀਆਂ ਬਰਤਾਨੀਆ ਦੇ ਅਪਣੇ ਉਦਯੋਗ ਦਾ ਟਾਕਰਾ ਕਰਦੀਆਂ ਜਿਵੇਂ ਹੱਥ ਦਾ ਬੁਣਿਆ ਕੱਪੜਾ। ਇਸ ਲਈ ਬਾਹਰ ਭੇਜਣ ਲਈ ਕੇਵਲ ਖੇਤੀ ਦਾ ਕੱਚਾ ਮਾਲ ਜਾਂ ਅਜਿਹੀਆਂ ਵਸਤਾਂ ਹੀ ਰਹਿ ਗਈਆਂ ਜਿਹੜੀਆਂ ਭਾਰਤ ਵਿਚ ਤਿਆਰ ਰੂਪ ਵਿਚ ਨਹੀਂ ਸਨ ਹੁੰਦੀਆਂ। ਅਫੀਮ ਤਾਂ ਬਾਹਰ ਭੇਜੀ ਹੀ ਜਾਂਦੀ ਸੀ, ਭਾਵੇਂ ਚੀਨ ਨੇ ਇਸ ਦੀ ਅਪਣੇ ਦੇਸ਼ ਵਿਚ ਆਮਦ 'ਤੇ ਰੋਕ ਲਾ ਛੱਡੀ ਸੀ। ਇਸ ਤੋਂ ਇਲਾਵਾ ਰੂੰ, ਪਟਸਨ, ਰੇਸ਼ਮ, ਤੇਲ ਤੇ ਬੀਜ, ਕਣਕ, ਚਮੜੇ ਤੇ ਖੱਲਾਂ ਅਤੇ ਨੀਲ ਤੇ ਚਾਹ ਵੀ ਬਾਹਰ ਭੇਜੇ ਜਾਣ ਲੱਗੇ। ਇਸ ਪ੍ਰਕਾਰ ਭਾਰਤ ਦਾ ਵਿਦੇਸ਼ੀ ਵਪਾਰ ਬਿਲਕੁਲ ਹੀ ਨਵਾਂ ਰੂਪ ਧਾਰ ਗਿਆ ਜਿਹੜਾ ਕਿ ਭਾਰਤ ਦੇ ਹਿੱਤਾਂ ਦੇ ਉਲਟ ਸੀ। ਭਾਰਤ ਜਿਹੜਾ ਕਿ ਸਦੀਆਂ ਤੋਂ ਕੱਪੜੇ ਦਾ ਮਾਲ ਤੇ ਹੋਰ ਦਸਤਕਾਰੀ ਉਪਜ ਬਾਹਰ ਭੇਜਦਾ ਆਇਆ ਸੀ, ਉਨ੍ਹੀਵੀਂ ਸਦੀ ਵਿਚ ਕਪਾਹ ਤੇ ਹੋਰ ਕੱਚਾ ਮਾਲ ਬਾਹਰ ਭੇਜ ਕੇ ਬਾਹਰੋਂ ਤਿਆਰ ਕੱਪੜਾ ਮੰਗਵਾਉਣ ਵਾਲਾ ਹੋ ਕੇ ਰਹਿ ਗਿਆ।

ਭਾਰਤ ਦੀ ਆਰਥਿਕ, ਰਾਜਨੀਤਕ ਤੇ ਸਭਿਆਚਾਰਕ ਸਥਿਤੀ ਕੁਝ ਏਸ ਤਰ੍ਹਾਂ ਦੀ ਸੀ ਕਿ ਇਹ ਅੰਗਰੇਜ਼ਾਂ ਦੀਆਂ ਨਵੀਆਂ ਮੰਗਾਂ ਪੂਰੀਆਂ ਕਰਨ ਦੇ ਸਮਰੱਥ ਨਹੀਂ ਸੀ। ਬਰਤਾਨਵੀ ਆਰਥਿਕਤਾ ਦੇ ਵਿਕਾਸ ਵਿਚ ਲੋੜੀਂਦਾ ਹਿੱਸਾ ਪਾਉਣ ਲਈ ਇਸ ਨੂੰ ਅਪਣੇ ਆਪ ਨੂੰ ਨਵੇਂ ਸੰਚੇ ਵਿਚ ਢਾਲਣਾ ਪੈ ਰਿਹਾ ਸੀ। ਇਸ ਨੂੰ ਅਪਣਾ ਪਰੰਪਰਾਵਾਦੀ ਗੈਰ-ਪੂੰਜੀਵਾਦੀ ਢਾਂਚਾ ਬਦਲਣਾ ਪੈ ਰਿਹਾ ਸੀ। 1813 ਤੋਂ ਪਿੱਛੋਂ ਭਾਰਤ ਦੀ ਬਰਤਾਨਵੀ ਸਰਕਾਰ ਨੇ ਭਾਰਤੀ ਰਾਜ ਪ੍ਰਬੰਧ, ਆਰਥਿਕਤਾ ਤੇ ਸਮਾਜ ਨੂੰ ਅਪਣੀਆਂ ਇਨ੍ਹਾਂ ਲੋੜਾਂ ਦੇ ਅਨੁਸਾਰ ਢਾਲਣਾ ਸ਼ੁਰੂ ਕਰ ਦਿੱਤਾ।

ਆਰਥਿਕ ਖੇਤਰ ਵਿਚ ਵੀ ਅੰਗਰੇਜ਼ ਪੂੰਜੀਪਤੀਆਂ ਨੂੰ ਪੂਰਨ ਖੁੱਲ੍ਹ ਸੀ ਕਿ ਉਹ ਭਾਰਤ ਦੇ ਕਿਸੇ ਵੀ ਆਰਥਿਕ ਖੇਤਰ ਵਿਚ ਪ੍ਰਵੇਸ਼ ਕਰਕੇ ਜੋ ਵੀ ਚਾਹੁਣ ਕਰ ਸਕਦੇ ਸਨ। ਏਨਾ ਹੀ ਨਹੀਂ ਮੁਕਤ ਵਪਾਰ ਚਾਲੂ ਹੋ ਚੁੱਕਾ ਸੀ ਅਤੇ ਭਾਰਤੀ ਬੰਦਰਗਾਹਾਂ ਤੇ ਮੰਡੀਆਂ ਬਰਤਾਨਵੀ ਕਾਰਖਾਨੇਦਾਰਾਂ ਨੂੰ ਜੀ ਆਇਆਂ ਆਖਦੀਆਂ ਸਨ। ਭਾਰਤ ਨੂੰ ਬਰਤਾਨਵੀ ਵਸਤਾਂ ਮੁਕਤ ਜਾਂ ਨਿਗੂਣੇ ਮਸੂਲ ਨਾਲ ਮੰਗਵਾਉਣੀਆਂ ਪੈ ਰਹੀਆਂ ਸਨ। ਪ੍ਰਸ਼ਾਸਨਿਕ ਢਾਂਚੇ ਨੇ ਕਰ ਵਸੂਲੀ ਤੋਂ ਇਲਾਵਾ ਅਮਨ ਕਾਨੂੰਨ ਵੀ ਅਪਣੇ ਹੱਥ ਵਿਚ ਲੈ ਲਿਆ ਤਾਂ ਕਿ ਵਪਾਰਕ ਮਾਰਗਾਂ ਵਿਚ ਕਿਸੇ ਪ੍ਰਕਾਰ ਦੀ ਰੋਕ ਨਾ ਆਵੇ। ਉਂਜ ਵੀ ਪ੍ਰਸ਼ਾਸਨਿਕ ਪੰਜਾ ਹੁਣ ਪਿੰਡਾਂ ਤੇ ਕਸਬਿਆਂ ਤੱਕ ਫੈਲ ਚੁੱਕਿਆ ਸੀ ਤਾਂ ਕਿ ਤਿਆਰ ਵਸਤਾਂ ਦੀ ਵਿਕਰੀ ਵਧਾਈ ਜਾ ਸਕੇ ਤੇ ਕੱਚਾ ਮਾਲ ਵੀ ਵਧੇਰੇ ਮਾਤਰਾ ਵਿਚ ਇਨ੍ਹਾਂ ਥਾਵਾਂ ਤੋਂ ਪ੍ਰਾਪਤ ਕੀਤਾ ਜਾ ਸਕੇ। ਇਹ ਫੌਰੀ ਤੇ ਮੁਖੀ ਤਬਦੀਲੀਆਂ ਉਨ੍ਹੀਵੀਂ ਸਦੀ ਵਿਚ ਆਈਆਂ।

ਉਂਜ ਵੀ ਭਾਰਤੀ ਸਮਾਜ ਦੇ ਸਮੁੱਚੀ ਨਿਆਂ ਪ੍ਰਣਾਲੀ ਨੂੰ ਬਦਲਣਾ ਜ਼ਰੂਰੀ ਸੀ। ਅਜਿਹਾ ਕਰਨ ਨਾਲ ਹੀ ਇਸ ਨੂੰ ਪੂੰਜੀ ਤੇ ਵਪਾਰ ਦੇ ਰਿਸ਼ਤਿਆਂ ਅਨੁਸਾਰ ਢਾਲਿਆ ਜਾ ਸਕਦਾ ਸੀ। ਭਾਵ ਆਰਥਿਕ ਸਮਝੌਤਿਆਂ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਾਸਤੇ ਅਜਿਹੇ ਸਮਝੌਤੇ ਨੂੰ ਕਾਨੂੰਨੀ ਰੰਗ ਦੇਣਾ ਲਾਜ਼ਮੀ ਸੀ। ਆਰਥਿਕ ਸਮਝੌਤੇ ਕਾਨੂੰਨੀ ਹੋ ਜਾਣ ਨਾਲ ਬਾਹਰੋਂ ਮੰਗਵਾਉਣ ਵਾਲੀਆਂ ਵਸਤਾਂ ਅਤੇ ਅੰਦਰੋਂ ਬਾਹਰ ਭੇਜਣ ਵਾਲੇ ਕੱਚੇ ਮਾਲ ਵਿਚ ਕੋਈ ਰੋਕ ਨਹੀਂ ਸੀ ਪੈ ਸਕਦੀ। ਇਸ ਭਾਵਨਾ ਵਿਚੋਂ ਉਸ ਨਵੀਂ ਨਿਆਂ ਪ੍ਰਣਾਲੀ ਦਾ ਜਨਮ ਹੋਇਆ ਜਿਸ ਨੂੰ ਭਾਰਤੀ ਡੰਡਾਵਲੀ ਕਹਿੰਦੇ ਹਨ। ਇਹ ਨਿਆਂ ਪ੍ਰਣਾਲੀ ਬਿਲਕੁਲ ਹੀ ਨਵੇਂ ਕਾਨੂੰਨਾਂ ਤੇ ਨਿਯਮਾਂ ਦੇ ਸੰਚੇ ਉੱਤੇ ਅਧਾਰਿਤ ਸੀ।

ਰਾਜ ਦੇ ਨਵੀਂ ਤੇ ਪਸਾਰੇ ਵਾਲੇ ਪ੍ਰਸ਼ਾਸਨ, ਨਿਆਂ ਪ੍ਰਣਾਲੀ ਅਤੇ ਬਰਤਾਨਵੀ ਫਰਮਾਂ ਦੇ ਛੋਟੇ ਕਰਮਚਾਰੀਆਂ ਦੀ ਘਾਟ ਨੂੰ ਪੂਰਾ ਕਰਨ ਲਈ ਬਹੁਤ ਸਾਰੇ ਪੜ੍ਹੇ ਲਿਖੇ ਬੰਦਿਆਂ ਦੀ

ਲੋੜ ਸੀ। ਬਰਤਾਨੀਆ ਕੋਲ ਏਨੇ ਬੰਦੇ ਨਹੀਂ ਸਨ। ਉਂਜ ਵੀ ਭਾਰਤੀ ਸਰਕਾਰ ਤੇ ਬਰਤਾਨਵੀ ਵਪਾਰੀ ਅੰਗਰੇਜ਼ਾਂ ਨੂੰ ਭਾਰਤ ਵਰਗੀ ਦੁਰੇਡੀ ਤੇ ਵਿਰੋਧੀ ਹੋ ਚੁੱਕੀ ਬਸਤੀ ਵਿਚ ਆਉਣ ਲਈ ਬਹੁਤੀਆਂ ਤਨਖਾਹਾਂ ਦਾ ਲਾਲਚ ਦੇਣ ਲਈ ਤਿਆਰ ਨਹੀਂ ਸਨ। ਏਸ ਲੋੜ ਨੂੰ ਮੁੱਖ ਰੱਖ ਕੇ 1813 ਵਿਚ ਸਥਾਪਤ ਕੀਤੀ ਗਈ ਨਵੀਨ ਵਿੱਦਿਆ ਦਾ 1833 ਤੋਂ ਪਿੱਛੋਂ ਵਧੇਰੇ ਵਿਕਾਸ ਹੋਇਆ।

ਵੱਡੇ ਪੈਮਾਨੇ 'ਤੇ ਚਾਲੂ ਕੀਤੀ ਗਈ ਆਯਾਤ ਨਿਰਯਾਤ ਲਈ ਆਵਾਜਾਈ ਦੇ ਸਸਤੇ ਤੇ ਸੌਖੇ ਵਸੀਲਿਆਂ ਦੀ ਲੋੜ ਸੀ। ਸਰਕਾਰ ਨੇ ਨਦੀਆਂ ਵਿਚ ਭਾਫ ਵਾਲੇ ਜਹਾਜ਼ਾਂ ਨੂੰ ਪ੍ਰੋਤਸਾਹਨ ਦਿੱਤਾ ਤੇ ਮੈਦਾਨਾਂ ਵਿਚ ਸੜਕਾਂ ਵੱਲ ਧਿਆਨ ਦਿੱਤਾ। 1853 ਤੋਂ ਪਿੱਛੋਂ ਰੇਲਾਂ ਦਾ ਜਾਲ ਵਿਛਾ ਕੇ ਮੰਡੀਆਂ ਤੇ ਬੰਦਰਾਹਾਂ ਨੂੰ ਵੱਡੇ ਸ਼ਹਿਰਾਂ ਨਾਲ ਜੋੜਿਆ। 1905 ਤੱਕ 350 ਕਰੋੜ ਰੁਪਏ ਦੀ ਲਾਗਤ 'ਤੇ 28,000 ਮੀਲ ਰੇਲ ਦੀਆਂ ਪਟੜੀਆਂ ਵਿਛਾਈਆਂ ਜਾ ਚੁੱਕੀਆਂ ਸਨ। ਵਪਾਰਕ ਸੌਦਿਆਂ ਤੇ ਸਮਝੌਤਿਆਂ ਨੂੰ ਫੁਰਤੀ ਨਾਲ ਨੇਪਰੇ ਚਾੜ੍ਹਨ ਵਾਸਤੇ ਡਾਕ ਤਾਰ ਵਿਭਾਗ ਵੀ ਚਾਲੂ ਕੀਤਾ ਗਿਆ।

ਇਸ ਸਮੇਂ ਬਰਤਾਨਵੀ ਰਾਜਨੀਤਕਾਂ ਤੇ ਭਾਰਤ ਦੇ ਬਰਤਾਨਵੀ ਪ੍ਰਸ਼ਾਸਕਾਂ ਵਿਚਕਾਰ ਅਗਾਂਹ-ਵਧੂ ਪੂੰਜੀਵਾਦੀ ਰਾਜਨੀਤੀ ਦਾ ਜਨਮ ਹੋਇਆ। ਵਸਤਾਂ ਤਿਆਰ ਕਰਨ ਵਿਚ ਬਰਤਾਨੀਆ ਦੀ ਲਗਪਗ ਸਾਰੇ ਸੰਸਾਰ ਵਿਚ ਇਜਾਰੇਦਾਰੀ ਸੀ। ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਵਿਚ ਬਰਤਾਨੀਆ ਸੰਸਾਰ ਵਿਚ ਇਕੋ ਇਕ ਦੇਸ਼ ਸੀ ਜਿਹੜਾ ਉਦਯੋਗਿਕ ਤੌਰ 'ਤੇ ਪੂਰਨ ਰੂਪ ਵਿਚ ਉਨਤ ਸੀ। ਇਸੇ ਕਾਰਨ ਇਸ ਨੂੰ ਸੰਸਾਰ ਦੀ ਵਰਕਸ਼ਾਪ ਕਹਿੰਦੇ ਸਨ। ਇਸ ਦਾ ਸਾਗਰਾਂ 'ਤੇ ਵੀ ਪੂਰਨ ਨਿਅੰਤਰਣ ਸੀ। ਇਨ੍ਹਾਂ ਕਾਰਨਾਂ ਸਦਕਾ ਲੋਕਾਂ ਦਾ ਵਿਸ਼ਵਾਸ ਸੀ ਕਿ ਬਰਤਾਨੀਆ ਨੂੰ ਭਾਰਤ ਅਤੇ ਦੂਜੇ ਦੇਸ਼ਾਂ ਦੀ ਆਰਥਿਕ ਲੁੱਟ ਤੋਂ ਰੋਕਣ ਵਾਲੀ ਕੋਈ ਤਾਕਤ ਨਹੀਂ ਸੀ। ਜਦੋਂ ਤੱਕ ਮੁਕਤ ਵਪਾਰ ਜਾਰੀ ਸੀ ਬਰਤਾਨੀਆ ਨੂੰ ਇਸ ਨਿਸ਼ਾਨੇ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਪ੍ਰਾਪਤ ਕਰਨ ਤੋਂ ਕੋਈ ਨਹੀਂ ਸੀ ਰੋਕ ਸਕਦਾ। ਏਸ ਲਈ ਅੰਗਰੇਜ਼ ਸਦਾ ਇਹੀਓ ਅਹਿਸਾਸ ਦਿੰਦੇ ਸਨ ਕਿ ਉਹ ਭਾਰਤੀਆਂ ਨੂੰ ਖੁਦ ਰਾਜ ਕਰਨ ਦੀ ਕਲਾ ਸਿਖਾ ਰਹੇ ਹਨ ਤੇ ਉਨ੍ਹਾਂ ਦਾ ਇਰਾਦਾ ਸਹਿਜੇ ਸਹਿਜੇ ਰਾਜਨੀਤਕ ਸੱਤਾ ਉਨ੍ਹਾਂ ਦੇ ਹੱਥ ਵਿਚ ਦੇ ਦੇਣ ਦਾ ਹੈ। ਬਰਤਾਨੀਆ ਦੇ ਇਨ੍ਹਾਂ ਲਾਰਿਆਂ ਦੀ ਭਾਰਤੀ ਰਾਜਨੀਤਕਾਂ ਨੇ ਸੁਤੰਤਰਤਾ ਸੰਗਰਾਮ ਦੇ ਦਿਨਾਂ ਵਿਚ ਖੁਲ੍ਹਮ ਖੁੱਲ੍ਹਾ ਵਰਤੋਂ ਵੀ ਕੀਤੀ।

ਬਰਤਾਨਵੀ ਰਾਜ ਦੇ ਦੂਜੇ ਪੜਾਅ ਦੀ ਇਸ ਨਵੀਂ ਆਰਥਿਕ ਲੁੱਟ ਦਾ ਭਾਵ ਇਹ ਨਹੀਂ ਸੀ ਕਿ ਗੁੱਝੀ ਲੁੱਟ ਦੇ ਪਹਿਲੇ ਰੂਪ ਸਮਾਪਤ ਹੋ ਚੁੱਕੇ ਸਨ। ਮਾਮਲੇ ਉਗਰਾਹੁਣ ਦੀ ਹਾਲੀ ਵੀ ਸਖਤ ਲੋੜ ਸੀ ਜਿਸ ਦਾ ਸਦਕਾ ਅੰਗਰੇਜ਼ਾਂ ਨੇ ਬਾਕੀ ਭਾਰਤ ਉੱਤੇ ਕਬਜ਼ਾ ਕਰਕੇ ਅੰਗਰੇਜ਼ੀ ਰਾਜ ਨੂੰ ਹੋਰ ਪੱਕਿਆਂ ਕਰਨਾ ਸੀ। ਇਸੇ ਮਾਮਲੇ ਵਿਚੋਂ ਉਹਨਾਂ ਨੇ ਅਜਿਹੇ ਹਜ਼ਾਰਾਂ ਵੱਡੇ ਅਧਿਕਾਰੀਆਂ ਦੀਆਂ ਤਨਖਾਹਾਂ ਵੀ ਦੇਣੀਆਂ ਸਨ ਜਿਹੜੇ ਉਚੀਆਂ ਸੈਨਿਕ ਤੇ ਸਿਵਲ ਪਦਵੀਆਂ ਉੱਤੇ ਬਿਠਾਏ ਗਏ ਸਨ। ਉਨ੍ਹਾਂ ਦੀਆਂ ਤਨਖਾਹਾਂ ਭਾਰਤੀ ਮਾਪ ਦੰਡਾਂ ਅਨੁਸਾਰ ਝੂਠ ਬੋਲਣ ਜਿੰਨੀਆਂ ਜ਼ਿਆਦਾ ਸਨ। ਅਜਿਹੀਆਂ ਆਰਥਿਕ ਤੇ ਪ੍ਰਬੰਧਕ ਤਬਦੀਲੀਆਂ 'ਤੇ ਵੀ ਚੋਖਾ ਪੈਸਾ ਖਰਚ ਹੋਣਾ ਸੀ ਜਿਹੜੀਆਂ ਬਸਤੀਵਾਦ ਨੂੰ ਦੇਸ਼ ਦੇ ਖੂੰਜੇ ਖੂੰਜੇ ਵਿਚ ਫੈਲਾਣ ਹਿੱਤ ਲਿਆਂਦੀਆਂ ਜਾ ਰਹੀਆਂ ਸਨ। ਇਸ ਪ੍ਰਕਾਰ ਇਸ ਪੜਾਅ ਵਿਚ ਭਾਰਤੀ ਕਿਸਾਨ 'ਤੇ ਕਰਾਂ ਦਾ ਭਾਰ ਪਹਿਲਾਂ ਨਾਲੋਂ ਵੀ ਕਿਤੇ ਵਧੇਰੇ ਪੈ ਗਿਆ।

ਇਸ ਦੇ ਨਾਲ ਹੀ ਅਜਿਹੀ ਭਾਰਤੀ ਉਪਜ ਜਿਹੜੀ ਬਰਤਾਨਵੀ ਉਤਪਾਦਕਾਂ ਦੇ ਮੁਕਾਬਲੇ 'ਤੇ ਨਹੀਂ ਸੀ ਆਈ, ਜਿਵੇਂ ਨੀਲ, ਅਫੀਮ ਤੇ ਚਾਹ ਦਾ ਵਿਕਾਸ ਤਾਂ ਕੀਤਾ ਗਿਆ, ਪਰ ਇਨ੍ਹਾਂ ਨੂੰ ਸਰਕਾਰ ਅਤੇ ਭਾਰਤ ਵਿਚ ਵਸਦੇ ਬਰਤਾਨਵੀ ਪੂੰਜੀਪਤੀ ਦੇ ਨਿਅੰਤਰਣ ਅਧੀਨ ਹੀ ਰੱਖਿਆ ਗਿਆ। ਉਂਜ ਵੀ ਭਾਰਤ ਉੱਤੇ ਠੋਸਿਆ ਗਿਆ ਮੁਕਤ ਵਪਾਰ ਇਕਪਾਸਾ ਸੀ। ਅਜਿਹੀ ਭਾਰਤੀ ਉਪਜ ਜਿਹੜੀ ਵਧੀਆ ਤੋਂ ਵਧੀਆ ਬਰਤਾਨਵੀ ਉਪਜ ਦਾ ਟਾਕਰਾ ਕਰ ਸਕਦੀ ਸੀ ਉਸ ਉੱਤੇ ਬਰਤਾਨੀਆ ਵਿਚ ਦਾਖਲੇ ਸਮੇਂ ਬਹੁਤ ਜ਼ਿਆਦਾ ਮਸੂਲ ਲਾਇਆ ਜਾ ਰਿਹਾ ਸੀ। ਪ੍ਰਮਾਣ ਵਜੋਂ 1824 ਵਿਚ ਭਾਰਤੀ ਕੱਪੜੇ ਉੱਤੇ 30 ਤੋਂ 70 ਪ੍ਰਤੀਸ਼ਤ ਤੱਕ ਮਸੂਲ ਲਾਇਆ ਗਿਆ। ਖੰਡ ਉੱਤੇ ਖੰਡ ਦੀ ਉਪਜਾਊ ਕੀਮਤ ਨਾਲੋਂ ਤਿੰਨ ਗੁਣਾ ਤਾਂ ਮਸੂਲ ਹੀ ਲੱਗਦਾ ਸੀ। ਕੁਝ ਵਸਤਾਂ 'ਤੇ 400 ਪ੍ਰਤੀਸ਼ਤ ਮਸੂਲ ਲੱਗਦਾ ਸੀ। ਇਨ੍ਹਾਂ ਉੱਤੇ ਮਸੂਲ ਲੱਗਣਾ ਓਦੋਂ ਹੀ ਬੰਦ ਹੋਇਆ ਜਦੋਂ ਇਹ ਬਰਤਾਨੀਆ ਨੂੰ ਜਾਣੀਆਂ ਹੀ ਬੰਦ ਹੋ ਗਈਆਂ। ਇਸ ਤੋਂ ਛੁੱਟ ਸਰਕਾਰ ਨੇ ਭਾਰਤੀ ਮੰਡੀਆਂ ਨੂੰ ਅਪਣੇ ਨਿਅੰਤਰਣ ਵਿਚ ਲੈ ਕੇ ਏਨੇ ਕਰ ਲਾ ਛੱਡੇ ਸਨ ਕਿ ਭਾਰਤੀ ਉਤਪਾਦਕ ਇਸ ਸਰਬ-ਭਾਰਤੀ ਮੰਡੀ ਦਾ ਵੀ ਲਾਭ ਨਹੀਂ ਸੀ ਉਠਾ ਸਕਦਾ। ਇਸ ਪ੍ਰਕਾਰ ਭਾਰਤ ਦੀ ਇਹ ਹਾਲਤ ਹੋ ਗਈ ਕਿ ਇਸ ਦੀ ਅਪਣੀ ਉਪਜ ਉੱਤੇ ਕਰ ਲਗ ਰਿਹਾ ਸੀ ਤੇ ਵਿਦੇਸ਼ੀ ਉਪਜ ਭਾਰਤੀ ਮੰਡੀਆਂ ਵਿਚ ਖੁਲ੍ਹਮ ਖੁੱਲ੍ਹਾ ਆ ਤੇ ਜਾ ਰਹੀ ਸੀ। ਇਹ ਕਰ 1840 ਵਿਚ ਉਦੋਂ ਜਾ ਕੇ ਹਟਾਏ ਗਏ ਜਦੋਂ ਬਰਤਾਨਵੀ ਉਤਪਾਦਕ ਭਾਰਤੀ ਦਸਤਕਾਰਾਂ ਨਾਲੋਂ ਕਾਫੀ ਅੱਗੇ ਲੰਘ ਚੁੱਕੇ ਸਨ-ਭਾਰਤ ਦੀਆਂ ਅਪਣੀਆਂ ਮੰਡੀਆਂ ਵਿਚ ਵੀ।

ਬਸਤੀਆਂ ਲਈ ਅੰਤਰ-ਦੇਸ਼ੀ ਟਾਕਰੇ ਦਾ ਯੁਗ

ਤੀਜਾ ਪੜਾਅ 1860 ਤੋਂ ਆਰੰਭ ਹੋਇਆ ਕਿਹਾ ਜਾ ਸਕਦਾ ਹੈ ਅਤੇ ਇਸ ਦਾ ਮੁੱਢ ਵਿਸ਼ਵ ਆਰਥਿਕ ਸਥਿਤੀ ਵਿਚ ਤਿੰਨ ਵੱਡੀਆਂ ਤਬਦੀਲੀਆਂ ਨਾਲ ਬੱਝਿਆ। ਸਹਿਜੇ ਸਹਿਜੇ ਪੱਛਮੀ ਯੂਰਪ ਤੇ ਉੱਤਰੀ ਅਮਰੀਕਾ ਦੇ ਹੋਰ ਦੇਸ਼ ਮੈਦਾਨ ਵਿਚ ਆਉਣ ਨਾਲ ਬਰਤਾਨਵੀ ਉਦਯੋਗਿਕਾਂ ਦੀ ਵਡਿੱਤਣ ਖਤਮ ਹੋ ਗਈ। ਇਹ ਦੇਸ਼ ਫਰਾਂਸ, ਬੈਲਜ਼ੀਅਮ, ਜਰਮਨੀ, ਸੰਯੁਕਤ ਰਾਸ਼ਟਰ, ਰੂਸ ਅਤੇ ਥੋੜ੍ਹਾ ਪਿੱਛੋਂ ਜਾਪਾਨ ਸਨ। ਇਹ ਅਪਣੀ ਉਪਜ ਲਈ ਵਿਦੇਸ਼ੀ ਮੰਡੀਆਂ ਦੀ ਭਾਲ ਵਿਚ ਸਨ। ਕੁਦਰਤੀ ਸੀ ਕਿ ਵਿਸ਼ਵ ਪੱਧਰ 'ਤੇ ਮੰਡੀਆਂ ਲਈ ਮੁਕਾਬਲਾ ਸ਼ੁਰੂ ਹੋਇਆ।

ਦੂਜੇ, ਉਨ੍ਹੀਵੀਂ ਸਦੀ ਦੇ ਅੰਤ ਤੇ ਉਦਯੋਗ ਵਿਚ ਵਿਗਿਆਨ ਦੀ ਵਰਤੋਂ ਦੁਆਰਾ ਵੱਡੇ ਪੈਮਾਨੇ 'ਤੇ ਤਕਨੀਕੀ ਵਿਕਾਸ ਹੋਇਆ। ਨਵੀਨ ਇਸਪਾਤ ਉਦਯੋਗ ਇਸ ਸਮੇਂ ਸਥਾਪਤ ਹੋਇਆ। 1850 ਵਿਚ ਇਸਪਾਤ ਦਾ ਵਿਸ਼ਵ ਉਤਪਾਦਨ 80,000 ਟਨ ਹੀ ਸੀ। 1870 ਤੱਕ ਵੀ ਇਹ ਉਤਪਾਦਨ 7,00,000 ਟਨ ਤੋਂ ਘਟ ਹੀ ਸੀ। 1900 ਵਿਚ ਇਸ ਦਾ ਵਿਕਾਸ 2,80,00,000 ਟਨ ਤੱਕ ਹੋ ਗਿਆ ਇਸੇ ਸਮੇਂ ਵਰਤਮਾਨ ਰਸਾਇਣਕ ਉਦਯੋਗ ਦਾ ਵਿਕਾਸ ਹੋਇਆ ਅਤੇ ਪੈਟਰੋਲ ਦੀ ਇੰਜਣ ਵਿਚ ਅੰਦਰੂਨੀ ਵਰਤੋਂ ਕਰਕੇ ਇਸ ਤੋਂ ਬਾਲਣ ਦਾ ਕੰਮ ਲਿਆ ਜਾਣ ਲੱਗਿਆ। ਉਦਯੋਗਾਂ ਵਿਚ ਬਿਜਲੀ ਦੀ ਵਰਤੋਂ ਵੀ ਇਸੇ ਸਮੇਂ ਅਰੰਭ ਹੋਈ। ਇਸ ਪ੍ਰਕਾਰ ਇਕ ਪਾਸੇ ਤਾਂ ਉਦਯੋਗਿਕ ਵਿਕਾਸ ਦੀ ਗਤੀ ਤੇਜ਼ ਹੋਈ ਅਤੇ ਦੂਜੇ ਪਾਸੇ ਨਵੇਂ ਉਦਯੋਗ ਦੁਆਰਾ ਕੱਚੇ ਮਾਲ ਦੀ ਖਪਤ

ਬਹੁਤ ਹੀ ਵੱਡੀ ਮਾਤਰਾ ਵਿਚ ਹੋਣ ਲੱਗੀ। ਉਦਯੋਗਿਕ ਉਨਤੀ ਨਾਲ ਸ਼ਹਿਰੀ ਵਸੋਂ ਵਿਚ ਵਾਧਾ ਹੋਣ ਲੱਗਿਆ ਜਿਸ ਨਾਲ ਅਨਾਜ ਦੀ ਲੋੜ ਵੀ ਵਧਣ ਲੱਗੀ। ਹੁਣ ਕੱਚੇ ਮਾਲ ਤੇ ਖੁਰਾਕ ਦੇ ਵਸੀਲਿਆਂ ਦੀ ਖੋਜ ਵੀ ਵੱਡੇ ਪੈਮਾਨੇ 'ਤੇ ਹੋਣੀ ਲਾਜ਼ਮੀ ਹੋ ਗਈ। ਰਾਜ ਸਰਕਾਰਾਂ ਖੇਤੀ ਤੇ ਖਣਿਜ ਤੇ ਸੰਭਵ ਸੋਮਿਆਂ ਉੱਤੇ ਨਿਅੰਤਰਣ ਪ੍ਰਾਪਤ ਕਰਨ ਲਈ ਇਕ ਦੂਜੇ ਨਾਲ ਬਿਦਣ ਲੱਗੀਆਂ-ਅਫਰੀਕਾ, ਏਸ਼ੀਆ, ਲਾਤੀਨੀ ਅਮਰੀਕਾ ਹਰ ਦੇਸ਼ ਵਿਚ।

ਤੀਜੇ, ਉਦਯੋਗ ਤੇ ਵਪਾਰ ਦੇ ਵਿਕਾਸ ਅਤੇ ਬਸਤੀਆਂ ਤੇ ਬਸਤੀ ਮੰਡੀਆਂ ਦੀ ਲੁੱਟ ਕਾਰਨ ਵਿਕਸਤ ਪੂੰਜੀਪਤੀ ਦੇਸ਼ਾਂ ਵਿਚ ਬੇਅੰਤ ਪੂੰਜੀ ਜਮ੍ਹਾ ਹੋਣ ਲੱਗੀ। ਤੇ ਇਹ ਪੂੰਜੀ ਵੀ ਕੁਝ ਕੁ ਗਿਣਵੇਂ ਬੈਂਕਾਂ, ਕਾਰਪੋਰੇਸ਼ਨਾਂ ਤੇ ਟਰੱਸਟਾਂ ਆਦਿ ਵਿਚ ਹੀ ਜਮ੍ਹਾਂ ਹੋਈ। ਇਸ ਪੂੰਜੀ ਨੂੰ ਲਗਾਣ ਦੇ ਰਸਤੇ ਸੋਚਣੇ ਲਾਜ਼ਮੀ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਬੰਧਤ ਦੇਸ਼ਾਂ ਵਿਚ ਅਜਿਹੀ ਪੂੰਜੀ ਲਗਾਉਣ ਦੀ ਕੋਈ ਮੁਸ਼ਕਲ ਨਹੀਂ ਸੀ ਕਿਉਂਕਿ ਇਨ੍ਹਾਂ ਦੇਸ਼ਾਂ ਦੀ ਵਧੇਰੇ ਵਸੋਂ ਹਾਲੀ ਵੀ ਗਰੀਬੀ ਵਿਚ ਰਹਿ ਰਹੀ ਸੀ। ਪਰ ਅਜਿਹੇ ਦੇਸ਼ਾਂ ਦੀਆਂ ਕਿਰਤੀ ਸ਼੍ਰੇਣੀਆਂ ਜਥੇਬੰਦ ਹੋਣ ਲਗ ਪਈਆਂ ਸਨ। ਇਨ੍ਹਾਂ ਦੇਸ਼ਾਂ ਵਿਚ ਪੂੰਜੀ ਲਗਾਉਣ ਦੇ ਬਦਲੇ ਕਿਰਤੀ ਸ਼੍ਰੇਣੀਆਂ ਦੀਆਂ ਮੰਗਾਂ ਨੂੰ ਪੂਰਾ ਕਰਨਾ ਪੈਣਾ ਸੀ। ਇਸ ਨਾਲ ਉਨ੍ਹਾਂ ਤਕੜੀਆਂ ਹੋ ਜਾਣਾ ਸੀ। ਇਥੋਂ ਤੱਕ ਕਿ ਨਵੀਨ ਉਦਯੋਗ ਵਿਚੋਂ ਵੀ ਮੁਨਾਫੇ ਦੀ ਮਾਤਰਾ ਘਟ ਜਾਣੀ ਸੀ। ਦੂਜੇ ਪਾਸੇ ਜੇ ਇਹੀਓ ਪੂੰਜੀ ਦੂਜੇ ਦੇਸ਼ਾਂ ਵਿਚ ਖਣਿਜ ਤੇ ਖੇਤੀ ਨਾਲ ਸਬੰਧਤ ਕੱਚੇ ਮਾਲ ਦੀ ਉਪਜ ਵਾਸਤੇ ਲਾਈ ਜਾਂਦੀ ਤਾਂ ਕਈ ਨਿਸ਼ਾਨਿਆਂ ਦੀ ਪੂਰਤੀ ਹੁੰਦੀ ਸੀ। ਫਾਲਤੂ ਪੂੰਜੀ ਨੂੰ ਲਾਉਣ ਦਾ ਰਾਹ ਲੱਭ ਜਾਣਾ ਸੀ ਅਤੇ ਇਨ੍ਹਾਂ ਘੱਟ ਵਿਕਸਤ ਦੇਸ਼ਾਂ ਵਿਚ ਮਜ਼ਦੂਰੀ ਸਸਤੀ ਮਿਲਣ ਕਾਰਨ ਮਣਾ ਮੂੰਹੀ ਮੁਨਾਫੇ ਦੀ ਸੰਭਾਵਨਾ ਸੀ। ਇਸ ਦੇ ਨਾਲ ਹੀ ਉਦਯੋਗ ਵਿਚ ਲੋੜੀਂਦੇ ਕੱਚੇ ਮਾਲ ਦੀ ਘਾਟ ਵੀ ਨਹੀਂ ਸੀ ਹੋਣ ਲੱਗੀ। ਇਕ ਵਾਰੀ ਫੇਰ ਵਿਕਸਤ ਪੂੰਜੀਵਾਦੀ ਦੇਸ਼ ਇਕ ਦੂਜੇ ਨਾਲ ਮਿਲ ਕੇ ਅਜਿਹੇ ਖੇਤਰਾਂ ਦੀ ਭਾਲ ਕਰਨ ਲੱਗੇ ਜਿੱਥੇ ਉਹ ਅਪਣੀ ਫਾਲਤੂ ਪੂੰਜੀ ਲਗਾ ਸਕਦੇ।

ਇਸ ਪੜਾਅ ਉੱਤੇ ਸਾਮਰਾਜਵਾਦ ਤੇ ਇਸਦੇ ਵਿਕਾਸ ਨੇ ਪੂੰਜੀਵਾਦੀ ਦੇਸ਼ਾਂ ਵਿਚ ਇਕ ਮਹੱਤਵਪੂਰਨ ਰਾਜਨੀਤਕ ਤੇ ਸਿਧਾਂਤਕ ਮਨੋਰਥ ਵੀ ਪ੍ਰਾਪਤ ਕੀਤਾ। ਉਨ੍ਹੀਵੀਂ ਸਦੀ ਦੇ ਦੂਜੇ ਅੱਧ ਵਿਚ ਲੋਕਾਂ ਵਿਚ ਅਜਿਹੀ ਜਾਗ੍ਰਤੀ ਆਈ ਕਿ ਪੱਛਮੀ ਯੂਰਪੀ ਦੇਸ਼ਾਂ ਤੇ ਸੰਯੁਕਤ ਰਾਸ਼ਟਰ ਵਿਚ ਉਨ੍ਹਾਂ ਨੂੰ ਵੋਟ ਦਾ ਹੱਕ ਦੇਣਾ ਪਿਆ। ਹੁਣ ਇਨ੍ਹਾਂ ਦੇਸ਼ਾਂ ਦੀ ਰਾਜ ਅਧਿਕਾਰੀ ਸ਼੍ਰੇਣੀ ਨੂੰ ਇਸ ਗੱਲ ਦੀ ਚਿੰਤਾ ਸ਼ੁਰੂ ਹੋਈ ਕਿ ਨਵੀਆਂ ਸ਼੍ਰੇਣੀਆਂ ਵਿਚ ਇਸ ਹੱਕ ਦੀ ਵਰਤੋਂ ਅਪਣੇ ਹਿੱਤਾਂ ਲਈ ਕਰਨਗੀਆਂ ਅਤੇ ਉਚੇਰੀ ਸ਼੍ਰੇਣੀ ਦਾ ਰਾਜਨੀਤਕ ਤੇ ਆਰਥਿਕ ਨਿਅੰਤਰਣ ਢਿੱਲਾ ਪੈ ਜਾਵੇਗਾ। ਪਰ ਸਾਮਰਾਜਵਾਦ ਕੋਲ ਇਸ ਦਾ ਹੱਲ ਸੀ। ਇਸ ਦੇ ਬੁਰਕੇ ਥੱਲੇ ਲੋਕਾਂ ਨੂੰ ਬਾਹਰੀ ਸ਼ਾਨ ਤਿਆਗ ਕੇ ਦੇਸ਼ ਪਿਆਰ, ਰਾਸ਼ਟਰਵਾਦ ਤੇ ਸਵੈ ਉੱਚਤਾ ਦੇ ਜਜ਼ਬੇ ਵਿਚ ਲਪੇਟ ਕੇ ਉਨ੍ਹਾਂ ਦੇ ਸਮਾਜ ਨੂੰ ਇਕ ਵਾਰੀ ਫੇਰ ਪੂੰਜੀਵਾਦ ਦੁਆਰੇ ਹੀ ਲਪੇਟਿਆ ਜਾ ਸਕਦਾ ਸੀ। ਅੰਗਰੇਜ਼ਾਂ ਨੇ ਬਰਤਾਨਵੀ ਸਰਕਾਰ ਦਾ ਕਦੀ ਸੂਰਜ ਨਹੀਂ ਡੁਬਦਾ ਦਾ ਨਾਅਰਾ ਲਾ ਕੇ ਅਪਣੇ ਕਿਰਤੀਆਂ ਨੂੰ ਸਵੈ ਮਾਣ ਦਾ ਅਹਿਸਾਸ ਦਿਲਵਾਣਾ ਸ਼ੁਰੂ ਕੀਤਾ ਭਾਵੇਂ ਇਨ੍ਹਾਂ ਕਿਰਤੀਆਂ ਦੀਆਂ ਝੌਂਪੜੀਆਂ 'ਤੇ ਸੂਰਜ ਦੀ ਰੌਸ਼ਨੀ ਵੀ ਨਹੀਂ ਸੀ ਪੈਂਦੀ। ਜਰਮਨਾਂ ਨੇ ਵੀ ਇਸ ਸੂਰਜ ਦੇ ਥੱਲੇ ਥਾਂ ਮੰਗਣੀ ਸ਼ੁਰੂ ਕਰ ਦਿੱਤੀ। ਫਰਾਂਸੀਸੀਆਂ ਨੂੰ ਵੀ ਸਭਿਅਤਾ ਦੇ ਇਨ੍ਹਾਂ ਪਰਦਿਆਂ ਵਿਚ ਅਪਣੀ ਹੀ ਭਾਂਤ ਦਾ ਵਿਸ਼ਵਾਸ ਸੀ। ਜਾਪਾਨ ਅਪਣੇ ਆਪ ਨੂੰ ਏਸ਼ੀਆ ਦਾ ਰਾਖਾ ਕਹਿਣ ਲੱਗਿਆ ਤੇ ਰੂਸ ਗੁਲਾਮ ਹਿੱਤਾਂ ਦਾ। ਉੱਤਰੀ ਅਮਰੀਕਾ ਕੁਝ ਏਸੇ ਤਰ੍ਹਾਂ ਦਾ ਅਧਿਕਾਰ ਲਾਤੀਨੀ ਅਮਰੀਕਾ ਉੱਤੇ ਦੱਸਣ ਲੱਗਿਆ। ਉਹਨਾਂ ਨੂੰ ਇਹ ਪੱਟੀ ਪੜ੍ਹਾਈ ਜਾਣ ਲੱਗੀ ਕਿ ਵੀਹਵੀਂ ਸਦੀ ਅਮਰੀਕਨ ਸਦੀ ਸੀ। ਪਸਾਰਵਾਦ, ਪੂੰਜੀਵਾਦ ਤੇ ਰਾਸ਼ਟਰੀ ਮਹਾਨਤਾ ਦੇ ਇਸ ਪੋਚੇ ਹੇਠ ਲੋਕ ਆਪਣੀਆਂ ਵੋਟਾਂ ਦੀ ਵਰਤੋਂ ਕਰਕੇ ਵੀ ਉਸੇ ਪ੍ਰਕਾਰ ਦੀਆਂ ਸਰਕਾਰਾਂ ਹੋਂਦ ਵਿਚ ਲਿਆਉਣ ਲੱਗੇ ਜਿਹੜੀਆਂ ਵੋਟ ਦਾ ਹੱਕ ਮਿਲਣ ਤੋਂ ਪਹਿਲਾਂ ਉਨ੍ਹਾਂ ਉੱਤੇ ਰਾਜ ਕਰਦੀਆਂ ਸਨ। ਇਨ੍ਹਾਂ ਕੋਸ਼ਿਸ਼ਾਂ ਦਾ ਨਤੀਜਾ ਵੀ ਉਹੀਓ ਨਿਕਲਿਆ-ਅਜਿਹੀਆਂ ਨਿਵੇਕਲੀਆਂ ਬਸਤੀਆਂ ਤੇ ਅਰਧ-ਬਸਤੀਆਂ ਦੀ ਭਾਲ ਜਿੱਥੇ ਸਬੰਧਤ ਸਾਮਰਾਜੀ ਦੇਸ਼, ਮੰਡੀਆਂ, ਕੱਚੇ ਮਾਲ ਅਤੇ ਪੈਸਾ ਲਗਾਉਣ 'ਤੇ ਨਿੱਜੀ ਤੇ ਨਿਵੇਕਲਾ ਨਿਅੰਤਰਣ ਰੱਖ ਸਕਦੇ। ਜਿਉਂ ਜਿਉਂ ਨਵੀਆਂ ਬਸਤੀਆਂ ਦੇ ਖੇਤਰ ਘਟਣ ਲੱਗੇ ਬਸਤੀਆਂ ਤੇ ਅਰਧ-ਬਸਤੀਆਂ ਦੀ ਭਾਲ ਵਿਚ ਸਖਤ ਮੁਕਾਬਲਾ ਸ਼ੁਰੂ ਹੋ ਗਿਆ। ਸੰਸਾਰ ਨੂੰ ਬਸਤੀਆਂ ਵਿਚ ਵੰਡਣ ਦਾ ਸੰਗਰਾਮ ਹੁਣ ਬਸਤੀਵਾਦੀ-ਸੰਸਾਰ ਦੀ ਮੁੜ ਵੰਡ ਦੇ ਸੰਗਰਾਮ ਵਿਚ ਬਦਲ ਗਿਆ।

ਇਹ ਸਾਰਾ ਸਮਾਂ ਕੰਪਨੀਆਂ ਲਈ ਬੜੀ ਘਾਲਣਾ ਵਾਲਾ ਸੀ ਕਿਉਂਕਿ ਬਸਤੀਵਾਦੀ ਸੰਸਾਰ ਵਿਚ ਪ੍ਰਵੇਸ਼ ਕਰਨ ਵਾਲੇ ਨਵ ਦੇਸ਼ ਬਰਤਾਨੀਆਂ ਦੇ ਵਣਜ ਤੇ ਪੈਸਾ ਲਗਾਉਣ ਵਿਚ ਪ੍ਰਾਪਤ ਕੀਤੇ ਮਹੱਤਵਪੂਰਨ ਸਥਾਨ ਨੂੰ ਨੁਕਸਾਨ ਪੁਚਾਉਣ ਲੱਗ ਪਏ ਸਨ। ਬਰਤਾਨੀਆ ਹੁਣ ਅਪਣੀ ਵਰਤਮਾਨ ਹਕੂਮਤ ਉੱਤੇ ਵੀ ਅਪਣਾ ਨਿਅੰਤਰਣ ਪੀਡਾ ਕਰਨ ਲੱਗਿਆ ਅਤੇ ਇਸ ਦੇ ਪਸਾਰੇ ਵੱਲ ਵੀ ਧਿਆਨ ਦੇਣ ਲੱਗਿਆ। ਇਸ ਪ੍ਰਕਾਰ ਬਰਤਾਨਵੀ ਰਾਜ ਦਾ ਤੀਜਾ ਪੜਾਅ ਵੀ ਸਾਮਰਾਜਵਾਦੀ ਨਿਅੰਤਰਣ ਦਾ ਹੀ ਨਵਾਂ ਪੈਂਤੜਾ ਸੀ ਜਿਹੜਾ ਕਿ ਲਿਟਨ, ਡੱਫਰਿਨ, ਲੈਂਸਡਨ ਅਤੇ ਕਰਜ਼ਨ ਦੀਆਂ ਪ੍ਰਤੀਗਾਮੀ ਨੀਤੀਆਂ ਤੋਂ ਸਿੱਧ ਸੀ। ਸੰਸਾਰ ਦੇ ਦੂਜੇ ਦੇਸ਼ਾਂ ਨਾਲ ਮੁਕਾਬਲੇ ਤੋਂ ਮਾਰ ਖਾ ਕੇ ਅੰਗਰੇਜ਼ਾਂ ਨੂੰ ਭਾਰਤ ਇਕੋ ਇਕ ਸਥਾਨ ਵਿਖਾਈ ਦੇ ਰਿਹਾ ਸੀ ਜਿਹੜਾ ਬਰਤਾਨਵੀ ਪੂੰਜੀ ਦੀ ਬੰਦਰਗਾਹ ਬਣ ਸਕਦਾ।

1850 ਤੋਂ ਪਿੱਛੋਂ ਬਰਤਾਨਵੀ ਪੂੰਜੀ ਦੀ ਵੱਡੀ ਮਾਤਰਾ ਭਾਰਤੀ ਰੇਲਾਂ ਅਤੇ ਭਾਰਤੀ ਸਰਕਾਰ ਲਈ ਕਰਜ਼ੇ ਦੇ ਰੂਪ ਵਿਚ ਲੱਗਣ ਲੱਗੀ। ਕਿਸੇ ਹੱਦ ਤੱਕ ਇਹ ਪੂੰਜੀ ਚਾਹ ਦੇ ਬਗੀਚਿਆਂ, ਕੋਲੇ ਦੀਆਂ ਖਾਨਾਂ, ਪਟਸਨ ਦੇ ਕਾਰਖਾਨਿਆਂ, ਸਮੁੰਦਰੀ ਜਹਾਜ਼ਾਂ, ਵਪਾਰ ਦੇ ਬੈਂਕਾਂ ਵਿਚ ਵੀ ਲੱਗੀ। ਇਸ ਪੂੰਜੀ ਨੂੰ ਆਰਥਿਕ ਤੇ ਰਾਜਨੀਤਕ ਪੱਖ ਤੋਂ ਸੁਰੱਖਿਅਤ ਰੱਖਣ ਲਈ ਭਾਰਤ ਉੱਤੇ ਬਰਤਾਨਵੀ ਰਾਜ ਦੀ ਪਕੜ ਹੋਰ ਵੀ ਪੀਡੀ ਕਰਨੀ ਲਾਜ਼ਮੀ ਸੀ। ਇਹ ਗੱਲ ਉਸ ਸਮੇਂ ਦੇ ਅੰਗਰੇਜ਼ ਅਧਿਕਾਰੀ ਤੇ ਰਾਜਨੀਤਕ ਖੁਲ੍ਹਮ ਖੁੱਲ੍ਹਾ ਮੰਨਦੇ ਸਨ। 1880 ਵਿਚ ਬੰਬਈ ਦੇ ਗਵਰਨਰ ਰਿਚਰਡ ਟੈਂਪਲ ਨੇ ਲਿਖਿਆ ਸੀ ''ਇੰਗਲੈਂਡ ਨੂੰ ਭਾਰਤ ਨੂੰ ਅਪਣੇ ਅਧੀਨ ਹੀ ਰੱਖਣਾ ਚਾਹੀਦਾ ਹੈ... ਏਸ ਦੇਸ਼ ਵਿਚ ਲੱਗੀ ਹੋਈ ਪੂੰਜੀ ਦੀ ਮਾਤਰਾ ਅਥਾਹ ਹੈ ਤੇ ਇਹ ਪੂੰਜੀ ਇਸੇ ਅਧਾਰ 'ਤੇ ਲਾਈ ਗਈ ਸੀ ਕਿ ਇੱਥੇ ਬਰਤਾਨਵੀ ਰਾਜ ਸਦਾ ਹੀ ਰਹਿਣਾ ਸੀ।''

ਬਰਤਾਨਵੀ ਰਾਜ ਨੂੰ ਭਾਰਤ ਦਾ ਇਕ ਹੋਰ ਵੀ ਬਹੁਤ ਵੱਡਾ ਲਾਭ ਸੀ। ਇਹ ਭਾਰਤੀ ਸੈਨਾ ਹੀ ਸੀ ਜਿਸਦੇ ਬਲ ਉੱਤੇ ਬਰਤਾਨੀਆ ਨੇ ਅਫਰੀਕਾ ਤੇ ਏਸ਼ੀਆ ਵਿਚ ਅਪਣੇ ਰਾਜ ਨੂੰ ਫੈਲਾਇਆ ਤੇ ਮਜ਼ਬੂਤ ਕੀਤਾ। ਬਰਤਾਨਵੀ ਜਲ ਸੈਨਾ ਨਾਲ ਰਲ ਕੇ ਭਾਰਤੀ ਸੈਨਾ ਨੇ ਸੰਸਾਰ ਦੇ ਚੱਪੇ ਚੱਪੇ ਵਿਚ ਬਰਤਾਨੀਆ ਦੇ ਹੱਥ ਮਜ਼ਬੂਤ ਕੀਤੇ ਸਨ। ਇਹ ਭਾਰਤੀ ਸੈਨਾ ਏਨੀ ਵੱਡੀ ਸੀ ਕਿ 1904 ਵਿਚ ਭਾਰਤੀ ਮਾਮਲੇ ਦਾ 52 ਪ੍ਰਤੀਸ਼ਤ ਭਾਗ ਸੈਨਾ 'ਤੇ ਹੀ ਲੱਗਿਆ।

ਇਸ ਸਮੇਂ ਵਿਚ ਭਾਰਤੀਆਂ ਨੂੰ ਸਵੈ-ਰਾਜ ਦੀ ਸਿਖਲਾਈ ਅਧੀਨ ਚਲਾਈਆਂ ਵਿਦਿਅਕ ਸਕੀਮਾਂ ਵੀ ਮਾਂਦੀਆਂ ਪੈ ਗਈਆਂ। ਵਿੱਦਿਆ ਦੀ ਇਹ ਲਹਿਰ 1918 ਵਿਚ ਆ ਕੇ ਇੰਡੀਅਨ ਨੈਸ਼ਨਲ ਮੂਵਮੈਂਟ ਦੇ ਪ੍ਰਭਾਵ ਨਾਲ ਸੁਰਜੀਤ ਹੋਈ। ਉਂਜ ਵੀ ਬਰਤਾਨਵੀ ਰਾਜ ਦਾ ਆਸ਼ਾ ਮਿਹਰਬਾਨ ਹਕੂਮਤ ਹੋ ਕੇ ਰਹਿ ਗਿਆ। ਇਹ ਗੱਲ ਫੈਲਾਈ ਗਈ ਕਿ ਭੂਗੋਲਕ, ਜ਼ਾਤ ਪਾਤੀ, ਇਤਿਹਾਸਕ, ਸਮਾਜਕ ਤੇ ਸਭਿਆਚਾਰਕ ਕਾਰਨਾਂ ਕਰਕੇ ਭਾਰਤੀ ਲੋਕ ਸਵੈ-ਰਾਜ ਕਰਨ ਦੇ ਸਦਾ ਲਈ ਅਸਮਰਥ ਹੋ ਗਏ ਸਨ। ਇਸ ਪ੍ਰਕਾਰ ਬਰਤਾਨੀਆ ਹੀ ਸੀ ਜਿਹੜਾ ਭਾਰਤ ਨੂੰ ਕਈ ਸਦੀਆਂ ''ਸਭਿਅਕ'' ਤੇ ''ਮਿਹਰਬਾਨ'' ਰਾਜ ਦੀ ਛਤਰੀ ਪ੍ਰਦਾਨ ਕਰ ਸਕਦਾ ਸੀ।

ਭਾਰਤ ਵਿਚ ਜਿਹੜੀ ਸਵਾਰਥੀ ਭਾਵਨਾ ਇਨ੍ਹਾਂ ਦਿਨਾਂ ਵਿਚ ਅੰਗਰੇਜ਼ਾਂ ਵਲੋਂ ਸ਼ੁਰੂ ਹੋਈ ਉਹ ਤੀਜੇ ਪੜਾਅ ਵਿਚ ਵੀ ਜਾਰੀ ਰਹੀ। ਇਹ ਗੱਲ ਹੋਰ ਵੀ ਜ਼ੋਰ ਨਾਲ ਆਖੀ ਜਾਣ ਲੱਗੀ ਕਿ ਬਰਤਾਨਵੀ ਰਾਜ ਭਾਰਤ ਦੇ ਚੱਪੇ ਚੱਪੇ ਤੱਕ ਪਹੁੰਚਣਾ ਜ਼ਰੂਰੀ ਹੈ ਅਤੇ ਭਾਰਤੀ ਸਮਾਜ, ਭਾਰਤੀ ਕਸਬੇ, ਸ਼ਹਿਰ ਤੇ ਬੰਦਰਗਾਹਾਂ ਦਾ ਬਰਤਾਨੀਆ ਦੇ ਲਾਭ ਲਈ ਸੰਸਾਰ ਆਰਥਿਕਤਾ ਨਾਲ ਸਬੰਧ ਜੋੜਿਆ ਜਾਵੇ। ਪਰ ਇਸ ਪ੍ਰਕਾਰ ਦੀ ਭਾਵਨਾ ਵਿਅਰਥ ਹੀ ਰਹੀ। ਇਸ ਦਾ ਮੂਲ ਕਾਰਨ ਭਾਰਤ ਵਿਚ ਬਰਤਾਨੀਆ ਦੀ ਘਟੀਆ ਬਸਤੀਵਾਦੀ ਨੀਤੀ ਹੀ ਸੀ।

ਪਹਿਲੀ ਗੱਲ ਤਾਂ ਇਹ ਕਿ ਇਨ੍ਹਾਂ ਪ੍ਰਸ਼ਾਸਨਿਕ, ਆਰਥਿਕ ਤੇ ਸਭਿਆਚਾਰਕ ਤਬਦੀਲੀਆਂ ਦਾ ਖਰਚਾ ਭਾਰਤੀ ਮਾਮਲੇ ਵਿਚੋਂ ਹੀ ਪੂਰਾ ਹੋਣਾ ਸੀ, ਐਨ, ਉਸੇ ਤਰ੍ਹਾਂ ਜਿਵੇਂ ਬਰਤਾਨੀਆ ਨੇ ਭਾਰਤ ਉੱਤੇ ਕਬਜ਼ਾ ਕਰਨ ਲਈ ਕੀਤਾ ਖਰਚਾ ਵੀ ਭਾਰਤੀ ਮਾਮਲੇ ਵਿਚੋਂ ਹੀ ਪੂਰਾ ਕੀਤਾ ਸੀ। ਪਰ ਭਾਰਤ ਪਹਿਲਾਂ ਹੀ ਗਰੀਬ ਦੇਸ਼ ਸੀ ਤੇ ਬਸਤੀਵਾਦ ਨੇ ਇਸ ਨੂੰ ਹੋਰ ਵੀ ਕਮਜ਼ੋਰ ਕਰ ਦਿੱਤਾ ਸੀ। ਉਂਜ ਤਾਂ ਕੋਈ ਵੀ ਆਰਥਿਕ ਵਿਕਾਸ ਕਰ ਰਿਹਾ ਦੇਸ਼ ਮਾਮਲੇ ਦੇ ਰੂਪ ਵਿਚ ਬਹੁਤ ਸਾਰੀ ਪੂੰਜੀ ਪੈਦਾ ਕਰਨ ਲਈ ਭਾਰੀ ਕਰ ਲਾਉਣੇ ਪੈ ਰਹੇ ਸਨ। ਅਜਿਹਾ ਕਰਨਾ ਰਾਜਨੀਤਕ ਕਾਰਨਾਂ ਕਰਕੇ ਸੰਭਵ ਨਹੀਂ ਸੀ। ਖੜ੍ਹੀ ਆਰਥਿਕਤਾ ਉੱਤੇ ਭਾਰੂ ਕਰ ਲਾਉਣਾ ਇਨਕਲਾਬ ਦੀ ਭਾਵਨਾ ਨੂੰ ਸੱਦਾ ਦੇਣਾ ਸੀ। ਉਂਜ ਵੀ ਏਨਾ ਵੱਡਾ ਪ੍ਰਸ਼ਾਸਨਿਕ ਤੇ ਸੈਨਿਕ ਖਰਚਾ ਚੁਕਣ ਵਾਲੇ ਦੇਸ਼ ਲਈ ਵਿੱਦਿਆ, ਸਿੰਚਾਈ, ਆਵਾਜਾਈ ਤੇ ਉਦਯੋਗਾਂ ਦਾ ਖਰਚਾ ਚੁੱਕਣਾ ਸੌਖਾ ਨਹੀਂ ਸੀ। ਇਕ ਪਾਸੇ ਬਸਤੀਵਾਦੀ ਘਾਉ ਘੱਪੇ ਲਈ ਅੰਦਰੂਨੀ ਵਿਕਾਸ ਲਾਜ਼ਮੀ ਸੀ ਤੇ ਦੂਜੇ ਪਾਸੇ ਇਹੀਓ ਖਾਊ ਰੁਚੀ ਭਾਰਤ ਨੂੰ ਪ੍ਰਤੀਗਾਮੀ ਬਣਾਈ ਰੱਖਦੀ ਸੀ ਜਿਸ ਦੇ ਫਲਸਰੂਪ ਹੋਰ ਵਿਕਾਸ ਅਸੰਭਵ ਸੀ।

ਦੂਜੇ, ਬਸਤੀਵਾਦੀ ਅਧਿਕਾਰੀਆਂ ਨੇ ਜਦੋਂ ਭਾਰਤੀ ਅਗਾਂਹਵਧੂ ਰੁਚੀ ਦੇ ਪ੍ਰਨਾਮ ਵੇਖੇ ਤਾਂ ਇਸ ਨੂੰ ਰੋਕਣਾ ਵੀ ਲਾਜ਼ਮੀ ਸਮਝਿਆ। ਥੋੜ੍ਹੀ ਜਿਹੀ ਜਾਗ੍ਰਤੀ ਦੁਆਰਾ ਹੀ ਅਜਿਹੀਆਂ ਸਮਾਜਿਕ ਸ਼ਕਤੀਆਂ ਹੋਂਦ ਵਿਚ ਆਉਣ ਲੱਗੀਆਂ ਜਿਨ੍ਹਾਂ ਸਾਮਰਾਜਵਾਦ ਤੇ ਇਸ ਦੀ ਸ਼ੋਸ਼ਤ ਮਸ਼ੀਨਰੀ ਦੀ ਵਿਰੋਧਤਾ ਸ਼ੁਰੂ ਕਰ ਦਿੱਤੀ। ਭਾਰਤ ਨੂੰ ਅਪਣੇ ਪੈਰਾਂ ਉੱਤੇ ਖੜ੍ਹਿਆ ਕਰਨ ਲਈ ਲਿਆਂਦੀ ਤਬਦੀਲੀ ਦੁਆਰਾ ਹੀ ਉਹ ਰਾਸ਼ਟਰੀ ਸਮਾਜਿਕ ਸ਼ਕਤੀਆਂ ਹੋਂਦ ਵਿਚ ਆਉਣ ਲੱਗੀਆ ਜਿਨ੍ਹਾਂ ਨੇ ਬਸਤੀਵਾਦ ਵਿਰੁੱਧ ਸੰਗਰਾਮ ਲੜਨਾ ਸੀ।

ਅਨੁਵਾਦ : ਗੁਲਜ਼ਾਰ ਸਿੰਘ ਸੰਧੂ

ਦੇਸ਼-ਵੰਡਾਂ, ਅੰਤਰ ਰਾਸ਼ਟਰੀ ਪਰਿਪੇਖ ਵਿਚ

ਅਨੀਤਾ ਇੰਦਰ ਸਿੰਘ

1947 ਵਿਚ ਬ੍ਰਿਟਿਸ ਭਾਰਤ ਦੀ ਵੰਡ, ਸੰਸਾਰ ਦੇ ਇਤਿਹਾਸ ਵਿਚਲੀਆਂ ਤਬਾਹੀ ਵਾਲੀਆਂ ਘਟਨਾਵਾਂ ਵਿਚੋਂ ਇਕ ਘਟਨਾ ਸੀ ਅਤੇ ਇਸ ਬਾਰੇ ਵਾਦ-ਵਿਵਾਦ ਵੀ ਅੰਤਰਹੀਣ ਹੈ। 18 ਵੀਂ ਸਦੀ ਤੋਂ ਅਰੰਭ ਹੋ ਕੇ ਇਹ ਵੰਡ ਯੂਰਪ, ਏਸ਼ੀਆ, ਅਫਰੀਕਾ ਅਤੇ ਮੱਧ-ਪੂਰਬ ਦੀਆਂ ਕੀਤੀਆਂ ਗਈਆਂ ਵੰਡਾਂ ਵਿਚ ਇੱਕ ਵੰਡ ਸੀ। ਉਨ੍ਹਾਂ ਵਿਚੋਂ ਬਹੁਤੀਆਂ ਵੰਡਾਂ ਵਾਂਗ ਇਸ ਨੇ ਵੱਖ ਵੱਖ ਧਾਰਮਿਕ ਭਾਈਚਾਰਰਿਆਂ ਵਿਚ ਬੜੀ ਤੀਬਰ ਭਾਂਤ ਦੀ ਅਹਿੰਸਾ ਨੂੰ ਜਨਮ ਦਿੱਤਾ। ਇਸ ਵਿਚ ਹੋਰਨਾਂ ਹੋਈਆਂ ਵੰਡਾਂ ਨਾਲੋਂ ਵਧੇਰੇ ਲੋਕ ਮਰੇ। ਭਾਰਤ ਦੀ ਵੰਡ ਸਮੇਂ ਕਿੰਨੇ ਲੋਕ ਮਾਰੇ ਗਏ, ਕਿੰਨੇ ਲੋਕ ਉਜੜੇ ਤੇ ਕਿੰਨੇ ਲੁੱਟ ਗਏ ਇਸ ਦਾ ਕੋਈ ਪਤਾ ਨਹੀਂ। ਦੋ ਲੱਖ ਤੋਂ ਲੱਗ ਕੇ ਤਿੰਨ ਮਿਲੀਅਨ (ਤੀਹ ਲੱਖ) ਦੇ ਵਿਚਕਾਰ ਲੋਕਾਂ ਦੀਆਂ ਜਾਨਾਂ ਗਈਆਂ ਸਨ। 1946 ਤੋਂ 1951 ਤੀਕ ਕੋਈ ਨੇ ਮਿਲੀਅਨ (90 ਲੱਖ) ਹਿੰਦੂਆਂ ਤੇ ਸਿੱਖਾਂ ਨੇ ਪਾਕਿਸਤਾਨ ਤੋਂ ਸਰਹੱਦ ਪਾਰ ਕੀਤੀ ਅਤੇ ਕੋਈ ਛੇ ਮਿਲੀਅਨ (60 ਲੱਖ) ਮੁਸਲਮਾਨ, ਭਾਰਤ ਤੋਂ ਪਾਕਿਸਤਾਨ ਨੂੰ ਗਏ।

ਭਾਰਤ ਦੀ ਵੰਡ ਸਾਮਰਾਜੀ ਬਰਤਾਨੀਆਂ ਵੱਲੋਂ ਕੀਤੀਆਂ ਗਈਆਂ ਚਾਰ ਵੰਡਾਂ ਵਿਚੋਂ ਇਕ ਸੀ। ਬ੍ਰਿਟਿਸ਼ ਸਾਮਰਾਜ ਨੇ ਆਇਰਲੈਂਡ, ਫਲਸਤੀਨ ਅਤੇ ਸਾਈਪਰੱਸ ਇਸ ਕਾਰਨ ਵੰਡੇ ਸੀ ਕਿ ਵੱਖ ਵੱਖ ਭਾਈਚਾਰੇ ਇਕੱਠੇ ਨਹੀਂ ਸੀ ਰਹਿ ਸਕਦੇ। ਬ੍ਰਿਟਿਸ਼ ਸਰਕਾਰ ਵੱਲੋਂ ਕੀਤੀਆਂ ਗਈਆਂ ਵੰਡਾਂ ਦਾ ਇਕੋ ਇਕ ਅਧਾਰ, ਧਾਰਮਿਕ ਤੇ ਨਸਲੀ ਪਾੜਾ ਨਹੀਂ ਸੀ। ਯੂਨਾਈਟਿਡ ਕਿੰਗਡਮ (ਸੰਯੁਕਤ ਰਾਜ) ਦੇ ਸੈਨਿਕ ਹਿੱਤ ਵੀ ਚਾਰਾਂ ਵੰਡਾਂ ਵਿਚ ਸਮਝੌਤੇ ਦੀ ਯੁੱਧ-ਨੀਤੀ ਅਤੇ ਦਾਅਪੇਚਾਂ ਨੂੰ ਪ੍ਰਭਾਵਿਤ ਕਰਦੇ ਸਨ। ਇਸ ਤੋਂ ਪਹਿਲਾਂ ਅਠ੍ਹਾਰਵੀਂ ਅਤੇ ਉਨ੍ਹੀਵੀਂ ਸਦੀਆਂ ਵਿਚ ਵੱਡੀਆਂ ਯੂਰਪੀਆਈ ਸ਼ਕਤੀਆਂ ਵਿਚਲੀ ਸ਼ਰੀਕੇਬਾਜੀ ਪੋਲੈਂਡ ਦੀਆਂ ਤਿੰਨ ਅਤੇ ਅਫਰੀਕਾ ਦੀ ਵੰਡ ਦਾ ਕਾਰਨ ਬਣੀ ਸੀ। 1991 ਵਿਚ ਠੰਢੀ ਜੰਗ ਅਤੇ ਅੰਤ ਨੇ ਯੋਗੋਸਵਾਲੀਆ ਦੀਆਂ ਅਨੇਕਾਂ ਵੰਡਾਂ ਤੱਕੀਆਂ। ਯੋਗੋਸਲਾਵੀਆ ਦੀਆਂ ਕਈ ਰਿਆਸਤਾਂ ਵਿਚੋਂ ਬੋਸਨੀਆਂ ਦੀ ਇਕ ਰਿਆਸਤ ਜਨਮੀ। ਬੋਸਨੀਆਂ ਦੇ ਗਣਰਾਜ, ਜਿਸ ਵਿਚ ਸਰਬ ਕੋਰਟ ਅਤੇ ਸਭ ਮੁਸਲਮ ਘਟ ਗਿਣਤੀਆਂ ਸਨ ਨੂੰ ਸਰਬੀਆ ਤੇ ਕਰੋਸ਼ੀਆ ਵਿਚ ਵੰਡ ਦਿੱਤਾ ਗਿਆ ਅਤੇ ਇਸ ਦੀਆਂ ਅੰਤਰ ਰਾਸ਼ਟਰੀ ਸਰਹੱਦਾਂ ਦਾ ਫੈਸਲਾ ਜੰਗ ਰਾਹੀਂ ਕੀਤਾ ਗਿਆ। 2006 ਵਿਚ ਕਿਆਸ ਕੀਤਾ ਜਾਦਾ ਹੈ ਕਿ ਕੋਸੋਵੋ ਨੂੰ ਮੁਸਲਮਾਨਾਂ ਅਤੇ ਸਰਬਾਂ ਵਿਚ ਵੰਡ ਦਿੱਤਾ ਜਾਵੇਗਾ ਜਾਂ ਇਹ ਸਰਬੀਆ ਦਾ ਹੀ ਹਿੱਸਾ ਬਣਿਆ ਰਹੇਗਾ।

ਦੇਸ਼ ਦੀ ਵੰਡ ਬਾਰੇ ਵਾਦ-ਵਿਵਾਦ ਕਦੇ ਵੀ ਮੁਕਣੇ ਨਹੀਂ। ਕੀ ਉਨ੍ਹਾਂ ਇਲਾਕਿਆਂ ਨੂੰ ਵੰਡਣ ਨਾਲ ਸਹਾਇਤਾ ਮਿਲਦੀ ਹੈ। ਜਿਥੇ ਵੱਖੋ ਵੱਖਰੀਆਂ ਬਰਾਦਰੀਆਂ ਇਕੱਠੇ ਰਹਿਣ ਵਿਚ ਮੁਸ਼ਕਿਲ ਅਨੁਭਵ ਕਰਦੀਆਂ ਸਨ ? ਦੇਸ਼ ਵੰਡ ਦੇ ਸਮੱਰਥਕ ਕਹਿੰਦੇ ਹਨ ਕਿ ਅੱਡ ਹੋਣ ਨਾਲ, ਕੱਟੜ ਵਿਰੋਧੀ ਪਾਰਟੀਆਂ ਨੂੰ ਸਮਝੌਤੇ ਦੇ ਮੇਜ਼ 'ਤੇ ਲਿਆਂਦਾ ਜਾ ਸਕਦਾ ਹੈ। ਝਗੜਾ ਖਤਮ ਹੋ ਸਕਦਾ ਹੈ ਤੇ ਜਿੰਦਗੀਆਂ ਬਚਾਈਆਂ ਜਾ ਸਕਦੀਆਂ ਹਨ। ਵਿਰੋਧੀ ਬਰਾਦਰੀਆਂ ਇਕੱਠੇ ਨਾ ਰਹਿਣ ਦੇਣ ਨਾਲ, ਸੰਭਵ ਹੈ ਹਿੰਸਾ ਰੁਕ ਜਾਵੇ। ਅਮਨ ਦੇ ਨਿਰਪੱਖ ਦਲਾਲ, ਸੰਭਵ ਹੈ ਕਿ ਦੋਹਾਂ ਧਿਰਾਂ ਨੂੰ ਇਨਸਾਫ ਦੇ ਸਕਣ। ਦੇਸ਼ ਦੀ ਜਾਤੀ-ਇਲਾਕਾਈ ਲਾਈਨਾਂ ਤੇ ਵੰਡ, ਨਵੀਆਂ ਰਾਜਸੀ ਹੱਦਾਂ ਨੂੰ ਜਾਤੀਗਤ ਤੌਰ 'ਤੇ ਬਰਾਬਰ ਲਿਆ ਸਕਦੀ ਹੈ। ਦੇਸ਼ ਵੰਡ ਝਗੜੇ ਨੂੰ ਰੋਕਣ ਦਾ ਇਕ ਤਰੀਕਾ ਹੈ।

ਐਪਰ ਦੇਸ਼-ਵੰਡ ਦੀਆਂ ਹਕੀਕਤਾਂ ਬਹੁਤ ਵਖਰੀਆਂ ਰਹੀਆਂ ਹਨ। ਦੇਸ਼ ਦੀ ਵੰਡ ਦੀ ਉਸ ਥਾਂ ਮੰਗ ਕੀਤੀ ਜਾਂਦੀ ਹੈ ਜਿਥੇ ਇਕ ਖਾਸ ਇਲਾਕੇ 'ਤੇ ਕਬਜਾ ਕਰਨ ਲਈ ਘਟੋ ਘੱਟ ਦੋ ਵਿਰੋਧੀ ਗਰੁੱਪ ਹਥਿਆਰਬੰਦ ਟੱਕਰਾਂ ਵਿਚ ਫਸੇ ਹੋਣ। ਇਕੋ ਇਕ ਦੇਸ਼ ਵੰਡ ਜਿਸ ਵਿਚ ਹਿੰਸਾ ਨਹੀਂ ਸੀ ਹੋਈ, ਉਹ 1992 ਦੀ ਚੈਕੋਸਲੋਵਾਕੀਆ ਦੀ ''ਮਖ਼ਮਲੀ ਤਲਾਕ'' ਸੀ।

ਵੰਡਾਂ ਨੇ ਕਦੇ ਵੀ ਜਾਤੀਗਤ ਤੌਰ 'ਤੇ ਸ਼ੁੱਧ ਕੌਮੀ ਸਟੇਟਾਂ ਨੂੰ ਜਨਮ ਨਹੀਂ ਦਿੱਤਾ। ਜਿਵੇਂ ਬੋਸਨੀਆ ਨੂੰ ਜੋ ਸ਼ਰਾਬ, ਕਰੋਟ ਤੇ ਮੁਸਲਿਮ ਘੱਟ ਗਿਣਤੀਆਂ ਦੇ ਗਣਰਾਜਸੀ ਨੂੰ ਕੌਮੀ ਸਟੇਟਾਂ ਵਿਚ ਵੰਡਿਆ ਜਾ ਸਕਦਾ ਸੀ। ਬਰਤਾਨੀ ਪੰਜਾਬ ਦੀ 1947 ਦੀ ਤਕਸੀਮ ਇਕ ਕਾਰਨ ਕੁਚੱਜੀ ਸੀ, ਕਿਉਂਕਿ ਹਿੰਦੂ, ਮੁਸਲਿਮ ਅਤੇ ਸਿੱਖ ਬਾਰੇ ਸੂਬੇ ਵਿਚ ਖਿੰਡੇ-ਪੁੰਡੇ ਸਨ। ਅੱਜ ਭਾਰਤ ਵਿਚ ਮੁਸਲਿਮ ਅਬਾਦੀ ਪਾਕਿ ਨਾਲੋਂ ਕਿਤੇ ਜਿਆਦਾ ਹੈ। ਜਿਹੜਾ ਪਾਕਿਸਤਾਨ ਕਿ ਭਾਰਤੀ ਉਪ-ਮਹਾਂਦੀਪ ਵਿਚ ਮੁਸਲਿਮ ਮਾਤ ਭੂਮੀ ਵਜੋਂ ਬਣਾਇਆ ਗਿਆ ਸੀ। ਸਾਰੀਆਂ ਹੀ ਦੇਸ਼ ਵੰਡਾਂ ਨੇ ਵੰਡ ਤੋਂ ਪਿਛੋਂ ਦੀਆਂ ਕੌਮਾਂਤਰੀ ਸਰਹੱਦਾਂ ਦੇ ਦੋਹੀਂ ਪਾਸੀਂ ਰਲੀਆਂ ਮਿਲੀਆਂ ਬਰਾਦਰੀਆਂ ਰਹਿਣ ਦਿੱਤੀਆਂ ਹਨ।

ਦੇਸ਼ ਵੰਡਾਂ ਨੇ ਦੇਰ ਤੀਕ ਲਟਕਣ ਵਾਲੇ ਅੰਤਰ ਰਿਆਸਤੀ ਝਗੜਿਆਂ ਨੂੰ ਜਨਮ ਦਿੱਤਾ ਹੈ। ਬਰਤਾਨਵੀ ਭਾਰਤ ਦਾ 1947 ਦੀ ਦੇਸ਼ ਵੰਡ ਨੇ ਪਹਿਲਾਂ ਕੌਮਾਂਤਰੀ ਰੱਫੜ ਬਾਰੇ ਪੈਦਾ ਕੀਤਾ, ਜਿਸ ਨੂੰ ਸੰਯੁਕਤ ਕੌਮਾਂ ਦੀ ਸੁਰੱਖਿਆ ਕੌਂਸਲ ਵਿਚ ਖੜਨਾ ਪਿਆ। ਫਲਸਤੀਨ ਤੇ ਸਾਈਪਰਸ ਦਾ ਵੀ ਇਹੋ ਹਾਲ ਹੋਇਆ। ਦੇਸ਼ ਵੰਡਾਂ ਨੇ ਸਦਾ ਚਸਕਦੇ ਫੋੜਿਆਂ ਨੂੰ ਜਨਮ ਦਿੱਤਾ। ਉਤਰੀ ਆਇਰਲੈਂਡ ਇਕ ਹੋਰ ਮਿਸਾਲ ਹੈ।

ਕੌਮਾਂਤਰੀ ਅਧਿਕਾਰੀਆਂ ਵਿਚ ਬਟਵਾਰਿਆਂ ਨੂੰ ਨਾ ਪਸੰਦ ਕਰਨ ਦੀ ਰੁਚੀ ਹੈ, ਕਿਉਂਕਿ ਬਹੁਤ ਥਾਈਂ ਧੱਕੇ ਨਾਲ ਸਰਹੱਦਾਂ ਬਦਲਣੀਆਂ ਪੈਂਦੀਆਂ ਹਨ ਤੇ ਇਸ ਨਾਲ ਵੱਡੀਆਂ ਮਨੁੱਖੀ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਬਟਵਾਰਿਆਂ ਨੇ ਉਨ੍ਹਾਂ ਲੋਕਾਂ ਨੂੰ ਨਿਰਾਸ਼ ਕੀਤਾ ਹੈ ਜਿਨ੍ਹਾਂ ਦਾ ਇਹ ਵਿਸ਼ਵਾਸ਼ ਹੈ ਕਿ ਜਾਤੀ-ਵਿਭਿੰਨਤਾ ਲੋਕਾਂ ਵਿਚ ਅਮੀਰੀ ਲਿਆਉਂਦੀ ਹੈ ਅਤੇ ਇਲਾਕਾਈ ਵੰਡ ਤੇ ਜਾਤੀਗਤ ਜੰਗਾਂ, ਕਟੜਤਾ ਤੇ ਏਕਾ ਅਧਿਕਾਰਵਾਦੀ ਸਰਕਾਰ ਦੇ ਰਲ ਮਿਲ ਜਾਣ ਕਾਰਨ ਵਾਪਰਦੀਆਂ ਹਨ।

ਬਟਵਾਰੇ ਤੇ ਅਲਹਿਦਗੀਆਂ ਆਮ ਕਰਕੇ ਏਕਾ-ਅਧਿਕਾਰਵਾਦੀ ਸਟੇਟਾਂ ਵਿਚ ਵਾਪਰਦੀਆਂ ਹਨ। ਇਹ ਇਸ ਕਾਰਨ ਹੁੰਦਾ ਹੈ ਕਿਉਂਕਿ ਸਾਮਰਾਜੀ ਤੇ ਗੈਰ ਸਾਮਰਾਜਵਾਦੀ ਹਾਕਮ 'ਪਾੜੋ ਤੇ ਰਾਜ ਕਰੋ' 'ਤੇ ਚਲਦੇ ਹਨ। ਏਕਾ ਅਧਿਕਾਰਵਾਦ ਹਾਕਮ ਸਾਂਝੀ ਸਹਿਮਤੀ ਵਿਚ ਨਾ ਵਿਸ਼ਵਾਸ਼ ਰੱਖਦੇ ਹਨ, ਨਾ ਇਸ 'ਤੇ ਅਮਲ ਕਰਦੇ ਹਨ। ਯੋਗੋਸਲਾਵੀਆ ਦੇ 1991 ਅਤੇ 1992 ਦੇ ਬਹੁਤੇ ਬਟਵਾਰੇ ਏਕਾ-ਅਧਿਕਾਰਵਾਦੀ ਰਿਆਸਤ ਦੇ ਇਤਿਹਾਸ ਕਾਰਨ ਉਪਜੇ। ਇਸੇ ਤਰ੍ਹਾਂ ਹੀ ਬਰਤਾਨਵੀ ਹਾਕਮਾਂ ਦੇ ਆਇਰਲੈਂਡ ਭਾਗ ਤੇ ਫਲਸਤੀਨ ਦੇ ਬਟਵਾਰੇ ਕੀਤੇ। ਤਿੰਨੀਂ ਥਾਈਂ ਜਾਤੀਗਤ ਘ੍ਰਿਣਾ ਅਤੇ ਹਿੰਸਾ ਦਾ ਵਿਰਸਾ ਸੀ ਤੇ ਇੰਝ ਹੀ ਪਿਛੋਂ ਸਾਈਪਰੱਸ ਵਿਚ ਵਾਪਰਿਆ। ਜਿਹੜੇ ਲੋਕ ਵੰਡਾਂ ਦੀ ਮੰਗ ਕਰਦੇ ਹਨ ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਵੱਖ ਵੱਖ ਜਾਤੀਆਂ ਤੇ ਧਾਰਮਿਕ ਬਰਾਦਰੀਆਂ ਇਕੱਠੀਆਂ ਨਹੀਂ ਰਹਿ ਸਕਦੀਆਂ। ਕੀ ਬਰਾਦਰੀਆਂ ਵਿਚ ਕੋਈ ਵਿਚਾਰਧਾਰਕ ਅਤੇ ਰਾਜਸੀ ਵਖਰੇਵੇਂ ਨਹੀਂ ਹੁੰਦੇ ਅਤੇ ਕਿ ਕੌਮ ਅਤੇ ਸਟੇਟ ਨੂੰ ਲੋੜ ਪੈਣ 'ਤੇ ਧੱਕੇ ਨਾਲ ਜੋੜਨਾ ਚਾਹੀਦਾ ਹੈ।

ਬਟਵਾਰੇ ਕੌਮੀ ਸਟੇਟ ਦੀ ਵਿਸ਼ੇਸ਼ ਵਿਚਾਰਧਾਰਾ ਤੋਂ ਕਿਸੇ ਹੱਦ ਤੀਕ ਪ੍ਰੇਰਨਾ ਲੈਂਦੇ ਹਨ। ਬਟਵਾਰੇ 'ਤੇ ਅਮਨ ਕਰਨ ਵਾਲਿਆਂ ਨੇ ਜਾਤੀ, ਸੱਭਿਆਚਾਰ, ਭਾਸ਼ਾ ਤੇ ਧਰਮ ਨੂੰ ਇਲਾਕੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਹੈ ਕਿਉਂਕਿ ਵੰਡਾਂ ਦੀ ਮੰਗ ਹਮੇਸ਼ਾਂ ਹੀ ਇਸੇ ਕਾਰਨ ਹੁੰਦੀ ਰਹੀ ਹੈ ਤੇ ਇਹ ਵਾਪਰਦੀ ਵੀ ਰਹੀ ਹੈ ਕਿ ਜਿਨ੍ਹਾਂ ਇਲਾਕਿਆਂ ਵਿਚ ਵੱਖ ਵੱਖ ਭਾਈਚਾਰੇ ਖਿੰਡੇ ਪੁੰਡੇ ਹੋਏ ਸਨ ਅਤੇ ਹਥਿਆਰਬੰਦ ਟਕਰਾ ਦਾ ਇਲਾਕਾ ਸਮਝ ਜਾਂਦੇ ਸਨ। ਸੰਸਾਰ ਦੀਆਂ 90 ਫੀਸਦੀ ਰਿਆਸਤਾਂ ਬਹੁਜਾਤੀ ਹਨ। ਆਪਸੀ ਸਮਝੌਤਾ ਤੇ ਰਲ ਕੇ ਰਹਿਣ ਦੀ ਰੁਚੀ ਲਈ ਵੱਖ ਵੱਖ ਭਾਈਚਾਰਿਆਂ ਵਿਚ ਸਿਮਲਿਤ ਕੌਮ ਅਤੇ ਸਟੇਟ ਦੇ ਬਹੁ-ਵਾਦੀ ਸੰਕਲਪ ਦੀ ਲੋੜ ਹੁੰਦੀ ਹੈ। ਜਿਸ ਵਿਚ ਕੌਮੀ ਪਛਾਣਾਂ ਤੇ ਹਿੱਤਾਂ ਦੀ ਸਟੇਟ ਵੱਲੋਂ ਰਾਖੀ ਕੀਤੀ ਜਾਂਦੀ ਹੋਵੇ। ਇਸ ਵਿਚ ਵਿਅਕਤੀਗਤ ਮਨੁੱਖੀ ਅਧਿਕਾਰਾਂ ਦਾ ਸਤਿਕਾਰ ਅਤੇ ਸੁਰੱਖਿਆ ਸ਼ਾਮਿਲ ਹੁੰਦੀ ਹੈ। ਜਿਹੜੇ ਕਿ ਲੋਕ-ਰਾਜੀ ਸਟੇਟ ਵਿਚ ਹੀ ਪ੍ਰਾਪਤ ਹੋ ਸਕਦੇ ਹਨ। ਸਟੇਟ ਜਿਹੜੀ ਕਿ ਕਿਸੇ ਇਕ ਭਾਈਚਾਰੇ ਨਾਲ ਨਾ ਜੁੜਦੀ ਹੋਵੇ। ਜਾਤੀਗਤ ਧਾਰਮਿਕ ਜਾਂ ਸੱਭਿਆਚਾਰਕ ਬਹੁਗਿਣਤੀ ਰਾਜਸੀ ਬਹੁ-ਗਿਣਤੀ ਨਾਲੋਂ ਵੱਖਰੀ ਹੁੰਦੀ ਹੈ, ਜੋ ਸਾਰੀਆਂ ਬਰਾਦਰੀਆਂ ਦੇ ਸ਼ਹਿਰੀਆਂਦੀ ਪ੍ਰਤੀਨਿਧਤਾ ਕਰਦੀ ਹੁੰਦੀ ਹੈ।

ਸਟੇਟ ਤੇ ਦੇਸ਼ ਧਾਰਮਿਕ, ਜਾਤੀਗਤ ਜਾਂ ਸੱਭਿਆਚਾਰਕ ਵੰਡਾਂ ਦੇ ਕਾਰਨ ਉਨ੍ਹਾਂ ਅਵਸਥਾਵਾਂ ਨੂੰ ਪੈਦਾ ਕਰਨਦੇ ਨਾਲ ਗੁੰਝਲਦਾਰ ਢੰਗ ਲਾਲ ਜੁੜੇ ਹੋਏ ਹਨ, ਜੋ ਸੰਸਾਰ ਦੇ ਵੱਖ ਵੱਖ ਭਾਗਾਂ ਵਿਚ ਬਟਵਾਰੇ ਦਾ ਕਾਰਨ ਬਣਦੇ ਹਨ। ਇਹ ਨਿੱਕੀ ਜਿਹੀ ਪੁਸਤਕ ਇਹ ਗਲ ਵਿਖਾਉਂਦੀ ਹੈ ਕਿ ਕਿਵੇਂ ਬਰਤਾਨਵੀ ਸਵਾਰਥ ਅਤੇ ਭਾਰਤੀ ਪਾਰਟੀਆਂ ਵਿਚਲੇ ਪਾੜੇ ਨੇ ਬਰਤਾਨਵੀ ਭਾਰਤ ਦੀ ਵੰਡ ਕਰਵਾਈ ਅਤੇ ਇਹ ਵੰਡ ਪ੍ਰਗਟ ਤੌਰ 'ਤੇ ਅਗਸਤ 1947 ਵਿਚ ਧਾਰਮਿਕ ਅਧਾਰ 'ਤੇ ਹੋਈ ਸੀ।

(**ਭਾਰਤ ਦੀ ਵੰਡ ਪੁਸਤਕ ਵਿਚੋਂ ਅਨੁਵਾਦ**)

ਭਾਰਤੀ ਸਿਆਸੀ ਤੇ ਅੰਤਰਯਾਮੀ ਆਕਟੋਪਸ

ਸਤਨਾਮ ਔਜਲਾ

ਫੀਫਾ ਫੁੱਟਬਾਲ ਦੀਆਂ ਭਵਿੱਖਬਾਣੀਆਂ ਜਰਮਨ ਦੇ ਆਕਟੋਪਸ ਨੇ ਕਰਕੇ ਵਿਸ਼ਵ ਭਰ ਨੂੰ ਹੈਰਾਨ ਕਰ ਦਿੱਤਾ। ਉਸ ਦੀਆਂ ਕੀਤੀਆਂ ਸਾਰੀਆਂ 8 ਭਵਿੱਖਬਾਣੀਆਂ ਸਹੀ ਸਾਬਤ ਹੋਈਆਂ। ਮੈਨੂੰ ਇਸ ਆਕਟੋਪਸ 'ਤੇ ਕੋਈ ਬਹੁਤੀ ਹੈਰਾਨੀ ਨਹੀਂ ਹੋਈ। ਇਸ ਕਰਕੇ ਕਿ ਸ਼ਾਇਦ ਆਕਟੋਪਸ ਪਰਜਾਤੀ ਵਿਸ਼ੇਸ਼ ਰੰਗਾਂ ਪ੍ਰਤੀ ਸੰਵਦਨਸ਼ੀਲ ਹੋਵੇ। ਪਰ ਹੈਰਾਨੀ ਇਹ ਸੀ ਕਿ ਇਹ ਆਕਟੋਪਸ ਇੱਕ ਵਿਕਸਤ ਦੇਸ਼ ਦਾ ਸੀ। ਆਕਟੋਪਸ ਇੱਕ ਅੱਠ ਭੁਜਾਵਾਂ ਵਾਲਾ ਜੀਵ ਹੈ। ਜੋ ਡੂੰਘੇ ਸਮੁੰਦਰੀ ਪਾਣੀਆਂ 'ਚ ਚਟਾਨਾਂ ਦੀਆਂ ਖੁੰਦਰਾਂ 'ਚ ਰਹਿੰਦਾ ਹੈ। ਇਸ ਦੀ ਖਾਸ ਖੂਬੀ ਇਹ ਹੈ ਕਿ ਇਸ ਨੂੰ ਸ਼ਾਰਕ ਮੱਛੀ ਬਹੁਤ ਸ਼ੌਕ ਨਾਲ ਖਾਂਦੀ ਹੈ, ਪਰ ਜੇਕਰ ਸ਼ਾਰਕ ਇਸ ਦੇ ਕਿਸੇ ਹਿੱਸੇ ਨੂੰ ਕੱਟ ਕੇ ਖਾ ਲਵੇ ਉਹ ਹਿੱਸਾ ਫਿਰ ਮੁੜ ਉੱਗ ਆਉਂਦਾ ਹੈ।

ਸ੍ਰਿਸ਼ਟੀ 'ਚ ਇਕ ਕੁਦਰਤ ਦੀ ਸਹਿਜ ਪ੍ਰਵਿਰਤੀ ਕੰਮ ਕਰਦੀ ਹੈ। ਹਰ ਜੀਵ 'ਚ ਪ੍ਰਕਿਰਤੀ ਦੇ ਅੰਸ਼ ਸੁਮੇਲ ਜਿੰਨੇ ਵੱਧ ਹਨ, ਉਨੀ ਚੇਤਨਤਾ ਵੱਧ ਜਾਗਕ੍ਰਿਤ ਹੁੰਦੀ ਹੈ। ਇਸੇ ਤਰ੍ਹਾਂ ਹੋ ਸਕਦਾ ਹੈ ਕਿ ਆਕਟੋਪਸ ਵਿਸ਼ੇਸ਼ ਰੰਗਾਂ ਵੱਲ ਵਧੇਰੇ ਸੰਵੇਦਨਸ਼ੀਲ ਹੋਵੇ। ਅਜੇ ਇਸ 'ਤੇ ਬਹੁਤ ਖੋਜ ਕਰਨੀ ਹੋਵੇਗੀ। ਦੋ ਝੰਡਿਆਂ ਦੀ ਬਜਾਏ ਬਹੁਤੇ ਝੰਡੇ ਪਾਣੀ 'ਚ ਉਤਾਰਨੇ ਚਾਹੀਦੇ ਸਨ ਤਾਂ ਕੇ ਪਰਖ ਨੂੰ ਖੁੱਲ੍ਹ ਕੇ ਸਮਝਿਆ ਜਾ ਸਕਦਾ। ਬਹੁਤ ਸਾਰੇ ਐਸੇ ਜੀਵ ਹਨ, ਜਿਨ੍ਹਾਂ ਦੀਆਂ ਵਿਸ਼ੇਸ਼ਤਾਈਆਂ ਵੇਖ ਕੇ ਇਨਸਾਨ ਬਿਲਕੁਲ ਦੰਗ ਰਹਿ ਜਾਂਦਾ ਹੈ। ਕਈ ਕੁੱਤੇ ਰੰਗਾਂ ਦੀ ਪਹਿਚਾਣ ਬਾਖੂਬੀ ਕਰ ਲੈਂਦੇ ਹਨ। ਕੁੱਤੇ, ਬਿੱਲੀ ਸੈਂਕੜੇ ਮੀਲਾਂ ਤੋਂ ਆਪਣੀ ਛੱਡੀ ਗੰਧ ਅਨੁਸਾਰ ਵਾਪਸ ਘਰ ਪਰਤ ਆਉਂਦੇ ਹਨ। ਘਰੀਣੀ ਸੰਗੀਤ ਨਾਲ ਸੂੰਡੀ ਨੂੰ ਹਮਜਿਣਸ ਬਣਾ ਦਿੰਦੀ ਹੈ ਜਦੋਂ ਕਿ ਉਹ ਪ੍ਰਜਨਣ ਨਹੀਂ ਕਰਦੀ। ਕੂੰਜ ਸੈਂਕੜੇ ਮੀਲਾਂ ਤੋਂ ਅਪਣੇ ਬੱਚਿਆਂ ਨੂੰ ਬੁਲਾ ਲੈਂਦੀ ਹੈ। ਉਹ ਉਸੇ ਰਸਤੇ ਮਾਂ ਕੋਲ ਚਲੇ ਜਾਂਦੇ ਹਨ ਜਿਸ ਰਸਤੇ ਮਾਂ ਨੇ ਉਡਾਨ ਭਰੀ ਹੁੰਦੀ ਹੈ। ਪੈਂਗਾਉਨ ਮਾਦਾ ਆਵਾਜ਼ ਨਾਲ ਹੀ ਅਪਣੇ ਸਾਥੀ ਅਤੇ ਬੱਚਿਆਂ ਦੀ ਸਟੀਕ ਪਹਿਚਾਣ ਕਰ ਲੈਂਦੀ ਹੈ। ਇਕ ਵਿਸ਼ੇਸ਼ ਮੱਖੀ ਕਈ ਮੀਲਾਂ ਤੋਂ ਮੁਰਦਾ ਸਰੀਰ ਕੋਲ ਆ ਕੇ ਮੰਡਰਾਉਣ ਲੱਗ ਜਾਂਦੀ ਹੈ। ਹੁਣ ਵਿਗਿਆਨੀ ਇਸ ਮੱਖੀ 'ਤੇ ਚਿੱਪ ਲਾ ਕੇ ਜੰਗਲਾਂ ਅਤੇ ਪਹਾੜਾਂ 'ਚ ਲਾਸ਼ਾਂ ਲੱਭਣ ਲਈ ਉਪਯੋਗ ਕਰਨ ਲੱਗ ਪਏ ਹਨ। ਇਹ ਸਭ ਕੁਝ ਗੰਧ, ਦੁਰਗੰਧ ਅਤੇ ਰੰਗਾਂ ਤੇ ਆਧਾਰ 'ਤੇ ਚੱਲ ਰਿਹਾ ਹੈ। ਇਸੇ ਤਰ੍ਹਾਂ ਸਮੁੰਦਰੀ ਜੀਵਾਂ ਦੀ ਵੀ ਪ੍ਰਵਿਰਤੀ ਹੈ। ਡਾਲਫਿਨ ਮੱਛੀ ਮਨੁੱਖੀ ਮਿੱਤਰਤਾ ਵੀ ਕਾਇਮ ਕਰ ਲੈਂਦੀ ਹੈ। ਬਹੁਤ ਸਾਰੀਆਂ ਮੱਛੀਆਂ ਮਿਲਾਪ ਸਮੇਂ ਵਿਸ਼ੇਸ਼ ਧੁੰਨ ਅਤੇ ਸ਼ੁਕਰਾਣੂ ਛੱਡ ਕੇ ਸਾਥੀ ਕੋਲ ਬੁਲਾ ਲੈਂਦੀਆਂ ਹਨ। ਸੋ ਸਾਨੂੰ ਆਕਟੋਪਸ ਦੀ ਕੁਦਰਤੀ ਸੰਵੇਦਨਸ਼ੀਲਤਾ ਸਮਝਣ ਦੀ ਲੋੜ ਹੈ ਨਾ ਕਿ ਅੰਧ ਵਿਸ਼ਵਾਸ ਕਰਨ ਦੀ। ਹੁਣ ਆਸਟਰੇਲੀਆ ਵਿਚ ਚੋਣਾਂ ਹੋਣ ਜਾ ਰਹੀਆਂ ਹਨ, ਓਥੇ ਵੀ ਇਕ ਆਕਟੋਪਸ ਭਵਿੱਖਬਾਣੀਆਂ ਲਈ ਤਿਆਰ ਕੀਤਾ ਜਾ ਰਿਹਾ ਹੈ। ਇਹ ਤਾਂ ਹੁਣ ਸਮਾਂ ਹੀ ਦੱਸੇਗਾ। ਬਹੁਤ ਭਾਰਤੀ ਲੋਕ ਭਰਮਾਂ ਅਤੇ ਸੰਕਲਪਾਂ ਨਾਲ ਭਰੇ ਹਨ। ਇਹ ਜਲਦੀ ਭਰਮ ਦੀ ਰੌਅ 'ਚ ਵਹਿਣਾ ਸ਼ੁਰੂ ਕਰ ਦਿੰਦੇ ਹਨ। ਇੱਥੇ ਤੋਤੇ, ਚਿੜੀਆਂ ਅਤੇ ਬਲਦ ਭਵਿੱਖਬਾਣੀਆਂ ਕਰਦੇ ਆਮ ਦੇਖੇ ਜਾ ਸਕਦੇ ਹਨ। ਸਟੋਵ, ਦੀਵੇ, ਕਿਸਮਤ ਦਾ ਫੈਸਲਾ ਕਰਦੇ ਹਨ। ਤਾਂਤਰਿਕ ਬਾਬਿਆਂ ਅਤੇ ਪੰਡਤਾਂ ਨਾਲ ਚੈਨਲ ਅਤੇ ਅਖਬਾਰ ਭਰੇ ਪਏ ਹਨ। ਸ਼ਾਇਦ ਇਹ ਕਮਜ਼ੋਰ ਮਾਨਸਿਕ ਪ੍ਰਵਿਰਤੀ ਕਰਕੇ ਹੈ ਅਤੇ ਗਰੀਬੀ ਕਰਕੇ ਵੀ ਹੈ। ਗਰੀਬੀ ਵੀ ਮਾਨਸਿਕਤਾ ਕਮਜ਼ੋਰ ਕਰ ਦਿੰਦੀ ਹੈ। ਜੇਕਰ ਮਾਇਆ ਨਾਲ ਤਾਂਤਰਿਕ ਵਿਧੀ ਨਾਲ ਠੀਕ ਹੁੰਦਾ ਹੈ ਤਾਂ ਭਾਰਤ ਵਿਸ਼ਵ ਦੇ ਸਭ ਤੋਂ ਗਰੀਬ ਦੇਸ਼ਾਂ ਦੀ ਸੂਚੀ ਵਿਚ ਕਿਉਂ ਹੈ? ਜੇਕਰ ਖੇਡਾਂ ਦੀ ਗੱਲ ਕਰੀਏ ਤਾਂ ਬਹੁਤ ਛੋਟੇ ਦੇਸ਼ ਸਾਡੇ ਪੈਰ ਲੱਗਣ ਹੀ ਨਹੀਂ ਦਿੰਦੇ। ਪਹਿਲਾਂ ਅਸੀਂ ਕੁਆਲੀਫਾਈ ਨਹੀਂ ਕਰਦੇ ਜੇ ਕਰ ਵੀ ਲੈਂਦੇ ਹਾਂ ਤਾਂ ਉਹ ਬੇਗਾਨੇ ਪੁੱਤ ਸਾਨੂੰ ਕੰਨੋ ਫੜ ਕੇ ਬਾਹਰ ਕਰ ਦਿੰਦੇ ਹਨ।



ਕਿਸੇ ਤਾਂਤਰਿਕ ਜਾਂ ਜੋਤਸ਼ੀ ਜੀ ਨੇ ਨਾ ਗਰੀਬੀ ਦੇ ਦਰਿਦਰ 'ਚੋਂ ਦੇਸ਼ ਨੂੰ ਕੱਢਿਆ ਹੈ ਨਾ ਕੋਈ ਮੈਚ ਜਤਾਇਆ ਹੈ। ਹਾਂ ਮਨਚਾਹੀ ਪ੍ਰੇਮਕਾ, ਮਨਚਾਹਾ ਵਿਆਹ, ਕਲੇਸ਼ ਬਾਰੇ ਬਹੁਤ ਕੁਝ ਲਿਖਿਆ ਮਿਲਦਾ ਹੈ। ਰੋਜ਼ ਪ੍ਰੇਮੀ ਮਰ ਰਹੇ ਹਨ, ਰੋਜ਼ ਤਲਾਕ ਹੋ ਰਹੇ ਹਨ, ਰੋਜ਼ ਕਲੇਸ਼ ਨਾਲ ਲੋਕ ਅਦਾਲਤਾਂ 'ਚ ਫਿਰ ਰਹੇ ਹਨ। ਕੋਈ ਅਕਟੋਪਸ ਦੇਸ਼ ਬਚਾਉਣ ਲਈ ਨਹੀਂ ਉਤਰ ਰਿਹਾ।

ਭਾਰਤ ਵਿਚ ਅਨੇਕ ਤਰ੍ਹਾਂ ਦੇ ਅੰਤਰਯਾਮੀ ਰਾਜਸੀ ਆਕਟੋਪਸ ਪਾਏ ਜਾਂਦੇ ਹਨ। ਜੋ ਵਿਸ਼ਵ ਜਾਂ ਬ੍ਰਹਿਮੰਡ ਦੀ ਕਿਸੇ ਤਰ੍ਹਾਂ ਦੀ ਘਟਨਾ ਨੂੰ ਭਾਰਤ ਨਾਲ ਜੋੜ ਕੇ ਪੇਸ਼ ਕਰਨ ਦੀ ਮੁਹਾਰਤ ਰੱਖਦੇ ਹਨ। ਇਕ ਦਿਨ ਮੈਂ ਵਿਗਿਆਨ ਵਿਸ਼ੇ 'ਤੇ ਟੀ ਵੀ 'ਤੇ ਕਿਸੇ ਵਿਗਿਆਨੀ ਦੇ ਮੱਤ ਸੁਣ ਰਿਹਾ ਸੀ ਜੋ ਧੂਮਕੇਤੂ ਦੇ ਪਹਿਲਾਂ ਚਿਲੀ 'ਚ ਟਕਰਾਉਣ ਬਾਰੇ ਆਪਣੇ ਵਿਚਾਰ ਦੇ ਰਿਹਾ ਸੀ। ਕੁਝ ਦਿਨ ਬਾਅਦ ਇਕ ਹੋਰ ਚੈਨਲ 'ਤੇ ਭਾਰਤੀ ਵਿਗਿਆਨੀ ਆਪਣੇ ਵਿਚਾਰ ਦੇ ਰਿਹਾ ਸੀ ਕਿ ਧੂਮਕੇਤੂ ਪਹਿਲਾਂ ਭਾਰਤੀ ਹਿੱਸੇ ਨਾਲ ਟਕਰਾਇਆ, ਉਸ ਨਾਲ ਕੱਛ ਦਾ ਨਿਰਮਾਣ ਹੋਇਆ ਅਤੇ ਜੀਵ ਅੰਸ਼ ਵੀ ਧੂਮਕੇਤੂ ਦੇ ਟਕਰਾਉਣ ਨਾਲ ਭਾਰਤੀ ਧਰਤੀ 'ਤੇ ਡਿੱਗੇ, ਇੱਥੋਂ ਹੀ ਉਨ੍ਹਾਂ ਦਾ ਵਿਕਾਸ ਹੋਣਾ ਸ਼ੁਰੂ ਹੋਇਆ। ਖੈਰ ਇਹ ਬਹੁਤ ਮਹੱਤਵ ਪੂਰਨ ਵਿਸ਼ਾ ਹੈ। ਭਾਰਤੀ ਭਵਿੱਖਬਾਣੀਆਂ ਅਜੀਬ ਹਨ। ਮੈਂ ਕਿਸੇ ਧਾਰਮਿਕ ਵਿਸ਼ੇ ਦੇ ਰੂਪ ਵਿਚ ਉਲਝਣਾ ਨਹੀਂ ਚਾਹੁੰਦਾ। ਕਿਉਂ ਕਿ ਭਾਰਤੀ ਲੋਕ ਧਰਮ ਪ੍ਰਤੀ ਭਾਵੁਕ ਤੇ ਸੰਵੇਦਨਸ਼ੀਲ ਜ਼ਿਆਦਾ ਹਨ। ਮਲੋਮੱਲੀ ਗਲ ਪੈਣ ਵਾਲਾ ਵਿਸ਼ਾ ਬਣ ਜਾਂਦਾ ਹੈ। ਵਿਗਿਆਨਕ ਭਵਿੱਖਬਾਣੀਆਂ ਸੁਣ ਕੇ ਕਈ ਵਾਰੀ ਹੈਰਾਨੀ ਹੁੰਦੀ ਹੈ। ਮੀਂਹ ਦੀ ਭਵਿੱਖਬਾਣੀ ਪੰਜਾਬ ਲਈ ਕੀਤੀ ਹੁੰਦੀ ਹੈ, ਮੀਂਹ ਪਾਂਡੇਚਰੀ ਪੈਂਦਾ ਹੁੰਦਾ ਹੈ, ਪੰਜਾਬ ਦੇ ਲੋਕ ਧੁੱਪ 'ਚ ਪਸੀਨਾ ਵਹਾ ਰਹੇ ਹੁੰਦੇ ਹਨ। ਭਾਰਤੀ ਆਕਟੋਪਸ ਮੌਸਮ ਦੀ ਭਵਿੱਖਬਾਣੀ ਘੱਟ ਕਰਦੇ ਹਨ ਪਰ ਮੌਸਮ ਅਨੁਸਾਰ ਭਵਿੱਖਬਾਣੀ ਕਰਨ ਦੇ ਪੂਰੇ ਮਾਹਿਰ ਹਨ। ਦੰਗਿਆਂ ਜਾਂ ਵਿਸਫੋਟਾਂ ਪਿੱਛੇ ਛੋਟੇ ਕਮਜ਼ੋਰ ਦੇਸ਼ਾਂ ਦਾ ਨਾਂ ਲੈਣ ਤੋਂ ਗੁਰੇਜ਼ ਨਹੀਂ ਕਰਦੇ ਪਰ ਸਮਰੱਥ ਦੇਸ਼ ਦਾ ਨਾਂ ਲੈਣ ਤੋਂ ਬਹੁਤ ਗੁਰੇਜ਼ ਕਰਦੇ ਹਨ।

ਭਾਰਤ ਵਿਚ ਸਭ ਤੋਂ ਤੇਜ਼ ਤਰਾਰ ਸਿਆਸੀ ਆਕਟੋਪਸ ਪਾਏ ਜਾਂਦੇ ਹਨ। ਹਰ ਪਾਰਟੀ ਦਾ ਅਪਣਾ ਅਪਣਾ ਆਕਟੋਪਸ ਹੈ। ਹਰ ਆਕਟੋਪਸ ਅਪਣੀ ਪਾਰਟੀ ਦੇ ਪਛਾਣ ਚਿੰਨ੍ਹ ਨੂੰ ਪਛਾਣਦਾ ਹੈ। ਪਾਰਟੀ ਜਾਂ ਦੂਸਰੀ ਪਾਰਟੀ ਦੀ ਹਰ ਹਰਕਤ ਬਾਰੇ ਨਜ਼ਰਸਾਨੀ ਰੱਖਦਾ ਹੈ। ਪਾਰਟੀ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਮੌਕੇ ਅਨੁਸਾਰ ਭਵਿੱਖਬਾਣੀ ਕਰਦਾ ਹੈ। ਜੇਕਰ ਦੰਗਿਆਂ ਦੇ ਬਕਸੇ 'ਤੇ ਬੈਠਦਾ ਹੈ, ਦੇਸ਼ 'ਚ ਦੰਗੇ ਸ਼ੁਰੂ ਹੋ ਜਾਂਦੇ ਹਨ, ਜੇਕਰ ਅੱਗ ਵਾਲੇ ਬਕਸੇ 'ਤੇ ਬੈਠਦਾ ਹੈ ਤਾਂ ਦੇਸ਼ ਚ ਅਗਜਨੀ, ਸਾੜ ਫੂਕ ਸ਼ੁਰੂ ਹੋ ਜਾਂਦੇ ਹਨ। ਜੇਕਰ ਆਰਥਿਕ ਬਕਸੇ 'ਤੇ ਬੈਠਦਾ ਹੈ ਰਾਤੋ ਰਾਤ ਖੰਡ, ਘਿਓ, ਦਾਲਾਂ ਨੂੰ ਅੱਗ ਲੱਗ ਜਾਂਦੀ ਹੈ। ਅਨਾਜ, ਤੇਲ, ਸਬਜ਼ੀਆਂ ਹੱਥ ਲਾਇਆਂ ਕਰੰਟ ਮਾਰਨ ਲੱਗਦੀਆਂ ਹਨ। ਜਦੋਂ ਕਈ ਰੰਗੇ ਬਕਸੇ 'ਤੇ ਬੈਠ ਜਾਂਦਾ ਹੈ ਤਾਂ ਕੁਰਪੱਸ਼ਨ ਤੇ ਜਾਅਲਸਾਜ਼ੀ ਫੈਲ ਜਾਂਦੀ ਹੈ। ਸੋਕੇ, ਡੋਬੇ ਤੇ ਰਾਜਨੀਤੀ ਸ਼ੁਰੂ ਹੋ ਜਾਂਦੀ ਹੈ। ਜਦੋਂ ਆਕਟੋਪਸ ਸਫੈਦ ਬਕਸੇ 'ਤੇ ਬੈਠ ਜਾਂਦਾ ਤਾਂ ਅਮਨ ਸ਼ਾਂਤੀ ਦੀਆਂ ਗੱਲਾਂ ਸ਼ੁਰੂ ਹੋ ਜਾਂਦੀਆਂ ਹਨ। ਮੰਤਰੀਆਂ ਦੀਆਂ ਪਰਿਵਾਰ ਸਮੇਤ ਵਿਦੇਸ਼ੀ ਯਾਤਰਾਵਾਂ ਸ਼ੁਰੂ ਹੋ ਜਾਂਦੀਆਂ ਹਨ। ਪਾਰਲੀਮੈਂਟ ਸੈਸ਼ਨ ਸ਼ੁਰੂ ਹੋ ਜਾਂਦਾ ਹੈ, ਬੈਂਚ ਖਾਲੀ ਹੁੰਦੇ ਹਨ। ਕੁਝ ਮੰਤਰੀ ਅਰਾਮ ਅਵਸਥਾ ਵਿਚ ਚਲੇ ਜਾਂਦੇ ਹਨ।

ਬੜਾ ਦੁੱਖ ਹੈ ਕੋਈ ਆਕਟੋਪਸ 40 ਕਰੋੜ ਗਰੀਬਾਂ ਦੇ ਭਵਿੱਖ ਲਈ ਭਵਿੱਖਬਾਣੀ ਕਰਨ ਵਾਲਾ ਨਹੀਂ ਆਇਆ। ਜੋ ਗਰੀਬਾਂ ਦੀ ਆਤਮ ਕਥਾ ਜਾਣ ਸਕੇ।

ਧੰਨ ਹੈ ਭਾਰਤੀ ਅੰਤਰਯਾਮੀ ਆਕਟੋਪਸ। ਹੁਣ ਸਾਰਿਆਂ ਨੂੰ ਵਿਗਿਆਨਕ ਤੱਥਾਂ ਰਾਹੀਂ ਸ੍ਰਿਸ਼ਟੀ ਦੀ ਸੰਰਚਨਾ ਸਮਝਣ ਅਤੇ ਭਰਮਾਂ ਦੇ ਦਲਿੱਦਰ ਚੋਂ ਬਾਹਰ ਨਿਕਲਣ ਦੀ ਲੋੜ ਹੈ ।

ਗਲੋਬਲ ਵਾਰਮਿੰਗ ਮੀਨਜ਼ ਨੋ-ਲਾਈਫ਼

ਵਿਜੈ ਬੰਬੇਲੀ

ਸਾਡੇ ਗ੍ਰਹਿ ਤੋਂ ਬਿਨਾ ਸੌਰ-ਮੰਡਲ ਦੇ ਜ਼ਿਆਦਾਤਰ ਗ੍ਰਹਿ ਜਾਂ ਤਾਂ ਯਖ ਠੰਡੇ ਹਨ ਜਾਂ ਬਹੁਤ ਜ਼ਿਆਦਾ ਤੱਤੇ। ਸਿੱਟੇ ਵਜੋਂ, ਧਰਤੀ ਤੋਂ ਇਲਾਵਾ ਕਿਸੇ ਗ੍ਰਹਿ 'ਤੇ ਜ਼ਿੰਦਗੀ ਨਹੀਂ ਵਿਗਸਦੀ, ਧੜਕਦੀ। ਬ੍ਰਿਛ ਨਹੀਂ ਮੌਲਦੇ। ਵਜਾਹ, ਉਹ ਸਾਵਾਂ ਤਾਪਮਾਨ ਹੈ, ਜਿਹੜਾ ਸੰਤੁਲਨ ਜੀਵਨ ਉਤਪਤੀ ਲਈ ਜ਼ਰੂਰੀ ਹੈ। ਪਰ ਕੀ ਧਰਤੀ ਉੱਤੇ ਜੀਵਨ ਹਮੇਸ਼ਾ ਸੁਰੱਖਿਅਤ ਰਹੇਗਾ? ਇਹ ਸਵਾਲ ਇਸ ਲਈ ਵੀ ਮਹੱਤਵਪੂਰਨ ਹੈ ਕਿ ਬੀਤੇ ਵਰ੍ਹੇ ਅਜਿਹੇ ਵਰ੍ਹਿਆਂ ਦੇ ਰੂਪ ਵਿਚ ਦਰਜ ਹੋ ਗਏ ਹਨ ਜੋ ਸਭ ਤੋਂ ਜ਼ਿਆਦਾ ਗਰਮ ਕਹੇ ਜਾ ਰਹੇ ਹਨ। ਅੱਗੇ ਵੀ ਖ਼ੈਰ ਨਹੀਂ ਦਿੱਸਦੀ।

ਦੁਨੀਆ ਦਾ ਖਤਰਾ

ਅੰਤਰਰਾਸ਼ਟਰੀ ਵਿਗਿਆਨਕ ਭਾਈਚਾਰੇ ਅਨੁਸਾਰ, ਇਸ ਸਮੇਂ ਦੁਨੀਆ ਨੂੰ ਜੋ ਸਭ ਤੋਂ ਵੱਡਾ ਖਤਰਾ ਹੈ, ਉਹ ਹੈ ਆਲਮੀ-ਤਪਸ਼ ਅਰਥਾਤ, ਗਲੋਬਲ-ਵਾਰਮਿੰਗ। ਇਸ ਦੀ 'ਬਦੌਲਤ' ਹੀ ਦੁਨੀਆ ਹੜ੍ਹ, ਸੋਕਾ, ਸਮੁੰਦਰੀ ਤੂਫਾਨ, ਭੁਖਮਰੀ ਅਤੇ ਨਵੀਆਂ-ਨਿਵੇਕਲੀਆਂ ਬਿਮਾਰੀਆਂ ਤੋਂ ਮੁਕਤੀ ਪਾਉਣ ਵਿਚ ਨਾ ਸਿਰਫ ਮੁਸ਼ਕਲ 'ਚ ਹੈ ਸਗੋਂ ਇਸ ਨਾਲ ਜੁੜੀਆਂ ਅਲਾਮਤਾਂ ਵਿਚ ਹੋਰ ਵਾਧਾ ਹੋ ਰਿਹਾ ਹੈ।

'ਸੰਸਾਰ ਮੌਸਮ ਜਥੇਬੰਦੀ' (ਵਰਲਡ ਮੈਟਰੋਲਾਜੀਕਲ ਆਰਗੇਨਾਈਜੇਸ਼ਨ), ਸੰਯੁਕਤ ਰਾਸ਼ਟਰ ਸੰਘ ਦੀ ਇਕ ਇਕਾਈ, ਨੇ ਕਰੀਬ ਦਸ ਸਦੀਆਂ ਦੇ ਅੰਕੜਿਆਂ ਦੇ ਤੁਲਨਾਤਮਕ ਅਧਿਐਨ ਉਪਰੰਤ ਚੇਤਾਵਨੀ ਦਿੱਤੀ ਹੈ ਕਿ ਗਰਮ ਹੋ ਰਹੀ ਧਰਤੀ ਇਕ ਖਤਰਨਾਕ ਨਤੀਜੇ ਵੱਲ ਵਧ ਰਹੀ ਹੈ। ਤਾਪਮਾਨ ਵਿਚ ਵਾਧੇ ਦੇ ਸਿਲਸਿਲੇ ਨੇ ਬੀਤੇ ਤਿੰਨ-ਚਾਰ ਦਹਾਕਿਆਂ ਤੋਂ ਜ਼ਿਆਦਾ ਜ਼ੋਰ ਫੜਿਆ ਹੈ, ਜਦੋਂ ਪੂਰੀ ਦੁਨੀਆ ਵਿਚ ਉਦਯੋਗਿਕ ਗਤੀਵਿਧੀਆਂ ਅਤੇ ਖਣਿਜ ਤੇਲਾਂ ਦੀ ਵਰਤੋਂ ਵਿਚ ਜ਼ੋਰਦਾਰ ਵਾਧਾ ਹੋਇਆ ਹੈ।

ਗਰਮ ਮਿਜ਼ਾਜ਼ ਦੇ ਕਾਰਨ

ਮੌਸਮ ਵਿਗਿਆਨੀਆਂ ਨੇ ਜੋ ਕਾਰਨ ਲੱਭੇ ਹਨ, ਉਹਨਾਂ ਵਿਚ ਸਭ ਤੋਂ ਵੱਡਾ ਕਾਰਨ ਵਾਤਾਵਰਣ ਵਿਚ ਕਾਰਬਨ ਡਾਈਆਕਸਾਈਡ ਅਤੇ ਦੂਸਰੀਆਂ ਗ੍ਰੀਨ ਹਾਊਸ ਗੈਸਾਂ (ਮੀਥੇਨ, ਨਾਈਟਰੇਸ ਆਕਸਾਈਡ ਆਦਿ) ਨੇ ਇਸ ਵਿਚ ਤਿੱਖਾ ਵਾਧਾ ਕੀਤਾ ਹੈ। ਝੋਨੇ ਪਾਣੀ ਵਾਲੇ ਬਨਾਵਟੀ ਵਿਕਸਿਤ ਕੀਤੇ ਖੇਤਰਾਂ ਵਿਚ ਖਾਦਾਂ ਦਵਾਈਆਂ ਦੀ ਵਰਤੋਂ ਨੇ ਰਵਾਇਤੀ ਅਤੇ ਕੁਦਰਤਨ ਖਾਦਾਂ ਨੂੰ ਮਿਥੇਨ ਗੈਸ ਵਿਚ ਬਦਲ ਦਿੱਤਾ। ਇਸ ਨਾਲ ਭੂਮੀ ਦੀ ਨਮੀਂ ਤਾਂ ਘਟੀ ਹੀ ਸਗੋਂ ਇਹ ਫਸਲਾਂ ਦੇ ਗੈਰ ਮਿਆਰੀ ਅਤੇ ਘੱਟ ਝਾੜ ਦਾ ਕਾਰਨ ਵੀ ਬਣੇ। ਉਦਯੋਗਿਕ ਕ੍ਰਾਂਤੀ ਤੋਂ ਬਾਅਦ ਵਿਸ਼ਵ ਵਿਚ ਕਾਰਬਨ ਡਾਈਆਕਸਾਈਡ ਦਾ ਉਤਪਾਦਨ ਵਧਿਆ ਹੈ। ਉਦਯੋਗ, ਕੋਲਾ, ਪੈਟਰੋਕੈਮੀਕਲ ਅਤੇ ਕੁਦਰਤੀ ਗੈਸਾਂ ਜਿਹੇ ਹਾਈਡਰੋਕਾਰਬਨ ਬਾਲਣ 'ਤੇ ਨਿਰਭਰ ਹੋ ਕੇ ਰਹਿ ਗਏ ਹਨ। ਪਿਛਲੀ ਡੇਢ ਸਦੀ ਵਿਚ ਤਾਪਮਾਨ 1.08 ਡਿਗਰੀ ਫਾਰਨਹੀਟ ਤੋਂ 1.26 ਡਿਗਰੀ ਫਾਰਨਹੀਟ ਵਧਿਆ ਹੈ ਜੋ ਇਸ ਗੱਲ ਦਾ ਸੂਚਕ ਹੈ ਕਿ ਕਿਵੇਂ ਧਰਤੀ ਦੇ ਹਰੇ-ਭਰੇ ਪਿੰਡੇ ਨੂੰ ਜ਼ਹਿਰੀਲੇ ਧੂੰਏਂ ਵਿਚ ਲਿਪਟੇ ਗਰਮ ਗ੍ਰਹਿ ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਜਿਹੜਾ ਉਸ ਓਜ਼ੋਨ ਪਰਤ ਨੂੰ ਵੀ ਨੁਕਸਾਨ ਪਹੁੰਚਾ ਰਿਹਾ ਹੈ'। ਓਜ਼ੋਨ ਪਰਤ ਵਿਚ ਛੇਕ ਦਾ ਆਕਾਰ 27 ਲੱਖ ਵਰਗ ਕਿਲੋਮੀਟਰ ਦਾ ਹੋ ਗਿਆ ਹੈ। ਇਹ ਸੰਨ 2001 ਵਾਲਾ ਮਾਪ ਹੈ ਜਦੋਂ ਇਸ ਨੂੰ ਹੁਣ ਤੱਕ ਦਾ ਸਭ ਤੋਂ ਵੱਡਾ ਛੇਕ ਦੱਸਿਆ ਗਿਆ ਸੀ। ਵਿਗਿਆਨਕ ਮੱਤ ਹੈ ਕਿ ਓਜ਼ੋਨ ਪਰਤ ਵਿਚ ਆਪਣੇ-ਆਪ ਨੂੰ ਮੁਰੰਮਤ ਕਰਨ ਦੀ ਵਿਵਸਥਾ ਹੈ ਬੇਸ਼ਰਤ ਕਿ ਉਸ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਗੈਸਾਂ ਦਾ ਉੱਥੇ ਪਹੁੰਚਣਾ ਬੰਦ ਹੋਵੇ।

ਹੋਰ ਕਾਰਨ ਅਤੇ ਮੌਸਮੀ ਤਬਦੀਲੀ

ਕੋਈ ਇਕ ਵਜ੍ਹਾ ਇਸ ਤਬਦੀਲੀ ਦਾ ਕਾਰਨ ਨਹੀਂ ਹੈ। ਏਅਰ ਕੰਡੀਸ਼ਨਰਾਂ, ਰੈਫਰੀਜੇਟਰਾਂ ਅਤੇ ਫੋਮ ਉਦਯੋਗਾਂ ਤੋਂ ਨਿਕਲਣ ਵਾਲੀਆਂ ਕਲੋਰੋ-ਫਲੋਰੋ ਕਾਰਬਨ ਗੈਸਾਂ, ਬਨਾਵਟੀ ਖਾਦਾਂ, ਕੀਟਮਾਰ-ਨਦੀਨਨਾਕ ਦਵਾਈਆਂ, ਵਾਹਨਾਂ ਦਾ ਧੂੰਆਂ, ਧੂੰਆਂ-ਰਲੀ ਜੰਗਲਾਂ ਦੀ ਅੱਗ, ਸ਼ੋਰ ਪ੍ਰਦੂਸ਼ਨ, ਉਦਯੋਗਿਕ ਤੇ ਰਸਾਇਣਕ ਗਤੀਵਿਧੀਆਂ, ਪ੍ਰਮਾਣੂ ਤੇ ਪੁਲਾੜ ਖੋਜਾਂ, ਪੈਟਰੋ ਕੈਮੀਕਲ ਦੀ ਅੰਧਾਧੁੰਦ ਵਰਤੋਂ ਅਤੇ ਮਾਰੂ ਹਥਿਆਰਾਂ ਦਾ ਚਲਨ ਆਦਿ, ਕਿਸੇ ਨਾ ਕਿਸੇ ਰੂਪ ਵਿਚ ਵਾਤਾਵਰਣ ਅੰਦਰ ਘੁਸਪੈਠ ਹੋ ਰਹੀ ਹੈ। ਪੈਰਾਬੈਂਗਨੀ ਕਿਰਨਾਂ ਤੋਂ ਧਰਤੀ ਨੂੰ ਬਚਾਉਣ ਵਾਲੀ ਓਜ਼ੋਨ ਪਰਤ ਵਿਚਲੇ ਛੇਕ ਸਮੇਤ, ਧਰਤੀ ਦੇ ਰੇਗਿਸਤਾਨੀਕਰਨ ਲਈ ਵੀ ਇਹੋ ਕਾਰਨ ਜ਼ਿੰਮੇਵਾਰ ਹਨ। ਸਿੱਟੇ ਵਜੋਂ ਸਮੁੰਦਰੀ ਉਠਾਅ, ਮਲੇਰੀਆ, ਪੀਲੀਆ, ਡੇਂਗੂ ਆਦਿ ਜਿਹੀਆਂ ਅਨੇਕਾਂ ਖਤਰਨਾਕ ਬਿਮਾਰੀਆਂ ਸਮੇਤ ਚਮੜੀ ਰੋਗ ਅਤੇ ਕੈਂਸਰ ਦੀ ਮਹਾਂਮਾਰੀ ਆਦਿ ਵੀ ਵਧਦੇ ਤਾਪਮਾਨ ਕਾਰਨ ਹੀ ਪੈਰ ਪਸਾਰ ਰਹੇ ਹਨ। ਧਰਤੀ ਦੀ ਹਰੀ ਪੱਟੀ, ਗਰਮੀ ਸੋਖਣ ਵਾਲੇ ਬਰਫੀਲੇ ਖੰਡ ਅਤੇ ਜਲ ਸੋਮੇ ਘਟਦੇ ਜਾ ਰਹੇ ਹਨ, ਜਿਸ ਨਾਲ ਮੌਸਮ ਅਤੇ ਰੁੱਤ ਬਦਲਾਅ ਨੇ ਸਿਫਤੀ ਤਬਦੀਲੀ ਦਾ ਫੜ ਲਿਆ ਹੈ।

'ਧਰਮੀ ਲੋਕ' ਵੀ ਘੱਟ ਨਹੀਂ

ਜੇ ਆਪੋ-ਆਪਣੇ ਅਕੀਦੇ ਦੇ ਨਾਂ 'ਤੇ ਕੱਢੇ ਜਾਂਦੇ ਜਲਸੇ-ਜਲੂਸਾਂ/ਸ਼ੋਭਾ ਯਾਤਰਾਵਾਂ ਨਾਲ ਹੁੰਦੇ ਸ਼ੋਰ ਪ੍ਰਦੂਸ਼ਣ ਦੇ ਮਾਰੂ ਅਸਰਾਂ ਦੇ ਕੀਮਤੇ ਸਮੇਂ ਦੇ ਘਾਣ, ਦੂਸਰਿਆਂ ਨੂੰ ਦਿੱਤੀ ਜਾ ਰਹੀ ਅਚੇਤ ਮਾਨਸਿਕ ਸਜ਼ਾ, ਸਹਿਜ ਯਾਤਰਾਵਾਂ 'ਚ ਵਿਘਨ, ਬਿਮਾਰਾਂ ਅਤੇ ਜ਼ਰੂਰੀ ਕੰਮਾਂ ਵਾਲਿਆਂ ਦੇ ਸੰਤਾਪ ਅਤੇ ਵਿਦੇਸ਼ੀ ਮੁਦਰਾ ਦੇ ਉਜਾੜੇ (ਤੇਲ ਬਾਹਰੋਂ ਆਉਂਦਾ ਹੈ) ਨੂੰ ਭੁੱਲ ਵੀ ਜਾਈਏ ਤਦ ਵੀ ਪਟਰੌਲਿੰਗ/ਧੂੰਆਂ-ਰਲੀ ਨਾਲ ਵਧਦੀ ਸੰਸਾਰ-ਤਪਸ਼ ਨਾਲ ਪ੍ਰਭਾਵਿਤ ਹੁੰਦੀ ਮਨੁੱਖੀ ਹੋਣੀ ਅਤੇ ਧੰਨ ਨੂੰ ਸੁਆਹ ਬਣਾ ਦੇਣ ਦੇ ਸੰਤਾਪ ਨੂੰ ਝੁਠਲਾਇਆ ਨਹੀਂ ਜਾ ਸਕਦਾ। 'ਧਰਮੀ ਲੋਕ' ਸ਼ਾਇਦ ਨਹੀਂ ਜਾਣਦੇ ਕਿ ਉਹ 'ਰੱਬ' ਦੇ ਨਾਂ ਉੱਤੇ ਕੀਤੇ ਜਾ ਰਹੇ ਆਪਣੀ 'ਤਾਕਤ' ਦੇ ਪ੍ਰਗਟਾਵੇ (ਬਕੌਲ ਅਧਿਆਤਮਕ ਲਿਖਤਾਂ ਅਜਿਹਾ ਕਰਨਾ ਦਰਅਸਲ ਆਪਣੀ ਹਾਉਮੈ ਦਾ ਪ੍ਰਗਟਾਵਾ ਹੀ ਹੁੰਦਾ ਹੈ) ਨਾਲ 'ਰੱਬ' ਦੇ ਜੀਆਂ ਨੂੰ ਹੀ ਅਚੇਤ-ਸੁਚੇਤ ਨੁਕਸਾਨ ਪਹੁੰਚਾ ਰਹੇ ਹਨ, ਦਰ-ਹਕੀਕਤ ਧਾਰਮਿਕ ਜਲੂਸਾਂ ਨਾਲ ਸੜਕਾਂ ਅਤੇ ਸ਼ਹਿਰ ਤਾਂ ਠਹਿਰ ਜਾਂਦੇ ਹਨ ਪਰ ਸੰਸਾਰ-ਤਪਸ਼ ਨਹੀਂ ਠਹਿਰਦੀ।

ਬਰਫੀਲੇ ਸੋਮੇ ਪਿਘਲ ਜਾਣਗੇ

ਜੇ ਆਲਮੀ-ਤਪਸ਼ ਦੀ ਦਰ ਇਹੋ ਰਹੀ ਤਾਂ 2050 ਤੱਕ ਤਾਪਮਾਨ ਵਿਚ 4 ਤੋਂ 6 ਸੈਲਸੀਅਸ ਡਿਗਰੀ ਦਾ ਸ਼ਰਤੀਆ ਵਾਧਾ ਹੋਣਾ ਨਿਸ਼ਚਿਤ ਹੈ। ਸੰਨ 2001 ਵਿਚ ਐਂਟਾਰਟਿਕਾ ਵਿਚ 1200 ਵਰਗ ਮੀਲ ਦਾ ਬਰਫੀਲਾ ਟਾਪੂ ਦੇਖਦੇ-ਦੇਖਦੇ ਪੰਘਰ ਗਿਆ ਸੀ। ਕਾਰਨ; ਐਂਟਾਰਟਿਕਾ ਦੇ ਜਿਸ ਪੂਰਬੀ ਤੱਟੀ ਇਲਾਕੇ ਨਾਲ ਲੱਗਦਾ ਇਹ ਵਿਸ਼ਾਲ ਬਰਫ ਖੰਡ ਗਾਇਬ ਹੋਇਆ ਉੱਥੇ ਤਾਪਮਾਨ ਵਿਚ ਸਿਫਤੀ ਵਾਧਾ ਨੋਟ ਕੀਤਾ ਗਿਆ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਐਂਟਾਰਟਿਕਾ ਤੋਂ ਇਲਾਵਾ ਕਿਲੀ-ਮੰਜਾਰੋਂ ਪਰਬਤ ਦੀਆਂ ਬਰਫੀਲੀਆਂ ਸਿਖਰਾਂ ਨੂੰ ਵੀ ਇਹ ਤਪਸ਼ ਹੋਰ ਛੇ-ਸੱਤ ਦਹਾਕਿਆਂ ਤਾਈਂ 75 ਫੀਸਦੀ ਪੰਘਰਾਂ ਦੇਵੇਗੀ। ਸਾਡੇ ਗੰਗੋਤਰੀ ਗਲੇਸ਼ੀਅਰ ਨੂੰ ਅੱਠ ਮੀਲ ਪਿੱਛੇ ਖਿਸਕਾ ਦੇਣ ਅਤੇ 1972 ਦੇ ਬਾਅਦ ਵੈਨਜ਼ੂਏਲਾ ਸਥਿਤ ਛੇ ਹਿਮ ਸਿਖਰਾਂ ਵਿਚੋਂ ਚਾਰ ਨੂੰ ਪੂਰੀ ਤਰ੍ਹਾਂ ਗਾਇਬ ਕਰ ਦੇਣ ਪਿੱਛੇ ਵੀ ਆਲਮੀ-ਤਪਸ਼ ਦਾ ਹੀ ਹੱਥ ਸੀ। ਫਿਰ ਕੀ ਹੋਵੇਗਾ, ਜਦਕਿ ਮਹਿਜ ਦੋ ਤੋਂ ਤਿੰਨ ਡਿਗਰੀ ਦਾ ਵਾਧਾ ਵੀ ਪਹਿਲਾਂ ਭਾਰੀ ਹੜ੍ਹਾਂ ਵਿਚ ਸੋਕਾ, ਸਮੁੰਦਰੀ ਉਠਾਅ ਉਪਰੰਤ ਕਈ ਤਟਵਰਤੀ ਨੀਵੇਂ ਦੇਸ਼ਾਂ ਨੂੰ ਨਿਗਲ ਜਾਣ ਦਾ ਕਾਰਨ ਬਣ ਸਕਦਾ ਹੈ।

ਜਲ ਸੰਕਟ

ਇਹ ਗਲੇਸ਼ੀਅਰ ਹੀ ਹਨ, ਜਿਨ੍ਹਾਂ ਵਿਚੋਂ ਪਾਣੀ ਰਿਸ-ਰਿਸ ਕੇ ਵੱਡੀਆਂ-ਵੱਡੀਆਂ ਨਦੀਆਂ ਹੋਂਦ ਵਿਚ ਆਈਆਂ। ਗੰਗਾ, ਸਿੰਧੂ ਅਤੇ ਬ੍ਰਹਮਪੁਤਰ ਆਦਿ ਇਨ੍ਹਾਂ ਦੀ ਹੀ ਦੇਣ ਹੈ ਜਿਨ੍ਹਾਂ ਸਾਨੂੰ ਉਪਜਾਊ ਖਿੱਤੇ ਬਖਸ਼ੇ। ਨਦੀਆਂ ਦੁਆਲੇ ਹੀ ਮਨੁੱਖੀ ਸਭਿਅਤਾਵਾਂ ਦਾ ਉਗਮਨ ਹੋਇਆ। ਸਮੁੱਚੀ ਮਨੁੱਖਤਾ ਦੇ ਵਿਕਾਸ ਵਿਚ ਇਨ੍ਹਾਂ ਘਣੇ ਬਰਫ ਸੋਮਿਆਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ। ਵਧਦੇ ਤਾਪਮਾਨ ਨਾਲ ਜਿਵੇਂ ਇਹ ਪਿਘਲਦੇ-ਸੁੰਗੜਦੇ ਜਾ ਰਹੇ ਹਨ ਜੇ ਤਾਪਮਾਨ ਦੇ ਵਾਧੇ ਦੀ ਰਫਤਾਰ ਇਹੋ ਰਹੀ ਤਾਂ 2035 ਤੱਕ ਇਨ੍ਹਾਂ ਦਾ ਵਜੂਦ ਖਤਮ ਹੋ ਜਾਣ ਦਾ ਅੰਦੇਸ਼ਾ ਹੈ। 'ਇੰਟਰਨੈਸ਼ਨਲ ਕਮਿਸ਼ਨ ਫਾਰ ਸਨੋਅ ਐਂਡ ਆਈਸ' ਅਨੁਸਾਰ ਜੇ ਧਰਤੀ ਦਾ ਤਾਪਮਾਨ ਇਵੇਂ ਹੀ ਵਧਦਾ ਰਿਹਾ ਤਾਂ ਇਹ ਭਾਣਾ ਜਲਦੀ ਹੀ ਵਾਪਰ ਸਕਦਾ ਹੈ। 'ਵਰਕਿੰਗ ਗਰੁੱਪ ਆਫ ਹਿਮਾਲਿਆ ਗਲੇਸ਼ਆਲੋਜੀ' ਮੁਤਾਬਿਕ ਮੌਜੂਦਾ 5 ਲੱਖ ਵਰਗ ਕਿਲੋਮੀਟਰ ਦਾ ਹਿਮ-ਖੇਤਰ ਸੁੰਗੜ ਕੇ ਬਹੁਤ ਛੇਤੀ ਇਕ ਲੱਖ ਵਰਗ ਕਿਲੋਮੀਟਰ ਦੇ ਲਾਗੇ-ਤਾਗੇ ਰਹਿ ਜਾਵੇਗਾ। ਗਲੇਸ਼ੀਅਰ ਜੋ ਨਿਰਮਲ ਜਲ-ਕੁੰਡਾਂ ਅਤੇ ਦਰਿਆਵਾਂ ਦੇ ਜਲ ਸੋਮੇ ਹਨ, ਤੋਂ ਅਸੀਂ ਹੱਥ ਧੋ ਬੈਠਾਂਗੇ। ਫਿਰ 'ਬਿਨ ਪਾਣੀ ਬਸ ਸੂਨ' ਦੀ ਕਹਾਵਤ ਝੁਠਲਾਈ ਨਹੀਂ ਜਾ ਸਕੇਗੀ।

ਪੌਦੇ-ਜੰਤੂਆਂ 'ਤੇ ਦੁਰਪ੍ਰਭਾਵ

ਹਾਲ ਹੀ ਵਿਚ 'ਨੇਚਰ' ਪੱਤਰਿਕਾ ਵਿਚ ਪ੍ਰਕਾਸ਼ਤ ਹੋਏ ਜੀਵ ਵਿਗਿਆਨ ਦੇ ਇਕ ਖੋਜ ਪੱਤਰ ਅਨੁਸਾਰ, ਦੁਨੀਆ ਦੇ ਛੇ ਮਹੱਤਵਪੂਰਨ ਖਿੱਤਿਆਂ, ਜੋ ਮੋਟੇ ਤੌਰ 'ਤੇ ਦੁਨੀਆ ਦਾ 20 ਫੀਸਦੀ ਖੇਤਰ ਦਰਸਾਉਂਦੇ ਹਨ, ਵਿਚ ਕਰਵਾਈ ਗਈ ਖੋਜ ਨੇ ਸਾਬਤ ਕੀਤਾ ਹੈ ਕਿ ਗਰੀਨ ਹਾਊਸ ਗੈਸਾਂ ਖਾਸ ਤੌਰ 'ਤੇ ਕਾਰਬਨ ਡਾਈਆਕਸਾਈਡ ਦੇ ਬਹੁਤ ਜ਼ਿਆਦਾ ਉਤਪਾਦਨ ਉਪਰੰਤ ਗਲੋਬਲ ਵਾਰਮਿੰਗ ਕਾਰਨ ਹਜ਼ਾਰਾਂ ਪ੍ਰਜਾਤੀਆਂ ਦੇ ਜੀਵਨ 'ਤੇ ਸੰਕਟ ਦੇ ਬੱਦਲ ਮੰਡਰਾ ਸਕਦੇ ਹਨ। ਖੋਜ ਵਿਚ ਪੌਦਿਆਂ, ਥਣਧਾਰੀ ਜੀਵਾਂ, ਚਿੜੀਆਂ, ਰੀਂਘਣ ਵਾਲੇ ਜਾਨਵਰਾਂ, ਡੱਡੂਆਂ, ਤਿਤਲੀਆਂ ਅਤੇ ਦੂਜੀਆਂ ਮਹੱਤਵਪੂਰਨ ਜੀਵ ਪ੍ਰਜਾਤੀਆਂ ਨੂੰ ਵਿਸ਼ੇਸ਼ ਰੂਪ ਵਿਚ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ 'ਤੇ ਤੱਤੇ ਮੌਸਮ ਦਾ ਸਭ ਤੋਂ ਜ਼ਿਆਦਾ ਅਸਰ ਪੈਣ ਦੀ ਸੰਭਾਵਨਾ ਹੈ। ਇਕ ਖੋਜ ਅਨੁਸਾਰ 2.2 ਤੋਂ 4 ਪ੍ਰਤੀਸ਼ਤ ਫਾਰਨਹੀਟ ਨਾਲ ਹੀ 20 ਤੋਂ 30 ਪ੍ਰਤੀਸ਼ਤ ਜੀਵ ਵਿਭਿੰਨਤਾ 'ਤੇ ਮਾਰੂ ਅਸਰ ਪੈਣਾ ਹੈ।

ਆਲਮੀ ਤਪਸ਼ ਦਾ ਭਿਆਨਕ ਅਸਰ ਜੀਵ-ਜੰਤੂ ਪ੍ਰਜਾਤੀਆਂ 'ਤੇ ਪੈਣਾ ਤਾਂ ਸੁਭਾਵਿਕ ਹੈ, ਸਾਬਤ ਇਹ ਵੀ ਹੋ ਚੁੱਕਾ ਹੈ ਕਿ ਜੇ ਹਾਲਤ ਇਹੋ ਰਹੀ ਤਾਂ 2050 ਤੱਕ ਸਾਡੀ ਧਰਤੀ ਉੱਤੇ ਮੌਜੂਦ ਪੇੜ-ਪੌਦਿਆਂ ਦਾ ਵੀ 50 ਫੀਸਦੀ ਤੱਕ ਸਫਾਇਆ ਹੋ ਜਾਵੇਗਾ। ਖੋਜ ਵਿਚ ਦੁਨੀਆ ਭਰ ਵਿਚ ਸਥਾਪਿਤ ਪ੍ਰਯੋਗਸ਼ਾਲਾਵਾਂ ਦੇ ਜ਼ਰੀਏ ਕੁੱਲ ਮਿਲਾ ਕੇ 1103 ਜਾਤੀਆਂ 'ਤੇ ਨਜ਼ਰ ਰੱਖੀ ਗਈ। ਸਮੁੱਚੇ ਅਧਿਐਨ ਦਾ ਨਤੀਜਾ ਹੈ ਕਿ ਇਨ੍ਹਾਂ ਵਿਚੋਂ 15 ਤੋਂ 37 ਫੀਸਦੀ ਜਾਤੀਆਂ 2050 ਤੱਕ ਵਾਤਾਵਰਣੀ ਤਬਦੀਲੀ ਕਾਰਨ ਪੂਰੀ ਤਰ੍ਹਾਂ ਖਤਮ ਹੋ ਜਾਣਗੀਆਂ।

ਥਰਥਰਾਹਟ

ਰੁੱਤ ਬਦਲਾਅ, ਮੀਂਹ ਅਨਿਯਮਤਾਂ ਅਤੇ ਸੁੱਕਦੇ ਜਾ ਰਹੇ ਜਲ ਸਰੋਤਾਂ ਕਾਰਨ ਪੈਦਾ ਹੋ ਰਿਹਾ ਜਲ-ਸੰਕਟ ਧਰਤੀ ਦੇ ਗਰਮ ਮਿਜ਼ਾਜ਼ ਦਾ ਵੀ ਸਿੱਟਾ ਹੈ। ਵਧਦੀ ਅਬਾਦੀ ਦੀਆਂ ਜ਼ਰੂਰਤਾਂ ਪੈਦਾ ਕਰਨ 'ਤੇ ਭਾਰੂ ਮੁਨਾਫੇ ਦੀ ਲਾਲਸਾਈ ਪ੍ਰਵਿਰਤੀ ਦੀ ਪੈਖੜ 'ਚ ਬੱਝੇ ਬੰਦੇ ਵੱਲੋਂ ਕੁਦਰਤੀ ਸਰੋਤਾਂ ਉੱਤੇ ਕੀਤੇ ਤਾਬੜ ਤੋੜ ਹੱਲੇ ਨੇ ਪਾਣੀ ਦੀ ਸਤਾਹ ਨੂੰ ਲਗਾਤਾਰ ਹੇਠਾਂ ਪਹੁੰਚਾਉਣ ਤੋਂ ਇਲਾਵਾ ਧਰਤੀ ਨੂੰ ਅੰਦਰ ਹੀ ਅੰਦਰ ਹੋਰ ਕਿੰਨਾ ਕੁ ਖੋਖਲਾ ਕਰ ਦਿੱਤਾ ਹੈ, ਤੇਲ ਕੋਲੇ ਅਤੇ ਹੋਰ ਖਣਿਜ ਪਦਾਰਥਾਂ ਨੂੰ ਖਤਮ ਕਰਨ ਲਈ ਪੱਬਾਂ ਭਾਰ ਹੋਇਆ ਬੰਦਾ ਆਉਣ ਵਾਲੇ ਕੁਝ ਸਾਲਾਂ ਵਿਚ ਇਹ ਸਾਬਤ ਕਰ ਦੇਵੇਗਾ। ਧਰਤੀ ਦਾ ਖੋਖਲਾਪਨ, ਜ਼ਮੀਨ ਧੱਸਣ ਵਰਗੀਆਂ ਦੁਰਘਟਨਾਵਾਂ ਨੂੰ ਜਨਮ ਦੇਵੇਗਾ। ਸਿੱਟਾ; ਧਰਤੀ ਦੇ ਸੰਤੁਲਨ ਵਿਚ ਥਰਥਰਾਹਟ, ਭੁਚਾਲਾਂ ਦਾ ਖਤਰਾ ਅਤੇ ਰੁੱਤਾਂ 'ਚ ਤਿੱਖੀਆਂ ਤਬਦੀਲੀਆਂ। ਇਸ ਤਪਸ਼ ਕਾਰਨ ਸਾਈਬੇਰੀਆ ਦੇ 32 ਗਲੇਸ਼ੀਅਰ ਪਿਘਲਣ ਨਾਲ ਉੱਥੇ 2.4 ਤੋਂ 5.6 ਰੈਕਟਰ ਦੇ ਭੂਚਾਲ ਝਟਕੇ ਨੋਟ ਕੀਤੇ ਗਏ।

ਰੁੱਤਾਂ ਜਾਂਦੀਆਂ ਲੱਗਣਗੀਆਂ

ਜੇ ਬਰਸਾਤ, ਜਿਸ ਬਾਰੇ ਪਤਾ ਨਹੀਂ ਹੁੰਦਾ ਕਿੰਨੀ ਪੈਣੀ ਹੈ ਜਾਂ ਫਿਰ ਨਹੀਂ ਪੈਣੀ, ਨੂੰ ਸ਼ਾਮਿਲ ਨਾ ਵੀ ਕੀਤਾ ਜਾਵੇ ਤਦ ਵੀ ਛੇ ਰੁੱਤਾਂ ਵਾਲਾ ਭਾਰਤੀ ਉਪ ਮਹਾਂਦੀਪ ਸਿਰਫ ਦੋ ਰੁੱਤਾਂ ਅਰਥਾਤ ਗਰਮੀ ਅਤੇ ਸਰਦੀ ਵਾਲਾ ਖਿੱਤਾ ਬਣ ਕੇ ਰਹਿ ਗਿਆ ਹੈ। ਇਨ੍ਹਾਂ ਦੋਵਾਂ ਰੁੱਤਾਂ ਦੀ ਵੀ ਨਾ ਸਿਰਫ ਸਮਾਂ-ਅਵਧੀ ਵੱਧ-ਘੱਟ ਰਹੀ ਹੈ ਸਗੋਂ ਇਸਦੇ ਤਾਪਮਾਨ ਬਾਰੇ ਵੀ ਅਨਿਸ਼ਚਿਤਾ ਬਣੀ ਰਹਿੰਦੀ ਹੈ। ਰੁੱਤਾਂ ਦੇ ਰਵਾਇਤੀ ਤਾਪਮਾਨ ਅਤੇ ਸਮੇਂ ਵਿਚ ਗੜਬੜ ਚੌਥ ਹੋ ਗਈ ਹੈ।

ਹੱਦਾਂ ਹੀ ਨਾ ਤਬਦੀਲ ਹੋ ਜਾਣ ਕਿਤੇ ਜਲਵਾਯੂ ਦੇ ਬਦਲਦੇ ਮਿਜਾਜ਼ 'ਤੇ ਕੀਤੇ ਗਏ ਇਕ ਅਧਿਐਨ 'ਚ ਕਿਹਾ ਗਿਆ ਹੈ ਕਿ ਵਾਤਾਵਰਣ ਤਬਦੀਲੀ ਨਾਲ ਮੁਲਕਾਂ ਦੀ ਸੁਰੱਖਿਆ ਲਈ ਗੰਭੀਰ ਖਤਰੇ ਪੈਦਾ ਹੋ ਜਾਣਗੇ; ਕਿਉਂਕਿ ਸਮੁੰਦਰ ਤਲ ਵਿਚ ਲਗਾਤਾਰ ਵਾਧਾ ਅਤੇ ਗਲੇਸ਼ੀਅਰਾਂ ਦੇ ਪਿਘਲਣ ਨਾਲ ਵਿਸ਼ਵ ਨਕਸ਼ੇ 'ਚ ਬਦਲਾਅ ਦਾ ਡਰ ਪੈਦਾ ਹੋ ਗਿਆ ਹੈ। ਇੰਸਟੀਚਿਊਟ ਫਾਰ ਡਿਫੈਂਸ ਸਟਡੀਜ਼ ਅਤੇ ਅਨੈਲੇਸਿਜ਼ (ਭਾਰਤ ਦੀ ਸੁਰੱਖਿਆ ਨਿਰੀਖਣ ਤੇ ਵਿਸ਼ਲੇਸ਼ਣ ਬਾਰੇ ਸੰਸਥਾ) ਅਨੁਸਾਰ ਜਲਵਾਯੂ ਪਰਿਵਰਤਨ ਨਾਲ ਸੁਰੱਖਿਆ ਬਲਾਂ ਦੀ ਰਣਨੀਤੀ ਤੇ ਜੁਗਤੀ 'ਤੇ ਉਲਟ ਪ੍ਰਭਾਵ ਦੀ ਸੰਭਾਵਨਾ ਹੈ। ਕਿਹਾ ਗਿਆ ਹੈ ਕਿ ਦੂਸਰੇ ਨਾਲ ਲਹਿਰਾਂ ਦੇ ਜ਼ਰੀਏ ਜੁੜੀਆਂ ਨਦੀਆਂ 'ਚ ਹੜ੍ਹ ਆਉਣ ਅਤੇ ਬਿਮਾਰੀਆਂ ਫੈਲਣ ਦਾ ਖਤਰਾ ਹੈ। ਇਸ ਨਾਲ ਫੌਜੀ ਸਮਰੱਥਾ ਉਪਰ ਅਸਰ ਪੈਂਦਾ ਹੈ।

ਪਰ ਜਲਵਾਯੂ ਪਰਿਵਰਤਨ ਅਤੇ ਰਾਸ਼ਟਰੀ ਸੁਰੱਖਿਆ ਦੇ ਇਕ ਹੋਰ ਅਧਿਐਨ 'ਚ ਕਿਹਾ ਗਿਆ ਹੈ ਕਿ ਜਲਵਾਯੂ ਬਦਲਾਅ ਦਾ ਯੁੱਧ ਨਾਲ ਕੋਈ ਸਬੰਧ ਨਹੀਂ ਬਲਕਿ ਇਸ ਦਾ ਸਬੰਧ ਭੌਤਿਕ ਅਤੇ ਵਾਤਾਵਰਣ ਤੰਤਰ ਦੇ ਟੁੱਟਣ ਕਾਰਨ ਪੈਣ ਵਾਲੇ ਦਬਾਅ ਅਤੇ ਹਿੰਸਕ ਝੜਪਾਂ ਨਾਲ ਹੈ। ਉਸ ਅਨੁਸਾਰ ਪਹਿਲਾਂ ਹੜ੍ਹਾਂ ਉਪਰੰਤ ਸੋਕਾ ਅਤੇ ਸਮੁੰਦਰ ਤਲ ਦੇ ਵਧਣ ਨਾਲ ਲੋਕ ਇਕ ਸਥਾਨ ਤੋਂ ਦੂਸਰੇ ਸਥਾਨ 'ਤੇ ਜਾਣ ਲਈ ਮਜਬੂਰ ਹੋਣਗੇ ਜਿਸ ਕਾਰਨ ਸਮੁੰਦਰ, ਹਵਾ ਅਤੇ ਜ਼ਮੀਨ ਉਪਰ ਫੌਜੀ ਬਲਾਂ ਦੀ ਸੁਰੱਖਿਆ ਅਤੇ ਮੁਲਕੀ ਹੱਦਾਂ 'ਤੇ ਪ੍ਰਭਾਵ ਪਵੇਗਾ।

ਸਭ-ਕੁਝ ਬਦਲਣਾ ਪੈ ਜਾਵੇਗਾ ਸਾਨੂੰ

ਫਿਰ ਛੇ ਰੁੱਤਾਂ ਤੋਂ ਦੋ ਜਾਂ ਤਿੰਨ ਰੁੱਤਾਂ 'ਚ ਸੁੰਗੜ ਜਾਣ ਦਾ ਅਰਥ ਹੈ ਬਹੁ-ਭਾਂਤੀ ਵੰਨ ਸੁਵੰਨਤਾ ਤੋਂ ਦੋ ਜਾਂ ਤਿੰਨ 'ਚ ਤਬਦੀਲ ਹੋ ਜਾਣਾ। ਤਦ ਨਾ ਤਾਂ ਰੁੱਤਾਂ ਦੀ ਵੰਨਗੀ ਥਿਆਵੇਗੀ ਅਤੇ ਨਾ ਹੀ ਇਸ ਬਹੁ-ਵੰਨਗੀ ਤਹਿਤ ਕੁਦਰਤ ਵਲੋਂ ਪਰੋਸੀਆਂ ਜਾਣ ਵਾਲੀਆਂ ਨਿਆਮਤਾਂ ਦਾ ਲੁਤਫ। ਇੰਜ ਰੁੱਤਾਂ ਦੀ ਕਹਾਣੀ ਵੀ ਪਰੀ-ਕਥਾ ਵਾਂਗ ਦਾਦੀ ਦੀ ਬਾਤ ਬਣ ਜਾਵੇਗੀ। ਜਿਵੇਂ ਦੁਆਬੇ ਨੂੰ ਛੱਡ ਕੇ ਕੋਈ ਅੰਬੀਆਂ ਨੂੰ ਤਰਸਦਾ ਹੈ ਉਵੇਂ ਹੀ ਛੇ ਰੁੱਤਾਂ ਦੀਆਂ ਬਰਕਤਾਂ ਤੋਂ ਹੱਥ ਧੋ ਕੇ ਬੰਦਾ ਸਿਰਫ ਦੋ ਰੁੱਤਾਂ ਦੀਆਂ ਪੈਦਾਵਾਰਾਂ ਨੂੰ ਖਾਣ ਹੰਢਾਉਣ ਅਤੇ ਪਹਿਨਣ-ਪਚਰਨ ਲਈ ਨਰੜਿਆ ਜਾਵੇਗਾ। ਬਹੁ-ਭਾਂਤੀ ਬਨਸਪਤੀ ਅਤੇ ਜੀਵਾਂ ਦੀ ਤਾਂ ਗੱਲ ਹੀ ਛੱਡੋ ਸਾਨੂੰ ਆਪਣੇ ਕੱਪੜੇ-ਲੱਤੇ, ਰਹਿਣ ਸਹਿਣ, ਜੀ-ਪ੍ਰਚਾਵਿਆਂ, ਰੈਣ ਵਸੇਰਿਆਂ, ਗੱਲ ਕੀ ਸਮੁੱਚੀ ਜੀਵਨ ਸ਼ੈਲੀ ਵਿਚ ਵੀ ਤਿੱਖੀਆਂ ਤਬਦੀਲੀਆਂ ਕਰਨੀਆਂ ਪੈਣਗੀਆਂ। ਇਹ ਤਬਦੀਲੀਆਂ ਚਲੰਤ ਜੀਵਨ ਰੇਖਾ ਉੱਤੇ ਤਿੱਖਾ ਪ੍ਰਭਾਵ ਪਾਉਣਗੀਆਂ। ਇਸ ਨਾਲ ਤਿੱਖੀਆਂ ਰਾਜਨੀਤਕ ਤਬਦੀਲੀਆਂ ਸਮੇਤ ਆਮ ਬੰਦੇ ਦੀ ਜ਼ਿੰਦਗੀ ਵੀ ਉਥਲ ਪੁਥਲ ਹੋਵੇਗੀ।

ਮੁੱਕਦੀ ਗੱਲ

ਪਤਾ ਨਹੀਂ, ਮਨੁੱਖ ਦੀ ਵਾਰੀ ਕਦੋਂ ਆ ਜਾਵੇ? ਸਿਰਫ ਇਹੋ ਫਿਕਰਮੰਦੀ ਦਾ ਸਵਾਲ ਨਹੀਂ। ਮੁੱਦਾ ਤਾਂ ਇਹ ਵੀ ਹੈ ਕਿ ਕੁਦਰਤੀ ਸੋਮਿਆਂ, ਜਲ, ਬਨਸਪਤੀ ਅਤੇ ਜੀਵ ਜੰਤੂਆਂ ਨੂੰ ਬਚਾਉਣ ਦਾ ਹੱਲ ਕੀਤਾ ਜਾਵੇ। ਮਨੁੱਖ ਵੀ ਤਦ ਹੀ ਬਚੇਗਾ ਜੇ ਗਲੋਬਲ-ਵਾਰਮਿੰਗ (ਆਲਮੀ ਤਪਸ਼) ਨੂੰ ਸਦੀਵੀ ਅਲਵਿਦਾ ਆਖੀ ਜਾਵੇ। ਇਸ ਲਈ ਸਾਨੂੰ ਉਸ ਸੰਸਾਰਿਕ ਨਿਜ਼ਾਮ ਨੂੰ ਵੀ ਨਕਾਰਨਾ ਪਵੇਗਾ, ਜਿਹੜਾ ਭਾਈਚਾਰਕ ਬਰਾਬਰਤਾ ਅਤੇ ਕੁਦਰਤੀ ਸਹਿਹੋਂਦ ਦੀ ਬਜਾਏ ਪਦਾਰਥਿਕ ਸਹੂਲਤਾਂ ਅਤੇ ਮੁਨਾਫਿਆਂ ਮਗਰ ਹਾਫਲਿਆ ਫਿਰਦਾ ਹੈ। ਡੁੱਲੇ ਬੇਰਾਂ ਦਾ ਅਜੇ ਵੀ ਕੁਝ ਨਹੀਂ ਵਿਗੜਿਆ। ਜੇ ਅਸੀਂ ਨਾ ਸੰਭਲੇ ਤਾਂ ਕੁਝ ਨਹੀਂ ਬਚੇਗਾ ਹੋਰ ਅੱਧੀ ਸਦੀ ਬਾਅਦ।

ਪਿੰਡ ਤੇ ਡਾਕ: ਬੰਬੇਲੀ,
ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ
ਮੋਬਾਇਲ : 094634-39075

A-WIN Insurance

ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ

For Friendly Service and Quick Quotes

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

- Car, Motorcycle
- Home, Condominium
- Tenant Package, Rental Dwellings
- Trucks: Long Haul & Gravel
- Commercial & Business Insurance
- Travel & Medical Insurance

Discounts up to 60%

Payment options available

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ

We Provide Service In English, Punjabi, Hindi & Urdu.

ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

ਐਡਮਿੰਟਨ: 780-465-6900
ਰਾਜੀਵ ਜੌਲੀ, ਜੈਸ ਬਦੇਸ਼ਾ, ਸ਼ਾਲੂ ਬਦੇਸ਼ਾ,
ਮੈਡੀਂ ਹਿਜ਼ਮਾਨ, ਨਵਤੇਜ ਬੈਂਸ, ਸੋਨਮ ਦਿਉਲ
ਅਤੇ ਜਸਵੀਰ ਦਿਉਲ।

ਕੈਲਗਰੀ: 403-775-2100
ਰੂਪੀ ਚੇਰਾ, ਡੈਨਾ ਨਮਿਥ, ਸੁਭਾਸ਼
ਤਰਨਪ੍ਰੀਤ ਮੈਹਦਵਾਨ ਅਤੇ ਜੈਸੀ ਸਿੰਘ

ਸੋਹਨ ਪੂੰਨੀ ਦੁਆਰਾ ਲਿਖਤ ਕਿਤਾਬ 'ਕਨੇਡਾ ਦੇ ਗਦਰੀ ਯੋਧੇ' ਦੇ ਰਿਲੀਜ਼ ਸਮਾਰੋਹ ਦੀਆਂ ਝਲਕੀਆਂ

ਐਡਮਿੰਟਨ ਸਟਰੀਟ ਪਰਫਾਰਮਰਜ਼ ਫੈਸਟੀਵਲ ਦੀਆਂ ਝਲਕੀਆਂ ਫੋਟੋਆਂ ਦੀ ਜ਼ੁਬਾਨੀ

ਕੈਲਗਰੀ: ਵਰਿੰਦਰ ਬਿੰਦਾ ਅਤੇ ਅੰਬੀ ਹਠੂਰ ਯਾਦਗਾਰੀ ਟੂਰਨਾਂਮੈਂਟ ਤਸਵੀਰਾਂ ਦੀ ਜ਼ੁਬਾਨੀ



'ਮੈਂ ਭਗਤ ਸਿੰਘ' ਨਾਟਕ ਦੀਆਂ ਝਲਕੀਆਂ

ਸ਼ੇਰ-ਏ-ਪੰਜਾਬ ਸਪੋਰਟਸ ਵਲੋਂ ਕਰਵਾਏ ਗਏ ਕਬੱਡੀ ਟੂਰਨਾਂਮੈਂਟ ਦੀਆਂ ਤਸਵੀਰਾਂ

ਸਿੱਖ ਹੈਰੀਟੇਜ ਫੈਸਟੀਵਲ ਦੀਆਂ ਝਲਕੀਆਂ

ਗੋਲਡ ਮੈਡਲ ਪ੍ਰਾਪਤ ਕਰਕੇ ਵਾਪਸ ਪਰਤੀ ਟੀਮ ਕੋਚ ਸੁਖਦਰਸ਼ਨ ਪੰਨੂ ਅਤੇ ਪਰਿਵਾਰਿਕ ਮੈਂਬਰਾਂ ਨਾਲ

Gurkeerat Holding Ltd.

- We Build New Houses
- We Build Basements
- We do Renovations
- Kitchen Cabinets

ਨਵੇਂ ਘਰ, ਨਵੀਆਂ ਬੇਸਮੈਂਟਾਂ ਬਣਵਾਉਣ, ਹਰੇਕ ਤਰ੍ਹਾਂ ਦੀ ਰੈਨੋਵੇਸ਼ਨ ਕਰਵਾਉਣ, ਵਧੀਆ ਕਿਚਨ ਕੈਬਨਿਟਾਂ ਘੱਟ ਕੀਮਤ ਅਤੇ ਤਸੱਲੀਬਖਸ਼ ਢੰਗ ਨਾਲ ਕਰਵਾਉਣ ਵਾਸਤੇ ਸਾਨੂੰ ਕਾਲ ਕਰੋ

Ph. 780-996-2873

Millbourne Road

Medical Clinic

WALK-INS WELCOME



Dr. B. Jassar

Dr. Vijay Thapar (M.D., CCFP)*
Family Physician
By Appointment Only

Dr. B. Jassar (M.D., Ph. D, CCFP)*
Family Physician
Cell: 780-918-0516



Dr. Vijay Thapar

131 Millbourne Road East, Lee Ridge Plaza Edmonton, AB. T6K 1P6

Tel: 780-462-4229 Fax: 780-462-3315 *Professional Corporation

Kamal Video & Photography

- Wedding
- Birthday
- Graduations
- Portraits
- Concerts

Rav or Kamal
Tel: 780.466.8019
Cell: 780.952.8017
Cell: 780.903.8019

WESTFORK Interiors

Specializing in Cabinets & Counter tops

Kitchen & Vanities, Custom Cabinets, Staining & Spraying Doors

Endless Options

- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ

ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ **ਵੈਸਟਫੋਰਕ ਇੰਟੀਰੀਅਰਜ਼**

Westfork Interiors, 8307 Argyll Road, Edmonton T6C 4B2
Tel: 780-462-5325
Fax: 780-462-2672
www.westforkinteriors.com
info@westforkinteriors.com

Gurmail Matharu : 780-990-9349
Ranjit Matharu : 780-907-9889

Fancy Doors & Mouldings

Interior & Exterior, Prehung Unit, Locks & Hardware, French Doors, Bi-Folds, Mouldinghs & Accessories

French Doors

Cascade with Zinc Bars | Deco Frosted Clear | Heritage V-Groove Fully Sandblasted | Heritage V-Groove Clear | Montana Clear Slab | Pantry Slab

Interior Doors

2-Panel Curved Top | 3-Panel MDF Shaker-Slab | 3-Panel Shaker-Mission | 6-Panel Oak-Slab | Stratos-Slab

Fibreglass Exterior Door

ALEXANDRIA Moulding

Moulding

Available in MDF, Oak & Maple

Baseboards	Casings	Crowns	Chair Rails	Architrave
094 Base 5/8" x 4" MDF Primed BDL-6	092 Casing 5/8" x 2-1/2" MDF Primed BDL-6	47 Crown 9/16" x 4-1/4" MDF Primed BDL-6	297 Chair Rail 11/16" x 3" MDF Primed BDL-5	5010 Architrave 1-1/4" x 4-3/16" MDF Primed BDL-4
095 Base 5/8" x 5" MDF Primed BDL-6	093 Casing 5/8" x 3-1/4" MDF Primed BDL-6	47D Crown 9/16" x 4-3/16" Ultralite BDL-8		
238 Base 1/2" x 5" MDF Primed BDL-1	338 Casing 5/8" x 3" MDF Primed BDL-6	51 Crown 5/8" x 3-1/4" MDF Primed BDL-6		
387 Casing 9/16" x 3-1/4" MDF Primed BDL-6	386 Base 9/16" x 3-1/4" MDF Primed BDL-6	512 Crown 9/16" x 5-1/4" MDF Primed BDL-4		
405 Base 1/2" x 4" MDF Primed BDL-10	403 Casing 5/8" x 3" MDF Primed BDL-6	712 Crown 11/16" x 4-1/2" Ultralite, BDL - 4 11/16" x 4-1/2" MDF Primed BDL - 4		
412 Base 5/8" x 4-1/4" MDF Primed BDL-6	411 Casing 11/16" x 3" MDF Primed BDL-6			
425 Base 1/2" x 4" MDF Primed BDL-10	423 Casing 5/8" x 3" MDF Primed BDL-6			
545 Base 9/16" x 5" Ultralite Primed BDL - 5 5/8 x 5" MDF Primed BDL-4	535 Casing 1/16" x 3-1/2" Ultralite BDL - 5 11/16"x3-1/2" MDF Primed BDL-6			
3140 Base 3/8" x 3-1/4" MDF Primed BDL-10	8263 Base 9/16" x 6-1/2" Ultralite BDL-4			
356 Casing MDF 356 Casing Oak 356 Casing Maple	908 Casing 9/16" x 3-1/4" Ultralite BDL-7			
	8063 Casing 11/16" x 3-1/4" Ultralite BDL-8			

New Stock!

24" White Medallion

24" Coloured Medallion

Bath Fixtures



Pearl
Lux
Ax--------------
A--------------

Door Locks

WEISER LOCK

Ask about our finishing packages!

- Interior and Exterior
- Prehung Units
- Locks and Hardware
- French Doors
- Bi-folds
- Mouldings
- MDF Sheet: Oak & Maple
- Plywood
- Bullnose Shelf
- Adhesives
- DAP
- Shims
- Brad Nails
- Fireplace Mantels
- Accessories

Alberta Location: 9129-35 Avenue, Edmonton, AB T6E 5Y1
Phone: 780-432-7700 Fax: 780-432-7710

We Supply and install Building Materials!

www.fancy-doors.com

ADVANCED Roofing Systems Ltd.

RESIDENTIAL COMMERCIAL

- Residential/Commercial Insurance Claims
- Asphalt & Specialty Shingles
- Siding, Soffits,Fascia
- 2 Ply Membranes (SBS)
- Cedar Shakes
- New & Re-Roof Specialists
- Condominums Welcome
- Steep Roofs Welcome
- Licaenced & Insured
- Pine Shake Replacement
- Roof Top Snow removel
- FREE Estimates

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

GILL Olson (MANAGER)

HARRY'S EXCAVATING
Ph 780-918-2252

Specialist in : Digging Basements & All Kind of Services

ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ, ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ

C.J. Auto & Transmission Repair Ltd. & Body Shop

Specialize in Propane Repair & Body Shop

Nindy Rao (Manager)

Tel.: 780-434-9912 Fax: 780-434-6706
9504-62 Avenue Edmonton, AB. T6E 0C9

* Import & Domestic Repairs * Insurance Claims

KOPY CENTRE & PRINTING
"On Time ~ Every Time"
Digital Printing & Photo Copy

• Business Cards • Letter Heads • Invoices (NCR) • Flyers • Brochures • Invitation Cards • Tickets • Binders • PDF Files • Scanning • Lamination • Internet Service • Fax Service • Computer Service etc...

We do Art Work as well...
Tel: (780) 437-0200
Fax: (780) 437-0227 • kopycent@telus.net
9126B - 51 Ave. Edmonton, AB T6E 5L8

Sidhu Stucco Ltd.
Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ।

Stucco is a versatile, beautiful, durable and fire resistant cladding.

Harinder Dhaliwal

All kind of Stucco
Acrylic & Rain Screen (780) 297-9165

Advance Driving School
Learn to be Collision Free

Misha Sooch DRIVER EDUCATION COUNCILLOR

* Lady Instructor Available * Defensive Training Classes
* Available to Restore Demerits * Free Pick up & Drop off Service

ਵਧੀਆ ਡਰਾਈਵਿੰਗ ਟ੍ਰੇਨਿੰਗ ਲਈ ਹਮੇਸ਼ਾ ਯਾਦ ਰੱਖੋ

ਐਡਵਾਂਸ ਡਰਾਈਵਿੰਗ ਸਕੂਲ

#202-3456 91 St. South Side, Edmonton	16105-Stony Plain Rd.West End, Edmonton	10211-100 Ave Fort Saskatchewan

Contact: (780) 660 4090
Sherwood Park, AB, Canada, T8C1H3 www.advancedrivingschool.ca

Advance Limos Ltd.
Phone: 780 236 5000, Fax: 780 922 2705
www.advancelimos.ca

The Services we Provide
- Airport Service-Flat Rate
- Weddings Ceremony
- Anniversaries
- Birthday Parties
- Dinner & Theatre Ceremony
- Night On The Town
- Graduation Ceremonies
- Concerts & Sports Events
- Promos & Religious Programs
- & Other Functions

Contact Aman Sooch
Book Your LIMO Now & Enjoy the Luxurious Ride
(780) 236 5000



ਪਾਕਿਸਤਾਨ ਦੀ ਸਥਾਪਨਾ ਤੇ ਦੇਸ਼ ਦੀ ਵੰਡ

__ਤਾਰਕ ਅਲੀ__ ਪੰਜਾਬੀ ਮੁਸਲਮਾਨ ਹੈ, ਜੋ ਪੱਕੇ ਤੌਰ 'ਤੇ ਯੂ.ਕੇ. ਵਿਚ ਰਹਿ ਰਿਹਾ ਹੈ। ਉਹ ਇਕ ਨਾਵਲਕਾਰ, ਨਾਟਕ, ਲੇਖਕ, ਫਿਲਮ-ਨਿਰਮਾਤਾ ਅਤੇ ਵਿਸ਼ਵ ਇਤਿਹਾਸ ਦੇ ਰਾਜਨੀਤੀ ਬਾਰੇ ਦਰਜਨ ਦੇ ਕਰੀਬ ਪੁਸਤਕਾਂ ਦੇ ਲੇਖਕ ਹੋਣ ਤੋਂ ਬਿਨਾ ਉੱਘਾ ਮਾਰਕਸਵਾਦੀ ਚਿੰਤਕ ਤੇ ਪੱਤਰਕਾਰ ਵੀ ਹੈ। ਉਹ ਅੱਜ ਕੱਲ੍ਹ ਵਿਸ਼ਵ ਪ੍ਰਸਿੱਧ ਤ੍ਰੈ-ਮਾਸਿਕ ਪੱਤ੍ਰਿਕਾ New Left Review ਦਾ ਮੁੱਖ ਸੰਪਾਦਕ ਹੈ। ਪੇਸ਼ ਵਿਚਾਰ ਉਸਦੀ ਪੁਸਤਕ Speaking of Empire & Resistence ਵਿਚੋਂ ਲਏ ਗਏ ਹਨ। ਇਹ ਪੁਸਤਕ ਸਵਾਲ ਜਵਾਬਾਂ ਦੀ ਵਿਧੀ ਵਿਚ ਲਿਖੀ ਗਈ ਸੀ। ਸਵਾਲ ਡੇਵਿਡ ਬਾਰਸਾ ਮਿਆਨ ਨੇ ਪੁੱਛੇ ਸਨ। ਭਾਰਤ ਵਿਚ ਇਹ ਪੁਸਤਕ 'ਦਾਨਿਸ਼' ਪ੍ਰਕਾਸ਼ਨ ਨੇ ਛਾਪੀ ਸੀ। ਧੰਨਵਾਦ ਸਹਿਤ ਇਹ ਸਬੰਧਤ ਪ੍ਰਸ਼ਨ ਅੰਗਰੇਜ਼ੀ ਵਿਚੋਂ ਅਨੁਵਾਦ ਕਰਕੇ ਛਾਪੇ ਜਾ ਰਹੇ ਹਨ।

ਸੰਪਾਦਕੀ ਮੰਡਲ

? ਆਓ ਪਾਕਿਸਤਾਨ ਦੀ ਉਤਪਤੀ ਵੱਲ ਵਾਪਸ ਮੁੜੀਏ। ਇਹ ਸੰਸਾਰ ਦੇ ਸਭ ਤੋਂ ਵੱਡੇ ਮੁਸਲਮ ਦੇਸ਼ਾਂ ਵਿਚੋਂ ਇਕ ਹੈ। ਇਸਦੀ ਕੁੱਲ ਆਬਾਦੀ ਪੰਦਰਾਂ ਕਰੋੜ ਦੇ ਕਰੀਬ ਹੈ। ਦੋ ਕੁੰਜੀ-ਵੱਤ ਇਸ ਦੀਆਂ ਸਖ਼ਸੀਅਤਾਂ ਮੁਹੰਮਦ ਇਕਬਾਲ ਤੇ ਮੁਹੰਮਦ ਅਲੀ ਜਨਾਹ ਹਨ। ਇਕਬਾਲ ਤੋਂ ਗੱਲ ਸ਼ੁਰੂ ਕਰੋ। ਉਹ 1873 ਵਿਚ ਜੰਮਿਆ ਤੇ 1938 ਵਿਚ ਫੌਤ ਹੋਇਆ। ਉਹ ਮਹੱਤਵਪੂਰਨ ਕਿਉਂ ਸੀ ਤੇ ਉਸ ਨੇ ਦੱਖਣੀ ਏਸ਼ੀਆ ਦੀ ਮੁਸਲਮ ਚੇਤਨਾ ਨੂੰ ਪ੍ਰਭਾਵਿਤ ਕਰਨ ਲਈ ਕੀ ਕਰਤੱਵ ਨਿਭਾਇਆ?

ਤਾਰਕ ਅਲੀ : ਮੇਰਾ ਖਿਆਲ ਹੈ ਕਿ ਸਾਨੂੰ ਮੁਗਲ ਰਾਜ ਤੀਕਰ ਪਿੱਛੇ ਜਾਣਾ ਪਵੇਗਾ, ਜਿਹੜਾ ਕਿ ਸੋਲ੍ਹਵੀਂ ਸਦੀ ਤੋਂ ਅਠਾਰ੍ਹਵੀਂ ਸਦੀ ਤੀਕ ਰਿਹਾ। ਸੈਂਕੜੇ ਹੀ ਸਾਲਾਂ ਦੇ ਮੁਗਲ ਰਾਜ ਨੇ ਇਕ ਸ੍ਰੇਸ਼ਟ ਵਰਗ ਪੈਦਾ ਕਰ ਦਿੱਤਾ ਸੀ। ਮੋਟੇ ਤੌਰ 'ਤੇ ਇਹ ਮਿਲਿਆ ਜੁਲਿਆ ਸੀ, ਪਰ ਨਿਰਸੰਦੇਹ ਮੁਸਲਮਾਨ ਹਾਕਮ ਜਮਾਤ ਸੀ। ਉਹ ਮੁਸਲਮਾਨ ਬਾਦਸ਼ਾਹ ਸਨ, ਪਰ ਉਹ ਹਿੰਦੂਆਂ ਤੇ ਪਿੱਛੋਂ ਸਿੱਖਾਂ ਦੇ ਨਾਲ ਰਲ ਕੇ ਰਾਜ ਕਰਦੇ ਸੀ। ਇਥੋਂ ਤੀਕ ਔਰੰਗਜ਼ੇਬ ਜੋ ਸਭ ਤੋਂ ਵੱਧ ਮੁਗਲਾਂ ਵਿਚੋਂ ਪਸਤਾਚਾਪੀ ਸੁਭਾਅ ਦਾ ਮੁਗਲ ਹਾਕਮ ਸੀ, ਦੇ ਸਾਰੇ ਹੀ ਜਰਨੈਲ ਹਿੰਦੂ ਸਨ। ਉਸਦਾ ਇਹ ਪਸ਼ਚਾਤਾਪਵਾਦ ਨਹੀਂ, ਜੋ ਠੋਸਿਆ ਗਿਆ ਤੇ ਵੱਡੀ ਗਿਣਤੀ ਵਿਚ ਹਿੰਦੂ ਮੁਸਲਮਾਨ ਬਣ ਗਏ, ਸਗੋਂ ਏਨੀ ਵੱਡੀ ਗਿਣਤੀ ਵਿਚ ਮੁਸਲਮਾਨ ਹਿੰਦੂ, ਜ਼ਾਤ ਪਾਤ ਤੇ ਪ੍ਰਤੀਕਰਮ ਵਜੋਂ ਬਣੇ ਸਨ। ਕਾਗਜ਼ਾਂ ਵਿਚ ਜੇ ਤੁਸੀਂ ਇਕ ਵਾਰ ਮੁਸਲਮਾਨ ਬਣ ਗਏ ਤਾਂ ਖੁਦਾ ਸਾਹਮਣੇ ਬਰਾਬਰ ਹੋ, ਕਿਉਂਕਿ ਇਸਲਾਮ ਵਿਚ ਜ਼ਾਤ ਤੇ ਰੰਗ ਦੇ ਕੋਈ ਵਿਤਕਰੇ ਨਹੀਂ ਹਨ। ਬਹੁਤ ਸਾਰੇ ਲੋਕ ਧਰਮ ਬਦਲ ਗਏ ਤੇ ਇਸਲਾਮ ਭਾਵੇਂ ਘੱਟ ਗਿਣਤੀ ਵਿਚ ਸੀ, ਭਾਰਤ ਵਿਚ ਇਕ ਮੁੱਖ ਤਾਕਤ ਬਣ ਗਿਆ।

ਬਰਤਾਨੀਆ ਦੇ ਪ੍ਰਵੇਸ਼ ਤੇ ਮੁਗਲ ਰਾਜ ਦੇ ਖਾਤਮੇ ਨਾਲ, ਵੱਡੀ ਗਿਣਤੀ ਵਿਚ ਕਾਤਿਬ ਸੁਲੇਖਕ (ਖੁਸ਼ਮਤੀ ਵਾਲੇ) ਤੇ ਸ਼ਿਲਪੀ ਜੋ ਦਰਬਾਰ ਦੇ ਲਾਗੇ ਚਾਗੇ ਕੰਮ ਕਰਦੇ ਸਨ, ਆਪਣੀ ਰੋਟੀ ਰੋਜ਼ੀ ਗਵਾ ਬੈਠੇ ਤੇ ਮੁਗਲ ਸ੍ਰੇਸਟ ਵਰਗ ਵੀ ਤਬਾਹ ਹੋ ਗਿਆ। ਹੌਲੀ ਹੌਲੀ ਇਹ ਖਿਆਲ ਭਾਰੂ ਹੋ ਗਿਆ ਕਿ ਮੁਸਲਮਾਨ ਉਜੜ ਗਏ ਤੇ ਉਹਨਾਂ ਦੇ ਪੱਲੇ ਕੁਝ ਨਹੀਂ ਰਹਿ ਗਿਆ। ਅੰਗਰੇਜ਼ਾਂ ਨੇ ਵੀ ਉਹਨਾਂ ਨਾਲ ਚੰਗਾ ਵਿਹਾਰ ਨਾ ਕੀਤਾ, ਜਿਸ ਦੇ ਸਿੱਟੇ ਵਜੋਂ ਅੰਗਰੇਜ਼ੀ ਰਾਜ ਵਿਰੁੱਧ 1857 ਵਿਚ ਵਿਦਰੋਹ ਫੇਲ੍ਹ ਗਿਆ, ਜਿਹੜਾ ਸਫਲਤਾ ਦੇ ਨੇੜੇ ਪਹੁੰਚ ਗਿਆ ਸੀ। ਮਿਸਾਲ ਵਜੋਂ ਕਈ ਇਲਾਕਿਆਂ ਵਿਚ ਅੰਗਰੇਜ਼ਾਂ ਨੂੰ ਹਾਰ ਹੋਈ। ਪਰ ਇਹ ਬਰਤਾਨਵੀ ਤਕਨਾਲੋਜੀ ਤੇ ਨਾਲ ਹੀ ਉਹ ਬਹੁਤ ਸਾਰੇ ਦੇਸੀ ਤੱਤਾਂ ਨੂੰ ਆਪਣੇ ਨਾਲ ਜੋੜ ਸਕੇ, ਜਿਸ ਨਾਲ ਉਹ ਅਖੀਰ 'ਤੇ ਜੇਤੂ ਰਹੇ। ਇਸ ਨਾਲ ਮੁਸਲਮਾਨਾਂ ਉੱਤੇ ਡੂੰਘਾ ਪ੍ਰਭਾਵ ਪਿਆ।

ਹੌਲੀ ਹੌਲੀ ਮੁਸਲਮਾਨ ਬਰਾਦਰੀ ਵਿਚ ਕੁਝ ਤਬਕੇ ਆਧੁਨਿਕਤਾ ਨੂੰ ਗ੍ਰਹਿਣ ਕਰਨ ਲੱਗੇ ਤੇ ਪੱਛਮ ਵੱਲ ਝਾਕਣ ਲੱਗੇ ਤਾਂ ਕਿ ਉਥੋਂ ਕੁਝ ਸਿੱਖ ਸਕਣ। ਪਰ ਸੱਯਦ ਅਹਿਮਦ ਖਾਨ ਇਹਨਾਂ ਵਿਚੋਂ ਇਕ ਸੀ। ਮੁਹੰਮਦ ਇਕਬਾਲ, ਜਿਸ ਬਾਰੇ ਤੁਸਾਂ ਮੈਨੂੰ ਪੁੱਛਿਆ ਹੈ, ਭਾਰਤੀ ਉਪ ਮਹਾਂਦੀਪ ਦੇ ਕਵੀਆਂ ਵਿਚੋਂ ਇਕ ਮਹਾਨ ਕਵੀ ਸੀ। ਆਰੰਭ ਵਿਚ ਇਕਬਾਲ ਮਿਸ਼ਰਤ ਸਭਿਆਚਾਰ ਵਿਚ ਵਿਸ਼ਵਾਸ ਰੱਖਦਾ ਸੀ। ਜਿਸ ਵਿਚ ਹਿੰਦੂ, ਸਿੱਖ, ਮੁਸਲਮਾਨ ਤੇ ਬੋਧੀ ਮਿਲੇ ਗਿਲੇ ਸਨ ਤੇ ਇਹ ਆਜ਼ਾਦ ਭਾਰਤ ਲਈ ਲੜਦੇ ਸਨ। ਅਸਲ ਵਿਚ ਉਸ ਨੇ ਭਾਰਤ ਦਾ ਕੌਮੀ ਗੀਤ 'ਤਰਾਨਾ-ਏ-ਹਿੰਦੀ' ਲਿਖਿਆ ਸੀ। 'ਸਾਰੇ ਜਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ' ਇਹ ਅਜੇ ਵੀ ਭਾਰਤ ਦੇ ਕਈ ਹਿੱਸਿਆਂ ਵਿਚ ਗਾਇਆ ਜਾਂਦਾ ਹੈ ਕਿਉਂਕਿ ਇਹ ਭਾਰਤ ਦੀ ਕੌਮੀ ਲਹਿਰ ਦਾ ਗੀਤ ਬਣ ਗਿਆ ਸੀ। ਇਕਬਾਲ ਤੇ ਹੋਰ ਲੋਕ ਉਸ ਸਮੇਂ ਬੜੇ ਚਿੰਤਤ ਹੋ ਗਏ, ਜਦੋਂ ਉਹਨਾਂ ਵੇਖਿਆ ਕਿ ਮਹਾਤਮਾ ਗਾਂਧੀ ਨੇ ਬਹੁਤ ਸਾਰੇ ਹਿੰਦੂ ਚਿੰਨ੍ਹ, ਭਾਰਤੀ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਵਰਤਣੇ ਆਰੰਭ ਕਰ ਦਿੱਤੇ। ਮੁਸਲਮਾਨਾਂ ਦੇ ਕੁਝ ਇਕ ਰਾਜਸੀ ਆਗੂਆਂ ਦੇ ਇਕ ਗਰੁੱਪ ਨੇ ਜਿਨ੍ਹਾਂ ਵਿਚ ਇਕਬਾਲ ਤੇ ਮੁਹੰਮਦ ਅਲੀ ਜਿਨਾਹ, ਜੋ ਪਾਕਿਸਤਾਨ ਦਾ ਜਨਮਦਾਤਾ ਸੀ, ਨੇ ਇਸਦੇ ਵਿਰੁੱਧ ਤਿੱਖੀ ਪ੍ਰਤੀਕਿਰਿਆ ਪ੍ਰਗਟ ਕੀਤੀ। ਉਹਨਾਂ ਆਖਿਆ, 'ਸਾਡੇ ਪਹਿਲਾਂ ਤੇ ਕਦੇ ਇੰਝ ਨਹੀਂ ਸੀ ਹੋਇਆ। ਗਾਂਧੀ ਕਿਉਂ ਰਾਮ-ਰਾਜ ਤੇ ਅਜਿਹੀਆਂ ਹੋਰ ਗੱਲਾਂ ਕਰ ਰਿਹਾ ਹੈ?' ਅਚਾਨਕ ਹੀ ਉਹਨਾਂ ਅਨੁਭਵ ਕੀਤਾ ਕਿ ਸਰਕਾਰ ਨੇ ਦੋਹਾਂ ਬਰਾਦਰੀਆਂ ਵਿਚ ਮੁਕਾਬਲਾ ਸ਼ੁਰੂ ਕਰ ਦਿੱਤਾ ਹੈ।

ਮੁਸਲਮ ਲੀਗ 1906 ਵਿਚ ਅੰਗਰੇਜ਼ੀ ਹਾਕਮਾਂ ਦੇ ਉਦਮ ਨਾਲ ਬਣਾਈ ਗਈ ਸੀ। ਜੇ ਤੁਸੀਂ ਮੁਸਲਮ ਲੀਗ ਦੀ ਨੀਂਹ ਰੱਖਣ ਵਾਲੀ ਦਸਤਾਵੇਜ਼ ਨੂੰ ਦੇਖੋ ਤਾਂ ਇਸ ਵਿਚ ਲਿਖਿਆ ਹੈ। "ਅਸੀਂ ਭਾਰਤ ਦੇ ਪ੍ਰਮੁੱਖ ਮੁਸਲਮਾਨ ਰਾਜੇ ਤੁਅੱਕਦਾਰਾਂ ਅਤੇ ਵੱਡੇ ਜ਼ਿਮੀਂਦਾਰਾਂ ਨੇ ਇਹ ਜਥੇਬੰਦੀ ਬਰਤਾਨਵੀ ਸਲਤਨਤ ਪ੍ਰਤੀ ਵਫਾਦਾਰੀ ਦੀ ਭਾਵਨਾ ਪ੍ਰਗਟ ਕਰਨ ਲਈ ਬਣਾਈ ਹੈ।" ਇਹ ਮੁਸਲਮ ਲੀਗ ਦੀ ਨੀਂਹ ਰੱਖਣ ਵਾਲੀ ਦਸਤਾਵੇਜ਼ ਹੈ। ਇਹ ਰਾਸ਼ਟਰਵਾਦ ਨੂੰ ਚੁਣੌਤੀ ਦੇਣ ਲਈ ਬਣਾਈ ਗਈ ਸੀ। ਗਾਂਧੀ ਅਤੇ ਨਹਿਰੂ ਨੇ, ਪਟੇਲ ਦੀ ਗੱਲ ਛੱਡੋ, ਮੇਰੀ ਰਾਇ ਅਨੁਸਾਰ ਮੁਸਲਮਾਨਾਂ ਦੇ ਵੱਡੇ ਭਾਗ ਨੂੰ ਜਿਹਨਾਂ ਨੂੰ ਇਕੱਠੇ ਰੱਖਿਆ ਜਾ ਸਕਦਾ ਸੀ, ਨੂੰ ਵਿਰੋਧਤਾ ਕਰਨ ਲਈ, ਕਾਫੀ ਗਲਤੀਆਂ ਕੀਤੀਆਂ, ਭਾਵੇਂ ਕਿ ਇਸਦਾ ਅਰਥ ਗੰਭੀਰ ਰਿਆਇਤਾਂ ਦੇਣਾ ਸੀ। ਇਹ ਕੁਝ ਇੰਝ ਨਾ ਹੋਇਆ। ਇਕਬਾਲ ਨੇ ਭਾਰਤ ਵਿਚ ਮੁਸਲਮਾਨ ਕੌਮ ਦਾ ਵਿਚਾਰ ਪੈਦਾ ਕੀਤਾ। ਉਸਦਾ ਸਿਧਾਂਤ ਸੀ ਕਿ ਅਸੀਂ ਦੋ ਕੌਮਾਂ ਹਾਂ। ਪਰ ਨਾਲ ਹੀ ਉਹ ਅੰਦਰੂਨੀ ਸ਼੍ਰੇਣਕ ਵੰਡਾਂ ਪ੍ਰਤੀ ਵੀ ਚੇਤੰਨ ਰਿਹਾ। ਇਹ ਗੱਲ ਉਸਦੇ ਮਾਣ ਵਿਚ ਜਾਂਦੀ ਹੈ ਕਿ ਇਕਬਾਲ, ਇਕ ਕਵੀ-ਇਹ ਕਦੇ ਨਾ ਭੁੱਲਿਆ ਕਿ ਮੁਸਲਮਾਨਾਂ ਤੇ ਹਿੰਦੂਆਂ ਵਿਚ ਪਾੜੇ ਦੇ ਬਾਵਜੂਦ, ਭਾਰਤ ਵਿਚ ਅਸਲ ਪਾੜਾ ਕਿਸਾਨਾਂ ਤੇ ਜਾਗੀਰਦਾਰਾਂ ਵਿਚਕਾਰ ਹੈ। ਜੋ ਵਿਹਾਰ ਕਿਸਾਨਾਂ ਨਾਲ ਜਾਗੀਰਦਾਰ ਕਰਦੇ ਸੀ, ਉਹ ਉਸ ਤੋਂ ਸਦਮਾ ਅਨੁਭਵ ਕਰਦਾ ਸੀ ਤੇ ਉਸ ਨੇ ਇਹ ਸ਼ਕਤੀਸ਼ਾਲੀ ਕਵਿਤਾ ਲਿਖੀ। ਮੇਰਾ ਖਿਆਲ ਹੈ ਕਿ ਇਸ ਦਾ ਨਾਂ ਹੈ- "ਲੈਨਿਨ ਦਾ ਖੁਦਾ ਨਾਲ ਇੰਟਰਵਿਊ"।

ਭਾਰਤੀ ਕਵਿਤਾ ਦੀ ਕਲਾਸਿਕ ਪੱਧਰ ਦੀ ਕਾਵਿ-ਰਚਨਾ ਜੋ ਹੈ, ਇਹ ਉਰਦੂ ਜ਼ੁਬਾਨ ਵਿਚ ਹੈ-

ਉਠੋ ਮੇਰੀ ਦੁਨੀਆ ਕੇ ਗਰੀਬੋਂ ਕੋ ਜਗਾ ਦੋ
ਕਾਖੇ ਉਮਰਾਂ ਕੇ ਦਰੋਂ ਦੀਵਾਰ ਕੋ ਹਿਲਾ ਦੇ।
ਜਿਸ ਖੇਤ ਸੇ ਦਹਿਕਾਨ ਕੋ ਮੁਯੱਸਰ ਨਾ ਹੋ ਰੋਟੀ
ਉਸ ਖੇਤ ਦੇ ਹਰ ਗੋਸ਼ਾ-ਏ-ਗੰਦਮ ਕੋ ਜਲਾ ਦੋ।

ਇਹ ਵਿਸ਼ੇਸ਼ ਨਜ਼ਮ ਤਰੱਕੀ ਪਸੰਦ ਲਹਿਰ ਦੀ ਖਾਸ ਪਸੰਦ ਬਣ ਗਈ ਸੀ। ਮੈਨੂੰ ਚੇਤੇ ਹੈ ਕਿ ਪੁਰਾਣੇ ਕਿਸਾਨ ਲੀਡਰ ਦੱਸਦੇ ਹੁੰਦੇ ਸੀ ਕਿ ਜਦੋਂ ਇਹ ਸੁਣਾਈ ਜਾਂਦੀ ਸੀ ਤਾਂ ਉਹਨਾਂ ਦੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ ਸੀ। ਇਹੀ ਸ਼ਾਇਰ ਸੀ, ਜਿਸ ਨੇ ਨਾਲ ਹੀ ਕਿਹਾ ਸੀ ਕਿ ਮੁਸਲਮਾਨਾਂ ਲਈ ਵੱਖਰੀ ਧਰਤੀ ਚਾਹੀਦੀ ਸੀ। ਆਰੰਭ ਵਿਚ ਇਸ ਬਾਰੇ ਆਮ ਮੁਸਲਮਾਨਾਂ ਵਿਚ ਕੋਈ ਉਤਸ਼ਾਹ ਨਹੀਂ ਸੀ। ਦੇਸ਼ ਦੇ ਜਿਨ੍ਹਾਂ ਹਿੱਸਿਆਂ ਵਿਚ ਵਧੇਰੇ ਗਿਣਤੀ ਵਿਚ ਮੁਸਲਿਮ ਆਬਾਦੀ ਸੀ, ਜਿਵੇਂ ਉੱਤਰ ਪੱਛਮੀ ਸਰਹੱਦੀ ਸੂਬਾ, ਬਲੋਚਿਸਤਾਨ ਤੇ ਪੰਜਾਬ, ਜੋ ਬਰਾਬਰ ਵੰਡਿਆ ਹੋਇਆ ਸੀ। ਉੱਥੇ ਪਾਕਿਸਤਾਨ ਲਈ ਵੱਡਾ ਜੋਸ਼ ਨਹੀਂ ਸੀ। ਉਤਸ਼ਾਹ ਭਾਰਤ ਦੇ ਉਹਨਾਂ ਸੂਬਿਆਂ ਵਿਚੋਂ ਆਇਆ ਸੀ, ਜਿੱਥੇ ਮੁਸਲਮਾਨ ਘੱਟ ਗਿਣਤੀ ਵਿਚ ਸਨ। ਖਾਸ ਤੌਰ 'ਤੇ ਕੇਂਦਰੀ ਭਾਰਤ, ਉਤਰ ਪ੍ਰਦੇਸ਼, ਜਿੱਥੇ ਮੁਸਲਮਾਨ ਜਾਗੀਰਦਾਰਾਂ ਅਤੇ ਬੁੱਧੀਜੀਵੀਆਂ ਨੂੰ ਡਰ ਸੀ ਕਿ ਆਜ਼ਾਦ ਭਾਰਤ ਵਿਚ ਉਹਨਾਂ ਉੱਤੇ ਹਿੰਦੂ ਗਲਬਾ ਭਾਰੂ ਹੋ ਜਾਵੇਗਾ, ਉਹਨਾਂ ਇਹ ਅਨੁਭਵ ਨਾਂ ਕੀਤਾ ਕਿ ਉਹਨਾਂ ਉੱਤੇ ਕਿਸੇ ਦੇ ਭਾਰੂ ਹੋਣ ਦੀ ਸੰਭਾਵਨਾ ਨਹੀਂ ਸੀ, ਜੇ ਮੁਸਲਮਾਨਾਂ ਵਾਲੇ ਵੱਡੇ ਸੂਬੇ ਭਾਰਤੀ ਫੈਡਰੇਸ਼ਨ ਦਾ ਭਾਗ ਬਣ ਗਏ ਹੁੰਦੇ।

ਪਾਕਿਸਤਾਨ ਦੀ ਸਥਾਪਨਾ ਵਿਚ ਜੋ ਫੈਸਲਾਕੁੰਨ ਗੱਲ ਸੀ, ਉਸਦਾ ਮੁਸਲਮਾਨਾਂ ਦੀਆਂ ਅਸਲੀ ਲੋੜਾਂ ਨਾਲ ਕੋਈ ਵਾਸਤਾ ਨਹੀਂ ਸੀ। ਪਰ ਇਸਦਾ ਦੂਹਰੀ ਵਿਸ਼ਵ-ਜੰਗ ਨਾਲ ਕਾਫੀ ਵਾਸਤਾ ਸੀ। ਜੰਗ ਸਮੇਂ, ਗਾਂਧੀ ਦਾ ਸਿਰ ਫਿਰ ਗਿਆ ਸੀ। ਸਿੰਘਾਪੁਰ ਦੀ ਹਾਰ ਤੋਂ ਬਾਅਦ ਉਸ ਸੋਚਿਆ ਕਿ ਬਰਤਾਨਵੀ ਸਲਤਨਤ ਖਤਮ ਹੈ, ਤੇ ਜਪਾਨੀ ਆਉਣ ਵਾਲੇ ਹਨ। ਇਹ ਉਸ ਵਲੋਂ ਬੜਾ ਸਨਕੀ ਭਾਂਤ ਦਾ ਵਿਵਹਾਰ ਸੀ। ਉਸ ਨੇ ਸੋਚਿਆ ਕਿ ਜਪਾਨੀਆਂ ਦੇ ਆਉਣ ਦੇ ਪ੍ਰਸੰਗ ਵਿਚ, ਉਸ ਨੂੰ ਅਜਿਹਾ ਅੰਦੋਲਨ ਸ਼ੁਰੂ ਕਰਨਾ ਚਾਹੀਦਾ ਹੈ, ਜਿਸ ਰਾਹੀਂ ਉਹ ਜਪਾਨੀਆਂ ਨਾਲ ਗੱਲਬਾਤ ਕਰ ਸਕੇ। ਗਾਂਧੀ ਨੇ 1942 ਵਿਚ 'ਭਾਰਤ ਛੱਡ ਜਾਓ' ਅੰਦੋਲਨ ਚਲਾ ਦਿੱਤਾ। ਅੰਗਰੇਜ਼ ਹਿੱਲ ਗਏ, ਕਿਉਂਕਿ ਇਸ ਤੋਂ ਪਹਿਲਾਂ ਭਾਰਤੀ ਆਪਣੇ ਜੇਤੂਆਂ ਨਾਲ ਗੁਫਤਗੂ ਚਲਾ ਰਹੇ ਸੀ। ਨਹਿਰੂ ਦੀ ਅਵਸਥਾ ਬੜੀ ਦਿਲਚਸਪ ਸੀ। ਉਸ ਨੇ ਕਿਹਾ ਕਿ ਭਾਰਤ ਦੂਸਰੀ ਸੰਸਾਰ ਜੰਗ ਵਿਚ ਇਤਿਹਾਦੀਆਂ ਦੀ ਸਹਾਇਤਾ ਕਰੇਗਾ ਤੇ ਇਹ ਫੈਸਲਾ ਠੋਸਿਆ ਨਹੀਂ ਜਾ ਸਕਦਾ। ਜੇ ਤੁਸੀਂ ਹੁਣ ਇਥੋਂ ਤੁਰ ਜਾਓ ਤੇ ਭਾਰਤ ਨੂੰ ਆਜ਼ਾਦੀ ਦੇ ਦਿਉ, "ਨਹਿਰੂ ਨੇ ਕਿਹਾ, ਭਾਰਤ ਜੰਗ ਵਿਚ ਤੁਹਾਡੀ ਸਹਾਇਤਾ ਦਾ ਫੈਸਲਾ ਕਰੇਗਾ। ਪਰ ਬਰਤਾਨੀਆ ਇਹ ਕਰਨ ਲਈ ਤਿਆਰ ਨਹੀਂ ਸਨ।" ਉਹਨਾਂ ਅੰਦਰਖਾਤੇ ਕਿਹਾ, "ਜੰਗ ਮੁੱਕਦੇ ਹੀ ਤੁਸੀਂ ਆਪਣੀਆਂ ਆਜ਼ਾਦੀਆਂ ਪ੍ਰਾਪਤ ਕਰ ਲਵੋਗੇ, ਪਰ ਹੁਣ ਸਾਡੀ ਪਿੱਠ ਪੂਰੋ।" ਗਾਂਧੀ ਨੇ ਜ਼ਿੱਦੀ ਹੁੰਦਿਆਂ ਨਾਂਹ ਕਰ ਦਿੱਤੀ।

ਬਰਤਾਨੀਆ ਨੇ ਗਾਂਧੀ ਕੋਲ ਵੱਡਾ ਡੈਲੀਗੇਸ਼ਨ ਭੇਜਿਆ। ਇਹ 'ਭਾਰਤ ਛੱਡ ਜਾਓ' ਅੰਦੋਲਨ ਦੇ ਸ਼ੁਰੂ ਕਰਨ ਦਾ ਵੇਲਾ ਸੀ। ਸਰ ਸਟੈਫੋਰਡ ਕਰਿਪਸ ਤੇ ਹੋਰ ਪ੍ਰਮੁੱਖ ਪ੍ਰਗਤੀਸ਼ੀਲ ਇਸ ਵਿਚ ਸ਼ਾਮਲ ਸਨ ਤੇ ਇਹਨਾਂ ਨੇ ਉਸ ਨੂੰ ਜੰਗ ਤੋਂ ਬਾਅਦ ਹਰ ਚੀਜ਼ ਦੇਣ ਦਾ ਇਕਰਾਰ ਕੀਤਾ। ਉਸ ਨੇ ਸਮਝੌਤਾ ਕਰਨ ਤੋਂ ਨਾਂਹ ਕਰ ਦਿੱਤੀ। ਜਦੋਂ ਕਰਿਪਸ ਨੇ ਕਿਹਾ ਕਿ ਉਸ ਨੂੰ ਬਰਤਾਨੀਆ ਵਲੋਂ ਖਾਲੀ ਚੈੱਕ ਦਿੱਤਾ ਜਾ ਰਿਹਾ ਹੈ। ਗਾਂਧੀ ਨੇ ਆਪਣੇ ਹੀ ਅੰਦਾਜ਼ ਵਿਚ ਉੱਤਰ ਦਿੱਤਾ, "ਉਸ ਬੈਂਕ ਦੇ ਚੈੱਕ ਦੇ ਕੀ ਅਰਥ, ਜੋ ਫੇਲ੍ਹ ਹੋ ਰਿਹਾ ਹੈ।" ਦੂਸਰੇ ਸ਼ਬਦਾਂ ਵਿਚ ਉਸ ਨੇ ਸਥਿਤੀ ਨੂੰ ਗਲਤ ਸਮਝ ਲਿਆ।

ਇਹ ਉਹ ਵੇਲਾ ਸੀ ਜਦੋਂ ਮੁਸਲਿਮ ਲੀਗ ਜੰਗ ਦਾ ਸਮਰਥਨ ਕਰ ਰਹੀ ਸੀ। ਮੁਸਲਮ ਲੀਗ ਨੇ ਲੋਕਾਂ ਨੂੰ ਸਰਗਰਮ ਕਰਨ ਦਾ ਯਤਨ ਆਰੰਭਿਆ ਤੇ ਇਹ ਸੁਝਾਅ ਦਿੱਤਾ ਕਿ ਬਰਤਾਨੀਆ ਉਹਨਾਂ ਦਾ ਦੇਣਦਾਰ ਹੋਵੇਗਾ। ਮੈਂ ਸਦਾ ਹੀ ਮਹਿਸੂਸ ਕੀਤਾ ਹੈ-ਪਰ ਬਹੁਤੇ ਇਤਿਹਾਸਕਾਰ ਇਸ ਬਾਰੇ ਗੱਲ ਹੀ ਨਹੀਂ ਕਰਦੇ-ਕਿ ਮੁਸਲਮ ਲੀਗ ਨੇ ਬਰਤਾਨੀਆ ਵਿਚਕਾਰ ਕੀਤਾ ਗਿਆ ਇਹ ਸਮਝੌਤਾ ਜੋ ਦੂਸਰੀ ਸੰਸਾਰ ਜੰਗ ਸਮੇਂ ਕੀਤਾ ਸੀ ਤੇ ਇਹ ਬਹੁਤ ਹੀ ਫੈਸਲਾਕੁੰਨ ਸਮੇਂ ਵਿਚ ਬਰਤਾਨਵੀ ਸਲਤਨਤ ਨਾਲ ਕੀਤਾ ਗਿਆ ਸੀ, ਨੇ ਉਹਨਾਂ ਨੂੰ ਮਜਬੂਰ ਕਰ ਦਿੱਤਾ ਕਿ ਉਹ ਮੁਸਲਮਾਨਾਂ ਨੂੰ ਕੁਝ ਦੇਣ। ਇਸੇ ਕਾਰਨ ਉਸ ਨੇ ਉਹਨਾਂ ਨੂੰ ਘੁਣ-ਖਾਧੀ ਤੇ ਛਾਂਗੀ ਹੋਈ ਸਟੇਟ ਦੇ ਦਿੱਤੀ। ਇਹ ਗੱਲ ਯਾਦ ਰੱਖਣਯੋਗ ਹੈ ਕਿ 1946 ਤੀਕ ਅਰਥਾਤ ਵੰਡ ਤੋਂ ਇਕ ਸਾਲ ਪਹਿਲਾਂ ਤੀਕ, ਜਿਨਾਹ ਕਿਸੇ ਸੰਘੀ ਹੱਲ ਲਈ ਤਿਆਰ ਸੀ। ਸ਼ਰਤ ਇਹ ਸੀ ਕਿ ਉਸ ਨੂੰ ਸਾਂਝੇ ਭਾਰਤ ਦਾ ਪ੍ਰਧਾਨ ਮੰਤਰੀ ਬਣਾ ਦਿੱਤਾ ਜਾਵੇ-ਇਹ ਗੱਲ ਉਸ ਨੇ ਗੁਪਤ ਰੂਪ ਵਿਚ ਪ੍ਰਗਟ ਕੀਤੀ ਸੀ। ਜਿਨਾਹ ਬਿਮਾਰ ਸੀ। ਗਾਂਧੀ ਨੇ ਬੜੀ ਚਤੁਰਾਈ ਨਾਲ ਕਿਹਾ, "ਆਓ ਜਿਨਾਹ ਨੂੰ ਪ੍ਰਧਾਨ ਮੰਤਰੀ ਬਣਾ ਦੇਈਏ। ਇਸ ਨਾਲ ਸਹਿਮਤ ਹੋ ਜਾਓ।" ਨਹਿਰੂ ਤੇ ਪਟੇਲ ਨੇ ਕਿਹਾ, "ਨਹੀਂ ਅਸੀਂ ਇਹ ਕਿਵੇਂ ਕਰ ਸਕਦੇ ਹਾਂ?" ਇਸ ਲਈ ਸੰਕੀਰਣਤਾ ਤੇ ਤੰਗਦਿਲੀ ਭਾਰੂ ਹੋ

MILLCREEK CLEANERS

We Specialize In:
- Designer Labels
- Wedding Gowns
- Fancy Clothing
- Punjabi Suits
- Downfills, Silks, Wools
- Laundered Shirts
- Alterations

4022 – 50 Street
By Pizza Hut and Marry Browns
780-450-0627
Over 30 Years Combined Experience
Monday - Friday: 7:30am – 6:30pm
Saturday: 9:00 am – 5:00pm

Get $10 of free drycleaning
with a minimum of $50.00 of drycleaning
please present this coupon when you drop off your clothing
only one coupon valid per visit

Get $5 of free drycleaning
with a minimum of $25.00 of drycleaning
please present this coupon when you drop off your clothing
only one coupon valid per visit

more specials at www.millcreekcleaners.com

ਗਏ। ਪਰ 1946 ਵਿਚ ਮੁਸਲਮ ਇਤਿਹਾਸਕਾਰ ਇਹ ਗੱਲ ਪ੍ਰਵਾਨ ਕਰਨ ਨੂੰ ਤਿਆਰ ਨਹੀਂ ਹਨ। ਪਰ ਇਹ ਗੱਲ ਸੱਚ ਹੈ-ਜਿਨਾਹ ਇਹ ਸੌਦਾ ਕਰਨ ਨੂੰ ਤਿਆਰ ਸੀ, ਕਿਉਂਕਿ ਉਹ ਜਾਣਦਾ ਸੀ ਕਿ ਸਥਿਤੀ ਕੀ ਸੀ।

ਉੱਤਰ ਪੱਛਮੀ ਸਰਹੱਦੀ ਸੂਬੇ ਦੀ ਸਥਿਤੀ ਵਿਚਾਰੋ। ਅੱਸੀ ਫੀਸਦੀ ਆਬਾਦੀ ਨੇ ਗੁਫਾਰ ਖਾਂ-ਇਕ ਕ੍ਰਾਂਤੀਕਾਰੀ ਆਗੂ ਲਈ ਵੋਟ ਪਾਏ। ਇਹ ਭਾਰੀ ਆਬਾਦੀ ਵਾਲਾ ਸੂਬਾ 1946 ਤੀਕ ਕਾਂਗਰਸ ਲਈ ਵੋਟ ਪਾ ਰਿਹਾ ਸੀ ਅਤੇ ਉਹ ਵੋਟ ਮੁਸਲਿਮ ਲੀਗ ਦੀ ਧੱਕੜਸ਼ਾਹੀ ਨਾਲ ਬਦਲੇ ਗਏ, ਲੋਕਾਂ ਨਾਲ ਗੁੰਡਾਗਰਦੀ ਕੀਤੀ ਗਈ, ਲੋਕ ਕੈਦ ਕੀਤੇ ਤੇ ਕਤਲ ਕੀਤੇ। ਪਿਸ਼ਾਵਰ ਦੇ ਇਕ ਬਜ਼ਾਰ ਵਿਚ ਲੋਕਾਂ ਨੂੰ ਆਪਣੇ ਪਾਸੇ ਕਰਨ ਲਈ ਕਤਲੇਆਮ ਕੀਤਾ ਗਿਆ। ਪਾਕਿਸਤਾਨ ਲਈ ਕੋਈ ਜਨਤਕ ਸਮਰਥਨ ਨਹੀਂ ਸੀ। ਇਹ ਸਟੇਟ ਉੱਤੋਂ ਠੋਸੀ ਗਈ। ਇਹੀ ਕਾਰਨ ਹੈ ਕਿ ਪਾਕਿਸਤਾਨ ਦਾ ਵਿਸ਼ੇਸ਼ ਵਰਗ 1947 ਤੋਂ ਲੱਗ ਕੇ ਭਾਰਤ ਪ੍ਰਤੀ ਇਕ ਘਟੀਆਪਨ ਦੇ ਅਹਿਸਾਸ ਦਾ ਸ਼ਿਕਾਰ ਰਿਹਾ ਹੈ ਤੇ ਇਹ ਚਿੰਤਾ ਕਰਦਾ ਰਿਹਾ ਹੈ ਕਿ ਹਰ ਪਾਸੇ ਭਾਰਤ ਹੀ ਭਾਰੂ ਹੈ। ਉਹ ਇਸ ਨੂੰ ਕਿਸੇ ਹੋਰ ਢੰਗ ਨਾਲ ਵੇਖ ਹੀ ਨਹੀਂ ਸੀ ਸਕਦੇ। ਇਹ ਬਿਲਕੁਲ 1948 ਵਿਚ ਬਣਾਏ ਗਏ ਅਜ਼ਰਾਈਲ ਵਰਗੀ ਗੱਲ ਸੀ, ਜੋ ਉੱਤੋਂ ਠੋਸੀ ਗਈ ਸਟੇਟ ਸੀ। ਇਹ ਅਰਬ ਸੰਸਾਰ ਦਾ ਖਬਤ ਸੀ, ਜੋ ਕਿਸੇ ਹੋਰ ਗੱਲ ਬਾਰੇ ਸੋਚ ਹੀ ਨਹੀਂ ਸਕਦੇ ਸੀ ਤੇ ਜਨਰਲ ਜ਼ਿਆ-ਉਲ ਹੱਕ ਸਭ ਤੋਂ ਵਹਿਸ਼ੀ ਮਿਲਟਰੀ ਤਾਨਾਸ਼ਾਹ, ਜੋ ਸਾਡੇ ਆਇਆ ਰਹਿੰਦਾ ਸੀ ਤੇ ਕਹਿੰਦਾ ਸੀ, ''ਅਜ਼ਰਾਈਲ ਵਾਂਗ ਸਾਡੀ ਸਟੇਟ ਵੀ ਗੁੰਡਾ ਸਟੇਟ ਹੈ। ਅਸੀਂ ਧਾਰਮਿਕ ਸਟੇਟ ਹਾਂ ਤੇ ਅਸੀਂ ਗੁੰਡਾ ਫੌਜ ਤਿਆਰ ਕਰਾਂਗੇ'' ਆਦਿ।

ਬਿਲਕੁਲ ਸ਼ੁਰੂ ਤੋਂ ਹੀ ਪਾਕਿਸਤਾਨ ਨੇ ਫੈਸਲਾ ਕਰ ਲਿਆ ਸੀ ਕਿ ਭਾਰਤ ਜੋ ਵੀ ਫੈਸਲਾ ਕਰੇ, ਅਸੀਂ ਉਸ ਨਾਲ ਨਹੀਂ ਤੁਰ ਸਕਦੇ, ਉਹਨਾਂ ਨੂੰ ਸਾਬਤ ਕਰਨਾ ਪਵੇਗਾ ਕਿ ਉਹਨਾਂ ਨਿਰੰਤਰ ਭਾਰਤ ਤੋਂ ਵੱਖਰਾ ਹੋ ਕੇ ਤੁਰਨਾ ਹੈ। ਜਦ ਭਾਰਤ ਗੈਰ-ਜਾਨਬਦਾਰ (ਕਿਸੇ ਨਾਲ ਵੀ ਨਾ ਜੁੜੇ ਹੋਏ) ਸੀ ਤੇ ਜਵਾਹਰ ਲਾਲ ਨੇ ਇਹ ਲਹਿਰ ਚਲਾਈ ਤਾਂ ਪਾਕਿਸਤਾਨ ਨੇ ਅਮਰੀਕਾ ਨਾਲ ਸਾਂਝੀ ਸੁਰੱਖਿਆ ਦਾ ਸਮਝੌਤਾ ਸਹੀਬੰਦ ਕਰ ਲਿਆ, ਪਹਿਲਾਂ 1951 ਵਿਚ ਤੇ ਫਿਰ ਦੂਜਾ 1953 ਵਿਚ । ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮੁਹੰਮਦ ਅਲੀ ਬੋਗਰਾ ਨੇ ਕਰਾਚੀ ਵਿਚ ਇਕ ਜਲੂਸ ਦੀ ਅਗਵਾਈ ਕੀਤੀ ਤੇ ਇਹਨਾਂ ਤਖ਼ਤੀਆਂ ਨਾਲ ਅਗਵਾਈ ਕੀਤੀ ''ਅਮਰੀਕਾ ਤੇਰਾ ਧੰਨਵਾਦ'' ਇਥੋਂ ਹੀ ਸਾਰੀ ਗੱਲ ਸ਼ੁਰੂ ਹੋਈ। ਹੌਲੀ ਹੌਲੀ ਅੰਗਰੇਜ਼ੀ ਸਰਕਾਰ ਦੀ ਜਕੜ ਪਕਿਸਤਾਨ ਵਿਚੋਂ ਖਤਮ ਹੋ ਗਈ ਤੇ ਇਹ ਕੰਮ ਅਮਰੀਕਾ ਨੇ ਸਾਂਭ ਲਿਆ। ਜਿਵੇਂ ਇਸ ਨੇ ਸਾਉਦੀ ਅਰਬ ਜਾਂ ਵਿਸ਼ਵ ਦੇ ਹੋਰਨਾਂ ਦੇਸ਼ਾਂ ਵਿਚ ਕੀਤਾ ਸੀ ਤੇ ਪਾਕਿਸਤਾਨ ਮੁੱਖ ਤੌਰ 'ਤੇ ਅਮਰੀਕਾ ਦਾ ਪਿਛਲੱਗ ਬਣ ਗਿਆ।

? ਜਿਨਾਹ ਵੱਲ ਵਾਪਸ ਪਰਤਦੇ ਹੋਏ, ਜਿਹੜਾ ਕਿ ਅੰਗਰੇਜ਼ੀ ਟਰੇਂਡ ਵਕੀਲ ਸੀ ਤੇ ਜਿਹੜਾ ਕੋਈ ਵੀ ਭਾਰਤੀ ਭਾਸ਼ਾ ਨਹੀਂ ਸੀ ਬੋਲ ਸਕਦਾ। ਉਰਦੂ ਵੀ ਨਹੀਂ, ਜੋ ਕਿ ਪਾਕਿਸਤਾਨ ਦੀ ਕੌਮੀ ਭਾਸ਼ਾ ਸੀ। ਉਹ 1947 ਵਿਚ ਪਾਕਿਸਤਾਨ ਦਾ ਪਹਿਲਾ ਪ੍ਰਧਾਨ ਬਣ ਗਿਆ। ਉਹ ਇਕ ਸਾਲ ਬਾਅਦ ਮਰ ਗਿਆ। ਆਉ ਕੁਝ ਹੋਰ ਪਿੱਛੇ ਚੱਲੀਏ ਅਤੇ ਗੱਲ ਤੁਹਾਡੇ ਉਸ ਬਿਆਨ ਨਾਲ ਜੋੜੀਏ- ਗਾਂਧੀ ਦੇ ਭਾਰਤੀ ਸੰਕੇਤਾਵਲੀ ਦੀ ਬਹਾਲੀ, ਵਰਤ ਰੱਖਣਾ, ਗੈਰ-ਮਾਸ, ਆਹਾਰੀਪੁਣਾ ਤੇ ਭਜਨ ਦੀਆਂ ਕੋਸ਼ਿਸ਼ਾਂ ਬਾਰੇ ਗੱਲ ਕਰੀਏ, ਜੋ ਕਿ ਹਿੰਦੂ-ਭਗਤੀ ਗੀਤ ਸਨ। ਜਿਨਾਹ ਨੇ ਸਪੱਸ਼ਟ ਭਾਂਤ ਜੋ ਉਸ ਸਮੇਂ ਕਾਂਗਰਸ ਵਰਕਿੰਗ ਕਮੇਟੀ ਦਾ ਮੈਂਬਰ ਸੀ, ਉਸ ਨੂੰ ਆਮ ਦੁਹਰਾਏ ਜਾਂਦੇ ਸ਼ਬਦਾਂ ਵਿਚ ਚਿਤਾਵਨੀ ਦਿੰਦਿਆਂ ਕਹਿੰਦਾ ਹੁੰਦਾ ਸੀ, ''ਮਿਸਟਰ ਗਾਂਧੀ ਉਸ ਤਰਫ਼ ਨਾ ਜਾਓ। ਧਰਮ ਵੱਲ ਨਾ ਮੁੜੋ। ਕਾਂਗਰਸ ਨੂੰ ਧਰਮ ਨਿਰਪੱਖ ਰੱਖੋ।

ਤਾਰਕ ਅਲੀ - ਜਿਨਾਹ ਬੁਨਿਆਦੀ ਤੌਰ 'ਤੇ ਪੂਰੀ ਤਰ੍ਹਾਂ ਧਰਮ ਨਿਰਪੱਖ ਜਣਾ ਸੀ। ਉਹ ਸ਼ੰਕਾਵਾਦੀ ਸੀ। ਪਰ ਇਕ ਵਾਰ ਜਦੋਂ ਉਹ ਮੁਸਲਿਮ ਲੀਗ ਦਾ ਆਗੂ ਬਣ ਗਿਆ ਤਾਂ ਉਸ ਲਈ ਆਪ ਲੋਕਾਂ ਵਿਚ ਇਹ ਆਖਣਾ ਮੁਸ਼ਕਿਲ ਹੋ ਗਿਆ। ਪਾਕਿਸਤਾਨ ਵਿਚ ਲੋਕ ਅੱਜ ਕੱਲ੍ਹ ਇਹ ਗੱਲ ਸੁਣਨਾ ਪਸੰਦ ਨਹੀਂ ਕਰਦੇ। ਐਪਰ, ਜਦੋਂ ਵੀ ਜਿਨਾਹ ਜੋ ਕਿ ਬੰਬਈ ਵਾਸੀ, ਲਾਹੌਰ ਆਉਂਦਾ ਸੀ ਤਾਂ ਉਹ ਜੋ ਪ੍ਰਸਿੱਧ ਵਕੀਲ ਸੀ, ਸਦਾ ਹੀ ਫਲੈਟੀ ਹੋਟਲ ਵਿਚ ਠਹਿਰਦਾ ਹੁੰਦਾ ਸੀ, ਜੋ ਕਿ ਪੁਰਾਣਾ ਬਸਤਵਾਦੀ ਹੋਟਲ ਸੀ ਤੇ ਜਿਸਦੇ ਖੁੱਲ੍ਹੇ ਸੁੰਦਰ ਕਮਰੇ , ਇਕੋ ਪੱਧਰ ਦੇ ਬਣੇ ਹੋਏ ਸਨ। ਲੋਕੀਂ ਉਸ ਨੂੰ ਪੁੱਛਦੇ ਹੁੰਦੇ ਸੀ ਕਿ ਤੁਸੀਂ ਆਪਣੇ ਮਿੱਤਰਾਂ ਕੋਲ ਕਿਉਂ ਨਹੀਂ ਠਹਿਰਦੇ। ਸੈਂਕੜੇ ਹੀ ਘਰ ਹਨ ਜੋ ਤੁਹਾਨੂੰ ਜੀ ਆਇਆਂ ਕਹਿਣਗੇ ਤੇ ਉਹ ਕਹਿੰਦਾ ਹੁੰਦਾ ਸੀ, ''ਮੈਨੂੰ ਇਸ ਫਲੈਟੀ ਹੋਟਲ ਵਿਚ ਹੀ ਰਹਿਣਾ ਪੈਂਦਾ ਹੈ ਕਿਉਂਕਿ ਉਹ ਸੂਰ ਦਾ ਮਾਸ ਤੇ ਆਂਡੇ ਬਣਾਉਂਦੇ ਹਨ।''

? ਤੇ ਇਕਬਾਲ ਜੋ ਤੁਹਾਡੇ ਘਰ ਵਾਲੇ ਸੂਬੇ ਪੰਜਾਬ ਵਿਚ ਸਿਆਲਕੋਟ ਵਿਚ ਜੰਮਿਆ, ਪਰ ਉਹ ਲਾਹੌਰ ਨਾਲ ਬੜਾ ਨੇੜਿਉਂ ਜੁੜਿਆ ਹੋਇਆ ਹੈ ਤੇ ਉਹ ਉਥੇ ਹੀ ਦਫਨਾਇਆ ਗਿਆ ਹੈ, ਬਿਲਕੁਲ ਬਾਦਸ਼ਾਹੀ ਮਸਜਿਦ ਦੇ ਨੇੜੇ ਹੀ। ਉਹ 1938 ਵਿਚ ਮਰ ਗਿਆ ਸੀ, ਉਸੇ ਨੇ ਹੀ ਇਹ ਨਾਹਰਾ ਘੜਿਆ ਸੀ, ਪਾਕਿਸਤਾਨ-ਪੰਜਾਬ, ਅਫਗਾਨ, ਕਸ਼ਮੀਰ, ਸਿੰਧ।

ਤਾਰਕ ਅਲੀ : ਮੇਰਾ ਖਿਆਲ ਹੈ ਕਿ 'ਪਾਕਿਸਤਾਨ' ਸ਼ਬਦ ਦੀ ਪ੍ਰੇਰਨਾ ਤਾਂ ਇਕਬਾਲ ਨੇ ਹੀ ਦਿੱਤੀ ਸੀ, ਪਰ ਇਹ ਸ਼ਬਦ ਇਕ ਮੁਸਲਮਾਨ ਵਿਦਿਆਰਥੀ, ਰਹਿਮਤ ਅਲੀ ਨੇ ਲੰਡਨ ਵਿਚ ਈਜਾਦ ਕੀਤਾ ਸੀ। ਉਸੇ ਨੇ ਹੀ ਇਹ ਸ਼ਬਦ ਜੋੜ ਕੇ ਪਾਕਿਸਤਾਨ ਲੈ ਆਂਦਾ ਸੀ। ਉਹ ਸੋਚਦੇ ਸੀ, ਉਹ ਸੁਹਣੇ ਲੱਗਦੇ ਸੀ ਕਿਉਂਕਿ ਇਹ ਸਾਰੇ ਸਬੰਧਤ ਪ੍ਰਦੇਸ਼ਾਂ ਦਾ ਚਿੰਨ੍ਹ ਸਨ। ਨਾਲ 'ਪਾਕਿ' ਸ਼ਬਦ ਜੋੜ ਲਿਆ, ਅਰਥਾਤ ਸ਼ੁੱਧ-ਅਰਥਾਤ ਪਾਕਿਸਤਾਨ ਦਾ ਅਰਥ ਹੀ ''ਪਵਿੱਤਰ ਲੋਕਾਂ ਦੀ ਧਰਤੀ'' ਇਹ ਇੰਝ ਵਾਪਰਿਆ ਜਦੋਂ 1938 ਵਿਚ ਇਕਬਾਲ ਮਰ ਗਿਆ, ਉਸਦਾ ਬਹੁਤ ਸਾਰੇ ਲੋਕਾਂ ਨੇ ਮਾਤਮ ਮਨਾਇਆ, ਉਸਦੇ ਦਫਨ ਹੋਣ ਸਮੇਂ ਵੱਡਾ ਇਕੱਠ ਸੀ। ਅੱਜ ਤੀਕ ਕੋਈ ਇਹ ਗੱਲ ਨਹੀਂ ਦੱਸਦਾ ਕਿ ਉਹ ਆਤਸ਼ਕ ਨਾਲ ਮਰਿਆ ਸੀ, ਕਿਉਂਕਿ ਉਹ ਲਾਹੌਰ ਦੇ ਕੰਜਰਖਾਨੇ ਵਿਚ ਅਕਸਰ ਜਾਇਆ ਕਰਦਾ ਸੀ। ਇਹ ਗੱਲ ਬਹੁਤੀ ਨਸ਼ਰ ਨਹੀਂ ਹੋਈ। ਉਹ ਸ਼ੁੱਧਤਾ ਵਿਚ ਬੜਾ ਵਿਸ਼ਵਾਸ ਰੱਖਦਾ ਸੀ। ਸੋ ਇਹ ਮਹਾਨ ਕਵੀ, ਜੋ ਜਿਣਸੀ ਰੋਗ ਕਾਰਨ ਮਰਿਆ ਸੀ, ਆਪਣੇ ਪਿੱਛੇ ਅਜਿਹਾ ਦੇਸ਼ ਛੱਡ ਗਿਆ, ਜਿਸ ਨੂੰ ਪਾਕਿ ਲੋਕਾਂ ਦੀ ਧਰਤੀ ਆਖਿਆ ਜਾਂਦਾ ਹੈ। ਇਸ ਸੰਸਾਰ ਵਿਚ ਬਹੁਤ ਸਾਰੀਆਂ ਵਿਡੰਬਨਾਵਾਂ ਹਨ?

? ਪਾਕਿਸਤਾਨ ਵੀ ਅਜ਼ਰਾਈਲ ਵਰਗਾ ਹੈ। ਦੋਵੇਂ ਬਰਤਾਨੀਆ ਅਧੀਨ ਸਨ ਤੇ ਦੋਵੇਂ ਹੀ ਵੰਡਾਂ ਕਾਰਨ ਬਣੇ ਸਨ, ਜਿਸ ਵਿਚ ਪਿੱਛੇ ਮੌਤ ਤਬਾਹੀ, ਉਜਾੜਾਂ ਤੇ ਸ਼ਰਨਾਰਥੀਆਂ ਦੀ ਵੱਡੀ ਵਿਰਾਸਤ ਮਿਲੀ।

ਤਾਰਕ ਅਲੀ : ਅਜ਼ਰਾਈਲ ਦੀ ਮਿਸਾਲ ਇਸ ਕਾਰਨ ਵੀ ਬਹੁਤ ਚਰਚਿਤ ਹੈ, ਕਿਉਂਕਿ ਇਸ ਪਿੱਛੇ ਫਲਸਤੀਨ ਦੀਆਂ ਮਹਿਮੂਦ ਦਰਵੇਸ਼, ਐਡਵਰਡ ਸਈਦ ਅਤੇ ਕਈ ਹੋਰਨਾਂ ਦੀਆਂ ਆਵਾਜ਼ਾਂ ਸਨ। ਇੱਥੇ ਮੈਂ ਐਡਵਰਡ ਬਾਰੇ ਕੁਝ ਕਹਿਣਾ ਚਾਹਾਂਗਾ, ਜਿਸ ਨੂੰ ਮੈਂ ਬਹੁਤ ਪਿਆਰ ਕਰਦਾ ਹਾਂ-ਕਿ ਉਸ ਦੀ ਸਭ ਤੋਂ ਮਹਾਨ ਦੇਣ ਉਸਦਾ ਸਾਹਿਤਕ ਸਿਧਾਂਤ ਨਹੀਂ ਸੀ ਸਗੋਂ ਇਹ ਹਕੀਕਤ ਸੀ ਕਿ ਫਲਸਤੀਨ ਉਸਦਾ ਉਦੇਸ਼ ਬਣ ਗਿਆ ਤੇ ਉਹ ਲੁੱਟੀ ਕੌਮ ਦਾ ਇਤਿਹਾਸਕਾਰ ਬਣ ਗਿਆ, ਕੌਮ ਜਿਸਦੀ ਕੋਈ ਮਾਂ-ਮਿੱਟੀ ਨਹੀਂ ਸੀ। ਇਹ ਸੀ ਗੱਲਾਂ, ਜਿਸ ਨਾਲ ਉਸ ਨੂੰ ਵਿਸ਼ਵ ਵਿਚ ਸਤਿਕਾਰ ਮਿਲਿਆ। ਉਹ ਇਕੋ ਇਕ ਅਸਲੀ ਇਤਿਹਾਸਕਾਰ ਸੀ, ਫਲਸਤੀਨ ਦਾ ਜੋ ਅਰਾਫਾਤ ਤੇ ਹੋਰ ਫਲਸਤੀਨੀ ਲੀਡਰਾਂ ਵਾਂਗ ਸਾਜਿਸ਼ਾਂ ਤੇ ਭ੍ਰਿਸ਼ਟਾਚਾਰ ਦਾ ਦਾਗੀ ਹੋਵੇ। ਉਸ ਨੇ ਫਲਸਤੀਨ ਦੇ ਉਦੇਸ਼ ਨੂੰ ਜਿਊਂਦਾ ਰੱਖਿਆ ਤੇ ਇਹ ਦੱਸਿਆ ਕਿ ਕੀ ਵਾਪਰਿਆ ਸੀ।

ਜਿਥੋਂ ਤੀਕ ਭਾਰਤ ਦੀ ਵੰਡ ਦਾ ਸਬੰਧ ਹੈ, ਲਗਭਗ ਵੀਹ ਲੱਖ ਲੋਕ ਮਾਰੇ ਗਏ। ਇਸ ਬਾਰੇ ਵੀ ਵੱਡਾ ਵਾਦ ਵਿਵਾਦ ਹੈ ਕਿ 10 ਲੱਖ ਜਾਂ ਵੀਹ ਲੱਖ? ਮੈਂ ਕਹਿੰਦਾ ਹਾਂ, ਵੇਖੋ ਮੈਂ ਨਹੀਂ ਜਾਣਦਾ, ਇਹ ਭੈੜੀ ਗੱਲ ਹੈ। ਮੈਂ ਲਗਭਗ ਵੀਹ ਲੱਖ ਦਾ ਅੰਕ ਜੋ ਵਰਤਦਾ ਹਾਂ ਕਿਉਂਕਿ ਸਾਨੂੰ ਪਤਾ ਹੈ ਕਿ ਬਹੁਤ ਸਾਰੇ ਗਰੀਬ ਲੋਕਾਂ ਦੀ ਗਿਣਤੀ ਹੋਈ ਹੀ ਨਹੀਂ, ਉਹ ਸਾਂਝੀਆਂ ਕਬਰਾਂ ਵਿਚ ਦਫਨਾਏ ਗਏ। ਦੇਸ਼ ਵੰਡ ਦੀ ਕੋਈ ਇਕ ਵੀ ਯਾਦਗਾਰ ਨਹੀਂ ਬਣੀ। ਉਹਨਾਂ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੀ ਜੋ ਬੰਗਾਲ ਤੇ ਪੰਜਾਬ ਵਿਚ ਮਾਰੇ ਗਏ। ਨਾ ਭਾਰਤ ਤੇ ਨਾ ਪਾਕਿਸਤਾਨ ਨੇ ਇਸਦਾ ਸ਼ਿਕਾਰ ਹੋਏ ਲੋਕਾਂ ਦਾ ਸਤਿਕਾਰ ਕੀਤਾ।

ਦੇਸ਼ ਦੀ ਤਕਸੀਮ ਬਾਰੇ ਲਿਖੀਆਂ ਕਵਿਤਾਵਾਂ ਵਿਚੋਂ ਇਕ, ਜੋ ਸਭ ਤੋਂ ਵੱਧ ਪ੍ਰਭਾਵਿਤ ਕਰਦੀ ਸੀ, ਉਹ ਇਕ 18 ਸਾਲ ਦੀ ਸਿੱਖ ਲੜਕੀ (ਅੰਮ੍ਰਿਤਾ ਪ੍ਰੀਤਮ) ਵਲੋਂ ਲਿਖੀ ਗਈ ਸੀ, ਜਿਸ ਨੂੰ ਲਾਹੌਰ ਇਸ ਕਾਰਨ ਛੱਡਣਾ ਪਿਆ ਕਿਉਂਕਿ ਇਸਦੀ ਵੰਡ ਕੀਤੀ ਜਾ ਰਹੀ ਸੀ। ਉਸ ਲੇ ਕਤਲ ਤੇ ਅੱਗਾਂ ਵੇਖੀਆਂ ਸਨ ਤੇ ਉਸ ਨੇ ਇਹ ਮਹਾਨ ਕਵਿਤਾ ਲਿਖੀ। ਜਿਸ ਨਾਲ ਮਹਾਨ ਸੂਫੀ ਕਵੀ ਵਾਰਸ ਸ਼ਾਹ ਦੀ ਯਾਦ ਤਾਜ਼ਾ ਹੁੰਦੀ ਹੈ, ਜਿਸ ਹੀਰ ਤੇ ਰਾਂਝੇ ਦਾ ਮਹਾਂ ਕਾਵਿ ਲਿਖਿਆ ਸੀ ਜਿਹੜਾ ਕਿ ਭਾਰਤ ਵਿਚ ਤੇ ਪਾਕਿਸਤਾਨ ਦੇ ਸਾਰੇ ਪੰਜਾਬ ਵਿਚ ਗਾਇਆ ਜਾਂਦਾ ਹੈ। ਵਾਰਸ ਸ਼ਾਹ ਜੋ ਸਤਾਰ੍ਹਵੀਂ ਸਦੀ ਦਾ ਰਹੱਸਵਾਦੀ ਕਵੀ ਸੀ, ਜਿਸ ਨੇ ਇਕ ਤੀਵੀਂ ਤੇ ਮਰਦ ਦੇ ਪਿਆਰ ਦੇ ਬਾਰੇ ਲਿਖਿਆ ਸੀ ਤੇ ਜਿਸ ਨੇ ਇਕ ਔਰਤ ਦੀ ਪੀੜ/ਦਰਦ ਬਿਆਨ ਕੀਤਾ ਹੈ। ਜਿਸ ਹੀਰ ਨੂੰ ਉਸਦੀ ਮਰਜ਼ੀ ਦੇ ਉਲਟ ਸ਼ਾਦੀ ਲਈ ਮਜਬੂਰ ਕੀਤਾ ਗਿਆ ਸੀ, ਵਾਰਸ ਸ਼ਾਹ ਦੀ ਕਵਿਤਾ ਦੀ ਇਕ ਪੰਗਤੀ ਹੈ :

ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ,
ਮੈਨੂੰ ਲੈ ਚੱਲੇ, ਵੇ ਬਾਬਲਾ, ਲੈ ਚੱਲੇ।

ਇਹੀ ਚੀਕ ਪੰਜਾਬੀ ਕਲਚਰ 'ਤੇ ਭਾਰੂ ਹੈ। ਅਠਾਰਾਂ ਸਾਲਾ ਲੜਕੀ ਇਸੇ ਹੀ ਕਵਿਤਾ ਦਾ ਜ਼ਿਕਰ ਕਰਦੀ ਹੈ-

ਅੱਜ ਆਖਾਂ ਵਾਰਸ ਸ਼ਾਹ ਨੂੰ, ਕਿਤੇ ਕਬਰਾਂ ਵਿਚੋਂ ਬੋਲ
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ
ਇੱਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ
ਵੇ ਦਰਦ-ਮੰਦਾਂ ਦਿਆ ਦਰਦੀਆ, ਉਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ, ਤੇ ਲਹੂ ਦੀ ਭਰੀ ਚਿਨਾਬ।

ਹੋਰ ਕਵੀਆਂ ਨੇ ਵੀ ਵੰਡ ਦਾ ਜ਼ਿਕਰ ਕੀਤਾ ਹੈ, ਜਿਵੇਂ ਕਿ ਫੈਜ਼ ਅਹਿਮਦ ਦੀਆਂ ਦੇਸ਼ ਫੰਡ (1947) ਬਾਰੇ ਪ੍ਰਸਿੱਧ ਪੰਗਤੀਆਂ ਹਨ :

ਯਹਿ ਦਾਗ-ਦਾਗ ਉਜਾਲਾ, ਯਹਿ ਸ਼ਬਗਜ਼ੀਦਾ ਸਹਰ
ਵੋਹ ਇੰਤਜ਼ਾਰ ਥਾ ਜਿਸਕਾ, ਜਿਹ ਯਹਿ ਸਹਰ ਤੋਂ ਨਹੀਂ।

ਕਵੀਆਂ ਨੇ ਇਸ ਦੁਖਾਂਤ ਨੂੰ ਯਾਦ ਕੀਤਾ ਹੈ ਪਰ ਇਸ ਦੁਖਾਂਤ ਦੀ ਇਤਿਹਾਸਕ ਯਾਦ ਨੂੰ ਸੁਰੱਖਿਅਤ ਨਹੀਂ ਕੀਤਾ ਗਿਆ।

ਬਰਤਾਨਵੀ ਸਲਤਨਤ ਤੋਂ ਬਿਨਾ, ਨਾ ਅਜ਼ਰਾਈਲ ਬਣਨਾ ਸੀ, ਤੇ ਨਾ ਭਾਰਤ ਦੀ ਤਕਸੀਮ ਹੋਣੀ ਸੀ। ਕੌਣ ਜਾਣਦਾ ਸੀ ਕਿ ਕੀ ਹੁੰਦਾ? ਇਹ ਦੋਵੇਂ ਰਾਜ ਜਿਨ੍ਹਾਂ ਕਾਰਨ ਇੰਨੇ ਵੱਡੇ ਦੁੱਖ ਦੇ ਕਸ਼ਟ ਆਏ ਹਨ, ਹੱਦ ਵਿਚ ਨਹੀਂ ਸੀ ਆਉਣੇ। ਹੁਣ ਇਹ ਦੋਵੇਂ ਨਿਊਕਲਾਈ ਸਟੇਟਾਂ ਹਨ ਤੇ ਕੋਈ ਵੀ ਇਹਨਾਂ ਨੂੰ ਖਤਮ ਨਹੀਂ ਕਰ ਸਕਦਾ।

? ਮੈਂ ਅਰਮੀਨੀਅਮ ਹਾਂ। ਮੇਰੀ ਮਾਤਾ 1915 ਦੇ ਨਰ-ਸੰਘਾਰ 'ਚੋਂ ਲੰਘੀ ਸੀ। ਮੇਰਾ ਪਿਤਾ ਵੀ 1912 ਵਿਚ ਭੱਜ ਗਿਆ ਸੀ। ਉਹ 1921 ਵਿਚ ਮਿਲੇ ਤੇ ਨਿਊਯਾਰਕ ਵਿਚ ਜਾ ਵਸੇ। ਪਰ ਪੁਰਾਣੇ ਵਤਨ ਦੀ ਯਾਦ ਨਾਲ ਹੀ ਰਹੀ। ਅਸੀਂ ਆਰਮੀਨੀਅਮ ਵਿਚ ਇਸ ਭੌਂ ਹੇਰਵੇ ਨੂੰ 'ਯਰਗੀਰ' ਆਖਦੇ ਹਾਂ। ਇਹ ਇਕ ਤਰ੍ਹਾਂ ਦੀ ਜਾਦੂਮਈ ਗੱਲ ਸੀ ਤੇ ਫਿਰ ਕਈ ਸਾਲਾਂ ਬਾਅਦ ਜਦੋਂ ਮੈਂ ਦਿੱਲੀ ਗਿਆ, ਉਥੇ ਰਿਹਾ ਤੇ ਫਿਰ ਪਾਕਿਸਤਾਨ ਦੀ ਯਾਤਰਾ ਵੀ ਕੀਤੀ। ਮੈਂ ਬਹੁਤ ਸਾਰੇ ਲੋਕਾਂ ਨੂੰ ਮਿਲਿਆ, ਜਿਹਨਾਂ ਮੈਨੂੰ ਸਿਰਫ ਮੇਰੇ ਮਾਤਾ ਪਿਤਾ ਦੀ ਯਾਦ ਹੀ ਤਾਜ਼ਾ ਨਹੀਂ ਕਰਵਾਈ, ਸਗੋਂ ਹੋਰ ਬਹੁਤ ਸਾਰੇ ਰਿਸ਼ਤੇਦਾਰਾਂ ਦਾ ਵੀ ਦੱਸਿਆ, ਜੋ ਉਸ ਨਰ-ਸੰਘਾਰ ਵਿਚੋਂ ਬਚ ਨਿਕਲੇ ਸੀ ਤੇ ਉਹ ਹਰ ਵੇਲੇ ਵਤਨ ਨੂੰ ਤਾਂਘਦੇ ਰਹਿੰਦੇ ਸੀ। ਮੈਂ ਉਹਨਾਂ ਪੰਜਾਬੀਆਂ ਨੂੰ ਮਿਲਿਆ ਜੋ ਪੱਛਮੀ ਪੰਜਾਬ ਵਿਚੋਂ ਜਾ ਕੇ ਹੁਣ ਪੂਰਬੀ ਪੰਜਾਬ ਵਿਚ ਰਹਿ ਰਹੇ ਸਨ ਤੇ ਉਹ ਬੜੇ ਰੋਮਾਂਟਿਕ ਅੰਦਾਜ਼ ਵਿਚ ਆਖਦੇ ਸਨ ਕਿ ਉਸ ਸਮੇਂ ਕਿੰਨਾ ਮਜ਼ਾ ਹੁੰਦਾ ਸੀ। ਪਾਣੀ ਕਿੰਨਾ ਸ਼ੁੱਧ ਹੁੰਦਾ ਸੀ ਤੇ ਹਵਾ ਵਿਚ ਕਿੰਨੀ ਤਾਜ਼ਗੀ ਹੁੰਦੀ ਸੀ। ਇਹ ਗੱਲ ਮੇਰੇ ਅੰਦਰ ਵੀ ਗੂੰਜਦੀ ਸੀ ਤੇ ਇਹ ਮੇਰੇ ਆਪਣੇ ਪਿਛੋਕੜ ਨਾਲ ਵੀ ਜੁੜਦੀ ਸੀ।

ਤਾਰਕ ਅਲੀ : ਮੈਂ ਉਦੋਂ ਚਾਰ ਸਾਲ ਦਾ ਸੀ, ਜਦੋਂ ਦੇਸ਼ ਦੀ ਵੰਡ ਹੋਈ। ਇਸ ਲਈ ਮੇਰੀਆਂ ਕੋਈ ਨਿਜੀ ਯਾਦਾਂ ਨਹੀਂ ਹਨ। ਮੇਰਾ ਪਰਿਵਾਰ ਉਸ ਇਲਾਕੇ ਵਿਚ ਰਹਿੰਦਾ ਸੀ ਜੋ ਪਾਕਿਸਤਾਨ ਵਿਚ ਸੀ, ਇਸ ਲਈ ਸਾਨੂੰ ਕਿਤੇ ਜਾਣਾ ਨਹੀਂ ਪਿਆ ਪਰ ਜਦੋਂ ਮੈਂ ਵੱਡਾ ਹੋ ਰਿਹਾ ਸੀ ਤਾਂ ਮੈਨੂੰ ਲਾਹੌਰ ਵਿਚ ਘੁੰਮਣਾ ਫਿਰਨਾ ਚੇਤੇ ਸੀ ਤੇ ਕਾਰ ਵਿਚ ਪਿਛਲੀ ਸੀਟ 'ਤੇ ਬੈਠਣਾ, ਜਿਸ ਨੂੰ ਮੇਰੇ ਮਾਤਾ-ਪਿਤਾ ਚਲਾਉਂਦੇ ਹੁੰਦੇ ਸੀ ਤੇ ਅਕਸਰ ਹੀ ਆਪਣੇ ਪਿਤਾ ਵਲੋਂ ਮਾਂ ਨੂੰ ਕਹਿੰਦੇ ਸੁਣਦਾ ਹੁੰਦਾ ਸੀ, ਜੋ ਇਕ ਘਰ ਵੱਲ ਇਸ਼ਾਰਾ ਕਰਦੇ ਕਹਿੰਦੇ ਹੁੰਦੇ ਸੀ- ''ਬਰਜਿੰਦਰ (ਇਕ ਸਿੱਖ ਨਾ), ਉੱਥੇ ਰਹਿੰਦਾ ਹੁੰਦਾ ਸੀ। 'ਕੀ ਤੈਨੂੰ ਚੇਤੇ ਹੈ ਇਸ ਘਰ ਵਿਚ ਕੌਣ ਰਹਿੰਦਾ ਹੁੰਦਾ ਸੀ?' ਆਪਣੇ ਮਾਤਾ ਪਿਤਾ ਰਾਹੀਂ ਮੈਂ ਇਹ ਅਨੁਭਵ ਕਰ ਲਿਆ ਸੀ ਕਿ ਗੱਲ ਕਿਸ ਪੱਧਰ ਤੀਕ ਵਾਪਰੀ ਸੀ ਕਿ ਇਹ ਘਰ ਸਨ, ਜਿੱਥੇ ਹਿੰਦੂ ਤੇ ਸਿੱਖ ਰਹਿੰਦੇ ਹੁੰਦੇ ਹਨ ਕਿ ਅਸੀਂ ਬਹੁ-ਸਭਿਆਚਾਰਕ ਸਮਾਜ ਤੋਂ ਵਿਰਵੇ ਰਹਿ ਗਏ ਸੀ। ਪਾਕਿਸਤਾਨ ਹੁਣ ਇਕ-ਸਭਿਆਚਾਰੀ ਦੇਸ਼ ਬਣ ਗਿਆ ਸੀ। ਭਾਵੇਂ ਲਾਹੌਰ ਹਾਲੀਂ ਵੀ ਵੱਡਾ ਸ਼ਹਿਰ ਹੈ, ਮੇਰੀ ਪੀੜ੍ਹੀ ਕਦੇ ਵੀ ਇਸ ਦਾ ਅਹਿਸਾਸ ਨਹੀਂ ਕਰ ਸਕਦੀ ਕਿ ਇਹ ਕੀ ਹੁੰਦਾ ਸੀ। ਲੋਕ ਲਾਹੌਰ ਬਾਰੇ ਇੰਝ ਗੱਲਾਂ ਕਰਦੇ ਸੀ, ਜਿਵੇਂ ਇਹ ਪੂਰਬ ਦਾ ਪੈਰਿਸ ਹੋਵੇ। ਇਕ ਵੱਡਾ ਕੌਮਾਂਤਰੀ ਕੇਂਦਰ ਤੇ ਸਾਨੂੰ ਇਸਦਾ ਕੋਈ ਅਨੁਮਾਨ ਨਹੀਂ ਸੀ, ਸਿਵਾਏ ਇਸਦੇ ਕਿ ਜੋ ਕੁਝ ਅਸੀਂ ਮਾਤਾ-ਪਿਤਾ ਕੋਲੋਂ ਸੁਣਦੇ ਸੀ, ਬਹੁਤੇ ਲੋਕ ਤਾਂ ਇਸ ਬਾਰੇ ਗੱਲ ਵੀ ਨਹੀਂ ਕਰਦੇ।

ਗੌਰਮਿੰਟ ਕਾਲਜ ਲਾਹੌਰ ਦੇ ਇਕ ਪ੍ਰੋਫੈਸਰ ਦੀ ਬੜੀ ਦਿਲ ਹਿਲਾਊ ਕਹਾਣੀ ਹੈ। ਜੋ ਆਪਣੇ ਪਰਿਵਾਰ ਨੂੰ ਗਰਮੀ ਦੀਆਂ ਛੁੱਟੀਆਂ ਵਿਚ ਸੈਰ ਲਈ ਸ਼ਿਮਲੇ ਲੈ ਗਿਆ ਸੀ, ਹਿਮਾਲਿਆ ਦੇ ਪੈਰਾਂ ਹੇਠ ਤੇ ਪਿੱਛੋਂ ਦੇਸ਼ ਦੀ ਵੰਡ ਹੋ ਗਈ। ਉਹ ਵਾਪਸ ਲਾਹੌਰ ਨਾ ਆ ਸਕਿਆ। ਲੋਕੀਂ ਆਖਦੇ, ''ਤੂੰ ਤਾਰਿਆ ਜਾਵੇਂਗਾ। ਵਾਪਸ ਨਾ ਆ।'' ਮਗਰੋਂ ਕਈ ਸਾਲਾਂ ਬਾਅਦ, ਉਸਦੀ ਲੜਕੀ ਲਾਹੌਰ ਗਈ। ਉਸਦਾ ਪਿਤਾ ਬਿਮਾਰ ਸੀ ਤੇ ਮਰਨ ਕਿਨਾਰੇ ਸੀ, ਉਹ ਬੱਸ ਆਪਣੀਆਂ ਕਿਤਾਬਾਂ ਵਾਪਸ ਮੰਗਦਾ ਸੀ। ਉਹ ਹੈਰਾਨ ਹੁੰਦਾ ਸੀ ਕਿ ਉਸਦੀ ਲਾਇਬ੍ਰੇਰੀ ਨਾਲ ਵੀ ਵਾਪਰਿਆ ਹੋਵੇਗਾ। ਇਸ ਲਈ ਉਹ ਲੜਕੀ ਮੇਰੇ ਮਾਤਾ-ਪਿਤਾ ਕੋਲ ਆਉਂਦੀ ਹੈ, ਜੋ ਉਸ ਪ੍ਰੋਫੈਸਰ ਨੂੰ ਜਾਣਦੇ ਸੀ ਤੇ ਮੇਰੇ ਪਿਤਾ ਜੀ ਆਖਦੇ ਹਨ, ''ਆਓ ਚੱਲੀਏ, ਉਹ ਉਸ ਘਰ ਜਾਂਦੇ ਹਨ, ਜਿਸ ਨੂੰ ਉਹ ਹਾਲੀਂ ਵੀ ਬਚਪਨ ਤੋਂ ਜਾਣਦੀ ਸੀ ਤੇ ਜਿਸ ਵਿਚ ਹੁਣ ਇਕ ਸੱਜ-ਪਿਛਾਖੜਾ ਵਕੀਲ ਵੱਸਦਾ ਸੀ, ਮੈਂ ਉਸਦਾ ਨਾਂ ਇਜਾਜ਼ ਬਟਾਲਵੀ ਰੱਖ ਦਿੰਦਾ ਹਾਂ। ਉਹ ਉਹਨਾਂ ਵਕੀਲਾਂ ਵਿਚੋਂ ਇਕ ਸੀ, ਜਿਸ ਨੇ ਜ਼ਿਆ ਦੇ ਸਮੇਂ ਭੁੱਟੋ ਦੇ ਵਿਰੁੱਧ ਮੁਕੱਦਮਾ ਲੜਿਆ ਸੀ ਤੇ ਜਿਸ ਨੇ ਜਾਹਲੀ ਗਵਾਹੀ ਦੇਣ ਲਈ ਉਤਸ਼ਾਹਿਤ ਕੀਤਾ ਸੀ, ਜਿਸ ਨਾਲ ਭੁੱਟੋ ਫਾਹੇ ਲੱਗਿਆ ਸੀ, ਇਹ ਵਕੀਲ ਹੁਣ ਮਾਡਲ ਟਾਊਨ ਲਾਹੌਰ ਵਿਚ, ਪੁਰਾਣੇ ਗੌਰਮਿੰਟ ਕਾਲਜ ਦੇ ਹਿੰਦੂ ਪ੍ਰੋਫੈਸਰ ਦੇ ਘਰ ਰਹਿ ਰਿਹਾ ਸੀ।

ਉਹ ਲੜਕੀ ਉਸ ਘਰ ਜਾਂਦੀ ਹੈ। ਬਟਾਲਵੀ ਉਸ ਨੂੰ ਨਾਂਹ ਨਾ ਕਰ ਸਕਿਆ। ਉਸਦੇ ਪਿਤਾ ਦੀਆਂ ਸਾਰੀਆਂ ਕਿਤਾਬਾਂ ਉਂਝ ਹੀ ਅਲਮਾਰੀਆਂ ਵਿਚ ਪਈਆਂ। ਉਹ ਉਹਨਾਂ ਨੂੰ ਬਾਹਰ ਕੱਢ ਕੇ ਵੇਖਦੀ ਤੇ ਜਿੱਥੇ ਜਿੱਥੇ ਉਸ ਪ੍ਰੋਫੈਸਰ ਦਾ ਨਾਂ ਲਿਖਿਆ ਹੋਇਆ ਸੀ, ਉਥੋਂ ਕੱਟਿਆ ਗਿਆ ਸੀ। ਉਹ ਉਸ ਨੂੰ ਆਖਦੀ ਹੈ, ''ਮੇਰਾ ਪਤੀ ਉਹ ਕਿਤਾਬਾਂ ਵਾਪਸ ਚਾਹੁੰਦਾ ਹੈ। ਕੀ ਮੈਂ ਇਹਨਾਂ ਵਿਚੋਂ ਕੁਝ ਲਿਜਾ ਸਕਦੀ ਹਾਂ? ਤੇ ਉਹ ਨਾਂਹ ਕਰ ਦਿੰਦਾ ਹੈ, ਮੇਰਾ ਪਿਤਾ ਉਸ ਕੁੜੀ ਨੂੰ ਪਾਸੇ ਕਰਕੇ ਆਖਦਾ ਹੈ, ''ਆਓ ਚੱਲੀਏ, ਇਹ ਏਨੇ ਜੋਗਾ ਨਹੀਂ।'' ਅਜਿਹੇ ਲੋਕ ਵੀ ਹਨ, ਉਸ ਵਰਗੇ ਜੋ ਆਪਣੀ ਪਛਾਣ ਉਹਨਾਂ ਚੀਜ਼ਾਂ ਨੂੰ ਲੁੱਟ ਕੇ ਤੇ ਚੋਰੀ ਕਰਕੇ ਬਣਾਉਂਦੇ ਹਨ ਜੋ ਜਾਇਦਾਦ ਪਿੱਛੇ ਰਹਿ ਗਈ ਸੀ। ਅਸੀਂ ਇਕ ਦੂਜੇ ਨਾਲੋਂ ਕੱਟੇ ਗਏ ਸੀ। ਤੁਸੀਂ ਪਾਕਿਸਤਾਨ ਤੋਂ ਭਾਰਤ ਨਹੀਂ ਜਾ ਸਕੇ। ਇਹ ਵੀ ਕੇਡਾ ਦੁਖਾਂਤ ਸੀ, ਸਰਹੱਦਾਂ ਸਦਾ ਹੀ ਬੰਦ ਸਨ। ਜਦੋਂ ਮੈਂ ਆਕਫੋਲਡ ਵਿਚ ਸੀ ਤਾਂ ਮੈਂ ਕੁਝ ਭਾਰਤੀ ਦੋਸਤ ਬਣਾਏ ਸਨ ਤੇ ਇਹ ਪਹਿਲਾ ਮੌਕਾ ਸੀ ਕਿ ਮੈਨੂੰ ਹਿੰਦੂ ਤੇ ਸਿੱਖ ਮਿਲੇ ਸਨ। ਤੇ ਫਿਰ ਜਦੋਂ 1970 ਵਿਚ ਮੈਂ ਪਹਿਲੀ ਵਾਰ ਹਿੰਦੁਸਤਾਨ ਗਿਆ ਤਾਂ ਲੋਕਾਂ ਨੂੰ ਪਤਾ ਲੱਗਾ ਕਿ ਮੈਂ ਸ਼ਹਿਰ ਵਿਚ ਸੀ ਤਾਂ ਮੈਨੂੰ ਰਾਤ ਨੂੰ ਸਿੱਖ ਪਰਿਵਾਰਾਂ ਵਲੋਂ ਰਾਤ ਦੇ ਖਾਣੇ ਲਈ ਬੁਲਾਇਆ ਜਾਂਦਾ ਸੀ। ਬੱਚੇ ਮੈਨੂੰ ਕਹਿੰਦੇ ਸੀ, ''ਸਾਡੇ ਮਾਤਾ ਪਿਤਾ ਤੁਹਾਨੂੰ ਮਿਲਣਾ ਚਾਹੁੰਦੇ ਹਨ ਕਿਉਂਕਿ ਉਹ ਤੁਹਾਡੇ ਮਾਤਾ-ਪਿਤਾ ਨੂੰ ਜਾਣਦੇ ਸਨ। ਸ਼ਾਹੀ ਖਾਣੇ ਤਿਆਰ ਕੀਤੇ ਜਾਂਦੇ ਤੇ ਉਹ ਹੱਥ ਵਿਚ ਵਿਸਕੀ ਦੇ ਗਿਲਾਸ ਫੜੀ, ਖਾਣੇ ਤੋਂ ਬਾਅਦ ਗੱਲਾਂ ਕਰਦੇ।'' ਲਾਹੌਰ ਦੀ ਕੋਈ ਸੁਣਾਓ। ਇਹ ਦਿਲ ਹਿਲਾਉਣ ਵਾਲੀ ਗੱਲ ਸੀ।

ਪੰਜਾਬੀ ਅਨੁਵਾਦ : ਹ.ਸ.ਹ.

KULVIR GILL
ਕੁਲਵੀਰ ਗਿੱਲ
GHI
Helping you to make Informed Decisions
Registered Home Inspector
ਗਰੇਟਰ ਟਰੋਂਟੋ ਵਿਚ ਘਰਾਂ ਦੀ ਇਨਸਪੈਕਸ਼ਨ ਲਈ ਫੋਨ ਕਰੋ
(416) 839-3436 (B) (905) 479-5807 (H)
Gill Home Inspection Ltd.
Commercial & Residential
OAHI
Ontario association of Certified Home Inspectors

ਰੱਬ ਦਾ ਘਸੁੰਨ

ਸਟ੍ਰਾਬਰੀਆਂ ਦਾ ਮੌਸਮ

ਜੋਗਿੰਦਰ ਕੈਰੋਂ

ਇਹ ਤੀਜੀ ਵਾਰ ਸੀ ਜਦ ਮੈਂ ਅਮਰੀਕਾ ਦੇ ਸ਼ਹਿਰ ਸਾਨਫ੍ਰਾਂਸਿਸਕੋ ਦੇ ਹਵਾਈ ਅੱਡੇ ਉੱਪਰ ਜਾ ਕੇ ਉੱਤਰਿਆ ਸੀ। ਮੇਰਾ ਪਾਸਪੋਰਟ ਵੇਖਦਿਆਂ ਅਧਿਕਾਰੀਆਂ ਨੇ ਮੈਨੂੰ ਹੈਰਾਨੀ ਨਾਲ ਪੁੱਛਿਆ ਪਾਕਿਸਤਾਨ ਕੀ ਕਰਨ ਗਏ ਸਉ। ਅਚਾਨਕ ਪੁੱਛੇ ਇਸ ਸਵਾਲ ਨੇ ਇੱਕ ਤਰ੍ਹਾਂ ਨਾਲ ਮੈਨੂੰ ਬੌਂਦਲਾ ਹੀ ਦਿੱਤਾ। ਮੈਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਪੁਸਤਕ 'ਲੋਕਧਾਰਾ ਅਧਿਐਨ: ਇਤਿਹਾਸ ਅਤੇ ਮੁਲਾਂਕਣ' ਦੀ ਯਾਦ ਆ ਗਈ ਜਿਸ ਵਿੱਚ ਮੈਂ ਪਾਕਿਸਤਾਨੀ ਲੋਕਧਾਰਾ ਵਿਗਿਆਨੀਆਂ ਦਾ ਵੀ ਜ਼ਿਕਰ ਕੀਤਾ ਸੀ, ਇਹਨੇ ਮੈਨੂੰ ਜੁਆਬ ਲਈ ਇਕ ਤਰ੍ਹਾਂ ਨਾਲ ਤਿਆਰ ਕਰ ਦਿੱਤਾ। ਮੈਂ ਕਿਹਾ ਕਿ ਮੈਂ ਪੰਜਾਬੀ ਫੋਕਲੋਰ ਉੱਪਰ ਰਿਸਰਚ ਕਰਦਾ ਹਾਂ ਅਤੇ ਪਾਕਿਸਤਾਨ ਵਿਚ ਬਹੁਤ ਸਾਰੀ ਸਮੱਗਰੀ ਮਿਲਦੀ ਹੈ, ਉਸ ਦੀ ਸਟੱਡੀ ਕਰਨ ਗਿਆ ਸੀ।

ਕਾਊਂਟਰ ਉਤੇ ਬੈਠੀ ਮੈਡਮ ਨੇ ਅਪਣੇ ਕੰਪਿਊਟਰ ਉਪਰ ਕੁਝ ਉਗਲਾਂ ਮਾਰੀਆਂ ਤੇ ਫਿਰ ਮੈਨੂੰ ਅਤੇ ਮੇਰੀ ਪਤਨੀ ਨੂੰ ਇਕ ਹੋਰ ਵੱਡੇ ਕਮਰੇ ਵਿਚ ਭੇਜ ਦਿੱਤਾ, ਜਿੱਥੇ ਸਾਡੇ ਵਰਗੇ ਲੋਕ ਵੀ ਬੈਠੇ ਹੋਏ ਸਨ ਜਿਹੜੇ ਜਾਂ ਤਾਂ ਮੁਸਲਮਾਨ ਦੇਸ਼ਾਂ ਨਾਲ ਸਬੰਧ ਰੱਖਦੇ ਸਨ ਜਾਂ ਮੁਸਲਿਮ ਦੇਸ਼ਾਂ ਵਿਚੋਂ ਹੋ ਕੇ ਆਏ ਸਨ।

ਫਲਾਈਟ ਆਈ ਨੂੰ ਕਾਫੀ ਦੇਰ ਹੋ ਚੁੱਕੀ ਸੀ ਅਤੇ ਸਾਡੀ ਵਾਰੀ ਵੀ ਸਭ ਤੋਂ ਅਖੀਰ ਵਿਚ ਆਈ ਸੀ, ਉਪਰੋਂ ਹੁਣ ਇਹ ਪੰਗਾ ਪੈ ਗਿਆ ਸੀ। ਘਰਵਾਲੀ ਨੂੰ ਇਹ ਚਿੰਤਾ ਸੀ ਕਿ ਬਾਹਰ ਲੈਣ ਆਈ ਬੇਟੀ ਉਡੀਕ-ਉਡੀਕ ਕੇ ਵਾਪਸ ਚਲੀ ਜਾਵੇਗੀ ਦੇ ਫੇਰ ਹੋਰ ਵੀ ਮੁਸੀਬਤ ਬਣ ਜਾਵੇਗੀ। ਇਸ ਲਈ ਉਸਨੇ ਦਲੇਰੀ ਕੀਤੀ ਅਤੇ ਲਾਗੇ ਬੈਠੀ ਸਵਾਰੀ ਨੂੰ ਬੇਟੀ ਦਾ ਫੋਨ ਨੰਬਰ ਦੇ ਕੇ ਮਿਲਾਉਣ ਲਈ ਕਿਹਾ, ਉਹ ਸਵਾਰੀ ਚੰਗੀ ਸੀ ਉਸਨੇ ਫੋਨ ਨੰਬਰ ਮਿਲਾ ਦਿੱਤਾ- ਜਿੰਨੀ ਦੇਰ ਨੂੰ ਸਕਿਉਰਟੀ ਵਾਲਾ ਇਹ ਕਹਿੰਦਾ ਹੋਇਆ ਦੌੜਿਆ 'ਨੋ ਫੋਨ ਨੋ ਫੋਨ ਉਸ ਨੇ ਅਪਣਾ ਸੁਨੇਹਾ ਬੇਟੀ ਨੂੰ ਦੇ ਦਿੱਤਾ ਸੀ। ਕੁਝ ਦੇਰ ਬਾਅਦ ਉਹਨਾਂ ਨੇ ਸਾਨੂੰ ਬਾਹਰ ਜਾਣ ਦੀ ਇਜਾਜ਼ਤ ਦੇ ਦਿੱਤੀ। ਮੈਂ ਸੋਚ ਰਿਹਾ ਸੀ ਕਿ ਉਹਨਾਂ ਨੇ ਅਪਣੇ ਕੰਪਿਊਟਰ ਉੱਪਰ ਮੇਰਾ ਉਹ ਰਿਕਾਰਡ ਦੇਖਿਆ ਹੋਵੇਗਾ ਜਦ ਮੈਂ ਪਹਿਲੀ ਵਾਰ ਵੀਜ਼ਾ ਲੈ ਅਮਰੀਕਾ ਵਿਚ ਦਾਖ਼ਲ ਹੋਇਆ ਹੋਵਾਂਗਾ। ਉਸ ਸਮੇਂ ਦਰਸ਼ਨ ਧਾਰੀਵਾਲ ਵਲੋਂ ਆਯੋਜਿਤ ਪੰਜਾਬੀ ਕਾਨਫਰੰਸ ਵਿਚ ਮੈਂ 'ਪੰਜਾਬੀ ਵਿਦਵਾਨਾਂ ਦੀ ਲੋਕਧਾਰਾ ਨੂੰ ਦੇਣ' ਉਪਰ ਪਰਚਾ ਪੜ੍ਹਨਾ ਸੀ। ਵੀਜ਼ਾ ਦੇਣ ਵਾਲੇ ਅਫ਼ਸਰ ਨੇ ਮੈਨੂੰ ਹਰ ਤਰ੍ਹਾਂ ਨਾਲ ਫਸਾਉਣ ਦੀ ਕੋਸ਼ਿਸ਼ ਕਰਦਿਆਂ ਫੋਕਲੋਰ ਉਪਰ ਕਈ ਤਰ੍ਹਾਂ ਦੇ ਸਵਾਲ ਪੁੱਛੇ ਸਨ ਪਰ ਮੈਨੂੰ ਪਤਾ ਸੀ ਕਿ ਫੋਕਲੋਰ ਬਾਰੇ ਉਹ ਮੇਰੇ ਤੋਂ ਵੱਧ ਨਹੀਂ ਸੀ ਜਾਣ ਸਕਦਾ ਕਿਉਂਕਿ ਉਸ ਸਮੇਂ ਤੱਕ ਮੈਂ ਤਕਰੀਬਨ ਸਾਰੀ ਦੁਨੀਆ ਦੇ ਲੋਕਧਾਰਾ ਸ਼ਾਸਤਰੀਆਂ ਦਾ ਕੰਮ ਪੜ੍ਹ ਚੁੱਕਾ ਸੀ।

ਅੰਤ ਉਸਨੇ ਮੈਨੂੰ ਪੁੱਛਿਆ ਸੀ, 'ਡੂ ਯੂ ਵਾਂਟ ਫਾਈਵ ਯੀਅਰ ਵੀਜ਼ਾ?''

ਮੈਂ ਉਸਦੀ ਚਾਲ ਸਮਝ ਗਿਆ ਸੀ, ਇਸ ਲਈ ਮੈਂ ਨੋ ਕਹਿ ਦਿੱਤਾ।

ਸ਼ਾਮ ਨੂੰ ਗਿਆ ਤਾਂ ਚਾਰ ਵਜੇ ਛੇ ਮਹੀਨਿਆਂ ਦਾ ਵੀਜ਼ਾ ਲੱਗਿਆ ਅਪਣਾ ਪਾਸਪੋਰਟ ਲੈ ਆਇਆ।

ਹੁਣ ਮੈਂ ਸੋਚ ਰਿਹਾ ਸੀ ਸ਼ਾਇਦ ਲੋਕਧਾਰਾ ਬਾਰੇ ਸਾਡੀ ਉਹੋ ਗੱਲਬਾਤ ਸਹਾਈ ਹੋ ਗਈ ਹੋਵੇ।

ਬੇਟੀ ਦੇ ਘਰ, ਜਿਸ ਥਾਂ ਸਾਡਾ ਜਾ ਉਤਾਰਾ ਹੋਇਆ ਉਹ ਮਡੈਸਟੋ ਨੇੜੇ ਸੀਰੀ ਅਤੇ ਹਿਊਸਨ ਕਸਬਿਆਂ ਦੇ ਵਿਚਕਾਰ ਸੀ। ਪੱਚੀ ਏਕੜਾਂ ਵਿਚ ਬਣੇ ਇਕ ਵੱਡੇ ਘਰ ਵਿਚ ਸਾਨੂੰ ਉਪਰਲੀ ਮੰਜ਼ਿਲ ਉਪਰ ਕਮਰਾ ਮਿਲ ਗਿਆ। ਨਾਲ ਹੀ ਕੰਪਿਊਟਰ ਅਤੇ ਟੀ.ਵੀ. ਆਦਿ ਦੀਆਂ ਸਹੂਲਤਾਂ। ਪਰੰਤੂ ਕੁਝ ਕੁ ਦਿਨਾਂ ਬਾਅਦ ਹੀ ਮੈਨੂੰ ਮਹਿਸੂਸ ਹੋਣ ਲੱਗ ਪਿਆ ਕਿ ਜਿਵੇਂ ਸ਼ੇਰ ਨੂੰ ਕਿਸੇ ਪਿੰਜਰੇ ਵਿਚ ਕੈਦ ਕਰ ਦਿੱਤਾ ਹੋਵੇ।

ਜਦੋਂ ਵੀ ਕਮਰੇ ਵਿਚੋਂ ਬਾਹਰ ਝਾਤੀ ਵੱਜਦੀ ਤਾਂ ਉਹੋ ਹੀ ਚਾਰ-ਚੁਫੇਰੇ ਅਖਰੋਟ ਅਤੇ ਬਦਾਮਾਂ ਦੇ ਬਾਗ, ਉਹੋ ਹੀ ਸਾਹਮਣਿਓਂ ਲੰਘਦੀ ਸੜਕ ਅਤੇ ਉਹੋ ਹੀ ਬਾਗਾਂ ਵਿਚ ਕੰਮ ਕਰਦੀਆਂ ਮਸ਼ੀਨਾਂ ਦੀਆਂ ਅਵਾਜ਼ਾਂ। ਚਾਰ-ਚੁਫ਼ੇਰੇ ਹਰਿਆਵਲ ਦੇ ਸਮੁੰਦਰ ਵਿਚ ਖੜੀ ਇਹ ਚਿੱਟੀ ਕੋਠੀ ਮੈਨੂੰ ਸਮੁੰਦਰ ਵਿਚ ਖੜੇ ਜਹਾਜ਼ ਵਰਗੀ ਲੱਗਦੀ ਅਤੇ ਨਾਲ ਹੀ ਬਚਪਨ ਵਿਚ ਪੜ੍ਹਿਆ ਇਲਾ ਚੰਦਰ ਜੋਸ਼ੀ ਦਾ ਨਾਵਲ, 'ਜਹਾਜ਼ ਕਾ ਪੰਛੀ' ਵੀ ਯਾਦ ਆਉਂਦਾ, ਜੀਹਦੇ ਵਿਚ ਇਕ ਭੋਲਾ ਪੰਛੀ ਸਮੁੰਦਰ ਦੀ ਕਿਸੇ ਬੰਦਰਗਾਹ ਉਪਰ ਖੜੇ ਜਹਾਜ਼ ਉਪਰ ਰਾਤ ਕੱਟਣ ਲਈ ਜਾ ਬੈਠਦਾ ਹੈ। ਜਹਾਜ਼ ਅਪਣੇ ਸਮੇਂ ਮੁਤਾਬਿਕ ਚੱਲ ਪੈਂਦਾ ਹੈ। ਜਦ ਜਹਾਜ਼ ਸਮੁੰਦਰ ਦੇ ਅੱਧ ਵਿਚਕਾਰ ਪਹੁੰਚ ਜਾਂਦਾ ਹੈ ਤਾਂ ਪੰਛੀ ਉਠਦਾ ਹੈ ਕੀ ਦੇਖਦਾ ਹੈ ਕਿ ਚਾਰ ਚੁਫੇਰੇ ਪਾਣੀ ਹੀ ਪਾਣੀ। ਧਰਤੀ ਦਾ ਕਿਧਰੇ ਨਾਮ ਨਿਸ਼ਾਨ ਵੀ ਨਹੀਂ। ਧਰਤੀ ਦੀ ਭਾਲ ਵਿਚ ਉਹ ਸਾਰੀ ਦਿਹਾੜੀ ਉਡਦਾ ਰਹਿੰਦਾ ਹੈ ਅੰਤ ਨੂੰ ਥੱਕ ਹਾਰ ਕੇ ਸ਼ਾਮ ਪਈ ਉਹ ਮੁੜ ਰਾਤ ਕੱਟਣ ਲਈ ਉਸੇ ਜਹਾਜ਼ ਉਪਰ ਪਰਤ ਆਉਂਦਾ ਹੈ।

ਮੇਰਾ ਹਾਲ ਵੀ ਤਕਰੀਬਨ ਇਸੇ ਤਰ੍ਹਾਂ ਦਾ ਹੀ ਸੀ। ਇਹ ਵੀ ਚੰਗੀ ਗੱਲ ਸੀ ਕਿ ਘਰ ਵਿਚ ਬਹੁਤ ਸਾਰੀਆਂ ਕਿਤਾਬਾਂ ਸਨ। ਮੇਰੇ ਕੋਲ ਕਰਨ ਵਾਲਾ ਬਹੁਤ ਕੰਮ ਸੀ, ਜਿਸ ਨੂੰ ਮੈਂ ਪਿੰਨ ਡਰਾਈਵ ਵਿਚ ਪਾ ਕੇ ਨਾਲ ਲੈ ਆਇਆ ਸੀ। ਪਰ ਬੰਦਾ ਕੰਪਿਊਟਰ ਉਪਰ ਵੀ ਕਿੰਨਾਂ ਕੁ ਚਿਰ ਕੰਮ ਕਰ ਸਕਦਾ ਹੈ?

ਇਕ ਦਿਨ ਮੈਂ ਸੋਚਿਆ ਕਿਉਂ ਨਾ ਅਪਣੇ ਅਨੁਭਵ ਅਤੇ ਪੜ੍ਹੀਆਂ ਹੋਈਆਂ ਕਿਤਾਬਾਂ ਦੇ ਬਾਰੇ ਨੋਟ ਤਿਆਰ ਕਰਦਾ ਰਿਹਾ ਕਰਾਂ? ਇਹ ਕੰਮ ਮੈਨੂੰ ਪਸੰਦ ਆਇਆ। ਇਹ ਨਾ ਤਾਂ ਕੋਈ ਸਫ਼ਰਨਾਮਾ ਸੀ, ਨਾ ਹੀ ਕੋਈ ਗਲਪ ਦੀ ਵਿਧਾ, ਫਿਰ ਇਹ ਕੀ ਸੀ? ਇਸ ਬਾਰੇ ਸੋਚਣਾ ਛੱਡ ਮੈਂ ਇਸ ਕਾਰਜ ਨੂੰ ਜਾਰੀ ਰੱਖਿਆ ਤਾਂ ਕੁਝ ਹੀ ਦਿਨਾਂ ਵਿਚ ਇਹ ਕਾਫੀ ਸਮੱਗਰੀ ਹੋ ਗਈ। ਜਿਸ ਨੂੰ ਸਕੈਨ ਕਰਕੇ ਮੈਂ ਇਸ ਨੂੰ ਕੰਪਿਊਟਰ ਉਪਰ ਵੀ ਸੇਵ ਕਰ ਲਿਆ। ਅਪਣੇ ਬਾਕੀ ਕਾਗਜ਼ਾਂ ਦੀ ਇਕ ਚੰਗੀ ਫਾਇਲ ਬਣਾ ਲਈ। ਹੁਣ ਮੈਂ ਇਸਦਾ ਨਾਮਕਰਣ ਕਰਨਾ ਚਾਹੁੰਦਾ ਸੀ। ਨਾਮ ਮੈਨੂੰ ਕੋਈ ਸੁੱਝ ਨਹੀਂ ਸੀ ਰਿਹਾ। ਇਕ ਦਿਨ ਬੇਟੀ ਸਟ੍ਰਾਬਰੀਆਂ ਦੀ ਇਕ ਟੋਕਰੀ ਲੈ ਆਈ ਅਤੇ ਉਸ ਨੂੰ ਵੱਡੇ ਮੇਜ਼ ਉਪਰ ਰੱਖਦਿਆਂ ਕਹਿਣ ਲੱਗੀ ''ਖਾਓ ਪਾਪਾ ਸਟ੍ਰਾਬਰੀਆਂ'।''

ਕਿਸੇ ਕੈਬਨਿਟ ਦੀ ਮੀਟਿੰਗ ਵਿਚ ਜਿਸ ਦੇ ਕਿ ਕੁਲ ਬਾਰਾਂ ਜਾਂ ਤੇਰਾਂ ਹੀ ਭਰੋਸੇਯੋਗ ਮੈਂਬਰ ਹਨ, ਸੱਦਾਮ ਹੁਸੈਨ ਦੇ ਮੂੰਹੋਂ ਅਚਾਨਕ ਨਿਕਲ ਜਾਂਦਾ ਹੈ ਕਿ ਉਸ ਨੇ ਅਮਰੀਕਾ ਲਈ 'ਰੱਬ ਦਾ ਘਸੁੰਨ' ਬਣਾਇਆ ਹੋਇਆ ਹੈ। ਉਨ੍ਹਾਂ ਮੈਂਬਰਾਂ ਵਿਚੋਂ ਇਕ ਮੈਂਬਰ ਅਮਰੀਕਾ ਲਈ ਕੰਮ ਕਰ ਰਿਹਾ ਹੈ, ਜਿਸ ਰਾਹੀ ਸੂਚਨਾ ਅਮਰੀਕਾ ਕੋਲ ਪਹੁੰਚ ਜਾਂਦੀ ਹੈ ਕਿ ਸੱਦਾਮ ਹੁਸੈਨ ਨੇ ਅਮਰੀਕਾ ਲਈ 'ਰੱਬ ਦਾ ਘਸੁੰਨ' ਬਣਾਇਆ ਹੋਇਆ ਹੈ। ਪਰ ਇਹ ਹੈ ਕੀ? ਕਿਸੇ ਨੂੰ ਵੀ ਨਹੀਂ ਪਤਾ ਨਾ ਹੀ ਓਸ ਮੈਂਬਰ ਨੂੰ ਪਤਾ ਹੈ। ਇਸ ਦਾ ਸੱਦਾਮ ਹੁਸੈਨ, ਉਸਦੇ ਜੁਆਈ, ਰੱਖਿਆ ਮੰਤਰੀ ਅਤੇ ਇੱਕ ਦੋ ਇੰਜਨੀਅਰਾਂ ਤੇ ਕੁਝ ਵਿਗਿਆਨੀਆਂ ਨੂੰ ਛੱਡ ਕੇ ਕਿਸੇ ਨੂੰ ਵੀ ਨਹੀਂ ਪਤਾ ਅਤੇ ਇਨਾਂ ਦੀ ਗਿਣਤੀ ਕੇਵਲ ਅੱਠ ਹੈ।

ਅਚਾਨਕ ਮੇਰੇ ਮੂੰਹੋਂ ਨਿਕਲਿਆ, ''ਬੇਟਾ ਅੱਜ ਕੱਲ੍ਹ ਸਟ੍ਰਾਬਰੀਆਂ ਦਾ ਮੌਸਮ ਹੈ।'' ਜਦ ਬੇਟੀ ਨੇ ਹਾਂ ਕਿਹਾ ਤਾਂ ਮੈਨੂੰ ਅਪਣੀ ਕਿਤਾਬ ਦਾ ਨਾਂ ਵੀ ਸੁਝ ਗਿਆ। ਲਓ ਪੇਸ਼ ਹੈ ਇਸ ਪੁਸਤਕ ਵਿਚੋਂ ਇਕ ਅੰਸ਼: 'ਰੱਬ ਦਾ ਘਸੁੰਨ' ਇਥੇ ਰਹਿੰਦਿਆਂ ਜਿਹੜੀਆਂ ਕਿਤਾਬਾਂ ਮੈਂ ਪੜ੍ਹੀਆਂ ਸਨ, ਉਨ੍ਹਾਂ ਵਿਚੋਂ ਇਕ ਸੀ ਫ੍ਰੈਡਰਿਕ ਫੋਰਸਿਥ (Frederick Forsyth) ਦੀ The Fist Of God ਜਿਸ ਨੂੰ ਮੈਂ 'ਰੱਬ ਦਾ ਘਸੁੰਨ' ਕਿਹਾ। ਇਸ ਵਿਚ ਲੇਖਕ ਨੇ ਈਰਾਕ ਦੀਆਂ ਕੁਝ ਇਤਿਹਾਸਕ ਘਟਨਾਵਾਂ ਨੂੰ ਆਧਾਰ ਬਣਾ ਕੇ ਨਾਵਲੀ ਰੂਪ ਦਿੱਤਾ ਹੈ। ਇਸ ਵਿਚ ਅਮਰੀਕਾ ਵੱਲੋਂ ਇਰਾਕ ਉਪਰ ਪਹਿਲੇ ਹਮਲੇ ਦੇ ਪਿਛੋਕੜ ਵਿਚ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਹੈ। ਇਹਦੇ ਵਿਚ ਉਨ੍ਹਾਂ ਗੱਲਾਂ ਦਾ ਜ਼ਿਕਰ ਹੈ ਜੋ ਕਿ ਆਮ ਤੌਰ 'ਤੇ ਬਾਹਰ ਨਹੀਂ ਆਉਂਦੀਆਂ। ਭਾਵੇਂ ਇਸ ਲੇਖਕ ਨੇ ਹੋਰ ਵੀ ਬਹੁਤ ਨਾਵਲ ਲਿਖੇ ਹਨ, ਪਰ ਮੈਂ ਉਸਦਾ ਇਹ ਪਹਿਲਾਂ ਹੀ ਨਾਵਲ ਪੜ੍ਹ ਰਿਹਾ ਹਾਂ। ਭਾਵੇਂ ਇਹ ਨਾਵਲ ਉਸਨੇ ਹੋਰ ਕਈ ਨਾਵਲਾਂ ਤੋਂ ਬਾਅਦ ਲਿਖਿਆ ਹੈ। ਇਹ ਨਾਵਲ ਭਾਵੇਂ ਪੰਜ ਸੌ ਸਫ਼ਿਆਂ ਤੋਂ ਉਪਰ ਹੈ ਪਰ ਇਸ ਨੂੰ ਪੜ੍ਹਦਿਆਂ ਬੰਦਾ ਨਾ ਤਾਂ ਬੋਰ ਹੁੰਦਾ ਹੈ ਨਾ ਹੀ ਅੱਕਦਾ ਹੈ, ਰਹੱਸਮਈ ਘਟਨਾਵਾਂ ਨੂੰ ਜਾਨਣ ਲਈ ਪਾਠਕ ਦੀ ਉਕਸੁਕਤਾ ਬਣੀ ਰਹਿੰਦੀ ਹੈ।

ਸੱਦਾਮ ਹੁਸੈਨ ਦੁਨੀਆਂ ਦੇ ਵੱਡੇ-ਵੱਡੇ ਵਿਗਿਆਨੀਆਂ ਨੂੰ ਭਾਰੀ ਰਕਮਾਂ ਦੇ-ਦੇ ਕਿਸੇ ਅਜਿਹੇ ਹਥਿਆਰ ਦੀ ਤਿਆਰੀ ਕਰਨਾ ਚਾਹੁੰਦਾ ਹੈ, ਜਿਸ ਨਾਲ ਉਸਦਾ ਅਮਰੀਕਾ ਕੋਲੋਂ ਬਚਾਅ ਹੋ ਸਕੇ।

ਕਿਸੇ ਕੈਬਨਿਟ ਦੀ ਮੀਟਿੰਗ ਵਿਚ ਜਿਸ ਦੇ ਕਿ ਕੁਲ ਬਾਰਾਂ ਜਾਂ ਤੇਰਾਂ ਹੀ ਭਰੋਸੇਯੋਗ ਮੈਂਬਰ ਹਨ, ਸੱਦਾਮ ਹੁਸੈਨ ਦੇ ਮੂੰਹੋਂ ਅਚਾਨਕ ਨਿਕਲ ਜਾਂਦਾ ਹੈ ਕਿ ਉਸ ਨੇ ਅਮਰੀਕਾ ਲਈ 'ਰੱਬ ਦਾ ਘਸੁੰਨ' ਬਣਾਇਆ ਹੋਇਆ ਹੈ। ਉਨ੍ਹਾਂ ਮੈਂਬਰਾਂ ਵਿਚੋਂ ਇਕ ਮੈਂਬਰ ਅਮਰੀਕਾ ਲਈ ਕੰਮ ਕਰ ਰਿਹਾ ਹੈ, ਜਿਸ ਰਾਹੀ ਸੂਚਨਾ ਅਮਰੀਕਾ ਕੋਲ ਪਹੁੰਚ ਜਾਂਦੀ ਹੈ ਕਿ ਸੱਦਾਮ ਹੁਸੈਨ ਨੇ ਅਮਰੀਕਾ ਲਈ 'ਰੱਬ ਦਾ ਘਸੁੰਨ' ਬਣਾਇਆ ਹੋਇਆ ਹੈ। ਪਰ ਇਹ ਹੈ ਕੀ? ਕਿਸੇ ਨੂੰ ਵੀ ਨਹੀਂ ਪਤਾ ਨਾ ਹੀ ਓਸ ਮੈਂਬਰ ਨੂੰ ਪਤਾ ਹੈ। ਇਸ ਦਾ ਸੱਦਾਮ ਹੁਸੈਨ, ਉਸਦੇ ਜੁਆਈ, ਰੱਖਿਆ ਮੰਤਰੀ ਅਤੇ ਇੱਕ ਦੋ ਇੰਜਨੀਅਰਾਂ ਤੇ ਕੁਝ ਵਿਗਿਆਨੀਆਂ ਨੂੰ ਛੱਡ ਕੇ ਕਿਸੇ ਨੂੰ ਵੀ ਨਹੀਂ ਪਤਾ ਅਤੇ ਇਨਾਂ ਦੀ ਗਿਣਤੀ ਕੇਵਲ ਅੱਠ ਹੈ।

ਸੂਚਨਾ ਮਿਲਣ 'ਤੇ ਸਾਰੇ ਪੱਛਮੀ ਦੇਸ਼ਾਂ ਵਿਚ ਸਹਿਮ ਅਤੇ ਡਰ ਦੀ ਲਹਿਰ ਫੈਲ ਜਾਂਦੀ ਹੈ ਕਿ ਪਤਾ ਨਹੀ ਸੱਦਾਮ ਹੁਸੈਨ ਨੇ ਉਹ ਕਿਹੜਾ ਖ਼ਤਰਨਾਕ ਹਥਿਆਰ ਬਣਾ ਲਿਆ ਹੈ, ਜਿਸ ਨੂੰ ਉਸਨੇ 'ਰੱਬ ਦਾ ਘਸੁੰਨ' ਨਾਮ ਦਿੱਤਾ ਹੈ।

ਬਸ ਫੇਰ ਕੀ ਹੈ ਇੱਕਦਮ ਹੀ ਸੀ.ਆਈ.ਏ. (C.I.A.) ਅਮਰੀਕਾ ਦੀ ਖੁਫੀਆ ਏਜੰਸੀ , ਐਸ.ਆਈ.ਐਸ ਇੰਗਲੈਂਡ ਦੀ ਖੁਫੀਆਂ ਏਜੰਸੀ ਅਤੇ ਸਭ ਤੋਂ ਖ਼ਤਰਨਾਕ ਮੁਸਾਦ ਇਸਰਾਈਲ ਦੀ ਖੁਫੀਆ ਏਜੰਸੀ ਹਰਕਤ ਵਿਚ ਆ ਜਾਂਦੀਆਂ ਹਨ। ਇਹ ਪਤਾ ਲਗਾਉਣ ਲਈ ਕਿ ਅਖਿਰ ਇਹ ਹੈ ਕੀ ਬਲਾ?

ਫਿਰ ਭਾਲ ਹੁੰਦੀ ਹੈ ਮੁੱਖ ਪਾਤਰ ਮਾਈਕ ਮਾਰਟਨ ਦੀ। ਮਾਈਕ ਮਾਰਟਨ ਦਾ ਪਿਤਾ ਕਿਸੇ ਵੇਲੇ ਭਾਰਤ ਦੇ ਸੂਬੇ ਅਸਾਮ ਵਿਚ ਉੱਚ ਅਹੁਦੇ ਉਪਰ ਸੀ, ਜਿਸਦੀ ਮੁਹੱਬਤ ਇਕ ਭਾਰਤੀ ਕੁੜੀ ਨਾਲ ਹੋ ਜਾਂਦੀ ਹੈ। ਜਿਸ ਨਾਲ ਉਹ ਸ਼ਾਦੀ ਕਰ ਲੈਂਦਾ ਹੈ, ਜਿਸ ਦੇ ਦੋ ਮੁੰਡੇ ਹੁੰਦੇ ਹਨ। ਕੁਝ ਸਮੇਂ ਬਾਅਦ ਉਹ ਅਪਣੀ ਪਤਨੀ ਅਤੇ ਬੱਚਿਆਂ ਸਮੇਤ ਇਰਾਕ ਦੇ ਸ਼ਹਿਰ ਬਗਦਾਦ ਚਲਿਆ ਜਾਂਦਾ ਹੈ ਅਤੇ ਉਥੇ ਹੀ ਵਸ ਜਾਂਦਾ ਹੈ। ਦੋਹਾਂ ਬੱਚਿਆਂ ਦੀ ਪੜ੍ਹਾਈ ਇਰਾਕ ਵਿਚ ਹੀ ਹੁੰਦੀ ਹੈ। ਇੰਜ ਉਹ ਅਰਬੀ ਭਾਸ਼ਾ ਬੋਲਣ ਵਿਚ ਮਹਿਰ ਹੋ ਜਾਂਦੇ ਹਨ। ਇਕ ਤਰ੍ਹਾਂ ਨਾਲ ਅਰਬੀ ਉਨ੍ਹਾਂ ਦੀ ਮਾਤ ਭਾਸ਼ਾ ਬਣ ਜਾਂਦੀ ਹੈ। ਉਹ ਇਰਾਕ ਵਿਚ ਹੀ ਜਵਾਨ ਹੁੰਦੇ ਹਨ ਅਤੇ ਪ੍ਰਵਾਨ ਚੜ੍ਹਦੇ ਹਨ ਪਰੰਤੂ ਮਾਂ ਅਤੇ ਪਿਓ ਦੀ ਮੌਤ ਤੋਂ ਬਾਅਦ ਉਹ ਇੰਗਲੈਂਡ ਜਾ ਵੱਸਦੇ ਹਨ। ਪਰ ਉਨ੍ਹਾਂ ਦੀ ਅਰਬੀ ਬੋਲਣ ਦੀ ਮੁਹਾਰਤ ਕਾਇਮ ਰਹਿੰਦੀ ਹੈ।

ਇਥੇ ਹੀ ਮਾਈਕ ਮਾਰਟਨ ਦਾ ਸੰਬੰਧ ਇਰਾਕ ਨਾਲ ਜੁੜਦਾ ਹੈ। ਇਸ ਨਾਵਲ ਦੀ ਦਿਲਚਸਪੀ ਅਤੇ ਤੱਥਾਂ ਭਰਪੂਰ ਕਥਾ ਮਾਈਕ ਦੇ ਬਗਦਾਦ ਪਹੁੰਚਣ ਨਾਲ ਸ਼ੁਰੂ ਹੁੰਦੀ ਹੈ। ਪਰੰਤੂ ਉਸ ਤੋਂ ਪਹਿਲਾਂ ਉਹ ਸਾਊਦੀ ਅਰੇਬੀਆ ਵਿਚ ਗੁਪਤਚਰ ਦੀ ਭੂਮਿਕਾ ਨਿਭਾਅ ਚੁੱਕਾ ਹੈ, ਜੋ ਕਿ ਬੜੇ ਵਚਿੱਤਰ ਢੰਗ ਨਾਲ ਕੁਵੈਤ ਪਹੁੰਚਦਾ ਹੈ। ਏਜੰਸੀਆਂ ਉਸ ਨੂੰ ਹੈਲੀਕਾਪਟਰ ਰਾਹੀਂ ਕੁਵੈਤ ਦੇ ਬਾਰਡਰ ਉਪਰ ਛੱਡ ਆਉਂਦੀਆਂ ਹਨ। ਉਸ ਤੋਂ ਅੱਗੇ ਉਹ ਅਰਬੀ ਭੇਸ ਧਾਰ ਲੈਂਦਾ ਹੈ ਅਤੇ ਇਕ ਬੱਚੇ ਵਾਲੀ ਊਠਣੀ ਖਰੀਦ ਲੈਂਦਾ ਹੈ ਅਤੇ ਕੁਵੈਤ ਵਿਚ ਦਾਖ਼ਲ ਹੋ ਜਾਂਦਾ ਹੈ। ਕੁਵੈਤ ਦੀ ਰਾਜਧਾਨੀ ਪਹੁੰਚ ਕੇ ਉਹ ਉਨ੍ਹਾਂ ਨੌਜਵਾਨਾਂ ਨਾਲ ਸਪੰਰਕ ਕਰਦਾ ਹੈ, ਜਿਹੜੇ ਇਰਾਕ ਦਾ ਵਿਰੋਧ ਕਰਦੇ ਹਨ। ਉਹ ਉਹਨਾਂ ਨੂੰ ਗੁਰੀਲਾ ਵਾਰ ਦੀ ਟ੍ਰੇਨਿੰਗ ਦੇ ਕੇ ਇਰਾਕੀ ਫੌਜੀਆਂ ਨੂੰ ਨੁਕਸਾਨ ਪਹੁੰਚਾਉਣ ਦੇ ਢੰਗ ਦੱਸਦਾ ਹੈ। ਇਹ ਗੁਰ ਇਨ੍ਹੇ ਆਸਾਨ, ਸਾਦੇ ਅਤੇ ਵਿਰੋਧੀ ਲਈ ਨੁਕਸਾਨਦੇਹ ਹੁੰਦੇ ਹਨ ਕਿ ਪਾਠਕ ਪੜ੍ਹ ਕੇ ਹੈਰਾਨ ਹੋ ਜਾਂਦਾ ਹੈ। ਕੁਵੈਤ ਵਿਚ ਅਪਣਾ ਮਿਸ਼ਨ ਪੂਰਾ ਕਰਕੇ ਜਦੋਂ ਉਹ ਵਾਪਸ ਇੰਗਲੈਂਡ ਪਹੁੰਚਦਾ ਹੈ ਤਾਂ ਇਧਰ 'ਰੱਬ ਦੇ ਘਸੁੰਨ' ਬਾਰੇ ਚਰਚਾ ਹੈ। ਸਾਰਾ ਪੱਛਮੀ ਜਗਤ ਉਸ ਖ਼ਤਰਨਾਕ ਹਥਿਆਰ ਬਾਰੇ ਪਤਾ ਲਗਾਉਣ ਲਈ ਤਰਲੋਮੱਛੀ ਹੋਇਆ ਪਿਆ ਹੈ। ਇਸ ਕਾਰਜ ਲਈ ਵੀ ਆਖਰ ਮਾਈਕ ਮਾਰਟਨ ਨੂੰ ਚੁਣਿਆ ਜਾਂਦਾ ਹੈ। ਪਰੰਤੂ ਇੰਗਲੈਂਡ ਦੀ ਖੁਫੀਆ ਏਜੰਸੀ ਨੂੰ ਖ਼ਤਰਾ ਹੈ ਕਿ ਉਨ੍ਹਾਂ ਦਾ ਬੰਦਾ ਇਰਾਕ ਵਿਚ ਕਾਬੂ ਆ ਸਕਦਾ ਹੈ। ਉਹ ਇਰਾਕ ਦੀਆਂ ਖੁਫੀਆ ਏਜੰਸੀ, ਜਿਸ ਦਾ ਮੁਖੀ ਸੱਦਾਮ ਹੁਸੈਨ ਦਾ ਜੁਆਈ ਆਪ ਹੈ, ਤੋਂ ਬਹੁਤ ਭੈਅ ਭੀਤ ਹਨ। ਕਿਉਂਕਿ ਉਹ ਫੜੇ ਗਏ ਬੰਦਿਆਂ ਨੂੰ ਬੁਰੀ ਤਰ੍ਹਾਂ ਟਾਰਚਰ ਕਰਦੇ ਹਨ। ਇਸ ਲਈ ਐਸ.ਆਈ. ਐਸ. ਦਾ ਮੁਖੀ ਮੈਡਮ ਮਾਰਗੇਟ ਥੈਚਰ ਕੋਲ ਜਾਂਦਾ ਹੈ। ਉਸਨੂੰ ਅਪਣੀ ਸਮੱਸਿਆ ਦੱਸਦਾ ਹੈ। ਥੈਚਰ ਅੱਗੋਂ ਪ੍ਰੈਜ਼ੀਡੈਂਟ ਬੁਸ਼ ਨਾਲ ਗੱਲ ਕਰਦੀ ਹੈ। ਬੁਸ਼ ਫੋਨ ਉਪਰ ਰੂਸ ਵਿਚ ਗੋਰਬਾਚੋਵ ਨਾਲ ਗੱਲ ਕਰਦਾ ਹੈ ਕਿ ਸਾਡੇ ਦੋ ਬੰਦੇ ਤੁਹਾਡੇ ਨਾਲ ਗੱਲਬਾਤ ਕਰਨ ਆ ਰਹੇ ਹਨ। ਗੋਰਬਾਚੋਵ ਹੈਰਾਨ ਹੁੰਦਾ ਹੈ ਐਡਾ ਕਿਹੜਾ ਕੰਮ ਹੋਇਆ, ਜਿਹੜਾ ਬੁਸ਼ ਨੇ ਫੋਨ ਉਪਰ ਨਹੀਂ ਦੱਸਿਆ, ਸਗੋਂ ਉਸ ਲਈ ਬੰਦੇ ਭੇਜੇ ਹਨ। ਉਹ ਉਸ ਨਾਲ ਹਾਟ ਲਾਈਨ ਉਪਰ ਗੱਲ ਕਰ ਸਕਦਾ ਸੀ। ਰੂਸ ਕਿਉਂਕਿ ਇਸ ਵੇਲੇ ਇਰਾਕ ਦੀ ਮੱਦਦ ਕਰ ਰਿਹਾ ਹੈ, ਉਹ ਯੂ.ਐਨ.ਓ. ਵਿਚ ਵੀ ਇਰਾਕ ਦੇ ਹੱਕ ਵਿਚ ਭੁਗਤ ਚੁੱਕਾ ਹੈ। ਇਸ ਲਈ ਗੋਰਬਾਚੋਵ ਬੜੀ ਪ੍ਰੇਸ਼ਾਨੀ ਅਤੇ ਦੁਚਿੱਤੀ ਵਿੱਚ ਹੈ।

ਅਮਰੀਕਾ ਅਤੇ ਬਰਤਾਨੀਆਂ ਦੀਆਂ ਖੁਫੀਆਂ ਏਜੰਸੀਆਂ ਦੇ ਮੁਖੀ ਗੋਰਬਾਚੋਵ ਕੋਲ ਪਹੁੰਚਦੇ ਹਨ। ਗੋਰਬਾਚੋਵ ਅਪਣਾ ਦਫਤਰ ਛੱਡਕੇ ਕਿਸੇ ਹੋਰ ਇਮਾਰਤ ਵਿਚ ਉਨ੍ਹਾਂ ਨਾਲ ਮੁਲਾਕਾਤ ਕਰਦਾ ਹੈ। ਜਦ ਉਹ ਦੋਵੇਂ ਸਿੱਧਾ ਹੀ ਆਪਣਾ ਤੁਅਰਫ਼ ਗੋਰਬਾਚੋਵ ਨਾਲ ਕਰਾਉਂਦੇ ਹਨ ਤਾਂ ਗੋਰਬਾਚੋਵ ਨੂੰ ਬੜੀ ਹੈਰਾਨੀ ਹੁੰਦੀ ਹੈ। ਉਹ ਉਹਨਾਂ ਨੂੰ ਆਉਣ ਦਾ ਕਾਰਨ ਪੁੱਛਦਾ ਹੈ। ਉਹ ਦੱਸਦੇ ਹਨ ਕਿ ਅਸੀਂ ਅਪਣਾ ਬੰਦਾ ਤੁਹਾਡੀ ਇਰਾਕ ਵਾਲੀ ਅੰਬੈਸੀ ਵਿਚ ਭੇਜਣਾ ਚਾਹੁੰਦੇ ਹਾਂ। ਗੋਰਬਾਚੋਵ ਦੋਚਿੱਤੀ ਵਿਚ ਪੈ ਜਾਂਦਾ ਹੈ ਪਰ ਦੁਨੀਆਂ ਦੇ ਵੱਡੇ ਵੱਡੇ ਲੀਡਰਾਂ ਦਾ ਹੁਕਮ ਓਸ ਤੋਂ ਟਾਲਿਆ ਨਹੀਂ ਜਾਂਦਾ। ਇਸ ਲਈ ਉਹ ਅਪਣੀ ਅੰਬੈਸੀ ਨੂੰ ਹਦਾਇਤ ਭੇਜਦਾ ਹੈ ਕਿ ਇਕ ਖ਼ਾਸ ਬੰਦਾ ਮਾਲੀ ਦੇ ਤੌਰ 'ਤੇ ਅੰਬੈਸੀ ਨੂੰ ਭੇਜਿਆ ਜਾ ਰਿਹਾ ਹੈ। ਇਥੋਂ ਮਾਈਕ ਦੇ ਇਰਾਕ ਵਿਚ ਦਾਖਲੇ ਦੀ ਕਥਾ ਸ਼ੁਰੂ ਹੋ ਜਾਂਦੀ ਹੈ। ਏਜੰਸੀਆਂ ਉਸਦਾ ਆਈ.ਡੀ.ਕਾਰਡ ਇਸਰਾਈਲ ਦੀ ਏਜੰਸੀ ਮੁਸਾਦ ਕੋਲੋਂ ਬਣਵਾ ਦਿੰਦੀਆਂ ਹਨ। ਇਸ ਏਜੰਸੀ ਦਾ ਕਮਾਲ ਇਹੋ ਹੈ ਕਿ ਇਹਦੇ ਕੋਲ ਹਰ ਮੁਲਕ ਦੇ ਪਾਸਪੋਰਟ, ਵੀਜ਼ੇ, ਕਰੰਸੀ ਅਤੇ ਹੋਰ ਬਹੁਤ ਸਾਰੀ ਸਮੱਗਰੀ ਮੌਜੂਦ ਹੁੰਦੀ ਹੈ।

ਮਾਈਕ ਦਾ ਆਈ.ਡੀ ਕਾਰਡ ਇਰਾਕ ਦੇ ਕਿਸੇ ਦੂਰ-ਦੁਰਾਡੇ ਪਿੰਡ ਦੇ ਅਨਪੜ੍ਹ ਬੱਦੂ ਇਰਾਕੀ ਦੇ ਨਾਮ ਦਾ ਬਣਾ ਦਿੱਤਾ ਜਾਂਦਾ ਹੈ, ਜੋ ਕਿ ਘਸਿਆ-ਪਿਟਿਆ ਅਤੇ ਪੁਰਾਣਾ ਵੀ ਹੈ।

ਜਦ ਮਾਈਕ ਇਰਾਕ ਦੇ ਅੰਦਰ ਦਾਖਲ ਹੁੰਦਾ ਹੈ, ਉਸ ਕੋਲ ਇਕ ਪਿੰਜਰਾ ਹੈ, ਜਿਸ ਵਿਚ ਦੋ ਕੁਕੜੀਆਂ ਹਨ। ਪ੍ਰੰਤੂ ਕਮਾਲ ਦੀ ਗੱਲ ਤਾਂ ਇਹ ਹੈ ਕਿ ਅਸਲ ਵਿਚ ਇਹ ਪਿੰਜਰਾ ਨਹੀਂ ਸੀ ਸਗੋਂ ਇਸ ਨੂੰ ਖੋਹਲ ਕੇ ਦੁਬਾਰਾ ਫਿੱਟ ਕਰਕੇ ਸਿੱਧਾ ਸੈਟੇਲਾਈਟ ਨਾਲ ਜੋੜ ਲਿਆ ਜਾਂਦਾ ਹੈ। ਜਿਸ ਰਾਹੀਂ ਕਈ ਘੰਟਿਆਂ ਦੀ ਇਨਫਰਮੇਸ਼ਨ ਕੁਝ ਸੈਕੰਡਾ ਵਿਚ ਜ਼ਿਪ ਕਰਕੇ ਵਾਪਸ ਭੇਜੀ ਜਾ ਸਕਦੀ ਹੈ।

ਮਾਈਕ ਅੱਗੋਂ ਬੱਸ ਫੜ ਲੈਂਦਾ ਹੈ ਅਤੇ ਬਗਦਾਦ ਨੂੰ ਚੱਲ

ALL CLASS DRIVING ACADEMY

Class 1,2,3,4,5 (Truck, Trailer, Bus & Car)

Training available for all classes

DRIVER INSTRUCTOR

SUKH (BUTALA) ਸੁਖ (ਬੁਤਾਲਾ)

780.906.7445

9253 34A Ave, Edmonton, AB T6E 5T2 (2nd Floor of Maharaja Banquet Hall)

780-907-1884

ਪੈਂਦਾ ਹੈ। ਰਸਤੇ ਵਿਚ ਕਈ ਚੈੱਕ ਪੋਸਟਾਂ ਹਨ, ਬੱਸ ਵਿੱਚੋਂ ਸਾਰੀਆਂ ਸਵਾਰੀਆਂ ਨੂੰ ਉਤਾਰ ਕੇ ਤਲਾਸ਼ੀ ਲਈ ਜਾਂਦੀ ਹੈ, ਉਨ੍ਹਾਂ ਦੇ ਸਨਾਖਤੀ ਕਾਰਡ ਵੇਖੇ ਜਾਂਦੇ ਹਨ। ਹਰ ਵਾਰ ਮਾਈਕ ਨੂੰ ਵੀ ਉਤਾਰ ਲਿਆ ਜਾਂਦਾ ਹੈ। ਉਹ ਵੀ ਅਪਣਾ ਘਿਸਿਆ-ਪਿਟਿਆ ਆਈ.ਕਾਰਡ ਅਧਿਕਾਰੀਆਂ ਨੂੰ ਵਿਖਾਉਂਦਾ ਹੈ। ਜਦ ਅਧਿਕਾਰੀ ਉਸ ਨੂੰ ਪੁੱਛਦੇ ਹਨ ਕਿ ਕਿੱਥੋਂ ਆਇਆ ਹੈ? ਤਾਂ ਉਹ ਅਨਪੜ੍ਹ ਭੋਲੇ ਭਾਲੇ ਬੰਦਿਆਂ ਵਾਂਗ ਕਹਿੰਦਾ ਹੈ, ਮੈਂ ਉਸ ਇਲਾਕੇ ਵਿਚੋਂ ਆਇਆ ਹਾਂ ਜਿੱਥੇ ਤਰਬੂਜ਼ ਬੜੇ ਹੁੰਦੇ ਹਨ। ਅਧਿਕਾਰੀ ਉਸਦੀ ਮੂਰਖਤਾ ਉਪਰ ਹੱਸਦੇ ਉਸ ਨੂੰ ਅੱਗੇ ਜਾਣ ਦੇ ਦੇਂਦੇ ਹਨ। ਮਾਈਕ ਦਾ ਇਹ ਸਫ਼ਰ ਬੜਾ ਰੌਚਕ ਭਰਿਆ ਅਤੇ ਖ਼ਤਰਿਆਂ ਭਰਿਆ ਹੈ।

ਅਖੀਰ ਵਿਚ ਉਹ ਬਗਦਾਦ ਪਹੁੰਚ ਜਾਂਦਾ ਹੈ ਅਤੇ ਕਿਵੇਂ ਨਾ ਕਿਵੇਂ ਅੰਬੈਸੀ ਦੀ ਇਮਾਰਤ ਵਿਚ ਪਹੁੰਚ ਕੇ ਰਿਪੋਰਟ ਕਰਦਾ ਹੈ। ਉੱਥੋਂ ਦਾ ਰਸੋਈਆ ਉਸ ਨੂੰ ਬਾਗ ਵਿਚ ਬਣੇ ਕਮਰੇ ਵਿਚ ਛੱਡ ਆਉਂਦਾ ਹੈ। ਉਸ ਰਾਤ ਹੀ ਮਾਈਕ ਕੁਕੜੀਆਂ ਨੂੰ ਤਾਂ ਕਿਧਰੇ ਛੱਡ ਦੇਂਦਾ ਹੈ ਅਤੇ ਜਲਦੀ ਨਾਲ ਅਪਣਾ ਐਂਟੀਨਾ ਫਿੱਟ ਕਰਕੇ ਅਪਣੇ ਪਹੁੰਚ ਜਾਣ ਦੀ ਰਿਪੋਰਟ ਪਿੱਛੇ ਨੂੰ ਦਿੰਦਾ ਹੈ। ਜਿੱਥੋਂ ਉਸ ਨੂੰ ਕੁਝ ਹਦਾਇਤਾਂ ਮਿਲਦੀਆਂ ਹਨ ਕਿ ਫਲਾਣੀ ਮਸਜਦ ਦੀ ਫਲਾਣੀ ਕੰਧ ਉੱਪਰ ਫਲਾਣੇ ਥਾਂ ਜੇਕਰ ਚਾਕ ਨਾਲ ਸਹੀ ਨਿਸ਼ਾਨ ਲੱਗਾ ਹੋਵੇ ਤਾਂ ਤੂੰ ਫਲਾਣੇ ਕਬਰਸਤਾਨ ਵਿਚੋਂ ਫਲਾਣੀ ਕਬਰ ਦੀ ਫਲਾਣੀ ਇੱਟ ਨੂੰ ਬਾਹਰ ਕੱਢ ਕੇ ਉਸ ਅੰਦਰ ਪਏ ਸੂਚਨਾ ਵਾਲੇ ਕਾਗਜ਼ ਕੱਢ ਕੇ ਵਾਪਸ ਉਹ ਸੂਚਨਾ ਸਾਨੂੰ ਭੇਜਣੀ ਹੈ। ਅਗਲੀ ਸੁਬ੍ਹਾ ਹੀ ਮਾਈਕ ਸਾਈਕਲ ਫੜ ਬਾਜ਼ਾਰ ਨੂੰ ਸਬਜ਼ੀ ਵਗੈਰਾ ਲਿਆਉਣ ਦਾ ਬਹਾਨਾ ਕਰ ਕੇ ਚਲਾ ਜਾਂਦਾ ਹੈ। ਉਸ ਦੀ ਹਰ ਹਰਕਤ ਵਿਚ ਨਜ਼ਰ ਵੀ ਰੱਖੀ ਜਾ ਰਹੀ ਹੈ। ਕਿਉਂਕਿ ਅੰਬੈਸੀ ਵਿਚ ਰਸੋਈਏ ਦਾ ਕੰਮ ਕਰਨ ਵਾਲਾ ਵੀ ਇਰਾਕ ਦੀ ਏਜੰਸੀ ਦਾ ਬੰਦਾ ਹੈ, ਉਹ ਵੀ ਮਾਈਕ ਉੱਪਰ ਨਜ਼ਰ ਰੱਖ ਰਿਹਾ ਹੈ। ਬਾਜ਼ਾਰ ਵਿਚ ਉਹ ਦੱਸੀ ਥਾਂ ਉਪਰ ਜਾ ਕੇ ਵੇਖਦਾ ਹੈ ਤਾਂ ਸਚੱਮੁੱਚ ਹੀ ਚਾਕ ਨਾਲ ਨਿਸ਼ਾਨੀ ਲੱਗੀ ਹੋਈ ਸੀ। ਸਾਈਕਲ ਘੁਮਾਉਂਦਾ ਉਹ ਕਬਰਸਤਾਨ ਵੱਲ ਨਿਕਲ ਜਾਂਦਾ ਹੈ ਅਤੇ ਦੱਸੇ ਥਾਂ ਤੋਂ ਕਾਗਜ਼ ਚੁੱਕ ਵਾਪਸ ਕਮਰੇ ਵਿਚ ਆ ਜਾਂਦਾ ਹੈ। ਪੂਰੀ ਸੂਚਨਾ ਦੀ ਰਿਪੋਰਟ ਤਿਆਰ ਕਰਦਾ ਹੈ ਅਤੇ ਅੱਧੀ ਰਾਤ ਨੂੰ ਪਿੰਜਰਾ ਖੋਲ ਕੇ ਦੁਬਾਰਾ ਫਿੱਟ ਕਰਕੇ ਸਾਰੀ ਸੂਚਨਾ ਆਪਣੀਆਂ ਏਜੰਸੀਆਂ ਨੂੰ ਭੇਜ ਦਿੰਦਾ ਹੈ। ਉਧਰ ਇਰਾਕ ਦੀ ਏਜੰਸੀ ਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਸਾਰੀ ਸੂਚਨਾ ਬਾਹਰ ਲੀਕ ਹੋ ਰਹੀ ਹੈ। ਉਹ ਟ੍ਰਾਂਸਮੀਟਰ ਦੀ ਭਾਲ ਸ਼ੁਰੂ ਕਰਦੇ ਹਨ। ਖੇਤਰ ਨੂੰ ਛਾਣਦੇ ਬੀਣਦੇ ਉਹ ਬਗਦਾਦ ਸ਼ਹਿਰ ਤੱਕ ਲੈ ਆਉਂਦੇ ਹਨ। ਫਿਰ ਬਗਦਾਦ ਸ਼ਹਿਰ ਅੰਦਰ ਵੀ ਉਹ ਨਿਸ਼ਾਨਦੇਹੀ ਕਰਦੇ ਪੰਜ ਸੌ ਮੀਟਰ ਦੇ ਘੇਰੇ ਤੱਰ ਸੀਮਤ ਕਰ ਲੈਂਦੇ ਹਨ। ਉਸ ਤੋਂ ਬਾਅਦ ਦੋ ਸੌ ਮੀਟਰ ਦਾ ਘੇਰਾ ਨਿਸ਼ਚਿਤ ਕੀਤਾ ਜਾਂਦਾ ਹੈ। ਇਸ ਦੋ ਸੌ ਮੀਟਰ ਵਿਚ ਅੰਬੈਸੀ ਦੀ ਇਮਾਰਤ ਵੀ ਹੈ ਕਿ ਅੰਬੈਸੀ ਦੀ ਤਲਾਸ਼ੀ ਹੋਣ ਲਈ ਹੋਮ-ਮਨਿਸਟਰੀ ਤੋਂ ਮਨਜ਼ੂਰੀ ਲੈਣੀ ਬਣਦੀ ਹੈ। ਏਜੰਸੀ ਦਾ ਚੀਫ ਮਨਜ਼ੂਰੀ ਲੈਣ ਲਈ ਹੋਮ-ਮਨਿਸਟਰ ਕੋਲ ਪਹੁੰਚਦਾ ਹੈ, ਉਹ ਅੱਗੋ ਉਸਨੂੰ ਝਾੜ ਪਾਉਂਦਿਆ ਕਹਿੰਦਾ ਹੈ ਕਿਉਂ ਮਰਵਾਉਣਾ ਈ, ਇੱਕੋ ਰੂਸ ਹੀ ਤਾਂ ਸਾਡੀ ਮੱਦਦ ਕਰ ਰਿਹਾ ਹੈ, ਉਸ ਨੂੰ ਵੀ ਨਾਰਾਜ਼ ਕਰ ਲਈਏ?

ਉਧਰ ਮਾਈਕ ਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਇਰਾਕ ਦੀ ਏਜੰਸੀ ਉਸ ਦੇ ਪਿੱਛੇ ਹੈ। ਉਹ ਅਪਣਾ ਸਮਾਨ ਅੰਬੈਸੀ ਦੇ ਗੁਆਂਢ ਵੱਸਦੇ ਇਕ ਮਕਾਨ ਅੰਦਰ ਸੁੱਟ ਦਿੰਦਾ ਹੈ। ਉਸ ਮਕਾਨ ਅੰਦਰ ਇਕ ਬੁੱਢਾ ਅਤੇ ਬੁੱਢੜੀ ਹੀ ਰਹਿੰਦੇ ਹਨ, ਜਿਨ੍ਹਾਂ ਦੇ ਦੋ ਪੁੱਤਰ ਹਨ। ਵੱਡਾ ਪੁੱਤਰ ਏਅਰ ਫੋਰਸ ਦਾ ਕਮਾਂਡਰ ਹੈ ਅਤੇ ਦੂਜਾ ਛੋਟਾ ਇੰਜਨੀਅਰ ਹੈ, ਜਿਹੜਾ 'ਰੱਬ ਦੇ ਘਸੁੰਨ' ਨੂੰ ਬਣਾਉਣ ਵਿਚ ਸ਼ਾਮਲ ਹੈ।

ਸੁਰੱਖਿਆ ਏਜੰਸੀਆਂ ਬੁੱਢੇ ਨੂੰ ਫੜ ਕੇ ਲੈ ਜਾਂਦੀਆਂ ਹਨ ਅਤੇ ਟਾਰਚਰ ਕਰਕੇ ਮਾਰ ਦੇਂਦੀਆਂ ਹਨ। ਬੁੱਢਾ ਭਾਵੇਂ ਬਹੁਤ ਕਹਿੰਦਾ ਹੈ ਕਿ ਉਹ ਬੇਕਸੂਰ ਹੈ ਉਸ ਦੇ ਅਪਣੇ ਪੁੱਤਰ ਦੇਸ਼ ਦੀ ਸੇਵਾ ਵਿਚ ਲੱਗੇ ਹਨ ਪਰ ਉਸਦੀ ਕੋਈ ਨਹੀਂ ਸੁਣਦਾ। ਘਰ ਉਸਦੇ ਸੜੇ ਹੋਏ ਮਾਸ ਦੀ ਗੁਠਣੀ ਹੀ ਪਹੁੰਚਦੀ ਹੈ। ਛੋਟੇ ਪੁੱਤਰ ਨੂੰ ਪਿਤਾ ਦੀ ਮੌਤ ਦਾ ਬਹੁਤ ਦੁੱਖ ਹੁੰਦਾ ਹੈ।

ਉਸ ਨੂੰ ਗ਼ਮ ਵਿਚ ਦੇਖ ਕੇ ਇਕ ਜਣਾ ਉਸ ਨੂੰ ਬੁਲਾ ਕੇ ਬਹੁਤ ਵੱਡੀ ਕਾਰ ਵਿਚ ਬਿਠਾਉਂਦਾ ਹੈ। ਉਸ ਕਾਰ ਸਵਾਰ ਦੇ ਨਕਾਬ ਪਾਇਆ ਹੋਇਆ ਹੈ, ਜਿਸ ਕਰਕੇ ਛੋਟੇ ਨੂੰ ਉਸਦੀ ਪਛਾਣ ਨਹੀਂ ਆਉਂਦੀ ਪਰ ਉਹ ਬੰਦਾ ਉਸ ਨੂੰ ਕਹਿੰਦਾ ਹੈ ਕਿ ਦੇਖਿਆ ਤੁਸੀਂ ਸਰਕਾਰ ਦੀ ਏਨੀ ਸੇਵਾ ਕੀਤੀ ਤੇ ਤੁਹਾਡੇ ਨਾਲ ਵੀ ਕੀ ਬੀਤੀ। ਇਸ ਲਈ ਜੇਕਰ ਤੂੰ ਮੈਨੂੰ 'ਰੱਬ ਦੇ ਘਸੁੰਨ' ਦਾ ਭੇਤ ਨਾ ਦੱਸਿਆ ਤਾਂ ਦੇਸ਼ ਦੇ ਹੋਰ ਬਹੁਤ ਸਾਰੇ ਲੋਕਾਂ ਦਾ ਵੀ ਇਹੋ ਹਾਲ ਹੋਵੇਗਾ। ਉਹ ਉਸ ਆਦਮੀ ਨੂੰ ਉਸ ਪਹਾੜੀ ਦਾ ਨਾਮ ਦੱਸਦਾ ਹੈ, ਜਿਸ ਦੇ ਅੰਦਰ ਗੁਪਤ ਤੌਰ 'ਤੇ ਉਨ੍ਹਾਂ ਨੇ ਕੁਝ ਬਣਾਇਆ ਸੀ ਪਰ ਉੱਥੇ ਬਾਅਦ ਵਿਚ ਕੀ ਹੈ, ਇਹ ਉਸਨੂੰ ਪਤਾ ਨਹੀਂ।

ਇਹ ਭੇਤ ਮਾਈਕ ਕੋਲ ਪਹੁੰਚ ਜਾਂਦਾ ਹੈ, ਉਹ ਕੁਵੈਤ ਨੂੰ ਨਿਕਲ ਜਾਂਦਾ ਹੈ। ਉਥੇ ਉਹ ਉਸ ਪਹਾੜੀ ਬਾਰੇ ਦੱਸਦਾ ਹੈ। ਮਾਈਕ ਸਮੇਤ ਪੰਜ ਆਦਮੀਆਂ ਦੀ ਡਿਊਟੀ ਉਸ ਪਹਾੜੀ ਦਾ ਭੇਦ ਜਾਨਣ ਲਈ ਲੱਗਦੀ ਹੈ। ਇਨ੍ਹਾਂ ਪੰਜਾਂ ਨੂੰ ਪੈਰਾਸ਼ੂਟਾਂ ਰਾਹੀਂ ਉਸ ਪਹਾੜੀ ਦੇ ਨੇੜੇ ਉਤਾਰਿਆ ਜਾਂਦਾ ਹੈ। ਪੰਜਾਂ ਵਿਚੋਂ ਇਕ ਉਤਰਨ ਲੱਗਿਆ ਬੁਰੀ ਤਰ੍ਹਾਂ ਜ਼ਖ਼ਮੀ ਹੋ ਜਾਂਦਾ ਹੈ।

ਬਾਕੀ ਚਾਰ ਦੇਖਦੇ ਹਨ ਕਿ ਬੜੀ ਵੱਡੀ ਵਿਰਾਨ ਪਹਾੜੀ ਹੈ, ਕਿਧਰੇ ਵੀ ਕਿਸੇ ਬਿਜਲੀ ਵਾਲੇ ਖੰਭੇ ਜਾਂ ਕੋਈ ਵੀ ਆਧੁਨਿਕ ਸ਼ੈਅ ਨਜ਼ਰ ਨਹੀਂ ਆਉਂਦੀ। ਪਹਾੜੀ ਦੇ ਪੈਰਾਂ ਵਿਚ ਇਕ ਪਿੰਡ ਜਿਹਾ ਹੈ, ਜਿਹੜਾ ਕਿ ਝੁੱਗੀਆਂ ਝੌਂਪੜੀਆਂ ਦਾ ਬਣਿਆ ਹੋਇਆ ਹੈ। ਇਸ ਵਿਚ ਰਹਿਣ ਵਾਲੇ ਲੋਕ ਬੱਦੂਆਂ ਵਰਗੇ ਹਨ, ਜਿਹੜੇ ਭੇਡਾਂ ਬੱਕਰੀਆਂ ਚਾਰਦੇ ਹਨ।

ਮਾਈਕ ਨੂੰ ਪਤਾ ਲੱਗਦਾ ਹੈ ਕਿ ਅਸਲ ਵਿਚ ਇਹ ਬੱਦੂ ਲੋਕ ਨਹੀਂ ਸਗੋਂ, ਸਕਿਊਰਟੀ ਦੇ ਬੰਦੇ ਹਨ, ਜਿੰਨਾ ਨੇ ਬੱਦੂਆਂ ਦਾ ਭੇਸ ਧਾਰਿਆ ਹੈ। ਇਕ ਪਹਾੜੀ ਉਪਰ ਉਹ ਬਿਜਲੀ ਦੀਆਂ ਮੋਟੀਆਂ-ਮੋਟੀਆਂ ਤਾਰਾਂ ਹਨ, ਜਿਹੜੀਆਂ ਕਿ ਧਰਤੀ ਵਿਚ ਨੱਪੀਆਂ ਹੋਈਆਂ ਹਨ। ਉਸ ਨੂੰ ਸਮਝ ਆਉਂਦੀ ਹੈ ਕਿ ਇਹ ਸਭ ਗੁਪਤ ਰੱਖਣ ਲਈ ਹੀ ਕੀਤਾ ਗਿਆ ਹੈ। ਮਾਈਕ ਅਤੇ ਉਸਦੇ ਸਾਥੀ ਰਾਤ ਦੇ ਹਨੇਰੇ ਵਿਚ ਸਾਰਾ ਕੁਝ ਕਰਦੇ ਹਨ। ਸਾਰੀ ਜਾਣਕਾਰੀ ਲੈ ਕੇ ਉਹ ਵਾਪਸ ਚਲੇ ਜਾਂਦੇ ਹਨ।

ਉਸ ਤੋਂ ਬਾਅਦ ਸ਼ੁਰੂ ਹੁੰਦੀ ਹੈ ਅਮਰੀਕਾ ਦੀ ਇਰਾਕ ਦੇ ਖ਼ਿਲਾਫ਼ ਜੰਗ, ਜਿਹੜੀ 1990-91 ਵਿਚ ਲੜੀ ਗਈ ਸੀ। ਉਸ ਸਮੇਂ ਜਦ ਇਰਾਕ ਨੇ ਕੁਵੈਤ ਉਪਰ ਹਮਲਾ ਕਰਕੇ ਉਸ ਨੂੰ ਅਪਣੇ ਕਬਜ਼ੇ ਵਿਚ ਕਰ ਲਿਆ ਸੀ ਤਾਂ ਉਸ ਸਮੇਂ ਮੇਰੇ ਦਿਮਾਗ ਵਿਚ ਵੀ ਆਇਆ ਸੀ ਕਿ ਇਰਾਕ ਨੇ ਗ਼ਲਤ ਕੀਤਾ ਹੈ। ਉਸ ਨੂੰ ਦੂਸਰੇ ਮੁਲਕ ਉਪਰ ਹਮਲਾ ਨਹੀਂ ਸੀ ਕਰਨਾ ਚਾਹੀਦਾ ਪਰ ਇਹ ਨਾਵਲ ਪੜਨ ਤੋਂ ਬਾਅਦ ਪਤਾ ਲੱਗਾ ਕਿ ਕੁਵੈਤ ਤਾਂ ਹੈ ਹੀ ਇਰਾਕ ਦਾ ਉਨ੍ਹੀਵਾਂ ਸੂਬਾ, ਜਿਸ ਨੂੰ ਅੰਗਰੇਜ਼ਾਂ ਨੇ ਅਪਣੇ ਹਿੱਤਾਂ ਲਈ ਇਰਾਕ ਤੋਂ ਅੱਡ ਕਰ ਦਿੱਤਾ ਸੀ।

ਇਹ ਨਾਵਲ ਵਿਚ ਜਿਥੇ ਲੇਖਕ ਨੇ ਸਾਰੀ ਦੁਨੀਆਂ ਦੇ ਦੇਸ਼ਾਂ ਦੇ ਆਪਸੀ ਸੰਬੰਧਾਂ ਦਾ ਲੇਖਾ-ਜੋਖਾ ਕੀਤਾ ਹੈ, ਉਥੇ ਆਧੁਨਿਕ ਮਾਰੂ ਹਥਿਆਰਾਂ ਦੀ ਖੋਜ ਵਿਧੀ ਬਾਰੇ ਵੀ ਦੱਸਿਆ ਹੈ ਕਿ ਕਿਵੇਂ ਸਾਰੀ ਦੁਨੀਆਂ ਦੇ ਦੇਸ਼ ਵਿਗਿਆਨੀਆਂ ਨੂੰ ਇਕ ਹਥਿਆਰ ਅਤੇ ਸਰਮਾਏ ਵਜੋਂ ਵਰਤ ਕੇ ਵੱਧ ਤੋਂ ਵੱਧ ਮਾਰੂ ਹਥਿਆਰ ਬਣਾਉਣ ਵਿਚ ਲਗਾ ਰਹੇ ਹਨ। ਇਸ ਨਾਵਲ ਵਿਚੋਂ ਸਾਰੀ ਦੁਨੀਆਂ ਦੇ ਖੁਫੀਆਤੰਤਰ ਦਾ ਵੀ ਪਤਾ ਲੱਗਦਾ ਹੈ।

ਇਸ ਲੇਖਕ ਦੀ ਦੂਜੀ ਕਿਤਾਬ ''The Deceiver`` ਮੈਂ ਵਰਜੀਨੀਆ ਸਟੇਟ ਦੇ ਫੇਅਰ ਫੈਕਸ ਸਿਟੀ ਵਿਚ ਸ਼ੁਰੂ ਕੀਤੀ ਅਤੇ ਫਿਲਾਡੈਲਫੀਆ ਵਿਚ ਪੂਰੀ ਕੀਤੀ। ਇਹ ਕਿਤਾਬ ਵੀ ਖੁਫੀਆ ਏਜੰਸੀਆਂ ਬਾਰੇ ਹੈ, ਜਿਸ ਵਿਚ ਸੀ.ਆਈ.ਏ. ਅਤੇ ਕੇ.ਜੀ.ਬੀ. ਦੇ ਆਪਸੀ ਚੂਹੇ-ਬਿੱਲੀ ਦੀ ਦੌੜ ਦਾ ਜ਼ਿਕਰ ਹੈ।

ਆਸ਼ਕ ਰਹਿਣ ਅਲੱਗ

ਅਤੈ ਸਿੰਘ

ਵਕਤਾ ਭਾਸ਼ਨ ਕਰ ਰਿਹਾ ਸੀ। ਮਸਲਾ ਬੜਾ ਗੰਭੀਰ ਸੀ, ਪ੍ਰਮਾਣੂ ਧਮਾਕਾ। ਵਕਤਾ ਬੜਾ ਵਿਦਵਾਨ ਸੀ। ਸੁਣਨ ਵਾਲੇ ਬੁੱਧੀਜੀਵੀ, ਅਧਿਆਪਕ, ਵਿਦਿਆਰਥੀ ਸਨ। ਹਰ ਸ਼ਬਦ ਸੋਚ-ਸੋਚ ਕੇ, ਬੋਚ-ਬੋਚ ਕੇ ਬੋਲਦਾ ਸੀ ਉਹ। ਬੜੀ ਚੰਗੀ ਤਰ੍ਹਾਂ। ਬਾਅਦ ਵਿੱਚ ਬਹਿਸ ਦੌਰਾਨ ਸਵਾਲਾਂ ਦੇ ਜਵਾਬ ਉਸ ਬੜੇ ਠਰ੍ਹਮੇ ਅਤੇ ਵਿਸ਼ਵਾਸ ਨਾਲ ਦਿੱਤੇ। ਲਗਦਾ ਸੀ, ਬਾਕੀ ਕੁੱਝ ਨਹੀਂ ਰਿਹਾ ਹੁਣ ਇਸ ਵਿਸ਼ੇ ਉੱਤੇ ਸਵਾਲ ਪੁੱਛਣ ਵਾਲਾ, ਸੁਣਨ ਵਾਲਾ, ਦੱਸਣ ਵਾਲਾ, ਪਰ ਇਹ ਲੱਗਦਾ ਹੀ ਸੀ, ਹੈ ਨਹੀਂ ਸੀ। ਅਸਲ ਵਿੱਚ ਦੱਸਿਆ.....ਪੁੱਛਿਆ, ਸੁਣਿਆ ਏਨਾ ਨਹੀਂ ਜਾਂਦਾ ਜਿੰਨਾ ਬਾਕੀ ਰਹਿ ਜਾਂਦਾ ਏ ਦੱਸਣ, ਪੁੱਛਣ, ਸੁਣਨ ਵਾਲਾ। ਕੁੱਝ ਬਾਕੀ ਰਹਿੰਦਾ ਏ ਤਾਂ ਗੱਲ ਅੱਗੇ ਤੁਰਦੀ ਏ ਤੇ ਇਸ ਸਾਰੇ ਮਸਲੇ ਵਿੱਚੋਂ ਬਾਕੀ ਸੀ ਇਕ ਨੁਕਤਾ ਨਿੱਕਾ ਜਿਹਾ, ਜਿਸ ਬਾਰੇ ਕੋਈ ਸਵਾਲ ਨਾ ਹੋਇਆ।

ਇਹ ਨੁਕਤਾ ਸੀ ਕਿਸੇ ਵੱਡੇ ਸ਼ਹਿਰ ਦੇ ਲੋਕਾਂ ਦੀ ਪ੍ਰਮਾਣੂ ਧਮਾਕੇ ਬਾਰੇ ਰਾਇ। ਰਾਇ ਕਿੱਡੀ ਵੱਡੀ ਗੱਲ ਏ ਲੋਕ-ਰਾਜ ਵਿੱਚ। ਵਕਤਾ ਦੱਸ ਰਿਹਾ ਸੀ ਕਿ ਏਨੇ ਫੀਸਦੀ ਲੋਕ ਹੱਕ ਵਿੱਚ ਸਨ। ਏਨੇ ਫੀਸਦੀ ਲੋਕ ਵਿਰੋਧ ਵਿੱਚ ਅਤੇ ਸਿਰਫ਼ ਏਨੇ ਫੀਸਦੀ ਲੋਕ ਸਨ ਜਿਹਨਾਂ ਨੇ ਕੋਈ ਰਾਇ ਨਹੀਂ ਦਿੱਤੀ। ਇਹਨਾਂ ਨਾਲ ਵਕਤਾ ਸਹਿਮਤ ਨਹੀਂ ਸੀ। ਭਾਵੇਂ ਇਹ ਗਿਣਤੀ ਵਿੱਚ ਬਹੁਤ ਥੋੜ੍ਹੇ ਸਨ ਪਰ ਇਹਨਾਂ ਨੂੰ ਰਾਇ ਜ਼ਰੂਰ ਦੇਣੀ ਚਾਹੀਦੀ ਸੀ। ਨੁਕਤਾ ਏਹੀ ਏ ਨਿੱਕਾ ਜਿਹਾ ਕਿ ਰਾਇ ਦੇਣੀ ਹਰ ਇਕ ਲਈ ਲਾਜ਼ਮੀ ਕਿਉਂ ਸਮਝ ਲਈ ਜਾਵੇ? ਕੋਈ, ਹੋ ਸਕਦਾ ਹੈ, ਰਾਇ ਬਣਾ ਹੀ ਨਾ ਸਕਿਆ ਹੋਵੇ, ਰਾਇ ਬਣਾਉਣਾ ਹੀ ਨਾ ਚਾਹੁੰਦਾ ਹੋਵੇ, ਰਾਇ ਦੱਸਣੀ ਹੀ ਨਾ ਚਾਹੁੰਦਾ ਹੋਵੇ। ਰਾਇ ਰਾਖਵੀਂ ਰੱਖਣੀ ਚਾਹੁੰਦਾ ਹੋਵੇ ਜਾਂ ਰਾਇ ਰੱਖਦਾ ਹੀ ਨਾ ਹੋਵੇ, ਤੇ ਜਾਂ ਮਸਲਾ ਹੀ ਅਜਿਹਾ ਹੋਵੇ ਕਿ ਉਸ ਬਾਰੇ ਕੋਈ ਰਾਇ ਬਣਦੀ ਹੀ ਨਾ ਹੋਵੇ।

ਰਾਇ ਬਣਾਉਣ ਲਈ ਬੰਦੇ ਕੋਲ ਚੋਖੀ ਜਾਣਕਾਰੀ ਅਤੇ ਸਮਾਂ ਹੋਣਾ ਵੀ ਜ਼ਰੂਰੀ ਏ। ਕਾਹਲੀ, ਕਾਹਲੀ, ਬਿਨਾਂ ਪੂਰੀ ਜਾਣਕਾਰੀ ਦੇ ਬਣਾਈ ਗ਼ਲਤ ਜਾਂ ਕੱਚੀ-ਪੱਕੀ ਰਾਇ ਨਾਲੋਂ ਰਾਇ ਨਾ ਦੇਣਾ ਚੰਗਾ ਕਿਤੇ ਚੰਗਾ। ਕੁੱਝ ਘਟਨਾਵਾਂ ਏਨੀ ਤੇਜ਼ੀ ਨਾਲ ਵਾਪਰਦੀਆਂ ਨੇ ਕਿ ਆਮ ਬੰਦਾ ਉਹਨਾਂ ਬਾਰੇ ਕੋਈ ਰਾਇ ਬਣਾ ਵੀ ਨਹੀਂ ਸਕਦਾ। ਕੁੱਝ ਮਸਲੇ ਜਾਂ ਘਟਨਾਵਾਂ ਹਰ ਇਕ ਨਾਲ ਸਰੋਕਾਰ ਨਹੀਂ ਰੱਖਦੇ। ਬੰਦਾ ਰਾਇ ਵੀ ਉਸ ਬਾਰੇ ਹੀ ਬਣਾ ਸਕਦਾ ਏ ਜਿਸ ਨਾਲ ਉਸ ਦਾ ਕੋਈ ਸਰੋਕਾਰ ਹੋਵੇ।

ਹੁਣ ਜੇ ਵੇਖਿਆ ਜਾਵੇ ਤਾਂ ਕਿਸਾਨ ਦਾ ਪ੍ਰਮਾਣੂ ਧਮਾਕੇ ਨਾਲ ਕੀ ਸਰੋਕਾਰ? ਪ੍ਰਮਾਣੂ ਧਮਾਕੇ ਨਾਲ ਨਾ ਤਾਂ ਬਲਦਾਂ ਨਾਲ ਵਾਹੀ ਕਰਦੇ ਨੂੰ ਟਰੈਕਟਰ ਮਿਲ ਜਾਣਾ ਏ ਤੇ ਨਾ ਹੀ ਕਿਸ਼ਤਾਂ ਉੱਤੇ ਕਢਾਏ ਟਰੈਕਟਰ ਦੀਆਂ ਕਿਸ਼ਤਾਂ ਕਿਸੇ ਪ੍ਰਮਾਣੂ ਧਮਾਕੇ ਨੇ ਲਾਹ ਦੇਣੀਆਂ ਨੇ। ਜੇ ਇਸ ਨੂੰ ਤਕਨਾਲੋਜੀ ਦੀ ਉੱਨਤੀ ਨਾਲ ਜੋੜਿਆ ਜਾਵੇ ਤਾਂ ਵੀ ਇਕ ਗੱਲ ਸਾਫ਼ ਜ਼ਾਹਰ ਏ ਕਿ ਬਲਦਾਂ ਨਾਲ ਵਾਹੀ ਕਰਦਾ ਕਿਸਾਨ ਵੀ ਕਰਜ਼ਾਈ ਸੀ, ਹੁਣ ਟਰੈਕਟਰ ਨਾਲ ਵਾਹੀ ਕਰਦਾ ਵੀ ਕਰਜ਼ਾਈ ਏ। ਫ਼ਰਕ ਸਿਰਫ਼ ਏਨਾ ਕਿ ਉਦੋਂ ਪਿੰਡ ਦੇ ਸ਼ਾਹੂਕਾਰ ਦਾ ਕਰਜ਼ਾਈ ਸੀ, ਹੁਣ ਬੈਂਕਾਂ ਦਾ ਕਰਜ਼ਾਈ ਏ। ਉਦੋਂ ਉਹਦੀ ਜ਼ਮੀਨ ਸ਼ਾਹੂਕਾਰ ਕੋਲ ਗਹਿਣੇ ਹੁੰਦੀ ਸੀ, ਹੁਣ ਬੈਂਕ ਕੋਲ ਗਹਿਣੇ ਹੁੰਦੀ ਏ। ਉਦੋਂ ਗਰਜ਼ ਪੂਰਨ ਲਈ ਕਿਸਾਨ ਸ਼ਾਹੂਕਾਰ ਕੋਲ ਪਰਦੇ ਨਾਲ ਜਾਂਦਾ ਅਤੇ ਮਿੰਨਤ-ਤਰਲੇ ਕਰਕੇ, ਅਗੂੰਠਾ ਲਾ ਕੇ ਕਰਜ਼ਾ ਲੈ ਆਉਂਦਾ, ਹੁਣ ਕਾਗਜ਼ੀ ਕਾਰਵਾਈ ਪੂਰੀ ਕਰਦਿਆਂ ਹੀ ਇਕ-ਅੱਧ ਬਿਮਾਰੀ ਲੰਘਾ ਦੇਂਦਾ ਏ। ਸੁਣਦੇ ਸੀ, ਸ਼ਾਹ ਬਿਨਾਂ ਪਤ ਨਹੀਂ। ਵੇਖਦੇ ਆਂ, ਕਰਜ਼ਾ ਉਗਰਾਹੁਣ ਵਾਲੀ ਜੀਪ ਕਿਸਾਨ ਦੀ ਨਿੱਤ ਪੱਤ ਲਾਹੁੰਦੀ ਏ। ਭਲਾ ਜੇ ਬੰਦਾ ਕਰਜ਼ਾ ਲਾਹੁਣ ਜੋਗਾ ਹੋਵੇ ਤਾਂ ਉਹ ਕਰਜ਼ਾ ਲਵੇ ਹੀ ਕਿਉਂ। ਭਲਾ ਕੋਈ ਪ੍ਰਮਾਣੂ ਧਮਾਕਾ ਉਸਨੂੰ ਇਸ ਦਲਦਲ ਵਿੱਚੋਂ ਕੱਢੇਗਾ?

ਆਂਹਦੇ ਨੇ ਭਾਦੋਂ ਦੇ ਮਰੋੜਿਆਂ ਦਾ ਸਤਾਇਆ ਜੱਟ ਸਾਧ ਹੋ ਗਿਆ, ਪਰ ਕਾਮਾ ਕੀ ਬਣਿਆ? ਮਰੋੜਿਆਂ ਦਾ ਤਾਂ ਉਹ ਵੀ ਸਤਾਇਆ ਸੀ, ਪਰ ਉਹ ਕੀ ਛੱਡ ਕੇ ਸਾਧ ਹੁੰਦਾ? ਨਾ ਕੋਲ ਜ਼ਮੀਨ ਨਾ ਕੋਈ ਜਾਇਦਾਦ ਉਹ ਤਾਂ ਪਹਿਲਾਂ ਹੀ ਮਲੰਗ ਸਾਧ ਏ! ਪਹਿਲਾਂ ਜੱਟ ਅਪਣਾ ਗੁੱਸਾ ਕਾਮੇ ਉੱਤੇ ਕੱਢਦਾ ਅਤੇ ਕਾਮਾ ਅੱਗੋਂ ਅਪਣਾ ਗੁੱਸਾ ਬਲਦਾਂ ਉੱਤੇ ਕੱਢਦਾ, ਪਰ ਹੁਣ ਟਰੈਕਟਰ ਉੱਤੇ ਕਾਮਾ ਗੁੱਸਾ ਕਿਵੇਂ ਕੱਢੇ। ਉੱਝ ਵੀ ਮਸ਼ੀਨਾਂ ਅਤੇ ਬਾਹਰੋਂ ਆਉਂਦੇ ਮਜ਼ਦੂਰਾਂ ਨੇ ਉਸਦੀ ਵੁਕਤ ਘਟਾ ਦਿੱਤੀ ਏ। ਹੁਣ ਉਹ ਹਾਲਾਤ ਦਾ ਸਤਾਇਆ ਸ਼ਹਿਰ ਵਿੱਚ ਮਜ਼ਦੂਰੀ ਕਰਨ ਲਈ ਭੱਜਦਾ ਏ। ਉਹ ਕਾਮੇ ਤੋਂ ਦਿਹਾੜੀਦਾਰ ਜਾਂ ਨੌਕਰ ਬਣ ਗਿਆ ਏ। ਪਿੰਡ ਦੇ ਵਿਹੜੇ ਵਿੱਚੋਂ ਨਿਕਲ ਕੇ ਸ਼ਹਿਰ ਦੀ ਬਸਤੀ ਵਿੱਚ ਆ ਗਿਆ ਏ। ਕੀ ਤੁਸੀਂ ਪ੍ਰਮਾਣੂ ਧਮਾਕੇ ਬਾਰੇ ਉਸਦੀ ਰਾਇ ਜਾਣਨਾ ਚਾਹੋਗੇ? ਪਰ ਜਲਦੀ ਕਰਿਓ। ਜੇ ਕਿਤੇ ਲੇਬਰ ਚੌਂਕ ਵਿੱਚ ਬੈਠਿਆ ਕੋਈ ਟਰੱਕ ਦਿਹਾੜੀਏ ਲੈਣ ਆ ਗਿਆ ਤਾਂ ਉਹ ਤੁਹਾਡੇ ਸਵਾਲ ਦਾ ਜਵਾਬ ਦੇਣ ਤੋਂ ਪਹਿਲਾਂ ਦਿਹਾੜੀ ਉੱਤੇ ਚਲਿਆ ਜਾਵੇਗਾ। ਜੇ ਕਿਤੇ ਤ੍ਰਿਕਾਲਾਂ ਨੂੰ ਦਿਹਾੜੀ ਤੋਂ ਮੁੜਦੇ ਨੂੰ ਇਹ ਸਵਾਲ ਪੁੱਛੋਗੇ ਤਾਂ ਉਹ ਇਸ ਬਾਰੇ ਨਹੀਂ ਸੋਚ ਰਿਹਾ ਹੋਵੇਗਾ। ਸਗੋਂ ਸੋਚ ਰਿਹਾ ਹੋਵੇਗਾ ਕਿ ਮਸਾਂ ਮਸਾਂ ਮਿਲੀ ਦਿਹਾੜੀ ਦੇ ਏਨੇ ਥੋੜ੍ਹੇ ਪੈਸਿਆ ਨਾਲ ਇਹ ਅਪਣਾ ਦਿਨ ਭਰ ਦਾ ਥਕੇਵਾਂ ਲਾਹਵੇ ਕਿ ਜਵਾਕਾਂ ਦੇ ਢਿੱਡ ਨੂੰ ਮਾੜਾ ਚੰਗਾ ਝੁਲਕਾ ਦੇਵੇ।

ਕਿਤੇ ਭੁੱਲ ਕੇ ਵੀ ਕਿਸੇ ਰਿਕਸ਼ੇ ਵਾਲੇ ਨੂੰ ਰਿਕਸ਼ੇ ਉੱਤੇ ਬੈਠ ਕੇ ਇਹ ਸਵਾਲ ਨਾ ਕਰਿਓ। ਪਹਿਲਾਂ ਤਾਂ ਉਹ ਮਨ ਹੀ ਮਨ ਕੁਝ ਆਖੇਗਾ। ਫੇਰ ਇਕ ਬੜਾ ਵੱਡਾ ਚੁੱਪ ਸਵਾਲ ਕਰੇਗਾ। ਬੰਦਾ ਬੰਦੇ ਨੂੰ ਖਿੱਚਣ ਲਈ ਮਜਬੂਰ ਕਿਉਂ ਏ? ਹੋ ਸਕਦਾ ਏ ਜਦੋਂ ਤੁਸੀਂ ਉਹਨੂੰ ਪ੍ਰਮਾਣੂ ਧਮਾਕੇ ਬਾਰੇ ਰਾਇ ਪੁੱਛਣ ਜਾਓ, ਉਸ ਤੋਂ ਪਹਿਲਾਂ ਉਹ ਕਿਸੇ ਸਵਾਰੀ ਨਾਲ ਘੱਟ ਪੈਸੇ ਦੇਣ ਤੋਂ ਝਗੜਿਆ ਹੋਵੇ ਅਤੇ ਸਵਾਰੀ ਨੇ ਅੱਗੋਂ ਤਾਅਨਾ ਮਾਰਿਆ ਹੋਵੇ, ਨਾ ਰਿਕਸ਼ੇ ਵਿੱਚ ਕਿਹੜਾ ਤੇਰਾ ਪੈਟਰੋਲ ਬਲਦਾ ਏ? ਹੁਣ ਐਹੋ ਜਿਹੇ ਬੇਤੁਕੇ ਸਵਾਲ ਦਾ ਉਹ ਕੀ ਜੁਆਬ ਦੇਵੇ। ਕੀ ਇਹ ਆਖੇ, ਬੰਦਿਆ ਤੂੰ ਏਨੀ ਤਰੱਕੀ ਕਰ ਲਈ ਏ ਕਿ ਹੁਣ ਖ਼ੂਨ ਨਾਲੋਂ ਤੇਲ ਜ਼ਿਆਦਾ ਮਹਿੰਗਾ ਹੋ ਗਿਆ ਏ। ਭਲਿਆ ਮਾਣਸਾ, ਰਿਕਸ਼ੇ ਵਿੱਚ ਪੈਟਰੋਲ ਨਹੀਂ ਬਲਦਾ, ਰਿਕਸ਼ਾ ਵਾਹੁਣ ਵਾਲੇ ਦਾ ਖ਼ੂਨ ਬਲਦਾ ਏ। ਰਿਕਸ਼ਾ ਮਾਲਕ ਤਾਂ ਇਕੇਰਾਂ ਰਿਕਸ਼ਾ ਖਰੀਦਕੇ ਰੋਜ਼ ਕਿਰਾਏ ਦੀ ਉਗਰਾਹੀ ਕਰ ਲੈਂਦਾ ਏ। ਰਿਕਸ਼ਾ ਚਾਲਕ ਦੇ ਪਿੰਡੇ ਉੱਤੋਂ ਰੋਜ਼ ਥੋੜ੍ਹਾ-ਥੋੜ੍ਹਾ ਮਾਸ ਸੁੱਕ ਜਾਂਦਾ ਏ। ਕੇਹੋ ਜਿਹੇ ਸਾਧਨ ਨੇ ਕਮਾਈ ਦੇ, ਰੋਟੀ ਦੇ ਤੇਰੀ ਧਰਤੀ ਉੱਤੇ ਬੰਦਿਆ।

ਤੁਸੀਂ ਅੰਕੜੇ ਇਕੱਠੇ ਕਰਦੇ-ਕਰਦੇ ਥੱਕ ਗਏ ਹੋਵੋਗੇ। ਚਲੋ, ਕਿਸੇ ਹੋਟਲ ਵਿੱਚ ਬੈਠ ਕੇ ਖਾ ਪੀ ਲਓ। ਨਾਲੇ ਲੋਕਾਂ ਤੋਂ ਪ੍ਰਮਾਣੂ ਧਮਾਕੇ ਬਾਰੇ ਰਾਇ ਪੁੱਛ ਲਓ, ਪਰ ਇੱਥੇ ਵੀ ਕੀ ਕਰੋਗੇ ਤੁਸੀਂ? ਲੋਕਾਂ ਨੂੰ ਤਾਂ ਖਾਣ-ਪੀਣ ਤੋਂ ਵਿਹਲ ਨਹੀਂ। ਉਹ ਤੁਹਾਡੀ ਗੱਲ ਕਦੋਂ ਸੁਣਨਗੇ, ਕਦੋਂ ਸੋਚਣਗੇ ਅਤੇ ਕਦੋਂ ਇਸ ਬਾਰੇ ਰਾਇ ਬਣਾਉਣਗੇ? ਕਈ ਵਾਰ ਕੀ ਹੁੰਦਾ ਏ, ਕੋਈ ਖਾਂਦਿਆਂ-ਖਾਂਦਿਆਂ ਤੁਹਾਡੀ ਗੱਲ ਸੁਣ ਕੇ ਸੁਭੌਕੀ ਸਿਰ ਹਿਲਾਉਂਦਾ ਏ ਅਤੇ ਤੁਸੀਂ ਇਸ ਨੂੰ ਹਾਂ ਜਾਂ ਨਾ ਸਮਝ ਲੈਂਦੇ ਓ। ਇਸ ਵਿੱਚ ਉਸਦਾ ਕੀ ਦੋਸ਼? ਆਖ਼ਰ ਉਹ ਕਮਾਈ ਖਾਣ ਲਈ ਹੀ ਤਾਂ ਕਰਦਾ ਏ, ਸੋਚਣ ਲਈ ਥੋੜ੍ਹਾ ਕਰਦਾ ਏ। ਹਾਂ, ਉਹ ਮੁੰਡੂ ਜੀਹਦੇ ਕੋਲੋਂ ਦਾਲ ਡੁੱਲ੍ਹ ਗਈ ਸੀ, ਜੀਹਨੂੰ ਗਾਹਕ ਨੇ ਝਿੜਕਿਆ ਸੀ ਅਤੇ ਮਾਲਕ ਨੇ ਥੱਪੜ ਮਾਰਿਆ ਸੀ, ਇਸ ਬਾਰੇ ਅਪਣੀ ਰਾਇ ਜ਼ਰੂਰ ਦੱਸੇਗਾ, ਪਰ ਪਹਿਲਾਂ ਤੁਹਾਨੂੰ ਪੁੱਛੇਗਾ। ਭਲਾ ਪ੍ਰਮਾਣੂ ਧਮਾਕਾ ਮਾਸੂਮ ਗੱਲ੍ਹਾਂ ਉੱਤੇ ਮਾਰੀ ਚਪੇੜ ਦੇ ਨਿਸ਼ਾਨ ਮਿਟਾ ਦੇਵੇਗਾ? ਅਜੇ ਉਹ ਛੋਟਾ ਏ, ਇਹ ਨਹੀਂ ਪੁੱਛੇਗਾ, ਬੰਦਾ ਬੰਦੇ ਨੂੰ ਮਾਰਦਾ ਕਿਉਂ ਏ?

ਇਸ ਮਾਸੂਮ ਬਾਲ ਤੋਂ ਜਾਰਜ ਲੁਕਾਚ ਦੀ ਗੱਲ ਚੇਤੇ ਆਉਂਦੀ ਏ। ਉਹ ਮਨੁੱਖ ਨੂੰ ਕੁਦਰਤੀ ਜੀਵ ਆਖਦਾ ਏ। ਪਤਾ ਨਹੀਂ, ਇਹ ਕੁਦਰਤੀ ਜੀਵ ਹੋਰਨਾਂ ਕੁਦਰਤੀ ਜੀਵਾਂ ਦੇ ਉਲਟ ਅਪਣੀ ਰਾਖੀ ਲਈ ਏਨੇ ਹਥਿਆਰ ਕਿਉਂ ਬਣਾਉਂਦਾ ਏ। ਵਿਸ਼ਵ-ਅਮਨ ਬਿਨਾਂ ਹਥਿਆਰਾਂ ਦੇ ਕਾਇਮ ਹੋਵੇਗਾ। ਬੜੇ ਵੱਡੇ-ਵੱਡੇ ਲੇਖਕ ਇਸ ਬਾਰੇ ਬਹੁਤ ਕੁੱਝ ਲਿਖ ਗਏ ਨੇ। ਪੰਜਾਬੀ ਲੇਖਕ ਮਹਿੰਦਰ ਸਿੰਘ ਸਰਨਾ ਦੀ ਦੇਸ਼ ਵੰਡ ਬਾਰੇ ਕਹਾਣੀ 'ਛਵ੍ਹੀਆਂ ਦੀ ਰੁੱਤ' ਦਾ ਪਾਤਰ ਵੀ ਛਵ੍ਹੀਆਂ ਬਣਾ ਬਣਾ ਅੱਕ ਜਾਂਦਾ ਏ। ਉਹ ਖੁਰਪੇ, ਰੰਬੀਆਂ ਬਣਾਉਣ ਲਈ ਤਰਸ ਜਾਂਦਾ ਏ। ਅਸਲ ਵਿੱਚ ਮਨੁੱਖ ਕੁੱਝ ਮਿਟਾਉਣ ਲਈ ਨਹੀਂ, ਕੁੱਝ ਸਿਰਜਣ ਲਈ ਏ।

ਜਦੋਂ ਆਮ ਰਾਇ ਦੀ ਗੱਲ ਚਲਦੀ ਏ ਤਾਂ ਇਹ ਵੀ ਵਿਚਾਰਨ ਵਾਲੀ ਗੱਲ ਹੁੰਦੀ ਏ ਕਿ ਇਹ ਰਾਇ ਕਿਹਨਾਂ ਲੋਕਾਂ ਦੀ ਹੈ। ਕੀ ਉਹ ਇਹ ਰਾਇ ਦੇਣ ਦੇ ਕਾਬਲ ਹੈ ਵੀ ਜਾਂ ਨਹੀਂ? ਇਸ ਲਈ ਰਾਇ ਵਿਸ਼ੇ ਨਾਲ, ਮਸਲੇ ਨਾਲ ਜੁੜੇ ਮਾਹਿਰਾਂ ਦੀ ਵੀ ਮੰਨੀ ਜਾਣੀ ਸਹੀ ਏ। ਜ਼ਿਆਦਾ ਲੋਕ ਕੀ ਆਖਦੇ ਨੇ, ਇਸ ਨਾਲੋਂ ਵੱਡੀ ਗੱਲ ਏ ਕਿ ਸਿਆਣੇ ਕੀ ਆਖਦੇ ਨੇ। ਪ੍ਰਮਾਣੂ ਧਮਾਕੇ ਦੇ ਹੱਕ ਜਾਂ ਵਿਰੋਧ ਵਿੱਚ ਅਕਸਰ ਪੜ੍ਹਨ-ਸੁਣਨ ਨੂੰ ਮਿਲਦਾ ਏ। ਦੋਹਾਂ ਧਿਰਾਂ ਦੀਆਂ ਅਪਣੀਆਂ ਦਲੀਲਾਂ ਨੇ। ਮਾਤ੍ਹੜ ਬੰਦਾ ਫ਼ੈਸਲਾ ਨਹੀਂ ਕਰ ਸਕਦਾ, ਕੌਣ ਠੀਕ ਏ। ਉਹ ਫਿਰ ਸਿਆਣਿਆਂ ਦੀ ਰਾਇ ਦਾ ਆਸਰਾ ਲੈ ਕੇ ਠੀਕ ਤੱਕ ਪਹੁੰਚਣ ਦਾ ਉਪਰਾਲਾ ਕਰਦਾ ਏ। ਇਸ ਨੁਕਤੇ ਤੋਂ ਵਿਚਾਰਿਆਂ ਵਕਤਾ ਦੀ ਚਿੰਤਾ ਸਹੀ ਲਗਦੀ ਏ। ਹੋ ਸਕਦਾ ਏ, ਇਹਨਾਂ ਕੁੱਝ ਫੀਸਦੀ ਲੋਕਾਂ ਵਿੱਚੋਂ, ਜਿਹਨਾਂ ਨੇ ਕੋਈ ਰਾਇ ਨਹੀਂ ਦਿੱਤੀ, ਕੋਈ ਸਿਆਣਾ ਹੋਵੇ ਅਤੇ ਅਸੀਂ ਇਕ ਸਿਆਣੀ ਰਾਇ ਤੋਂ ਵਿਰਵੇ ਰਹਿ ਗਏ ਹੋਈਏ।

ਖ਼ੈਰ! ਇਸ ਚਰਚਾ ਦਾ ਸਬੰਧ ਪ੍ਰਮਾਣੂ ਧਮਾਕੇ ਦੀ ਠੀਕ ਹੋਣ ਜਾਂ ਨਾ ਹੋਣ ਨਾਲ ਨਹੀਂ, ਸਗੋਂ ਇਸ ਬਾਰੇ ਰਾਇ ਦੱਸਣ ਜਾਂ ਨਾ ਦੱਸਣ ਨਾਲ ਏ। ਦੱਸਣ ਵਾਲਿਆਂ ਨੇ ਤਾਂ ਰਾਇ ਦੱਸ ਦਿੱਤੀ, ਜਿਹਨਾਂ ਨੇ ਰਾਇ ਨਹੀਂ ਦੱਸੀ, ਉਹਨਾਂ ਵਿੱਚ ਵੀ ਕੁੱਝ ਅਹਿਮ ਲੋਕ ਹੋਣਗੇ। ਵਿਦਿਆਰਥੀ ਹੋਣਗੇ, ਬੁੱਧੀਜੀਵੀ ਹੋਣਗੇ, ਵਪਾਰੀ ਹੋਣਗੇ, ਕਿਰਤੀ ਹੋਣਗੇ, ਲੇਖਕ ਹੋਣਗੇ, ਕਲਾਕਾਰ ਹੋਣਗੇ, ਦੁਨਿਆਵੀ ਲੋਕ ਹੋਣਗੇ, ਫ਼ਕੀਰ ਹੋਣਗੇ, ਹੋਰ ਵੀ ਕਈ ਹੋਣਗੇ। ਹਰ ਰਾਇ ਦਾ ਸਾਡੇ ਤੱਕ ਪਹੁੰਚਣਾ ਸ਼ਾਇਦ ਸੰਭਵ ਨਾ ਹੋਵੇ। ਪੜ੍ਹਿਆ-ਲਿਖਿਆ ਤੋਂ ਸਹੀ ਰਾਇ ਦੀ ਤਵੱਕੋ ਕੀਤੀ ਜਾ ਸਕਦੀ ਏ, ਪਰ ਸਭ ਤੋਂ ਵੱਧ ਰੋਜ਼ੀ-ਰੋਟੀ ਅਤੇ 'ਕੈਰੀਅਰ' ਦੇ ਚੱਕਰ ਵਿੱਚ ਵੀ ਉਹ ਹੀ ਉਲਝੇ ਨੇ। ਦੁਨੀਆਦਾਰ ਦੁਨੀਆਦਾਰੀ ਦੀ ਵਲਗਣ ਵਿੱਚ ਵਲੇ ਨੇ। ਬੁੱਧੀਜੀਵੀ ਬਹਿਸਾਂ ਕਰਦੇ ਨੇ, ਪਰ ਕੌਣ ਜਾਣੇ, ਉਹਨਾਂ ਦਾ ਗਿਆਨ ਕਿਤਾਬੀ ਏ ਜਾਂ ਵਿਹਾਰੀ। ਲੇਖਕ, ਕਲਾਕਾਰ ਸਿਰਜਣਾ ਵਿੱਚ ਮਸਤ ਨੇ। ਮਾਲਕ, ਵਪਾਰੀ, ਕਾਮੇ ਆਪੋ ਅਪਣੇ ਦਾਇਰਿਆਂ ਵਿੱਚ ਘਿਰੇ ਹੋਏ ਨੇ। ਇਹਨਾਂ ਸਾਰਿਆਂ ਅਤੇ ਹੋਰਨਾਂ ਦੀ ਰਾਇ ਕਾਫ਼ੀ ਹੱਦ ਤੱਕ ਉਹਨਾਂ ਦੇ ਹਾਲਾਤ ਉੱਤੇ ਨਿਰਭਰ ਹੁੰਦੀ ਏ।

ਇਹਨਾਂ ਵਿੱਚੋਂ ਕਿਸੇ ਦੀ ਰਾਇ ਸਾਡੇ ਤੱਕ ਪਹੁੰਚਦੀ ਏ ਅਤੇ ਕਿਸੇ ਦੀ ਨਹੀਂ। ਜੇ ਕਿਸੇ ਦੀ ਰਾਇ ਸਾਡੇ ਤੱਕ ਨਹੀਂ ਪਹੁੰਚਦੀ ਤਾਂ ਇਹ ਸੱਚੀ ਵੱਡੀ ਗੱਲ ਏ, ਸੋਚਣ ਵਿਚਾਰਨ ਵਾਲੀ ਗੱਲ ਏ, ਗੌਲਣ ਵਾਲੀ ਏ। ਇਸਦਾ ਕੋਈ ਨਿੱਕਾ ਜਾਂ ਵੱਡਾ ਕਾਰਨ ਜ਼ਰੂਰ ਹੋਵੇਗਾ। ਕੋਈ ਜੇ ਅਪਣੀ ਰਾਇ ਨਹੀਂ ਦੱਸਦਾ ਤਾਂ ਕਾਰਨ ਉਸ ਦੀ ਮਜਬੂਰੀ, ਅਣਜਾਣਤਾ, ਅਲਗਰਜ਼ੀ ਜਿਹਾ ਵੀ ਹੋ ਸਕਦਾ ਏ। ਉਸ ਦੀ 'ਛਿਪੇ ਰਹਿਣ ਦੀ ਚਾਹ' ਵੀ ਹੋ ਸਕਦੀ ਏ।

ਤੇ ਬੁੱਲ੍ਹੇ ਸ਼ਾਹ ਦੇ ਆਖਣ ਵਾਂਗ, 'ਆਸ਼ਕ ਰਹਿਣ ਅਲੱਗ' ਵੀ ਹੋ ਸਕਦਾ ਏ।

ਸੱਸੂ ਮੱਝ ਦੀ ਲੱਸੀ ਪਿਲਾ

ਲੋਕ-ਗੀਤਾਂ ਦੇ ਨਾਲ ਨਾਲ

ਡਾ. ਕਰਮਜੀਤ ਸਿੰਘ

ਮੁਕੇਰੀਆਂ ਮੇਰਾ ਨਾਨਕਾ ਸ਼ਹਿਰ ਹੈ। ਵੈਸੇ ਤਾਂ ਮੇਰਾ ਨਾਨਕਾ ਪਿਡ ਭੜਿਆਰਾਂ ਹੈ, ਪਰ ਕਿਉਂਕਿ ਜਨਮ ਮੁਕੇਰੀਆਂ ਹੀ ਹੈ, ਇਸ ਲਈ ਮੇਰੇ ਲਈ ਮੇਰੇ ਨਾਨਕੇ ਮੁਕੇਰੀਆਂ ਵਿਚ ਹੀ ਹਨ। ਬਚਪਨ ਦਾ ਬਹੁਤ ਸਾਰਾ ਸਮਾਂ ਮੇਰਾ ਇੱਥੇ ਹੀ ਬੀਤਿਆ ਹੈ ਇਸ ਲਈ ਮੇਰੇ ਲਈ ਮਾਮੀਆਂ, ਮਾਸੀਆਂ ਨਾਲ ਇੰਨੀ ਕੁ ਨੇੜਤਾ ਹੈ ਕਿ ਜ਼ਿਦ ਕਰਕੇ ਵੀ ਕੁਝ ਮੰਨਵਾ ਸਕਦਾ ਹਾਂ। ਗੀਤ ਸੁਣਨੇ ਤਾਂ ਕੋਈ ਬਹੁਤਾ ਔਖਾ ਕੰਮ ਨਹੀਂ।

ਬਹੁਤ ਸਾਰੇ ਗੀਤ ਮੈਂ ਇਥੋਂ ਇਕੱਠੇ ਕੀਤੇ। ਇੱਥੇ ਹੀ ਮੈਨੂੰ ਇਹ ਅਹਿਸਾਸ ਹੋਇਆ ਕਿ ਗੀਤ ਪਿੰਡਾਂ ਵਿਚ ਹੀ ਨਹੀਂ ਹੁੰਦੇ, ਸ਼ਹਿਰਾਂ ਵਿਚ ਵੀ ਪਿੰਡੋਂ ਆਏ ਲੋਕ ਵਸਦੇ ਹਨ। ਫਿਰ ਗੀਤ ਇੱਥੇ ਕਿਉਂ ਨਹੀਂ ਹੋਣਗੇ? ਗੀਤਾਂ ਦੇ ਪਰਿਵਰਤਨ ਦੀ ਪ੍ਰਕਿਰਿਆ ਨੂੰ ਵੀ ਇਥੋਂ ਹੀ ਸਮਝ ਸਕਿਆ। ਗੀਤ ਸ਼ਹਿਰੀ ਪ੍ਰਭਾਵ ਨਾਲ ਨਵੇਂ ਰੂਪ ਧਾਰਦੇ ਹਨ। ਢੋਲਕੀ ਦੇ ਗੀਤ ਮੈਂ ਵਧੇਰੇ ਸ਼ਹਿਰਾਂ ਵਿਚੋਂ ਹੀ ਇਕੱਠੇ ਕੀਤੇ ਹਨ। ਹਿੰਦੀ ਬੋਲੀ ਦਾ ਪ੍ਰਭਾਵ ਵੀ ਇੱਥੇ ਵਧੇਰੇ ਹੈ। ਫਿਲਮੀ ਤਰਜ਼ਾਂ 'ਤੇ ਵੀ ਬਹੁਤ ਸਾਰੇ ਗੀਤਾਂ ਦੀ ਸਿਰਜਣਾ ਹੋਈ ਹੈ। ਸਾਡੇ ਪੰਜਾਬੀ ਦੇ ਲੋਕਧਾਰਾ ਨਾਲ ਜੁੜੇ ਲੋਕ ਇਸ ਪੱਖ ਨੂੰ ਛੱਡ ਜਾਂਦੇ ਹਨ। ਇਸ ਲਈ ਉਹ ਇਹ ਧਾਰਣਾ ਬਣਾ ਲੈਂਦੇ ਹਨ ਕਿ ਲੋਕ ਗੀਤ ਕੇਵਲ ਪਿੰਡਾਂ ਵਿਚ ਹੀ ਹੋ ਸਕਦੇ ਹਨ। ਪਰ ਅਜਿਹਾ ਹੈ ਨਹੀਂ।

ਖੈਰ ਗੱਲ ਮੁਕੇਰੀਆਂ ਦੇ ਗੀਤਾਂ ਦੀ ਚੱਲ ਰਹੀ ਸੀ। ਇਕ ਵਾਰ ਮਾਮੀ ਨੂੰ ਕਹਿ ਕੇ ਮੈਂ ਮਾਸੀ (ਵਿੱਦੋ) ਤੇ ਕੁਝ ਹੋਰ ਕੁੜੀਆਂ ਨੂੰ ਇਕੱਠਾ ਕਰ ਲਿਆ। ਮਾਸੀ ਨੇ ਛੋਟੀਆਂ ਕੁੜੀਆਂ ਨੂੰ ਅਗਾਂਹ ਕਰ ਦਿੱਤਾ। ਕੰਮ ਸ਼ੁਰੂ ਕਰਨ ਲਈ ਮੈਂ ਉਹਨਾਂ ਦੇ ਕੁਝ ਗੀਤ ਰਿਕਾਰਡ ਕਰ ਲਏ ਤੇ ਦੋ ਤਿੰਨ ਵਾਰ ਸੁਣਾ ਵੀ ਦਿੱਤੇ। ਵਿੱਦੋ ਮਾਸੀ ਨੇ ਆਪ ਕੁਝ ਵੀ ਗਾਉਣੋਂ ਇਨਕਾਰ ਕਰ ਦਿੱਤਾ। ਮਾਮੀ ਨੇ ਉਸ ਨੂੰ ਯਾਦ ਕਰਵਾਇਆ ਕਿ 'ਰਿੰਨ ਚਲਾਈ ਦਾ ਸਾਗ' ਵਾਲਾ ਗੀਤ ਗਾਏ। ਪਰ ਉਸ ਨੰਨਾ ਫੜ ਲਿਆ। ਮਾਮੀ ਸਾਡੀ ਪਹਾੜ ਵਿਚ ਰੜੂਏ ਪਿੰਡ ਤੋਂ ਹੈ, ਕੁਝ ਗੀਤ ਉਸਤੋਂ ਸੁਣੇ। ਕੁਝ ਬਿਹਾਈਆਂ (ਜਨਮ ਦੇ ਗੀਤ) ਮੈਂ ਉਸ ਪਾਸੋਂ ਪਹਿਲੀ ਵਾਰ ਸੁਣੇ। ਬੜਾ ਚੰਗਾ ਲੱਗਾ, ਪਰ ਜਿੰਨਾ ਚਿਰ 'ਰਿੰਨ ਚਲਾਈ ਦਾ ਸਾਗ' ਵਾਲਾ ਗੀਤ ਨਹੀਂ ਸੀ ਆਉਣਾ ਮੇਰੀ ਤਸੱਲੀ ਨਹੀਂ ਸੀ ਹੋਣੀ। ਉਂਜ ਮਾਸੀ ਵਿੱਦੋ ਦੇ, ਚਿਹਰੇ 'ਤੇ ਅੱਜ ਮੈਂ ਪਹਿਲੀ ਵਾਰ ਖੁਸ਼ੀ ਦੇਖੀ ਸੀ ਭਾਵੇਂ ਮੱਥਾ ਅਜੇ ਵੀ ਹੱਸਦਾ ਨਹੀਂ ਸੀ। ਅਸਲ ਵਿਚ ਵਿੱਦੋ ਮਾਸੀ ਲੜਾਕੀ ਮਸ਼ਹੂਰ ਸੀ। ਇਹ ਤਾਂ ਮੈਂ ਹੀ ਚਿੱਕੜ 'ਚ ਕਮਲ ਦੀ ਭਾਲ ਕਰ ਰਿਹਾ ਸਾਂ। ਹੌਲੀ ਹੌਲੀ ਉਹ ਇੱਥੇ ਕੁ ਪਹੁੰਚ ਗਈ ਕਿ, ''ਕਰਮਜੀਤ ਮੈਥੋਂ ਗੀਤ ਚੱਕ ਨਹੀਂ ਹੋਣਾ। ਹੇਕ ਬੜੀ ਲੰਬੀ ਆ'', ਇਹ ਤਾਂ ਕੋਈ ਸਮੱਸਿਆ ਨਹੀਂ, ਮੈਂ ਮਾਮੀ ਨੂੰ ਨਾਲ ਤਿਆਰ ਕਰ ਲਿਆ। 'ਕੁੜੇ ਅਸੀਂ ਵੀ ਉ ਆਂ ਕਰੀ ਜਾਵਾਂਗੀਆਂ ਤੂੰ ਸ਼ੁਰੂ ਤਾਂ ਕਰ।' ਮਾਸੀ ਸ਼ੁਰੂ ਕਰਨ ਲੱਗੀ। ਮੈਂ ਇਹ ਜਾਣ ਕੇ ਕਿ 'ਰਜੇ ਦੀ ਘੋੜੀ ਸੁਣ ਲੱਗੀ ਹੈ' ਇਕਾਗਰ ਚਿੱਤ ਹੋ ਗਿਆ। ਵਿੱਦੋ ਮਾਸੀ ਨੇ ਹੇਕ ਚੱਕੀ।

ਨੀ ਮਾਏ ਰਿੰਨ ਚਲਾਈ ਦਾ ਸਾਗ,
ਨਿੱਕਾ ਤੇ ਨਿੱਕਾ ਚੀਰ ਕੇ ਨੀ।

ਹੇਕ ਵਾਕਿਆ ਹੀ ਬਹੁਤ ਉੱਚੀ ਤੇ ਲੰਮੇਰੀ ਸੀ। ਮਾਸੀ ਨੇ ਵਿੱਚੋਂ ਦੋ ਵਾਰੀ ਸਾਹ ਲੈ ਕੇ ਹੇਕ ਪੂਰੀ ਕੀਤੀ। ਕਿਉਂਕਿ ਕਿਸੇ ਹੋਰ ਨੇ ਸਾਥ ਨਹੀਂ ਸੀ ਦਿੱਤਾ ਇਸ ਲਈ ਮਾਸੀ ਫਿਰ ਰੁਕ ਗਈ। ਬੜੀ ਮੁਸ਼ਕਲ ਨਾਲ ਸਾਰੀਆਂ ਨੇ ਮਨਾਇਆ। ਸਾਥ ਦੇਣ ਦਾ ਵਾਅਦਾ ਕੀਤਾ। ਮਾਸੀ ਅਗਲੀ ਪੰਗਤੀ 'ਤੇ ਆ ਗਈ ਸੀ। ਮੈਨੂੰ ਲੱਗਦਾ ਸੀ ਕਿ ਅਗਾਂਹ ਮਾਂ ਦਾ ਜਵਾਬ ਹੋਵੇਗਾ, ਪਰ ਨਹੀਂ, ਧੀ ਹੀ ਕਹਿ ਰਹੀ ਸੀ।

ਨੀ ਮਾਏ ਸੇਰ ਕੁ ਮੱਖਣੀ ਪਾ,
ਨਹੀਂ ਤਾਂ ਮੈਂ ਬਹਿਨੀਆਂ ਰੁੱਸ ਕੇ ਨੀ।
ਧੀਏ ਆਉਣਗੇ ਤੇਰੇ ਭਰਾ,
ਰੁੱਸਣਾ ਕਿਥੋਂ ਸਿੱਖਿਆ ਨੀ।

ਇਹ ਤਾਂ ਸਾਫ ਸੀ ਕਿ ਪੇਕੇ ਘਰ ਚੌੜ ਵਿਚ ਹੈ। ਖਾਣ ਪੀਣ ਦੀ ਉਸ ਨੂੰ ਖੁੱਲ੍ਹ ਹੈ, ਪਰ ਰੁੱਸਣਾ ਕਿਸ ਚੀਜ਼ ਦਾ ਤੇ ਚਲਾਈ ਦਾ ਸਾਗ ਸੇਰ ਕੁ ਮੱਖਣੀ ਪਾ ਕੇ ਕਿਸ ਖੁਸ਼ੀ ਵਿਚ। ਮਾਸੀ ਵਿੱਦੋ ਨੂੰ ਤਾਂ ਗੀਤ ਦੀ ਸਥਿਤੀ ਦਾ ਪਤਾ ਸੀ, ਇਸ ਲਈ ਉਹ ਮੁਸਕਰਾ ਰਹੀ ਸੀ। ਨਾਲੇ ਚਿਹਰੇ 'ਚੋਂ ਦੰਦ ਚਮਕ ਰਹੇ ਸਨ, ਪਰ ਹੁਣ ਇਹ ਜਲੌ ਵੀ ਸੀ। ਹੁਣ ਉਸ ਨੇ ਗੀਤ ਨੂੰ ਜਾਰੀ ਰੱਖਿਆ। ਮੈਂ ਵੀ ਬਹੁਤ ਕੁਝ ਜਾਨਣਾ ਚਾਹੁੰਦਾ ਸਾਂ।

ਮਾਏ ਸਹੀਆਂ ਤਾਂ ਬੁਰਾ ਬਲਾ,
ਰੁੱਸਣਾ ਉਥੋਂ ਸਿੱਖਿਆ ਨੀ।

ਲੱਗ ਇਹ ਹੀ ਰਿਹਾ ਸੀ ਕਿ ਪੇਕੇ ਘਰ ਦੀਆਂ ਐਸ਼ ਪ੍ਰਸਤੀਆਂ ਹੀ ਇਹੋ ਜਿਹੇ ਬੋਲ ਕਢਵਾ ਰਹੀਆਂ ਹਨ। ਪਰ ਗੱਲ ਅਜੇ ਵੀ ਸਾਫ ਨਹੀਂ ਸੀ ਹੋਈ। ਦੂਸਰੀਆਂ ਜਣੀਆਂ ਨੇ ਵੀ ਹੁਣ ਹੇਕ ਫੜ ਲਈ ਸੀ, ਪੂਰੀ ਨਹੀਂ ਤਾਂ ਅਧੂਰੀ ਹੀ। ਇਸ ਲਈ ਮਾਸੀ ਨੂੰ ਸਾਹ ਵੀ ਆ ਰਿਹਾ ਸੀ।

ਧੀਏ ਚਰਖਾ ਚੱਕ ਲਿਆ,
ਮਾਵਾਂ ਤਾਂ ਧੀਆਂ ਕੱਤੀਏ ਨੀ।

ਸਥਿਤੀ ਬਦਲ ਗਈ ਸੀ ਗੱਲ ਅਗਾਂਹ ਤੁਰ ਰਹੀ ਸੀ।

ਮਾਏ ਤੂੰ ਬੁੱਢੀ ਮੈਂ ਮੁਟਿਆਰ,
ਤੇਰਾ ਮੇਰਾ ਤ੍ਰਿੰਜਣਾ ਨਾ ਰਲੇ ਨੀ।

ਧੀ, ਮਾਪਿਆਂ ਦੇ ਘਰੇਲੂ ਮਾਹੌਲ ਵਿਚ ਹੀ ਅਜਿਹੇ ਬੋਲਾਂ ਦਾ ਉਚਾਰਣ ਕਰ ਸਕਦੀ ਹੈ। ਮੇਰੇ ਅਜੇ ਵੀ ਅਸਲੀ ਸਿਰਾ ਹੱਥ ਨਹੀਂ ਸੀ ਆ ਰਿਹਾ। ਚਲੋ ਅੱਗੇ ਤਾਂ ਸੁਣੋ।

ਸੱਸੂ ਮੱਝ ਦੀ ਲੱਸੀ ਪਲਾ,
ਜਦੋਂ ਮੈਂ ਆਉਨੀਆਂ ਪੀਹ ਕੇ ਨੀ।

ਇਕ ਦਮ ਚਮਕਾਰੇ ਵਾਂਗ ਸਾਰੀ ਗੱਲ ਸਾਫ ਹੋ ਗਈ ਕਿ ਪੇਕੇ ਘਰ ਤੇ ਸਹੁਰੇ ਘਰ ਦੀ ਤੁਲਨਾ ਕੀਤੀ ਜਾ ਰਹੀ ਸੀ। ਪੇਕੇ ਤਾਂ ਕੱਤਣ ਦਾ ਕੰਮ ਕਰਕੇ ਹੀ ਸੇਰ ਮੱਖਣੀ ਪਾ ਕੇ ਚਲਾਈ ਦੇ ਸਾਗ ਦੀ ਮੰਗ ਕੀਤੀ ਜਾ ਰਹੀ ਸੀ। ਪਰ ਡਾਢੀ ਸੱਸ ਸਾਹਵੇਂ ਚੱਕੀ ਉਸ ਨੂੰ ਨਸੀਬ ਨਹੀਂ ਹੋਵੇਗੀ। ਤੁਲਨਾ ਵਿਚ ਇਕ ਅਤਿਕਥਨੀ ਤਾਂ ਰਹਿੰਦੀ ਹੀ ਹੈ।

ਉਂਜ ਮੈਂ ਇੱਥੇ ਦਸ ਦਿਆਂ ਕਿ ਵਿੱਦੋ ਮਾਸੀ ਸੱਸ ਤੋਂ ਕਈ ਗੁਣਾਂ ਵੱਧ ਸੀ। ਪੇਕੇ ਘਰ ਉਸਦਾ ਇਕੋ ਭਰਾ ਸੀ ਜੋ ਭਗੌੜਾ ਹੋ ਗਿਆ ਸੀ। ਵਿੱਦੋ ਆਪਣੇ ਘਰ ਵਾਲੇ ਨਾਲ ਪੇਕੇ ਘਰ ਆ ਜੰਮੀ ਸੀ। ਵੱਡੀ ਭੈਣ ਨੂੰ ਵੀ ਉਸ ਨੇ ਪਿੱਛੇ ਛੱਡ ਦਿੱਤਾ ਸੀ। ਉਹ ਤਾਂ ਮਾਂ ਨਾਲ ਵੀ ਬੜਾ ਭੈੜਾ ਸਲੂਕ ਕਰਦੀ ਸੀ। ਪਿਉ ਨੂੰ ਤਾਂ ਬਖਸ਼ਦੀ ਹੀ ਨਹੀਂ ਸੀ। ਇਸੇ ਲਈ ਤਾਂ ਉਹ ਲੜਾਕੀ ਮਸ਼ਹੂਰ ਸੀ। ਹਰ ਕੋਈ ਉਸ ਤੋਂ ਵਲਾ ਕੇ ਲੰਘਦਾ ਸੀ। ਇਹ ਤਾਂ ਮੈਂ ਹੀ ਪੰਗਾ ਲਈ ਬੈਠਾ ਸਾਂ। ਪਰ ਮੈਂ ਆਪਣੇ ਮਕਸਦ ਵਿਚ ਕਾਮਯਾਬ ਹੋ ਰਿਹਾ ਸਾਂ। ਹੁਣ ਤਾਂ ਮਾਸੀ ਗੀਤ ਦੀ ਮੂਰਤ ਹੋਈ ਪਈ ਸੀ।

ਨੂੰਹੇਂ ਲੱਸੀ ਪਲਾਈ ਨਾ ਜਾ,
ਬਾਗੀਂ ਤਾਂ ਲਾਲ ਕਮਾਉਂਦੇ ਐ ਨੀ।
ਲੱਸੀ ਕਮਾਊ ਪੁੱਤਾਂ ਲਈ ਸੀ ਨੂੰਹਾਂ ਲਈ ਨਹੀਂ
ਨਣਦ ਚੱਕ ਲੈ ਲੱਜ ਤੇ ਡੋਲ,
ਪਾਣੀ ਨੂੰ ਚੱਲੀਏ ਨੀ।

ਸੱਸ ਦੇ ਵਤੀਰੇ ਤੋਂ ਬਾਅਦ, ਨਣਦ ਆ ਸ਼ਾਮਲ ਹੋਈ ਸੀ। ਹੁਣ ਸ਼ਾਇਦ ਸੁਖ ਨਹੀਂ ਸੀ। ਗੀਤ ਨੇ ਨਵਾਂ ਹੀ ਮੋੜ ਲੈ ਲਿਆ ਸੀ। ਵਿੱਦੋ ਨੇ ਭਰਾ ਦਾ ਘਰ ਵਸਣ ਹੀ ਨਹੀਂ ਸੀ ਦਿੱਤਾ ਤਾਂ ਭਰਜਾਈ ਕਿਥੋਂ ਆਉਣੀ ਸੀ ਤੇ ਨਨਾਣ ਕਿਸ ਦੀ ਬਣਨਾ ਸੀ। ਪਰ ਹਜ਼ਾਰਾਂ ਭਰਜਾਈਆਂ ਨਨਾਨਾਂ ਦਾ ਅਨੁਭਵ ਵਿੱਦੋ ਦੇ ਮੂੰਹੋਂ ਆ ਰਿਹਾ ਸੀ, ਜਿਸ ਨੇ ਸਾਰੇ ਰਿਸ਼ਤਿਆਂ ਵਿਚ ਤੋੜ ਫੋੜ ਕਰ ਦਿੱਤੀ ਸੀ। ਮੇਰਾ ਧਿਆਨ ਇਨ੍ਹਾਂ ਵੇਰਵਿਆਂ ਵੱਲ ਤਾਂ ਸੀ, ਪਰ ਮੇਰਾ ਮੁੱਖ ਨਿਸ਼ਾਨਾ ਸੀ ਗੀਤ, ਜਿਹੜਾ ਰਵਾਂ ਰਾਵੀ ਤੁਰਿਆ ਜਾ ਰਿਹਾ ਸੀ।

ਨਣਦੇ ਰੱਜ ਕੇ ਪਾਣੀ ਪਲਾ,
ਖੂਹ ਵਿਚ ਲੱਜ ਬਹਾ ਕੇ ਨੀ।

ਗੱਲ ਲੱਸੀ ਤੋਂ ਉਤਰ ਕੇ ਪਾਣੀ ਤੱਕ ਆ ਗਈ ਸੀ। ਪਰ ਕੀ ਪਾਣੀ ਵੀ ਮਿਲੇਗਾ?

ਭਾਬੋ ਆਪੇ ਤੂੰ ਖਿੱਚ ਕੇ ਪੀ,
ਸਾਥੋਂ ਪਿਲਾਇਆ ਨਾ ਜਾ।

ਉਹ ਗੱਲ ਹੋਈ ਜਿਸਦੀ ਮੈਂ ਕਲਪਣਾ ਕਰ ਰਿਹਾ ਸੀ। ਕੀ ਇਸ ਤੋਂ ਵੀ ਅਗਾਂਹ ਕੋਈ ਰਹਿ ਜਾਂਦੀ ਹੈ। ਮੈਂ ਹੋਰ ਉਤਸੁਕ ਹੋ ਗਿਆ। ਗੀਤ ਅੰਤ ਵੱਲ ਵੱਧ ਰਿਹਾ ਸੀ।

ਨਣਦੇ ਕਪੜੇ ਖੋਲ ਕੇ ਬਹਿ
ਤੈਨੂੰ ਮੈਂ ਦੇਵਾਂ ਨਲ੍ਹਾ।

ਹੁਣ ਕੁੜੀ ਨੇ ਮੰਗਾਂ ਛੱਡ ਕੇ ਕੰਮ ਕਰਨ ਦੀ ਪਹਿਲ ਸ਼ੁਰੂ ਕਰਨੀ ਸ਼ੁਰੂ ਕਰ ਦਿੱਤੀ ਸੀ। ਹੁਣ ਤਾਂ ਝਗੜਾ ਖਤਮ ਹੋਣਾ ਚਾਹੀਦਾ ਹੈ ਮੇਰੀ ਇੱਛਾ ਸੀ। ਪਰ ਵਿੱਦੋ ਤਾਂ ਹੋਰ ਅਗਾਂਹ ਤੁਰ ਪਈ ਸੀ।

ਭਾਬੋ ਚਲ ਖਾਂ ਵੀਰੇ ਦੇ ਕੋਲ,
ਤੇਰੀ ਤਾਂ ਗੁੱਤ ਪਟਾਉਨੀਆਂ ਨੀ।

ਹੱਦ ਹੀ ਹੋ ਗਈ। ਨਣਾਨ ਨੂੰ ਨਹਾਉਣਾ ਪਸੰਦ ਨਹੀਂ, ਇਸ ਵਾਰ ਵੀ ਬਤੰਗੜ ਬਣ ਰਿਹਾ ਸੀ। ਸ਼ਾਇਦ ਕੁਝ ਅਨਰਥ ਹੋਣ ਵਾਲਾ ਸੀ। ਪਰ ਗੀਤ ਤਾਂ ਰੁਕ ਗਿਆ। ਮਾਸੀ ਨੇ ਸੁੱਖ ਦਾ ਸਾਹ ਲਿਆ। ਉਹ ਬਾਜ ਨਹੀਂ ਸੀ ਆਈ ਉਸ ਨੇ ਗਲ ਕੱਢ ਹੀ ਦਿੱਤੀ 'ਦਾਦੇ ਮਗਾਹੁਣਿਆਂ ਕਿੱਥੇ ਫਾਸਤਾ' ਮਾਮੀ ਨੇ ਗੀਤ 'ਤੇ ਟਿੱਪਣੀ ਕੀਤੀ। ਕੁੜੀਆਂ ਨੇ ਹਾਸੜ ਮਚਾਇਆ। ਪਰ ਮੇਰੇ ਮਨ ਵਿਚ ਗੀਤ ਦੇ ਬੋਲ ਸਨ। ਆਪਣੇ ਵਿਦਿਆਰਥੀਆਂ ਨੂੰ ਐਮ ਫਿਲ ਪੀ ਐਚ ਡੀ ਕਰਵਾਉਂਦਿਆਂ ਇਸ ਗੀਤ ਦੀਆਂ ਸਮਾਜਿਕ ਸਭਿਆਚਾਰਕ ਤੇ ਸੁਹਜਾਤਮਕ ਪਰਤਾਂ ਮੈਂ ਵਿਚਾਰੀਆਂ ਹਨ। ਪਰੰਤੂ ਗੀਤ ਸੁਣਨ ਸਮੇਂ ਦਾ ਅਨੁਭਵ ਮੇਰਾ ਆਪਣਾ ਹੈ ਜੋ ਹੋਰ ਕੋਈ ਸਾਂਝਾ ਨਹੀਂ ਕਰ ਸਕਦਾ।

ਪਰਵਾਸ ਦੀ ਵੇਦਨਾ ਦਾ ਸ਼ਾਇਰ

ਪ੍ਰੋ : ਮੋਹਨ ਸਿੰਘ ਔਜਲਾ

ਸੁਖਨ-ਸਾਜ਼

ਸੁਲੱਖਣ ਸਰਹੱਦੀ



ਜੀਣਾ ਬਹੁਤ ਸੌਖਾ ਹੈ ਜੇਕਰ ਜਾਨਵਰਾਂ ਜਾਂ ਪੰਛੀਆਂ ਵਾਂਗ ਹੀ ਜੀਣ ਦੇ ਅਰਥ ਹੋਣ। ਮਨੁੱਖੀ ਹੋਸ਼ ਤੇ ਅਕਲ ਹੀ ਇਸ ਨੂੰ ਬਾਕੀ ਜੀਵਾਂ ਤੋਂ ਵਡਿਆਉਂਦੀ ਹੈ ਪਰ ਇਹੀ ਅਕਲ ਹੀ ਉਸਦੀ ਛਟਪਾਹਟ ਹੈ। ਮਨੁੱਖ ਨੂੰ ਸੋਝੀ ਤੇ ਗਿਆਨ ਹੀ ਮਨੁੱਖ ਬਣਾਉਂਦਾ ਹੈ ਪਰ ਇਹ ਗਿਆਨ ਹੀ ਮਨੁੱਖ ਨੂੰ ਭਟਕਣ ਦਿੰਦਾ ਹੈ। ਮਨੁੱਖ ਸੋਚ ਸਕਦਾ ਹੈ। ਪਰ ਇਕ ਕਵੀ ਸ਼ਾਇਰ ਸ਼ਿੱਦਤ ਨਾਲ ਸੋਚਣ ਲਈ ਮਜ਼ਬੂਰ ਹੁੰਦਾ ਹੈ। ਸ਼ਾਇਰ ਦੀ ਮਿੱਟੀ ਤੋਂ ਦੀਵੇ ਬਣਦੇ ਹਨ ਅਤੇ ਦੀਵੇ ਜਗ ਕੇ ਹੀ ਆਪਣੇ ਅਰਥਾਂ ਨੂੰ ਪਹੁੰਚਦੇ ਹਨ।

ਚੇਤਨਾ ਬਿਨ ਕੀ ਸਿਰ ਤੇ ਕਾਹਦੀ ਸਿਰਦਾਰੀ ?
ਬੁਝਿਆ ਦੀਪ ਤੇ ਮਿੱਟੀ ਇਕ ਬਰੋਬਰ ਲਿਖ।

ਸ਼ਾਇਰ ਜਗਦਾ ਵੀ ਹੈ ਤੇ ਜਲਦਾ ਵੀ। ਜਦ ਉਹ ਰਾਜਨੀਤਿਕ, ਆਰਥਿਕ, ਸਮਾਜਿਕ ਅਤੇ ਧਾਰਮਿਕ ਖੇਤਰਾਂ ਵਿਚ ਬੇਨਿਯਮੀਆਂ ਵੇਖਦਾ ਹੈ ਤਾਂ ਤੜਫ ਉਠਦਾ ਹੈ। ਉਹ ਹਾਅ ਦਾ ਨਾਅਰਾ ਮਾਰਦਾ ਹੈ। ਪ੍ਰੋ: ਮੋਹਨ ਸਿੰਘ ਔਜਲਾ ਪਹਿਲਾਂ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਕਾਲਜ ਪ੍ਰੋਫੈਸਰ ਸੀ, ਰਿਟਾਇਰਮੈਂਟ ਪਿੱਛੋਂ ਉਹ ਆਪਣੇ ਬੇਟੇ ਕੋਲ ਕਨੇਡਾ ਪਰਵਾਸ ਕਰ ਗਿਆ। ਉਥੇ ਤਾਂ ਔਜਲਾ ਬਚਪਨ ਤੋਂ ਹੀ ਗ਼ਜ਼ਲ ਨੂੰ ਸਮਰਪਿਤ ਸੀ ਪਰਵਾਸ ਜਾ ਕੇ ਉਸ ਦਾ ਗ਼ਜ਼ਲਾਂ ਦਾ ਚਸ਼ਮਾ ਅਚਾਨਕ ਫੁੱਟ ਨਿਕਲਿਆ। ਹੈਰਾਨੀ ਦੀ ਗਲ ਹੈ ਕਿ ਉਸ ਨੇ 63 ਸਾਲ ਦੀ ਉਮਰ ਵਿਚ ਆ ਕੇ ਇਕ ਹੀ ਸਾਲ 2009 ਚ 6 ਗ਼ਜ਼ਲ ਸੰਗ੍ਰਹਿ ਪਾਠਕਾਂ ਨੂੰ ਸੌਂਪੇ ਹਨ। ਅਨੇਕ ਸੁਪਨੇ, ਯਾਦਾਂ ਦੀਆਂ ਪੈੜਾਂ, ਵਲਵਲੇ, ਗ਼ਜ਼ਲਾਂਜਲੀ, ਨਿਰੰਤਰ ਘੋਲ, ਅੰਤਰ ਵੇਦਨਾ ਅਤੇ ਚੇਤੰਨਤਾ ਦੀਪ ਉਸ ਦੇ ਗ਼ਜ਼ਲ ਸੰਗ੍ਰਹਿ ਹਨ।

ਜੀਵਨ ਦੀ ਪੁਸਤਕ ਦੇ

ਜੀਵਨ ਦੀ ਪੁਸਤਕ ਦੇ ਵਰਕੇ ਫੋਲ ਰਿਹਾ ਹਾਂ।
ਮੈਂ ਕਿਸ ਮੋੜ 'ਤੇ ਗੁੰਮ ਹੋਇਆ ਸਾਂ ਟੋਲ ਰਿਹਾ ਹਾਂ।

ਸੱਜਣ ਐਸ਼ ਕਰੇਂਦੇ ਵਿਚ ਪਰਦੇਸਾਂ ਦੇ,
ਪਰ ਮੈਂ ਆਪਣੀ ਜੀਵਨ-ਰਾਖ ਫਰੋਲ ਰਿਹਾ ਹਾਂ।

ਯਾਰ ਸੀ ਛਲੀਆ ਜਾਂ ਮੇਰਾ ਦਿਲ ਭੋਲਾ ਸੀ,
ਤਰਕ ਦੀ ਤਕੜੀ ਧਰ ਦੋਹਾਂ ਨੂੰ ਤੋਲ ਰਿਹਾ ਹਾਂ।

ਸੀਨੇ ਧੁੱਖਦੀ ਅੱਗ ਹਿਜਰਾਂ ਦੀ ਬੁਝਦੀ ਨ੍ਹੀਂ,
ਨਿੱਤ ਹੰਝੂਆਂ ਦਾ ਪਾਣੀ ਇਸ 'ਤੇ ਡੋਲ ਰਿਹਾ ਹਾਂ।

ਨਾ ਪੁੱਛਿਆ ਨਾ ਹਾਲ ਕਦੇ ਉਸ ਪੁੱਛਣਾ ਹੈ,
ਜਿਸ ਦੀ ਖਾਤਿਰ ਖਾਕ ਵਿਚ ਆਪਾ ਰੋਲ ਰਿਹਾ ਹਾਂ।

ਇਹ ਮਾਫੀ ਦੇ ਜਾਂ ਸਜ਼ਾ ਦੇ ਕਾਬਲ ਨੇ,
ਆਪਣੇ ਕਰਮਾਂ ਦੀ ਮੈਂ ਕਰ ਪੜਚੋਲ ਰਿਹਾ ਹਾਂ।

ਕੁੱਝ ਪਲ ਸਾਂਝ ਬਣਾ ਕੇ ਦਿਲ ਤਾਂ ਤੋੜ ਗਿਆ ਉਹ,
ਮੈਂ ਤਾਂ ਉਸ ਦਾ ਸਾਂਝ ਪੁਰਾਣਾ ਖੋਲ ਰਿਹਾ ਹਾਂ।

ਅੰਦਰ ਦੀ ਗਲ ਬਾਹਰ ਪ੍ਰਗਟ ਹੋਵੇ ਨਾ,
ਸੋਚ ਸੋਚ ਕੇ ਇਕ ਇਕ ਬੋਲ ਮੈਂ ਬੋਲ ਰਿਹਾ ਹਾਂ।

ਰੱਬ ਜਾਣੇਂ ਕਦ ਰੁਖਸਤ ਦਾ ਦਿਨ ਆ ਜਾਵੇ,
ਚਿਰ ਤੋਂ ਵੱਜਦੇ ਕੰਨਾਂ ਵਿਚ ਸੁਣ ਢੋਲ ਰਿਹਾ ਹਾਂ।

ਪਿਆਰ ਦਾ ਸਾਇਆ

ਨਾ ਤਾਂ ਪਹਿਲਾ ਪਿਆਰ ਭੁਲਾਇਆ ਜਾਂਦਾ ਹੈ।
ਨਾ ਰੂਹਾਂ ਤੋਂ ਪਿਆਰ ਦਾ ਸਾਇਆ ਜਾਂਦਾ ਹੈ।

ਮਹਿਕ ਉਨ੍ਹਾਂ ਦੀ ਪੌਣਾਂ ਦੇ ਵਿਚ ਘੁਲ ਜਾਂਦੀ,
ਜਦ ਫੁੱਲਾਂ 'ਤੇ ਪਹਿਰਾ ਲਾਇਆ ਜਾਂਦਾ ਹੈ।

ਖੰਡਿਤ ਹੋਏ ਵਿਅਕਤੀਤੱਵ ਦੀਆਂ ਠੀਕਰੀਆਂ,
ਜੋੜ ਕਦੇ ਨਾ ਮਹਿਲ ਬਣਾਇਆ ਜਾਂਦਾ ਹੈ।।

ਪਿਆਰ ਪਵੇ ਤਾਂ ਅਧਭੁੱਤ ਕਲਪਿਤ ਧਰਤੀ 'ਤੇ,
ਸੁਪਨਿਆਂ ਦਾ ਸੰਸਾਰ ਵਸਾਇਆ ਜਾਂਦਾ ਹੈ।

ਸਭ ਤੋਂ ਵਧ ਕੇ ਯਾਰ ਪਿਆਰਾ ਹੁੰਦਾ ਹੈ,
ਜਿਸ ਨੂੰ ਦਿਲ ਦੇ ਤਖਤ ਬਹਾਇਆ ਜਾਂਦਾ ਹੈ।

ਪਿਆਰ ਵਿਹੂਣਾ ਜੀਵਨ ਹੈ ਸੰਤਾਪ ਨਿਰਾ,
ਸੜਦੇ ਭੁੱਜਦੇ ਵਕਤ ਲੰਘਾਇਆ ਜਾਂਦਾ ਹੈ।

ਆਪੇ ਹੀ ਸਭ ਕੁੱਝ ਹੋ ਜਾਵੇ ਸੱਜਣਾਂ ਦਾ,
ਦਿਲ ਸੱਜਣਾਂ ਦੇ ਨਾਂ ਜਦ ਲਾਇਆ ਜਾਂਦਾ ਹੈ।

ਇਸ਼ਕ ਮਜਾਜ਼ੀ ਪਉੜੀ ਇਸ਼ਕ ਹਕੀਕੀ ਦੀ,
ਪ੍ਰੇਮ ਬਿਨ੍ਹਾਂ ਕਦ ਮਹਿਰਮ ਪਾਇਆ ਜਾਂਦਾ ਹੈ।

ਜੀਵਨ ਤੋਰ ਛੁਟੇਰੀ

ਜੀਵਨ ਤੋਰ ਛੁਟੇਰੀ ਪੰਥ ਲੰਮੇਰਾ ਹੈ।
ਭਵਸਾਗਰ ਤੋਂ ਪਾਰ ਸੱਜਣ ਦਾ ਡੇਰਾ ਹੈ।

ਹੈਂਕੜ ਹਉਮੈਂ ਦੋਵੇਂ ਤੇਰੇ ਦੁਸ਼ਮਣ ਨੇ,
ਦੋਹਾਂ ਦੇ ਨਾਲ ਤੇਰਾ ਪਿਆਰ ਘਨੇਰਾ ਹੈ।

ਆਪਣੀ ਆਪਣੀ ਵਾਰੀ ਸਭ ਨੇ ਟੁਰ ਜਾਣਾ,
ਸਭ ਦਾ ਜੀਵਨ ਜੋਗੀ ਵਾਲਾ ਫੇਰਾ ਹੈ।

ਜਾਂਦੀ ਵਾਰੀ ਕੌਡੀ ਨਾਲ ਨਾ ਜਾਵੇਗੀ,
ਜਿਸ ਧਨ ਨੂੰ ਤੂੰ ਕਹਿਨੈਂ ਮੇਰਾ ਮੇਰਾ ਹੈ।

ਧਨ ਤੇ ਕਾਮ ਦੀ ਭੁੱਖ ਹੀ ਦੁੱਖ ਦਾ ਕਾਰਨ ਹੈ,
ਸਬਰ ਸ਼ੁਕਰ ਵਿਚ ਸੱਜਣਾ ਸੁੱਖ ਘਨੇਰਾ ਹੈ।

ਚੱਕ ਲਉ ਚੁੱਕ ਲਉ ਸਾਰੇ ਆਪਣੇ ਕੂਕਣਗੇ,
ਮਰਘਟ ਹੋਣਾ ਅੰਤ ਟਿਕਾਣਾ ਤੇਰਾ ਹੈ।

ਆਪਣੇ ਅੰਤਰ ਜੋਤ ਜਗਾ ਮਨ ਸੁਰਤੀ ਦੀ,
ਜਿਸ ਰਾਹ ਜਾਣਾ ਉਸ ਰਾਹ ਘੁੱਪ ਹਨੇਰਾ ਹੈ।

ਪ੍ਰੋ: ਮੋਹਨ ਸਿੰਘ ਔਜਲਾ ਦਾ ਕਨੇਡੀਅਨ ਪਤਾ
248 Eldorado Place
Colgary NE (Canada)
TIY 6T3 Ph : 403-293-5110

ਪੰਜਾਬ ਤੋਂ ਬਾਹਰ ਪੰਜਾਬੀ ਦੀਆਂ ਸੰਭਾਵਨਾਵਾਂ

ਡਾ. ਰਵੇਲ ਸਿੰਘ

ਪੰਜਾਬੀ ਭਾਸ਼ਾ ਹੁਣ ਇੱਕ ਪ੍ਰਾਂਤਕ ਭਾਸ਼ਾ ਨਾ ਰਹਿ ਕੇ ਅੰਤਰਰਾਸ਼ਟਰੀ ਭਾਸ਼ਾ ਦਾ ਸਰੂਪ ਗ੍ਰਹਿਣ ਕਰ ਗਈ ਹੈ। ਇੱਕ ਅਨੁਮਾਨ ਅਨੁਸਾਰ ਲੱਗਭਗ 150 ਦੇਸ਼ਾਂ ਵਿੱਚ ਪੰਜਾਬੀ ਵੱਸਦੇ ਹਨ। ਇਹ ਪੰਜਾਬੀ ਲੋਕ ਜਿੱਥੇ ਵੀ ਗਏ ਅਪਣੀ ਭਾਸ਼ਾ ਅਤੇ ਸੱਭਿਆਚਾਰ ਨੂੰ ਨਾਲ਼ ਲੈ ਕੇ ਗਏ। ਭਾਵੇਂ ਇਹਨਾਂ ਨੂੰ ਰੋਟੀ, ਰੋਜ਼ੀ ਦੇ ਮਸਲੇ ਲਈ ਸਥਾਨਕ ਭਾਸ਼ਾਵਾਂ ਅਤੇ ਸੱਭਿਆਚਾਰ ਨਾਲ਼ ਦੋ-ਚਾਰ ਹੋਣਾ ਪਿਆ ਹੈ, ਪਰ ਫਿਰ ਵੀ ਉਹਨਾਂ ਨੇ ਅਪਣੀ ਭਾਸ਼ਾ ਨੂੰ ਬਿਲਕੁੱਲ ਤਿਆਗਿਆ ਨਹੀਂ ਹੈ। ਦਰਅਸਲ ਇਨਸਾਨ ਦੀ ਹਮੇਸ਼ਾ ਹੀ ਇਹ ਸਮੱਸਿਆ ਰਹੀ ਹੈ ਕਿ ਜਦੋਂ ਰੋਟੀ, ਰੋਜ਼ੀ ਦਾ ਮਸਲਾ ਹੋਵੇ, ਤਾਂ ਭਾਸ਼ਾ ਅਤੇ ਸੱਭਿਆਚਾਰ ਦੋਵੇਂ ਹੀ ਪਿਛਲੀ ਪੌੜੀ ਉੱਤੇ ਚਲੇ ਜਾਂਦੇ ਹਨ। ਸਭ ਤੋਂ ਪਹਿਲਾਂ ਇਨਸਾਨ ਦੀ ਅਪਣੀ ਹੋਂਦ ਦਾ ਮਸਲਾ ਹੁੰਦਾ ਹੈ। ਇਸ ਹੋਂਦ ਨੂੰ ਬਣਾਏ ਰੱਖਣ ਲਈ ਇਨਸਾਨ ਮਿਹਨਤ, ਮਜ਼ਦੂਰੀ ਕਰਦਾ ਹੈ ਅਤੇ ਮਿਹਨਤ ਮਜ਼ਦੂਰੀ ਰਾਹੀਂ ਅਪਣੀ ਕੁੱਲੀ, ਗੁੱਲੀ ਅਤੇ ਜੁੱਲੀ ਦਾ ਮਸਲਾ ਹੱਲ ਕਰਨ ਵਿੱਚ ਲੱਗਾ ਰਹਿੰਦਾ ਹੈ। ਜਦੋਂ ਉਸਦੀਆਂ ਬੁਨਿਆਦੀ ਲੋੜਾਂ ਪੂਰੀਆਂ ਹੁੰਦੀਆਂ ਹਨ ਅਤੇ ਥੋੜ੍ਹਾ ਬਹੁਤ ਜ਼ਿੰਦਗੀ ਵਿੱਚ ਸਕੂਨ ਮਹਿਸੂਸ ਕਰਦਾ ਹੈ ਤਾਂ ਉਸ ਨੂੰ ਅਪਣੇ ਆਲੇ-ਦੁਆਲੇ ਦੀ ਯਾਦ ਆਉਣੀ ਸ਼ੁਰੂ ਹੁੰਦੀ ਹੈ। ਉਂਝ ਅਸੀਂ ਇਸ ਗੱਲ ਤੋਂ ਮੁਨਕਰ ਨਹੀਂ ਹੋ ਸਕਦੇ ਕਿ ਰੋਟੀ, ਰੋਜ਼ੀ ਦੇ ਮਸਲੇ ਵਿੱਚ ਲੱਗਿਆ ਇਨਸਾਨ ਅਪਣੀ ਮਾਤ-ਭੂਮੀ, ਅਪਣੀ ਮਾਤ-ਭਾਸ਼ਾ ਅਤੇ ਸੱਭਿਆਚਾਰ ਦੇ ਵਿਯੋਗ ਦਾ ਸੱਲ ਨਾਲੋਂ ਨਾਲ਼ ਸਹਿੰਦਾ ਰਹਿੰਦਾ ਹੈ ਅਤੇ ਉਸਦੀਆਂ ਮਜ਼ਬੂਰੀਆਂ ਉਸਨੂੰ ਕੁੱਝ ਕਰਨ ਤੋਂ ਰੋਕਦੀਆਂ ਰਹਿੰਦੀਆਂ ਹਨ। ਜਦੋਂ ਹੀ ਉਹ ਕੁੱਝ ਸਮਰੱਥ ਹੁੰਦਾ ਹੈ ਤਾਂ ਉਸਦੀਆਂ ਇਛਾਵਾਂ ਹੋਰ ਪ੍ਰਬਲ ਹੁੰਦੀਆਂ ਹਨ ਅਤੇ ਉਹ ਅਪਣੇ ਮੂਲ ਨੂੰ ਪਛਾਣਨ ਵੱਲ ਅਗਰਸਰ ਹੁੰਦਾ ਹੈ। ਇਹੋ ਹਾਲ ਹੀ ਪੰਜਾਬ ਤੋਂ ਬਾਹਰ ਵੱਸਦੇ ਪੰਜਾਬੀਆਂ ਦਾ ਹੈ।

ਭਾਵੇਂ ਪੰਜਾਬੀ ਸੁਭਾਅ ਤੋਂ ਹੀ ਇਸ ਤਰ੍ਹਾਂ ਦੇ ਹਨ ਕਿ ਇਹਨਾਂ ਨੇ ਹਮੇਸ਼ਾ ਹੀ ਇੱਕ ਤੋਂ ਦੂਜੀ ਥਾਂ ਜਾ ਕੇ ਅਪਣੇ ਕਾਰੋਬਾਰ ਜਮਾਏ ਪਰ 1947 ਦੀ ਦੇਸ਼ ਵੰਡ ਦੌਰਾਨ ਭਾਰਤ ਭਰ ਵਿੱਚ ਪੰਜਾਬੀਆਂ ਦਾ ਫ਼ੈਲਾਅ ਵਧੇਰੇ ਕਰਕੇ ਹੋਇਆ ਹੈ। ਪੱਛਮੀ ਪੰਜਾਬ ਵਿੱਚ ਬੇਘਰ ਹੋ ਕੇ ਆਏ ਪੰਜਾਬੀ ਪੰਜਾਬ ਵਿੱਚ ਤਾਂ ਜਾ ਵਸੇ ਹੀ ਪਰ ਨਾਲ਼ ਹੀ ਨਾਲ਼ ਉਹਨਾਂ ਨੇ ਦਿੱਲੀ, ਕਾਨਪੁਰ, ਭੂਪਾਲ, ਇੰਦੌਰ, ਮੁੰਬਈ ਆਦਿ ਕਈ ਸ਼ਹਿਰਾਂ ਵਿੱਚ ਵੀ ਮੁਕਾਮ ਕੀਤੇ। ਉਹਨਾਂ ਦੀ ਮੁੱਢਲੀ ਚਿੰਤਾ ਤਾਂ ਇਹੋ ਹੀ ਰਹੀ ਕਿ ਉਹ ਅਪਣੇ ਸਿਰ ਉੱਤੇ ਛੱਤ ਦਾ ਇੰਤਜ਼ਾਮ ਕਰ ਸਕਣ, ਅਪਣੀ ਰੋਟੀ, ਰੋਜ਼ੀ ਦਾ ਜੁਗਾੜ ਕਰ ਸਕਣ, ਕਿਉਂਕਿ ਭਰੇ ਘਰਾਂ ਵਿੱਚੋਂ ਆਏ ਪੰਜਾਬੀ ਇੱਕ ਵਾਰ ਤਾਂ ਠੱਗੇ ਹੋਏ ਮਹਿਸੂਸ ਕਰ ਰਹੇ ਸਨ। ਖੈਰ ਮਿਹਨਤ ਸਾਡਾ ਅਕੀਦਾ ਹੈ ਅਤੇ ਸਾਡੇ ਲੋਕਾਂ ਨੇ ਮਿਹਨਤ ਰਾਹੀਂ ਹੀ ਅਪਣੇ ਪੈਰ ਥਾਂਓਂ ਥਾਈਂ ਜਮਾਏ। ਪੈਰ ਜੰਮਦਿਆਂ ਹੀ ਇਹਨਾਂ ਨੇ ਫਿਰ ਅਪਣੀ ਜ਼ੁਬਾਨ ਅਤੇ ਸੱਭਿਆਚਾਰ ਨੂੰ ਪਛਾਣਨਾ ਸ਼ੁਰੂ ਕੀਤਾ। ਭਾਵੇਂ ਕਿ ਇਹ ਸੱਭਿਆਚਾਰ ਹੁਣ ਤੱਕ ਰਲਗੱਡ ਹੋ ਚੁੱਕੇ ਸਨ। ਹੌਲ਼ੀ-ਹੌਲ਼ੀ ਇਹਨਾਂ ਲੋਕਾਂ ਨੇ ਜਿਵੇਂ ਵੀ ਹੋ ਸਕੇ ਅਪਣੀ ਭਾਸ਼ਾ ਅਤੇ ਸੱਭਿਆਚਾਰ ਲਈ ਬਣਦੀਆਂ ਸਹੂਲਤਾਂ ਮੰਗਣੀਆਂ ਸ਼ੁਰੂ ਕੀਤੀਆਂ। ਜਿਸਦੇ ਸਿੱਟੇ ਵਜੋਂ ਦਿੱਲੀ, ਹਰਿਆਣਾ, ਹਿਮਾਚਲ ਆਦਿ ਸੂਬਿਆਂ ਵਿੱਚ ਪੰਜਾਬੀ ਭਾਸ਼ਾ ਨੂੰ ਦੂਜੀ ਸਰਕਾਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ ਅਤੇ ਨਾਲ਼ ਹੀ ਅਕਾਦਮੀਆਂ ਆਦਿ ਹੋਂਦ ਵਿੱਚ ਆਈਆਂ, ਜਿਹਨਾਂ ਨੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਝੰਡਾ ਬੁਲੰਦ ਰੱਖਣ ਲਈ ਆਪੋ-ਅਪਣੀ ਸਮਰੱਥਾ ਅਨੁਸਾਰ ਕੰਮ ਕਰਨਾ ਸ਼ੁਰੂ ਕੀਤਾ।

ਅੱਜ ਜੇਕਰ ਅਸੀਂ ਨਿਗ੍ਹਾ ਮਾਰੀਏ ਤਾਂ ਦਿੱਲੀ ਦੀ ਪੰਜਾਬੀ ਅਕਾਦਮੀ, ਹਰਿਆਣਾ ਦੀ ਪੰਜਾਬੀ ਸਾਹਿਤ ਅਕਾਦਮੀ ਆਦਿ ਅਤੇ ਇਹਨਾਂ ਤੋਂ ਇਲਾਵਾ ਬਹੁਤ ਸਾਰੀਆਂ ਪ੍ਰਾਈਵੇਟ ਪੰਜਾਬੀ ਸੰਸਥਾਵਾਂ ਜਿਵੇਂ ਪੰਜਾਬੀ ਸਾਹਿਤ ਸਭਾ, ਦਿੱਲੀ, ਨਿਊ ਮੁੰਬਈ ਕਲਚਰਲ ਐਸੋਸੀਏਸਨ ਆਦਿ ਅਨੇਕ ਸੰਸਥਾਵਾਂ ਹਨ, ਜਿਹਨਾਂ ਨੇ ਪੰਜਾਬੀ ਅਤੇ ਪੰਜਾਬੀਅਤ ਦਾ ਮਾਣ ਵਧਾਉਣ ਲਈ ਸਿਰਤੋੜ ਯਤਨ ਸ਼ੁਰੂ ਕੀਤੇ। ਇਹਨਾਂ ਸੰਸਥਾਵਾਂ ਨੇ ਜਿੱਥੇ ਪੰਜਾਬੀਆਂ ਨੂੰ ਇੱਕਜੁੱਟ ਕਰਨ ਵਿੱਚ ਮੋਢੀ ਰੋਲ ਨਿਭਾਇਆ ਹੈ, ਉੱਥੇ ਨਾਲ਼ ਹੀ ਅਪਣੀਆਂ ਸਥਾਨਕ ਸਰਕਾਰਾਂ ਨੂੰ ਪੰਜਾਬੀ ਪ੍ਰਤੀ ਅਵੇਸਲਾਪਨ ਦੂਰ ਕਰਨ ਲਈ ਮਜ਼ਬੂਰ ਵੀ ਕੀਤਾ ਹੈ।

ਖ਼ੈਰ ਗੱਲ ਹੈ ਤਾਂ ਕੌੜੀ, ਪਰ ਕਰਨੀ ਜ਼ਰੂਰ ਬਣਦੀ ਹੈ, ਕਿ ਪੰਜਾਬ ਵਿੱਚ ਕਿਸੇ ਵੀ ਸਰਕਾਰ ਦੀ ਅੱਜ ਤੱਕ ਕੋਈ ਭਾਸ਼ਾ ਜਾਂ ਸੱਭਿਆਚਾਰਕ ਨੀਤੀ ਠੋਸ ਰੂਪ ਵਿੱਚ ਸਾਹਮਣੇ ਨਹੀਂ ਆਈ। ਪੰਜਾਬੀ ਭਾਸ਼ਾ ਦੀ ਦਫ਼ਤਰਾਂ ਵਿੱਚ ਵਰਤੋਂ ਦੇ ਨਾਂ 'ਤੇ ਨੋਟੀਫਿਕੇਸ਼ਨ ਆਦਿ ਜਾਰੀ ਕਰਕੇ ਪੰਜਾਬੀ ਭਾਸ਼ਾ ਦੀ ਕਿੰਨੀ ਕੁ ਸੇਵਾ ਹੋ ਰਹੀ ਹੈ, ਇਹ ਅਸੀਂ ਭਲੀ ਪ੍ਰਕਾਰ ਜਾਣਦੇ ਹਾਂ। ਇਹ ਗੱਲ ਵੀ ਸਮਝ ਤੋਂ ਬਾਹਰ ਲੱਗਦੀ ਹੈ ਕਿ ਫਾਈਲਾਂ ਉੱਤੇ ਪੰਜਾਬੀ ਵਿੱਚ ਨੋਟਿੰਗ ਕਰਨ ਨਾਲ਼ ਪੰਜਾਬੀ ਭਾਸ਼ਾ ਦਾ ਕਿੰਨਾ ਕੁ ਵਿਕਾਸ ਸੰਭਵ ਹੈ, ਜਦਕਿ ਪੰਜਾਬ ਵਿੱਚ ਖੁੱਲ੍ਹੇ ਅਨੇਕਾਂ ਪਬਲਿਕ ਅਤੇ ਮਾਡਲ ਸਕੂਲ ਪੰਜਾਬੀ ਭਾਸ਼ਾ ਦੀ ਪੜ੍ਹਾਈ ਕਰਵਾਉਣ ਦੀ ਬਜਾਏ, ਅੰਗਰੇਜ਼ੀ ਨੂੰ ਹੀ ਅਪਣਾ ਮਾਧਿਅਮ ਬਣਾ ਰਹੇ ਹਨ। ਜਦੋਂ ਕਿ ਪੰਜਾਬ ਦੀ ਮੂਲ ਵਸੋਂ ਵਾਲੇ ਲੋਕਾਂ ਦੇ ਵੱਡੀ ਗਿਣਤੀ ਵਿੱਚ ਬੱਚੇ ਇਹਨਾਂ ਸਕੂਲਾਂ ਵਿੱਚ ਪੜ੍ਹਦੇ ਹਨ। ਪੰਜਾਬ ਸਰਕਾਰ ਦਾ ਭਾਸ਼ਾ ਵਿਭਾਗ ਅਤੇ ਪੰਜਾਬ ਆਰਟਸ ਕਾਊਂਸਿਲ ਵਰਗੀਆਂ ਸੰਸਥਾਵਾਂ, ਜਿਹਨਾਂ ਨੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕੰਮ ਕਰਨਾ ਸੀ, ਉਹਨਾਂ ਦੀ ਮਾਲੀ ਹਾਲਤ ਬਿਹਤਰ ਨਾ ਹੋਣ ਕਾਰਨ ਉਹ ਕੇਵਲ ਨਾਮ ਦੇ ਹੀ ਵਿਭਾਗ ਰਹਿ ਗਏ ਹਨ।

ਦੂਜੇ ਪਾਸੇ ਜਦੋਂ ਅਸੀਂ ਹੋਰਨਾਂ ਸੂਬਿਆਂ ਵੱਲ ਨਜ਼ਰ ਮਾਰਦੇ ਹਾਂ ਤਾਂ ਸਪੱਸ਼ਟ ਹੁੰਦਾ ਹੈ ਕਿ ਬਾਹਰ ਦੀਆਂ ਸੂਬਾ ਸਰਕਾਰਾਂ ਜੋ ਆਪਣੀ ਪ੍ਰਾਂਤਕ ਬੋਲੀ ਕੰਮ ਕਰ ਰਹੀਆਂ ਹਨ, ਤਾਂ ਉਹ ਪੰਜਾਬੀ ਭਾਸ਼ਾ ਨੂੰ ਵੀ ਰਕਮਾਂ ਦੇਣ ਤੋਂ ਪਿੱਛੇ ਨਹੀਂ ਹਟੀਆਂ। ਇਸਦੇ ਕਾਰਣ ਭਾਵੇਂ ਸਿਆਸੀ ਹੀ ਹੋਣ, ਪਰ ਇਹ ਵਾਪਰ ਜ਼ਰੂਰ ਰਿਹਾ ਹੈ। ਇਸਦੀ ਮਿਸਾਲ ਅਸੀਂ ਦਿੱਲੀ ਤੋਂ ਲੈ ਸਕਦੇ ਹਾਂ। ਜਦੋਂ ਦਿੱਲੀ ਵਿੱਚ ਪਹਿਲੀ ਵਾਰ ਦਿੱਲੀ ਨੂੰ ਰਾਜ ਦਾ ਦਰਜਾ ਮਿਲਦਾ ਹੈ, ਪਹਿਲੀਆਂ ਚੋਣਾਂ ਦੇ ਦੌਰਾਨ ਸਿਆਸੀ ਪਾਰਟੀਆਂ ਪੰਜਾਬੀ ਨੂੰ ਦੂਜੀ ਸਰਕਾਰੀ ਭਾਸ਼ਾ ਦੇਣ ਦਾ ਏਜੰਡਾ ਅਪਣੇ ਚੋਣ ਮਨੋਰਥ ਪੱਤਰਾਂ ਵਿੱਚ ਰੱਖਦੀਆਂ ਹਨ। ਇਸ ਤਰ੍ਹਾਂ ਇੱਕ ਵਚਨਬੱਧਤਾ ਸਾਹਮਣੇ ਆਉਂਦੀ ਹੈ, ਭਾਵੇਂ ਕਿ ਉਸਦਾ ਰੰਗ ਸਿਆਸੀ ਹੀ ਹੈ। ਦਿੱਲੀ ਵਰਗੇ ਸ਼ਹਿਰਾਂ ਵਿੱਚ ਪੰਜਾਬੀਆਂ ਦੀਆਂ ਵੋਟਾਂ ਤੋਂ ਬਿਨਾਂ ਚੋਣ ਜਿੱਤਣੀ, ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਇਸ ਲਈ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਦਾ ਬਿੱਲ ਕਦੇ ਲਿਆਉਣਾ ਕਦੇ ਲਟਕਾਉਣਾ, ਇਹਨਾਂ ਸਿਆਸੀ ਪਾਰਟੀਆਂ ਦੀ ਮਜ਼ਬੂਰੀ ਰਹੀ ਹੈ ਪਰ ਆਖ਼ਰਕਾਰ ਜਥੇਬੰਧਕ ਦਬਾਅ ਅੱਗੇ ਪ੍ਰਸ਼ਾਸਨ ਝੁਕਦਾ ਹੈ ਅਤੇ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਮਿਲਦਾ ਹੈ। ਕੁੱਝ ਇਸ ਤਰ੍ਹਾਂ ਦੇ ਹੀ ਸਿਆਸੀ ਦਬਾਅ ਹੇਠਾਂ ਸਕੂਲਾਂ ਵਿੱਚ ਪੰਜਾਬੀ ਦੇ ਅਧਿਆਪਕਾਂ ਦੀ ਭਰਤੀ ਵੀ ਹੁੰਦੀ ਹੈ ਅਤੇ ਸਰਕਾਰੀ ਮਹਿਕਮਿਆਂ ਵਿੱਚ ਹੋਰ ਨੌਕਰੀਆਂ ਵੀ ਨਿਕਲਦੀਆਂ ਹਨ। ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਨਾਂ 'ਤੇ ਗ੍ਰਾਂਟਾਂ ਵੀ ਦਿੱਤੀਆਂ ਜਾਂਦੀਆਂ ਹਨ।

ਇਸ ਤਰ੍ਹਾਂ ਦੀ ਸੰਭਾਵਨਾ ਤਾਂ ਜ਼ਰੂਰ ਬਣੀ ਰਹਿੰਦੀ ਹੈ ਕਿ ਪੰਜਾਬੀ ਭਾਸ਼ਾ ਲਈ ਕੁੱਝ ਤਾਂ ਕੰਮ ਹੋਇਆ ਹੈ ਅਤੇ ਕੁੱਝ ਹੁੰਦਾ ਰਹੇਗਾ। ਕੁੱਝ ਅਜਿਹਾ ਹੀ ਸਾਡੇ ਗੁਆਂਢੀ ਸੂਬੇ ਹਰਿਆਣਾ ਵਿੱਚ ਵੀ ਹੁੰਦਾ ਹੈ, ਜਿੱਥੇ ਕਦੀ ਇੱਕ ਤੇ ਕਦੀ ਦੂਜੀ ਸਿਆਸੀ ਪਾਰਟੀ ਵਾਲੇ ਸਿਆਸੀ ਨੇਤਾ ਲਾਹਾ ਲੈਣ ਲਈ ਪੰਜਾਬੀ ਭਾਸ਼ਾ ਦੇ ਮਸਲੇ ਉੱਤੇ ਰੱਸਾਕਸ਼ੀ ਕਰਦੇ ਹਨ। ਭਾਵੇਂ ਇਹ ਸਿਆਸੀ ਮਜ਼ਬੂਰੀ ਹੀ ਹੋਵੇ ਪਰ ਇਸਦੇ ਨਤੀਜੇ ਵਜੋਂ ਪੰਜਾਬੀ ਭਾਸ਼ਾ ਨੂੰ ਕੁੱਝ ਨਾ ਕੁੱਝ ਮਿਲਦਾ ਜ਼ਰੂਰ ਹੈ ਜਾਂ ਇੰਜ ਵੀ ਕਹਿ ਸਕਦੇ ਹਾਂ ਕਿ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ ਮਸਲੇ ਨੂੰ ਚੋਣ ਮੌਕੇ ਪੰਜਾਬ ਤੋਂ ਬਾਹਰ ਬੈਠੀਆਂ ਸਿਆਸੀ ਪਾਰਟੀਆਂ ਘੱਟੋ-ਘੱਟ ਉਠਾਂਦੀਆਂ ਤਾਂ ਹਨ ਪਰ ਪੰਜਾਬ ਦੀਆਂ ਪਾਰਟੀਆਂ ਲਈ ਇਹ ਕੋਈ ਮਸਲਾ ਨਹੀਂ ਹੈ।

ਇਹ ਤਾਂ ਸੀ ਦੇਸ਼ ਅੰਦਰ ਪੰਜਾਬ ਤੋਂ ਬਾਹਰ ਦੇ ਸੂਬਿਆਂ ਦਾ ਹਾਲ ਪਰ ਜਦੋਂ ਅਸੀਂ ਭਾਰਤ ਤੋਂ ਬਾਹਰ ਪੰਜਾਬੀ ਦੀ ਗੱਲ ਕਰਦੇ ਹਾਂ ਤਾਂ ਅਸੀਂ ਵੇਖਦੇ ਹਾਂ ਕਿ ਪ੍ਰਦੇਸਾਂ ਵਿੱਚ ਵੱਸੀ ਪਹਿਲੀ ਪੀੜ੍ਹੀ ਲਈ ਵੀ ਇਹੋ ਹੀ ਮਸਲਾ ਸੀ, ਯਾਨਿ ਰੋਟੀ, ਰੋਜ਼ੀ ਦਾ ਮਸਲਾ, ਪਰ ਜਦੋਂ ਪਹਿਲੀ ਪੀੜ੍ਹੀ ਤੋਂ ਬਾਅਦ ਦੂਜੀ, ਤੀਜੀ ਅਤੇ ਚੌਥੀ ਪੀੜ੍ਹੀ ਤੱਕ ਗੱਲ ਪੁੱਜਦੀ ਹੈ ਤਾਂ ਉਹ ਮਾਲੀ ਤੌਰ 'ਤੇ ਸਮਰੱਥ ਹੋ ਜਾਂਦੇ ਹਨ। ਫਿਰ ਮਸਲਾ ਅਪਣੀਆਂ ਜੜ੍ਹਾਂ ਨੂੰ ਪਛਾਨਣ ਦਾ ਹੁੰਦਾ ਹੈ। ਵਿਦੇਸ਼ਾਂ ਵਿੱਚ ਵਸਦੀ ਨਵੀਂ ਪੀੜ੍ਹੀ ਦੇ ਬੱਚੇ ਵੀ ਹੁਣ ਮਾਂ, ਬਾਪ, ਦਾਦੇ, ਪੜਦਾਦੇ ਤੋਂ ਅਪਣੀ ਪਿੱਠ ਭੂਮੀ ਬਾਰੇ ਜਾਣਕਾਰੀ ਹਾਸਲ ਕਰਨ ਦੇ ਇਛੁਕ ਹੁੰਦੇ ਹਨ। ਬਹੁਤ ਸਾਰੇ ਅਜਿਹੇ ਕੇਸ ਵੇਖਣ ਵਿੱਚ ਆਏ ਹਨ, ਜਿੱਥੇ ਨਵੇਂ ਬੱਚੇ ਅਪਣੀ ਭਾਸ਼ਾ ਅਤੇ ਸੱਭਿਆਚਾਰ ਨਾਲ਼ ਜੁੜਨਾ ਚਾਹੁੰਦੇ ਹਨ। ਭਾਵੇਂ ਕਿ ਉਹ ਪੰਜਾਬੀ ਨੂੰ ਰੋਮਨ ਅੱਖਰਾਂ ਰਾਹੀਂ ਹੀ ਪੜ੍ਹ ਰਹੇ ਹਨ ਅਤੇ ਉਹਨਾਂ ਦੀ ਇਹ ਮਜ਼ਬੂਰੀ ਵੀ ਹੈ, ਪਰ ਜਿੱਥੋਂ ਤੱਕ ਪੰਜਾਬੀ ਭਾਸ਼ਾ ਦਾ ਸਵਾਲ ਹੈ, ਉਹਨਾਂ ਦਾ ਇਸ ਵੱਲ ਮੁੜਨਾ ਇੱਕ ਉਸਾਰੂ ਕਦਮ ਜ਼ਰੂਰ ਹੈ।

ਚੰਡੀਗੜ੍ਹ ਵਿਚ ਪੰਜਾਬੀ ਹੋਈ ਬੇਗਾਨੀ

ਸ਼ੰਗਾਰਾ ਸਿੰਘ ਭੁੱਲਰ

ਸ੍ਰੀ ਸ਼ਿਵਰਾਜ ਪਾਟਿਲ ਕੁਝ ਮਹੀਨੇ ਪਹਿਲਾਂ ਜਦੋਂ ਪੰਜਾਬ ਦੇ ਗਵਰਨਰ ਬਣ ਕੇ ਆਏ ਸਨ ਤਾਂ ਉਦੋਂ ਲੱਗਦਾ ਸੀ ਕਿ ਹੁਣ ਏਸ਼ੀਆ ਦੇ ਖੂਬਸੂਰਤ ਸ਼ਹਿਰ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਦੀ ਗੱਲ ਸੁਣੀ ਜਾਵੇਗੀ। ਇਹ ਇਸ ਲਈ ਕਿ ਪਹਿਲਾਂ ਪੰਜਾਬ ਦੇ ਜਿਹੜੇ ਗਵਰਨਰ ਸਨ ਜਨਰਲ ਐਸ. ਐਫ. ਰੌਡਰਿਗਜ਼ ਉਹ ਫੌਜੀ ਜਰਨੈਲ ਸਨ ਅਤੇ ਅੰਗਰੇਜ਼ੀ ਤੋਂ ਬਿਨਾਂ ਉਹ ਕਿਸੇ ਨਾਲ ਕਲਾਮ ਨਹੀਂ ਸਨ ਕਰਦੇ ਬਲਕਿ ਪੰਜਾਬੀ ਜ਼ੁਬਾਨ ਦਾ ਤਾਂ ਉਹ ਨਾਂ ਸੁਣਨਾ ਵੀ ਪਸੰਦ ਨਹੀਂ ਸਨ ਕਰਦੇ ਪਰ ਸ੍ਰੀ ਪਾਟਿਲ ਇਕ ਸਿਆਸਤਦਾਨ ਹਨ ਅਤੇ ਉਹਨਾਂ ਦੀ ਵੱਖ ਵੱਖ ਮਸਲਿਆਂ ਬਾਰੇ ਪਹੁੰਚ ਵੱਖਰੀ ਤਰ੍ਹਾਂ ਦੀ ਹੁੰਦੀ ਹੈ ਅਤੇ ਹੈ ਵੀ। ਉਹ ਮਹਾਰਾਸ਼ਟਰ ਪ੍ਰਾਂਤ ਦੇ ਜੰਮਪਲ ਹਨ ਅਤੇ ਲੰਬਾ ਸਮਾਂ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਵੱਖ ਵੱਖ ਅਹੁਦਿਆਂ 'ਤੇ ਰਹੇ ਹਨ, ਜਿਵੇਂ ਲੋਕ ਸਭਾ ਦੇ ਸਪੀਕਰ ਅਤੇ ਫਿਰ ਭਾਰਤ ਦੇ ਗ੍ਰਹਿ ਮੰਤਰੀ। ਇਹ ਇਕ ਵੱਖਰੀ ਗੱਲ ਹੈ ਕਿ ਉਹ ਗ੍ਰਹਿ ਮੰਤਰੀ ਵਜੋਂ ਬੜੇ ਅਸਫਲ ਸਿੱਧ ਹੋਏ, ਤਾਂ ਵੀ ਇਕ ਸਿਆਸਤਦਾਨ ਜਿੱਥੇ ਵੀ ਜਾਂਦਾ ਹੈ, ਉੱਥੇ ਦੀ ਬੋਲੀ ਬੋਲਣ ਲੱਗ ਪੈਂਦਾ ਹੈ ਅਤੇ ਉਸ ਕੋਲੋਂ ਇਹ ਆਸ ਵੀ ਰੱਖੀ ਜਾਂਦੀ ਹੈ।

ਪਰ ਅਫਸੋਸ ਨਾਲ ਕਹਿਣਾ ਪਵੇਗਾ ਕਿ ਅਜੇ ਉਹਨਾਂ ਨੇ ਪੰਜਾਬੀ ਭਾਸ਼ਾ ਪ੍ਰਤੀ ਆਪਣੀ ਹਾਂ ਪੱਖੀ ਪਹੁੰਚ ਦਾ ਪ੍ਰਗਟਾਵਾ ਨਹੀਂ ਕੀਤਾ। ਉਹਨਾਂ ਕੋਲੋਂ ਪੰਜਾਬੀ ਜ਼ੁਬਾਨ ਨਾਲ ਨਿਆਂ ਦੀ ਮੰਗ ਇਸ ਕਰਕੇ ਕੀਤੀ ਜਾ ਰਹੀ ਹੈ ਕਿ ਚੰਡੀਗੜ੍ਹ ਭਾਵੇਂ ਹੈ ਤਾਂ ਪੰਜਾਬ ਦੀ ਰਾਜਧਾਨੀ ਤਾਂ ਵੀ ਇਹ ਪੰਜਾਬੀ ਸੂਬੇ ਦੇ ਐਲਾਨ ਮੁਤਾਬਕ ਕੇਂਦਰੀ ਸਾਸ਼ਤ ਪ੍ਰਦੇਸ਼ ਬਣਾ ਦਿੱਤੀ ਗਈ। ਇਹ ਗੱਲ ਪਹਿਲੀ ਨਵੰਬਰ ਉੱਨੀ ਸੌ ਛਿਆਹਠ ਦੀ ਹੈ। ਉਸ ਵੇਲੇ ਪੰਜਾਬੀ ਇਥੋਂ ਦੀ ਮੁੱਖ ਭਾਸ਼ਾ ਸੀ ਪਰ ਹੁਣ ਇਹ ਕਿਤੇ ਵੀ ਨਹੀਂ ਖਲੋਂਦੀ। ਇਸ ਨੂੰ ਬਹੁਤ ਪਿਛਾਂਹ ਧੱਕ ਦਿੱਤਾ ਗਿਆ ਹੈ। ਹੁਣ ਇੱਥੇ ਅੰਗਰੇਜ਼ੀ ਅਤੇ ਹਿੰਦੀ ਦਾ ਬੋਲਬਾਲਾ ਹੈ ਹਾਲਾਂਕਿ ਦੇਸ਼ ਦਾ ਕੋਈ ਵੀ ਸੂਬਾ ਐਸਾ ਨਹੀਂ ਜਿੱਥੇ ਅੰਗਰੇਜ਼ੀ ਪਹਿਲੀ ਜ਼ੁਬਾਨ ਹੋਵੇ ਪਰ ਗੈਰ ਸਰਕਾਰੀ ਤੌਰ 'ਤੇ ਸਿੱਕਾ ਚੱਲ ਹੀ ਇਸ ਦਾ ਰਿਹਾ ਹੈ ਕਿਉਂਕਿ ਕੀ ਦਿੱਲੀ ਹੈ ਜਾਂ ਕੁਝ ਹੋਰ ਸੂਬੇ ਉਹਨਾਂ ਦੀ ਸਰਕਾਰੀ ਭਾਸ਼ਾ ਭਾਵੇਂ ਹਿੰਦੀ ਹੋਵੇ ਜਾਂ ਫਿਰ ਦੱਖਣੀ ਭਾਰਤੀ ਭਾਸ਼ਾ ਪਰ ਬਹੁਤਾ ਕੰਮ ਕਾਜ ਅੰਗਰੇਜ਼ੀ ਵਿਚ ਹੀ ਚੱਲਦਾ ਹੈ। ਇਹ ਇਸ ਲਈ ਕਿ ਇਸ ਦੇਸ਼ 'ਤੇ ਰਾਜ ਭਾਵੇਂ ਸਿਆਸੀ ਪਾਰੀਆਂ ਕਰਦੀਆਂ ਹਨ ਪਰ ਅਸਲੀ ਹਕੂਮਤ ਅਫਸਰਸ਼ਾਹੀ ਦੀ ਹੀ ਹੈ ਅਤੇ ਉਹ ਅੰਗਰੇਜ਼ੀ ਦਾ ਲੜ ਘੁੱਟ ਕੇ ਫੜੀ ਰੱਖਦੇ ਹਨ।

ਚੰਡੀਗੜ੍ਹ ਜਦੋਂ ਬਣਿਆ ਸੀ ਉਦੋਂ ਤਾਂ ਇਸ ਦਾ ਮੁਖੀ ਸਿੱਧੇ ਤੌਰ 'ਤੇ ਕੋਈ ਸੀਨੀਅਰ ਆਈ ਏ ਐਸ ਅਫਸਰ ਹੁੰਦਾ ਸੀ, ਪਰ ਜਦੋਂ ਅਸੀਵਿਆਂ ਵਿਚ ਪੰਜਾਬ ਦੇ ਹਾਲਾਤ ਖਰਾਬ ਹੋ ਗਏ ਤਾਂ ਚੰਡੀਗੜ੍ਹ ਦਾ ਮੁਖੀ ਵੀ ਇਕ ਸਿਆਸਤਦਾਨ ਲਾਇਆ ਜਾਣ ਲੱਗਾ ਜੋ ਕਿ ਪੰਜਾਬ ਦੇ ਗਵਰਨਰ ਦੇ ਰੂਪ ਵਿਚ ਹੁੰਦਾ ਹੈ।

ਚੰਡੀਗੜ੍ਹ ਪੰਜਾਬ ਦੀ ਧਰਤੀ 'ਤੇ ਅਤੇ ਪੰਜਾਬੀਆਂ ਦੇ ਪੈਸੇ ਨਾਲ ਬਣਿਆ ਪਰ ਬਦਕਿਸਮਤੀ ਇਸ ਦੀ ਇਹ ਹੋਈ ਕਿ ਇੱਥੇ ਪੰਜਾਬੀ ਭਾਸ਼ਾ ਨੂੰ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਸਣੇ ਸਰਕਾਰ ਅਤੇ ਹੋਰ ਲੇਖਕ ਜਥੇਬੰਦੀਆਂ ਮੰਗ ਕਰ ਰਹੀਆਂ ਹਨ ਕਿ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਉਹੀ ਥਾਂ ਦਿੱਤੀ ਜਾਵੇ ਜਿਹੜੀ ਕਦੀ ਪੰਜਾਬੀ ਸੂਬੇ ਤੋਂ ਪਹਿਲਾਂ ਸੀ। ਸ੍ਰੀ ਪਾਟਿਲ ਜਦੋਂ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਬਣ ਕੇ ਆਏ ਤਾਂ ਇਨ੍ਹਾਂ ਨੇ ਲੇਖਕਾਂ ਨੂੰ ਵੀ ਅਤੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵੀ ਭਰੋਸੇ ਵਿਚ ਲਿਆ ਕਿ ਪੰਜਾਬੀ ਨਾਲ ਪੂਰਾ ਪੂਰਾ ਨਿਆਂ ਕੀਤਾ ਜਾਵੇਗਾ। ਚੇਤੇ ਰਹੇ ਚੰਡੀਗੜ੍ਹ ਐਸਾ ਸ਼ਹਿਰ ਹੈ ਜਿੱਥੇ ਇਸ ਵੇਲੇ ਤਿੰਨ ਸਰਕਾਰਾਂ ਹਨ ਪਰ ਹਰ ਥਾਂ ਬੋਲਬਾਲਾ ਪੰਜਾਬੀ ਦਾ ਹੈ। ਇਹ ਸਿਰਫ ਬਾਹਰੋ ਬਾਹਰ ਹੈ, ਸਰਕਾਰੀ ਦਫਤਰਾਂ ਵਿਚ ਨਹੀਂ। ਇਸੇ ਲਈ ਮੰਗ ਸੀ ਕਿ ਚੰਡੀਗੜ੍ਹ ਪ੍ਰਸ਼ਾਸਨ ਦੇ ਦਫਤਰਾਂ ਵਿਚ ਪੰਜਾਬੀ ਦੀ ਪੁੱਛਗਿੱਛ ਹੋਵੇ ਪਰ ਹੋ ਇਹ ਰਿਹਾ ਹੈ ਕਿ ਸਲਾਹਕਾਰ ਕੌਂਸਲ ਦੀ ਪਹਿਲੀ ਬੈਠਕ ਵਿਚ ਹੀ ਇਕ ਵੀ ਮੈਂਬਰ ਨੂੰ ਪੰਜਾਬੀ ਵਿਚ ਬੋਲਣ ਨਹੀਂ ਦਿੱਤਾ ਗਿਆ ਜਾਂ ਉਹ ਖੁਦ ਹੀ ਨਹੀਂ ਬੋਲੇ ਕਿਉਂਕਿ ਸ੍ਰੀ ਪਾਟਿਲ ਦੀ ਪ੍ਰਧਾਨਗੀ ਵਿਚ ਹੋਈ ਇਸ ਬੈਠਕ ਵਿਚ ਗਲਬਾ ਅੰਗਰੇਜ਼ੀ ਦਾ ਸੀ। ਇਸ ਬੈਠਕ ਵਿਚ ਉਹ ਮੈਂਬਰ ਵੀ ਅੰਗਰੇਜ਼ੀ ਜਾਂ ਹਿੰਦੀ ਵਿਚ ਬੋਲੇ ਜਿਹੜੇ ਬਾਹਰ ਅੰਦਰ ਪੰਜਾਬੀ ਭਾਸ਼ਾ ਦਾ ਦਮ ਭਰਦੇ ਹਨ ਅਤੇ ਇਸ ਲਈ ਲੰਬੇ ਸਮੇਂ ਤੋਂ ਸੰਘਰਸ਼ ਵੀ ਕਰ ਰਹੇ ਹਨ। ਗਵਰਨਰ ਪੰਜਾਬੀ ਦੇ ਮੁੱਦੇ ਨੂੰ ਲੈ ਕੇ ਮਿਲਣ ਗਏ ਵਫਦ ਨੂੰ 'ਹਿੰਦੀ ਮੇਂ ਬਾਤ ਕਰੀਏ' ਕਹਿ ਕੇ ਜਦੋਂ ਮੁਖਾਤਬ ਹੁੰਦਾ ਹੈ ਤਾਂ ਸਪੱਸ਼ਟ ਹੀ ਹੈ ਕਿ ਚੰਡੀਗੜ੍ਹ ਵਿਚ ਪੰਜਾਬੀ ਦਾ ਕੋਈ ਭਵਿੱਖ ਨਹੀਂ। ਇਸ ਨੂੰ ਬਿਗਾਨੀ ਕਰ ਦਿੱਤਾ ਗਿਆ ਹੈ। ਚੰਡੀਗੜ੍ਹ ਪ੍ਰਸ਼ਾਸਨ ਨੂੰ ਨਾ ਸੁਖਬੀਰ ਬਾਦਲ ਦੀ ਕੋਈ ਪਰਵਾਹ ਹੈ ਅਤੇ ਨਾ ਹੀ ਪੰਜਾਬੀ ਲੇਖਕਾਂ, ਵਿਦਵਾਨਾਂ ਅਤੇ ਬੁੱਧੀਜੀਵੀਆਂ ਦੀ ਜਿਨ੍ਹਾਂ ਨੂੰ ਇਸ ਦੀ ਗੁੜ੍ਹਤੀ ਵਿਰਸੇ 'ਚ ਮਿਲੀ ਹੈ।

Blitz Auto Canada
Full Maintenance Service
Breaks
Muffler
Suspension
Steering
Lube & Oil
Tires
Batteries
WE CARE YOUR CAR BETTER
Contact: Umesh Amin
3207-97 Street, Edmonton, Alberta, T6N 1B7, Canada
Phone: 780 463 2886 Fax: 780 463 6536
E-mail: unamin@gmail.com

ਪੰਜਾਬ ਦੇ ਲੋਕ ਵਿਰਸੇ ਦਾ ਢਾਡੀ ਈਦੂ ਸ਼ਰੀ.ਫ

ਨਵੀਨ ਰਮਨ

ਈਦੂ ਸ਼ਰੀਫ਼ ਦਾ ਜ਼ਮਾਨਾ ਲੋਕ ਗਾਇਕੀ ਦੇ ਅਸਲ ਅਖਾੜਿਆਂ ਦਾ ਜ਼ਮਾਨਾ ਸੀ। ਗਾਇਕ ਸੁਰ ਤੇ ਜਾਨ ਦੋਹਾਂ ਨਾਲ ਹੀ ਗਾਉਂਦੇ ਸਨ। ਸ਼ਾਇਦ ਇਸੇ ਕਰਕੇ ਉਨ੍ਹਾਂ ਦੀ ਗਾਇਕੀ ਸੁਰਬੱਧ ਹੋਣ ਦੇ ਨਾਲ-ਨਾਲ ਜਾਨਦਾਰ ਵੀ ਹੁੰਦੀ ਸੀ। ਉਹ ਦਾਇਰੇ ਵਿਚ ਗਾਉਂਦੇ ਸਨ। ਐਨ ਲੋਕਾਂ ਦੇ ਵਿਚਕਾਰ, ਘੁੰਮਦੇ ਹੋਏ, ਅਪਣੇ ਪੂਰੇ ਵਜੂਦ ਨੂੰ ਹੀ ਗਾਇਕੀ ਵਿਚ ਢਾਲ ਦਿੰਦੇ ਸਨ। ਗਵੱਈਆਂ ਤੇ ਸਾਜ਼ਿੰਦਿਆਂ ਦੇ ਵਿਚਕਾਰ ਇਕ ਗੌਣ ਦੀ ਵਿਆਖਿਆ ਕਰਨ ਵਾਲਾ ਹੁੰਦਾ, ਉਹਦੀ ਵਾਰਤਾ ਖਤਮ ਹੁੰਦੀ ਤਾਂ ਸਾਜ਼ਿੰਦੇ ਤੇ ਗਵੱਈਏ ਸੁਰ ਚੁੱਕ ਲੈਂਦੇ। ਆਮ ਕਰਕੇ ਗਵੱਈਏ ਖੁਦ ਹੀ ਸਾਜ਼ਿੰਦੇ ਹੁੰਦੇ ਸਨ ਤੇ ਫਿਰ ਗੇੜਾ ਬੰਨ੍ਹ ਕੇ ਲੋਕਾਂ ਦਾ ਭਰਪੂਰ ਮਨੋਰੰਜਨ ਕਰਦੇ, ਅਪਣੀ ਗਾਇਕੀ ਨਾਲ ਏਨੇ ਇਕਸੁਰ ਹੋ ਜਾਂਦੇ ਜਿਵੇਂ ਕਿਤੇ ਬੇਸੁਧ ਹੀ ਹੋ ਗਏ ਹੋਣ, ਇਰਦ-ਗਿਰਦ ਦੇ ਦਰਸ਼ਕ/ਸਰੋਤੇ ਉਨ੍ਹਾਂ ਦੀ ਇਸ ਅਵਸਥਾ ਨਾਲ ਕੀਲੇ ਜਾਂਦੇ ਅਸ਼ਕੇ-ਅਸ਼ਕੇ ਕਹਿ ਉੱਠਦੇ। ਉਹ ਜ਼ਮਾਨਾ ਈਦੂ ਸ਼ਰੀਫ਼ ਦੀ ਗਾਇਕੀ ਦਾ ਜ਼ਮਾਨਾ ਸੀ। ਜ਼ਮਾਨਾ ਲੱਦ ਲਿਆ, ਉਸ ਜ਼ਮਾਨੇ ਦੇ ਸਭ ਈਦੂ ਸ਼ਰੀਫ਼ ਪੰਜਾਬੀ ਲੋਕ ਗਾਇਕੀ ਦੇ ਹਾਸ਼ੀਏ 'ਤੇ ਚਲੇ ਗਏ।



ਈਦੂ ਸ਼ਰੀਫ਼ ਲੰਮਾ ਸਮਾਂ ਅਣਗੌਲਿਆ ਹੀ ਰਿਹਾ। ਸਬੱਬ ਹੀ ਕਿਹਾ ਜਾ ਸਕਦਾ ਹੈ ਕਿ ਉਹ ਕੁਕਨੂਸ ਵਾਂਗ ਅਪਣੀ ਰਾਖ਼ ਵਿਚੋਂ ਮੁੜ ਜੀਵਿਤ ਹੋ ਉੱਠਿਆ ਹੈ। ਹਾਲਾਂਕਿ ਉਸਦੀ ਗਾਇਕੀ ਦਾ ਜ਼ਮਾਨਾ ਬਿਲਕੁਲ ਨਹੀਂ ਪਰਤਿਆ ਹੈ ਅਤੇ ਨਾ ਹੀ ਇਸਦੇ ਪਰਤਣ ਦੀ ਉਮੀਦ ਕੀਤੀ ਜਾ ਸਕਦੀ ਹੈ। ਪਰੰਪਰਿਕ ਲੋਕ ਗਾਇਕੀ ਦੇ ਪ੍ਰਸ਼ੰਸਕਾਂ ਨੂੰ ਉਹ ਇਉਂ ਲੱਭਿਆ ਹੈ, ਜਿਵੇਂ ਕਿਸੇ ਸ਼ਾਨਦਾਰ ਇਤਿਹਾਸਕ ਇਮਾਰਤ ਦੇ ਅਵਸ਼ੇਸ਼ ਮਿਲ ਗਏ ਹੋਣ। ਜਿਵੇਂ ਅਵਸ਼ੇਸ਼ ਕਲਪਨਾ ਨੂੰ ਅਸਲੀਅਤ ਦੇ ਨੇੜੇ ਲੈ ਜਾਂਦੇ ਹਨ, ਉਸੇ ਤਰ੍ਹਾਂ ਮਿਆਰੀ ਲੋਕ ਗਾਇਕੀ ਦੇ ਕਦਰਦਾਨਾਂ ਨੂੰ ਵੀ ਈਦੂ ਸ਼ਰੀਫ ਦੇ ਰੂਪ ਵਿਚ ਲੋਕ ਗਾਇਕੀ ਦੇ ਵਿਰਸੇ ਨਾਲ ਜੋੜਨ ਵਾਲੀ ਇਕ ਕੜੀ ਮਿਲ ਗਈ ਹੈ। ਉਸਦੀ ਚਰਚਾ ਛਿੜੀ ਹੈ, ਉਸ ਨੂੰ ਮੰਚ, ਮੌਕੇ ਤੇ ਮਾਣ-ਸਨਮਾਨ ਮਿਲ ਰਹੇ ਹਨ। ਈਦੂ ਦੀ ਅਗਲੀ ਪੀੜ੍ਹੀ ਨੂੰ ਵੀ ਗਾਇਕੀ ਦੇ ਖੇਤਰ ਵਿਚ ਚੰਗੀ ਪਛਾਣ ਹਾਸਲ ਹੋ ਗਈ ਹੈ।

ਈਦੂ ਦੀ ਚਰਚਾ ਉਸਦੀ ਸਾਰੰਗੀ ਦੇ ਸਮੇਤ ਹੋਈ ਹੈ। ਉਹ ਪ੍ਰੋਗਰਾਮ ਕਰਦਾ ਹੈ, ਕਈ ਟੀ.ਵੀ. ਚੈਨਲਾਂ 'ਤੇ ਉਸਦੀ ਆਵਾਜ਼ ਅਪਣੀ ਵੱਖਰੀ ਹੀ ਸ਼ਾਨ ਨਾਲ ਗੂੰਜਦੀ ਹੈ। ਜਲੰਧਰ ਦੂਰਦਰਸ਼ਨ ਵਾਲੇ ਲਖਵਿੰਦਰ ਜੌਹਲ ਨੇ ਉਹਦੇ ਵਿਚ ਵਿਸ਼ੇਸ਼ ਦਿਲਚਸਪੀ ਦਿਖਾਈ ਹੈ। ਈਦੂ ਸ਼ਰੀਫ਼ ਪੰਜਾਬੀ ਲੋਕ ਗਾਇਕੀ ਦੇ ਵਿਰਸੇ 'ਚੋਂ ਜੋ ਕੁਝ ਬਚਾ ਲਿਆਇਆ ਹੈ, ਉਹਦੇ ਵਿਚੋਂ ਵਿਸ਼ੇਸ਼ ਹੈ ਗਾਇਕੀ ਤੇ ਸੰਗੀਤ ਦੀ ਭਰਪੂਰਤਾ ਤੇ ਇਕਸੁਰਤਾ। ਉਦਾਹਰਣ ਵਜੋਂ ਜਦੋਂ ਈਦੂ ਸ਼ਰੀਫ਼ ਗਾਉਂਦਾ ਹੈ ਤਾਂ ਸਾਰੰਗੀ 'ਤੇ ਉਸਦਾ ਗਜ਼ ਇਉਂ ਫਿਰ ਰਿਹਾ ਹੁੰਦਾ ਹੈ, ਜਿਵੇਂ ਸਾਰੰਗੀ ਉਸਦੇ ਵਜੂਦ ਦਾ ਹੀ ਇਕ ਹਿੱਸਾ ਹੋਵੇ, ਪਤਾ ਹੀ ਨਹੀਂ ਲੱਗਦਾ ਕਿ ਈਦੂ ਸਾਰੰਗੀ ਵਜਾ ਰਿਹਾ ਹੈ ਜਾਂ ਸਾਰੰਗੀ ਈਦੂ ਨੂੰ ਗਵਾ ਰਹੀ ਹੈ। ਗਵੱਈਆ ਤੇ ਸਾਜ਼ ਦੋਵੇਂ ਇਕ ਦੂਜੇ ਵਿਚ ਅਭੇਦ ਹੋ ਜਾਂਦੇ ਹਨ। ਅਫ਼ਸੋਸ ਕਿ ਸਾਜ਼ ਤੇ ਗਮੰਤਰੀ ਦਾ ਇਹ ਰਿਸ਼ਤਾ, ਮੁੱਖਧਾਰਾ ਦੀ ਪੰਜਾਬੀ ਗਾਇਕੀ ਵਿਚ, ਚਿਰੋਕਣਾ ਟੁੱਟ ਚੁੱਕਿਆ ਹੈ। ਅਜਿਹਾ ਵਾਪਰਣ ਦਾ ਦੁਰਭਾਗ ਵੀ ਈਦੂ ਦਾ ਜ਼ਮਾਨਾ ਬੀਤ ਜਾਣ ਦੀ ਵਜ੍ਹਾ ਬਣਿਆ।

ਅਜੋਕੀ ਪੰਜਾਬੀ ਗਾਇਕੀ ਨੇ ਵਿਰਸੇ 'ਚੋਂ ਬੋਲ ਤੇ ਤਰਜ਼ਾਂ ਜਾਂ ਜ਼ਰੂਰ ਲਈਆਂ ਹਨ ਪਰ ਸੰਗੀਤ ਨਹੀਂ ਲਿਆ।

ਲੋਕ ਸੰਗੀਤ ਦੇ ਅਮੀਰ ਖਜ਼ਾਨੇ ਤੋਂ ਪਾਸਾ ਵੱਟਣ ਦੀ ਪਹਿਲੀ ਕੜੀ ਸਵਰਗੀ ਲਾਲ ਚੰਦ ਯਮਲਾ ਜੱਟ ਬਣਿਆ, ਜਿਸ ਨੇ ਕੇਵਲ ਇਕਤਾਰੇ ਦੇ ਛੋਟੇ ਜਿਹੇ ਆਕਾਰ ਵਾਲੇ ਸਾਜ਼ ਨੂੰ ਹੀ ਕਾਫੀ ਸਮਝਿਆ ਤੇ ਉਮਰ ਭਰ ਇਸੇ ਨਾਲ ਗਾਇਆ। ਬਾਕੀ ਸਾਰੇ ਗਾਇਕ, ਜੋ ਉਸਦੇ ਸ਼ਾਗਿਰਦ ਹੋ ਗਏ, ਤੂੰਬੀਆਂ ਲੈ ਕੇ ਗੱਡੇ ਜੋੜ ਕੇ ਬਣਾਈਆਂ ਸਟੇਜਾਂ 'ਤੇ ਜਾ ਚੜ੍ਹੇ ਤੇ ਸੰਗੀਤ ਵਿਹੂਣੀ ਗਾਇਕੀ ਦੀਆਂ ਜੜ੍ਹਾਂ ਮਜ਼ਬੂਤ ਕਰਨ ਲੱਗ ਪਏ, ਜਿਹੜੀ ਸੰਗੀਤ ਵਿਹੂਣੀ ਗਾਇਕੀ ਹੁਣ ਬੇਸੁਰੀ ਤੇ ਸ਼ੋਰੀਲੀ ਗਾਇਕੀ ਦਾ ਰੂਪ ਧਾਰਨ ਕਰਕੇ, ਪੰਜਾਬੀ ਗਾਇਕੀ ਦਾ ਸਮੁੱਚਾ ਪਿੜ ਮੱਲ ਚੁੱਕੀ ਹੈ। ਚੰਗੇ ਭਾਗੀਂ ਹੀ ਈਦੂ ਸ਼ਰੀਫ ਨੂੰ ਇਸ ਪਿੜ ਵਿਚ ਜਗ੍ਹਾ ਮਿਲ ਗਈ ਹੈ, ਨਹੀਂ ਤਾਂ ਸ਼ਰੀਫਾਂ ਨੂੰ ਇੱਥੇ ਕੌਣ ਪੁੱਛਦੈ?

ਪਰੰਪਰਿਕ ਸੰਗੀਤ ਤੇ ਸਾਜ਼ਾਂ ਨਾਲ ਇਕ ਬੁਰੀ ਗੱਲ ਇਹ ਵਾਪਰੀ ਕਿ ਸਾਰੰਗੀ ਵਰਗੇ ਸਾਜ਼, ਜਿਸ ਨਾਲ ਮੱਧਕਾਲ ਦੇ ਲਗਪਗ ਸਾਰੇ ਗੀਤ ਰੂਪ ਗਾਏ ਜਾਂਦੇ ਸਨ, ਇਕ ਫਿਰਕੇ ਦੇ ਇਤਿਹਾਸ ਦੀ ਸੰਕੀਰਣ ਪੇਸ਼ਕਾਰੀ ਲਈ ਹੀ ਰਾਖਵੇਂ ਹੋ ਕੇ ਰਹਿ ਗਏ ਤੇ ਸਾਂਝੀ ਪੰਜਾਬੀਅਤ ਨਾਲੋਂ ਇਨ੍ਹਾਂ ਦਾ ਇਕ ਤਰ੍ਹਾਂ ਨਾਲ ਤੋੜ ਵਿਛੋੜਾ ਹੀ ਹੋ ਗਿਆ। ਸ਼ਾਇਦ ਇਹੋ ਕਾਰਨ ਹੈ ਕਿ ਜਦੋਂ ਈਦੂ ਸ਼ਰੀਫ਼ ਮੂੰਹੋਂ ਸਾਰੰਗੀ ਨਾਲ ਲੋਕ-ਗਾਥਾਵਾਂ ਲੋਕਾਂ ਨੇ ਸੁਣੀਆਂ ਤਾਂ ਉਨ੍ਹਾਂ ਦੇ ਅਵਚੇਤਨ ਵਿਚ ਅਪਣਾ ਵਿਰਸਾ ਧੜਕ ਉੱਠਿਆ।

ਈਦੂ ਸ਼ਰੀ.ਫ ਨੂੰ ਮਿਲੇ ਪੁਰਸਕਾਰ

1. ਵਿਰਾਸਤ ਐਵਾਰਡ
2. ਲੋਕ ਸੰਗੀਤ ਨਾਟਕ ਅਕਾਦਮੀ ਵਲੋਂ ਰਾਸ਼ਟਰਪਤੀ ਐਵਾਰਡ
3. ਢਾਡੀ ਦੀਦਾਰ ਸਿੰਘ ਰਟੈਂਡਾ ਐਵਾਰਡ
4. ਪ੍ਰੋ. ਮੋਹਨ ਸਿੰਘ ਐਵਾਰਡ
5. ਸ਼ਹੀਦ ਭਗਤ ਸਿੰਘ ਐਵਾਰਡ
6. ਗਨੀ ਖਾਂ ਨਬੀ ਖਾਂ ਐਵਾਰਡ
7. ਵਿਰਾਸਤ ਐਵਾਰਡ
8. ਆਪਣਾ ਵਿਰਸਾ ਐਵਾਰਡ
9. ਪੀ.ਟੀ.ਸੀ. ਚੈਨਲ ਐਵਾਰਡ
10. ਭਾਸ਼ਾ ਵਿਭਾਗ ਦਾ ਸ਼੍ਰੋਮਣੀ ਢਾਡੀ ਐਵਾਰਡ।

ਈਦੂ ਸ਼ਰੀਫ਼ ਦਾ ਜਨਮ ਹੱਲੇ-ਗੁੱਲਿਆਂ ਤੋਂ ਪਹਿਲਾਂ ਦਾ ਹੈ ਤੇ ਪਿੱਛਾ ਪੰਡ ਲਲੌਂਡਾ ਦਾ। ਸਾਢੇ ਤਿੰਨ ਦਹਾਕੇ ਪਹਿਲਾਂ ਉਹ ਮਨੀ ਮਾਜਰੇ ਆ ਵਸਿਆ, ਜਿੱਥੇ ਖੱਚਰ-ਰੇਹੜਾ ਵਾਹ ਕੇ ਘਰ ਦਾ ਗੁਜ਼ਾਰਾ ਤੋਰਦਿਆਂ ਉਸ ਨੇ ਨਾ ਕੇਵਲ ਅਪਣੀ ਗਾਇਕੀ ਨੂੰ ਹੀ ਸੰਭਾਲੀ ਰੱਖਿਆ ਸਗੋਂ ਅਪਣੇ ਵਾਰਸ ਵੀ ਪਾਲ ਕੇ ਜਵਾਨ ਕਰ ਲਏ। ਹੁਣ ਪ੍ਰੋਗਰਾਮਾਂ 'ਤੇ ਈਦੂ ਸ਼ਰੀਫ਼ ਦੀ ਸਾਰੰਗੀ ਨਾਲ ਉਹਦੇ ਗੱਭਰੂ ਮੁੰਡੇ ਢੱਡਾਂ 'ਤੇ ਸਾਥ ਦਿੰਦੇ ਹਨ। ਈਦੂ ਦੀ ਗਹਿਰੀ, ਸਧੀ ਹੋਈ ਆਵਾਜ਼ ਨਾਲ ਜਦੋਂ ਉਸ ਦੇ ਪੁੱਤਰਾਂ ਦੀ ਸੱਜਰੀ ਆਵਾਜ਼ ਰਲਦੀ ਹੈ ਤਾਂ ਜੋ ਨਜ਼ਾਰਾ ਬੱਝਦਾ ਹੈ, ਉਹ ਦੇਖਣਾ-ਸੁਣਨਾ ਹੀ ਬਣਦਾ ਹੈ। ਈਦੂ ਸ਼ਰੀਫ਼ ਦੇ ਪਰਿਵਾਰਕ ਜਥੇ ਦੇ ਇਹ ਗੀਤ ਵਾਹਵਾ ਚੱਲ ਨਿਕਲੇ ਹਨ;

- ਤੇਰੀਆਂ ਬੇਰੰਗ ਚਿੱਠੀਆਂ, ਪੜ੍ਹਿਆਂ ਕਰਾਂ ਕਿ ਦੱਸ ਨਾ
- ਰਾਂਝਾ ਗਲੀਆਂ ਵਿਚ ਫਿਰਦਾ, ਹੀਰੇ ਬਣ ਕੇ ਫਕੀਰ
- ਮੇਰੀਆਂ ਗੋਰੀਆਂ ਬਾਹਵਾਂ ਦੇ ਕੰਗਣਾ
- ਪੰਜਾਂ ਦੇ ਤਬੀਤ ਬਦਲੇ ਕਾਹਨੂੰ ਛੱਡਿਆ ਗਲੀ ਦੇ ਵਿਚੋਂ ਲੰਘਣਾ
- ਹੀਰੇ ਭੁੱਲਗੀ ਸਿਆਲ ਦੀਆਂ ਮੱਝਾਂ ਬਾਰਾਂ ਸਾਲ ਚਰਾ ਕੇ

ਫਿਲਮਾਂ 'ਤੇਰਾ ਮੇਰਾ ਕੀ ਰਿਸ਼ਤਾ' ਵਿਚ ਵੀ ਉਸਦਾ ਗੀਤ ਰਿਕਾਰਡ ਹੋਇਆ। ਟੀ. ਸੀਰੀਜ਼ ਵਲੋਂ 'ਮਾਈ ਹੀਰ' ਤੇ ਮਿਊਜ਼ਿਕ ਟੂਡੇ ਵਲੋਂ ਪੰਜਾਬੀ ਫੋਕ ਬੋਲੀਆਂ ਰਿਕਾਰਡ ਕੀਤੀਆਂ ਗਈਆਂ। ਟੀ.ਵੀ. ਡਾਇਰੈਕਟਰ ਰਾਜੀਵ ਸ਼ਰਮਾ ਨੇ ਉਸਦੀ ਲੋਕ ਗਾਇਕੀ ਨੂੰ ਅਧਾਰ ਬਣਾ ਕੇ ਉਸ ਉੱਪਰ ਇਕ ਵੀਡੀਓ ਫਿਲਮ ਦਾ ਨਿਰਮਾਣ ਵੀ ਕੀਤਾ। ਕਈ ਪੁਰਸਕਾਰਾਂ ਨਾਲ ਸਨਮਾਨਿਤ ਈਦੂ ਸ਼ਰੀਫ਼ ਅਪਣੀ ਗਾਇਕੀ ਉੱਪਰ ਪਏ ਨਵੇਂ ਜ਼ਮਾਨੇ ਦੇ ਪ੍ਰਭਾਵ ਦੀ ਗੱਲ ਕਬੂਲ ਕਰਦਾ ਹੈ। ਫਿਰ ਵੀ ਉਸਦਾ ਆਤਮ ਵਿਸ਼ਵਾਸ ਅਪਣੀ ਸਾਰੰਗੀ ਸਹਾਰੇ ਕਾਇਮ ਹੈ, ਜਿਸ ਨਾਲ ਉਹ ਅਪਣੇ ਸਾਹਾਂ ਵਾਂਗ ਜੁੜਿਆ ਹੋਇਆ ਹੈ ਤੇ ਨਵੇਂ ਜ਼ਮਾਨੇ ਦੇ ਪ੍ਰਭਾਵ (ਕੁ) ਉੱਪਰ ਉਸਦੀ ਸਾਰੰਗੀ ਦੇ ਸੁਰ ਹਮੇਸ਼ਾਂ ਛਾ ਜਾਂਦੇ ਹਨ।

ਈਦੂ ਸ਼ਰੀਫ਼ ਪੰਜਾਬੀ ਲੋਕ ਗਾਇਕੀ ਦੇ ਵਿਰਸੇ ਦਾ ਅਨਮੋਲ ਮੋਤੀ ਹੈ, ਤੂੰਬੇ, ਅਲਗੋਜ਼ੇ, ਬੁਗਚੂ, ਚਿਮਟੇ ਤੇ ਕਈ ਹੋਰ ਲੋਕ ਸਾਜ਼ਾਂ ਨਾਲ ਲੈਸ ਸ਼ਾਨਦਾਰ ਤੇ ਜਾਨਦਾਰ ਗਾਇਕਾਂ ਦੀ ਧੁੰਦਲੀ ਪੈ ਰਹੀ ਯਾਦ ਦੀ ਸ਼ਾਇਦ ਉਹ ਆਖਰੀ ਨਿਸ਼ਾਨੀ ਹੈ।

ਜ਼ਿੰਦਗੀ ਬੜੀ ਬੇਵਫ਼ਾ ਹੈ ਇਸ ਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।

* ਕੀ ਤੁਸੀਂ ਹਾਲ ਹੀ ਵਿਚ ਘਰ ਖਰੀਦਿਆ ਹੈ? * ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ?
* ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਲੈਣੀ ਚਾਹੁੰਦੇ ਹੋ?
* ਕੀ ਤੁਸੀਂ ਨਾਲ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ? * ਕੀ ਤੁਸੀਂ ਘਰ ਦੇ ਮੁਖੀਆ ਹੋ?
* ਕੀ ਤੁਹਾਡੇ ਬੱਚੇ ਛੋਟੇ ਹਨ ਅਤੇ ਉਨ੍ਹਾਂ ਦੀ ਪਰਵਰਿਸ਼ ਦਾ ਭਾਰ ਤੁਹਾਡੇ ਉੱਪਰ ਹੈ?
* ਕੀ ਤੁਹਾਡੀ ਲਾਈਫ ਇੰਸ਼ੋਰੈਂਸ ਵੀ ਨਵੀਂ ਹੋਣ ਵਾਲੀ ਹੈ?

ਜ਼ਰਾ ਸੋਚੋ!!

Age ਉਮਰ	Per Month Rate/ਪ੍ਰਤੀ ਮਹੀਨਾ ਰੇਟ			
	100,000	250,000	500,000	1,000,000
25	11.34	18.23	29.70	52.65
35	11.70	19.70	31.50	56.25
45	16.20	30.38	54.00	101.25
55	30.60	66.38	126.00	245.25
65	67.68	159.08	311.40	616.05

ਜੇਕਰ ਤੁਸੀਂ ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿਚ ਦਿੰਦੇ ਹੋ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਅੱਜ ਹੀ ਆਪਣੀ ਕਮਿਊਨਿਟੀ ਦੇ ਜਾਣੇ ਪਹਿਚਾਣੇ ਅਤੇ ਬਹੁਤ ਹੀ ਕਾਮਯਾਬ ਬਰੋਕਰ ਜੈਸੀ ਸਿੰਘ ਨਾਲ ਸੰਪਰਕ ਕਰਕੇ ਮੁਫ਼ਤ ਸਲਾਹ ਲਓ। ਉਹ ਤੁਹਾਨੂੰ ਸਭ ਤੋਂ ਵਧੀਆ ਰੇਟ ਅਤੇ ਕੰਪਨੀ ਲੱਭ ਕੇ ਦੇਣਗੇ।

Jessie Singh
(C.A.I.B.)

ਸਾਡੇ ਕੋਲ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਮਿਲ ਸਕਦੀ ਹੈ। ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿਚੋਂ ਕੋਈ ਬੀਮਾਰੀ ਹੋਵੇ ਤਾਂ ਅਖੀਰ ਵਿਚ ਤੁਹਾਡੇ ਪੈਸੇ ਵਾਪਿਸ ਦੇ ਦਿੱਤੇ ਜਾ ਸਕਦੇ ਹਨ।

ਅਸੀਂ ਹਰ ਤਰ੍ਹਾਂ ਦੀ ਲਾਈਫ ਇੰਸ਼ੋਰੈਂਸ, ਘਰ, ਕਾਰ ਜਾਂ ਬਿਜ਼ਨਸ ਦੀ ਇੰਸ਼ੋਰੈਂਸ, ਟਰੈਵਲ ਇੰਸ਼ੋਰੈਂਸ, ਡਿਸੇਬਿਲਟੀ, ਮੌਰਗੇਜ਼ ਇੰਸ਼ੋਰੈਂਸ, ਕਰਿਟੀਕਲ ਇਲਨੈਸ ਇੰਸ਼ੋਰੈਂਸ ਕਰਦੇ ਹਾਂ। ਅੱਜ ਹੀ ਫੋਨ ਕਰਕੇ ਫਰੀ ਸਲਾਹ ਲੈਣ ਲਈ ਅਪਾਇੰਟਮੈਂਟ ਬੁੱਕ ਕਰੋ।

Jessie Off: (403) 717-0666
Jessie Singh (C.A.I.B.) Cell: (403) 830-7007

ਸੰਤਾਲੀ ਦੀਆਂ ਗਲੀਆਂ

ਵੋ ਜੋ ਤਾਰੀਕ ਰਾਹੋਂ ਮੇਂ ਮਾਰੇ ਗਏ



ਜਸਵੀਰ ਭੁੱਲਰ

ਅਟਾਰੀ ਤੋਂ ਆ ਕੇ ਅਸੀਂ ਕੁਝ ਸਮੇਂ ਲਈ ਤਰਨ ਤਾਰਨ ਵੱਸ ਗਏ ਸਾਂ। ਉਥੇ ਥਾਣੇ ਵਾਲੀ ਗਲੀ ਦੇ ਨੁੱਕਰ ਵਾਲੇ ਮਕਾਨ ਵਿਚ ਤਿੰਨ ਟੱਬਰ ਸਨ। ਉਪਰਲੀ ਮੰਜ਼ਿਲ ਉੱਤੇ ਮਕਾਨ ਦਾ ਮਾਲਕ ਅਜੀਤ ਸਿੰਘ ਰਹਿੰਦਾ ਸੀ ਤੇ ਹੇਠਾਂ ਅਸੀਂ ਦੋ ਪਰਿਵਾਰ ਸਾਂ। ਸਾਡੀ ਆਪਸ ਵਿਚ ਰਿਸ਼ਤੇਦਾਰੀ ਵੀ ਸੀ।

ਮੈਂ ਪਹਿਲਾਂ ਨਾਲੋਂ ਕੁਝ ਵੱਡਾ ਹੋ ਗਿਆ ਸਾਂ, ਪਰ ਫੇਰ ਵੀ ਨਿੱਕਾ ਹੀ ਸਾਂ। ਉਥੋਂ ਅੱਡਾ ਬਾਜ਼ਾਰ ਦੂਰ ਨਹੀਂ ਸੀ। ਅੱਡਾ ਬਾਜ਼ਾਰ ਵਿਚ ਇਕ ਨਿੱਕਾ ਜਿਹਾ ਸਕੂਲ ਹੁੰਦਾ ਸੀ। ਉਹ ਮੇਰਾ ਪਹਿਲਾ ਸਕੂਲ ਸੀ। ਮੈਂ ਉਸ ਸਕੂਲ ਦੀ ਕੱਚੀ ਜਮਾਤ ਵਿਚ ਦਾਖਲ ਹੋਇਆ ਸਾਂ। ਸਕੂਲ ਦੇ ਪਹਿਲੇ ਦਿਨ ਪਿਤਾ ਜੀ ਮੈਨੂੰ ਛੱਡਣ ਗਏ। ਮੇਰੀ ਪੜ੍ਹਾਈ ਦੀ ਸ਼ਗਨਾ ਭਰੀ ਸ਼ੁਰੂਆਤ ਲਈ ਉਹਨਾਂ ਸਾਰੀ ਜਮਾਤ ਦੇ ਬਾਲਾਂ ਵਿਚ ਪਤਾਸੇ ਵੰਡੇ। ਪਤਾਸੇ ਵੰਡਦਿਆਂ ਉਹਨਾ ਮੈਨੂੰ ਪੂਰੀ ਜਮਾਤ ਵਿਚ ਅਪਣੇ ਨਾਲ ਤੋਰਿਆ। ਫੇਰ ਮੈਨੂੰ ਕਮਰੇ ਵਿਚ ਵਿਛੇ ਤੱਪੜ ਉਤੇ ਬਿਠਾ ਕੇ ਉਹ ਉਥੋਂ ਚਲੇ ਗਏ

ਮੈਂ ਡੌਰ ਭੌਰ ਹੋਇਆ ਉਥ ਬੈਠਾ ਰਿਹਾ, ਬੈਠਾ ਹੀ ਰਿਹਾ ਤੇ ਫਿਰ ਡੱਡੋਲਿੱਕਾ ਹੋਇਆ ਰੋਣ ਲੱਗ ਪਿਆ। ਮੈਥੋਂ ਮੇਰਾ ਖੇਡਣਾ ਮੱਲਣਾ ਖੁੱਸ ਗਿਆ ਸੀ। ਮੈਨੂੰ ਰੋਂਦਿਆਂ ਵੇਖ ਕੇ ਅਧਿਆਪਕ ਨੇ ਘਰ ਭੇਜ ਦਿਤਾ।

ਜਦੋਂ ਪਿਤਾ ਜੀ ਮੇਰੇ ਸਕੂਲ ਦਾਖਲੇ ਦੇ ਚਾਅ ਵਿਚ ਵਾਪਸ ਘਰ ਪਹੁੰਚੇ ਤਾਂ ਮੈਂ ਪਹਿਲੋਂ ਹੀ ਘਰ ਬੈਠਾ ਹੋਇਆ ਸਾਂ। ਉਹਨਾ ਇਸ ਬਾਰੇ ਅਧਿਆਪਕ ਨਾਲ ਗੱਲ ਕੀਤੀ ਤੇ ਅਗਲੇ ਦਿਨ ਮੈਥੋਂ ਵੱਡੀ ਨਿੰਮਾਂ ਭੈਣ ਨੂੰ ਮੇਰੇ ਨਾਲ ਸਕੂਲ ਭੇਜ ਦਿੱਤਾ।

ਭੈਣ ਕੁਝ ਦੇਰ ਤੱਕ ਮੇਰੇ ਨਾਲ ਬੈਠੀ ਰਹੀ ਤੇ ਫਿਰ ਅੱਕ ਗਈ। ਉਹ ਉਬਾਸੀਆਂ ਲੈਣ ਲੱਗ ਪਈ ਤੇ ਫਿਰ ਮੈਨੂੰ ਧਰਵਾਸ ਜਿਹਾ ਦੇ ਕੇ ਉਥੋਂ ਚਲੀ ਗਈ।

ਕੁਝ ਚਿਰ ਪਿੱਛੋਂ ਮੈਂ ਵੀ ਉਥੋਂ ਤੁਰ ਆਇਆ। ਮੈਨੂੰ ਜਮਾਤ ਵਿਚ ਬਿਠਾਈ ਰੱਖਣ ਦਾ ਇਹ ਤਰੀਕਾ ਠੀਕ ਸਾਬਤ ਨਹੀਂ ਸੀ ਹੋਇਆ।

ਭੈਣ ਨੇੜੇ ਦੇ ਹੀ ਇਕ ਸਕੂਲ ਵਿਚ ਪੜ੍ਹਦੀ ਸੀ, ਸ਼ਾਇਦ ਦੂਸਰੀ ਜਮਾਤ ਵਿਚ। ਉਹ ਅਪਣੇ ਸਕੂਲ ਤੋਂ ਲਗਾਤਾਰ ਛੁੱਟੀਆਂ ਨਹੀਂ ਸੀ ਲੈ ਸਕਦੀ ਕਿ ਸਾਰਾ ਦਿਨ ਮੇਰੇ ਕੋਲ ਬੈਠੀ ਰਹੇ। ਹੁਣ ਏਹੋ ਰਾਹ ਹੀ ਬਾਕੀ ਸੀ ਕਿ ਮੈਂ ਆਪ ਹੀ ਸਕੂਲ ਵਿਚ ਜੀਅ ਲਾਵਾਂ।

ਅਗਲੀ ਸਵੇਰ ਮੈਨੂੰ ਨਿੰਮਾਂ ਦੇ ਨਾਲ ਹੀ ਸਕੂਲ ਵੱਲ ਤੋਰ ਦਿੱਤਾ ਗਿਆ। ਭੈਣ ਨੇ ਸਕੂਲ ਦੇ ਅੰਦਰ ਜਾ ਕੇ ਮੈਨੂੰ ਮੇਰੀ ਜਮਾਤ ਦੇ ਉਸੇ ਮੈਲੇ ਤੱਪੜ ਉਤੇ ਬਿਠਾ ਦਿੱਤਾ। ਉਥੋਂ ਜਾਣ ਤੋਂ ਪਹਿਲਾਂ ਉਹਨੇ ਮੈਨੂੰ ਮਿੱਠੀਆਂ ਫੁੱਲੀਆਂ ਦਾ ਭਰਿਆ ਹੋਇਆ ਲਿਫ਼ਾਫਾ ਦਿੱਤਾ ਤੇ ਬੋਲੀ, "ਬੀਰ! ਅੱਜ ਦਿਲ ਲਾ ਕੇ ਪੜ੍ਹੀ"

ਉਸ ਦਿਨ ਮੈਂ ਕੁਝ ਸੁਵੱਖਤੇ ਹੀ ਸਕੂਲ ਚਲਿਆ ਗਿਆ ਸਾਂ। ਉਦੋਂ ਤੱਕ ਬਹੁਤੇ ਪਾੜ੍ਹੇ ਸਕੂਲ ਨਹੀਂ ਸਨ ਪਹੁੰਚੇ। ਮੈਂ ਤੱਪੜ ਉਤੇ ਬੈਠਾ ਫੁੱਲੀਆਂ ਖਾਣ ਲੱਗ ਪਿਆ ਜਦੋਂ ਫੁੱਲੀਆਂ ਮੁੱਕੀਆਂ ਤਾਂ ਜਾਪਿਆ ਮੇਰਾ ਸਕੂਲ ਵੀ ਮੁੱਕ ਗਿਆ ਸੀ।

ਮੇਰੇ ਉਸ ਸਕੂਲ ਵਿਚ ਇਕ ਹੀ ਅਧਿਆਪਕ ਸੀ। ਉਹ ਹੀ ਵਾਰੀ ਵਾਰੀ ਸਾਰੀਆਂ ਜਮਾਤਾਂ ਨੂੰ ਪੜ੍ਹਾਉਂਦਾ ਸੀ। ਉਹ ਕਿਸੇ ਹੋਰ ਜਮਾਤ ਵਿਚ ਗਿਆ ਤਾਂ ਮੈਂ ਉਥੋਂ ਖਿਸਕ ਤੁਰਿਆ।

ਰਾਹ ਵਿਚ ਇਕ ਖੁੱਲ੍ਹਾ ਮੈਦਾਨ ਸੀ। ਉਥੇ ਵਿਹਲੜ ਮੁੰਡੇ ਦਿਨ ਭਰ ਗੁੱਡੀਆਂ ਉਡਾਉਂਦੇ ਰਹਿੰਦੇ ਸਨ। ਉਹਨਾਂ ਗੁੱਡੀਆਂ ਦੇ ਆਪਸ ਵਿਚ ਪੇਚੇ ਵੀ ਲੜਦੇ ਸਨ। ਕਈ ਗੁੱਡੀਆਂ ਕੱਟੀਆਂ ਜਾਂਦੀਆਂ ਸਨ। ਉਦੋਂ ਉਥੇ ਖੜੇ ਤਮਾਸ਼ਬੀਨ ਮੁੰਡੇ ਉਚੀ ਆਵਾਜ਼ ਵਿਚ 'ਬੋਅਕਾਟਾ' ਦਾ ਨਾਅਰਾ ਮਾਰਦੇ ਸਨ। ਹਵਾ ਵਿਚ ਲਹਿਰਾਅ ਕੇ ਹੇਠਾਂ ਡਿੱਗ ਰਹੀ ਗੁੱਡੀ ਅਤੇ ਉਹਦੀ ਡੋਰ ਲੁੱਟਣ ਲਈ ਉਹ ਦੌੜਦੇ ਸਨ। ਉਹ ਇਕ ਦੂਜੇ ਨੂੰ ਧੱਕੇ ਦਿੰਦੇ ਸਨ, ਖੋਹਾ-ਖਿੰਝੀ ਕਰਦੇ ਸਨ। ਉਦੋਂ ਡੋਰ ਦੀ ਖਿੱਚ ਨਾਲ ਕਈਆਂ ਦੇ ਹੱਥਾਂ ਉਤੇ ਚੀਰ ਵੀ ਆ ਜਾਂਦੇ ਸਨ।

ਜਦੋਂ ਉਹ ਅਪਣੀ ਲੁੱਟ ਵੇਖਦੇ ਸਨ ਤਾਂ ਕਿਸੇ ਦੇ ਹੱਥ ਵਿਚ ਪਾਟੀ ਹੋਈ ਗੁੱਡੀ ਹੁੰਦੀ ਸੀ ਤੇ ਕੁਝ ਹੱਥਾਂ ਵਿਚ ਡੋਰ ਦੇ ਟੁਕੜੇ ।

ਉਹ ਮੌਜ ਮੇਲਾ ਵਧੀਆ ਸੀ।

ਮੈਂ ਅਪਣਾ ਬਾਲ ਬੋਧ ਕੱਛੇ ਦੇ ਨੇਂਘ ਵਿਚ ਅੜਾ ਲਿਆ ਤੇ ਗੁੱਡੀਆਂ ਲੁੱਟਣ ਵਾਲੇ ਨਿਆਣਿਆਂ ਵਿਚ ਸ਼ਾਮਲ ਹੋ ਗਿਆ। ਉਸ ਖੇਡ ਵਿਚ ਮੈਂ ਕੁਝ ਇਸ ਤਰ੍ਹਾਂ ਰੁੱਝ ਗਿਆ ਕਿ ਨਾ ਮੈਨੂੰ ਘਰ ਦਾ ਚੇਤਾ ਆਇਆ ਤੇ ਨਾ ਸਕੂਲ ਦਾ। ਭੁੱਖ, ਤੇਹ ਵੀ ਮੈਨੂੰ ਭੁੱਲੀ ਰਹੀ।

ਡੋਰ ਅਤੇ ਪਤੰਗ ਲੁੱਟਣ ਵਾਲੇ ਬਾਕੀ ਮੁੰਡੇ ਮੇਰੇ ਨਾਲੋਂ ਵੱਡੇ ਸਨ। ਦੁਪਹਿਰ ਤੱਕ ਨਾ ਮੈਥੋਂ ਡੋਰ ਹੀ ਲੁੱਟੀ ਗਈ ਤੇ ਨਾ ਪਤੰਗ ।

ਮੈਂ ਧੁੱਪ ਵਿਚ ਇਧਰ ਉਧਰ ਨੱਸਦਾ ਥੱਕ ਗਿਆ ਸਾਂ। ਮੈਂ ਘਰ ਵਲ ਤੁਰ ਪਿਆ ਘਰ ਪਹੁੰਚ ਕੇ ਦੇਖਿਆ ਮੇਰਾ ਬਾਲ ਬੋਧ ਕੱਛੇ ਦੇ ਨੇਂਘ ਵਿਚੋਂ ਖਿਸਕ ਕੇ ਕਿਧਰੇ ਡਿੱਗ ਪਿਆ ਸੀ। ਪੜ੍ਹਾਈ ਦੇ ਉਨ੍ਹਾਂ ਦਿਨਾਂ ਵਿਚ ਮੇਰੇ ਬਹੁਤ ਸਾਰੇ ਬਾਲ ਬੋਧ ਗੁੰਮ ਹੋਏ ਸਨ। ਉਦੋਂ ਮੈਂ ਨਿੱਤ ਨਵਾਂ ਬਾਲ ਬੋਧ ਲੈ ਕੇ ਸਕੂਲ ਜਾਂਦਾ ਸਾਂ!

...ਤੇ ਫੇਰ ਪਤਾ ਨਹੀਂ ਕੀ ਹੋਇਆ, ਆਸਮਾਨ ਵਿਚ ਉਡਦੀਆਂ ਗੁੱਡੀਆਂ ਗੁਆਚ ਗਈਆਂ, ਪਿੜ ਉਜੜ ਗਿਆ। ਗੁੱਡੀਆਂ ਉਡਾਣ ਵਾਲੇ ਮੁੰਡੇ ਵੀ ਕਿਧਰੇ ਰੁਲ ਗਏ ਤੇ ਉਨ੍ਹਾਂ ਦੀਆਂ ਡੋਰਾਂ ਦੇ ਪਿੰਨੇ ਵੀ।

ਹਵਾ ਵਿਚ ਬੇਰੌਣਕੀ ਰਲ ਗਈ।

ਕੁਝ ਇਹੋ ਜਿਹਾ ਵੀ ਵਾਪਰ ਰਿਹਾ ਸੀ ਜਿਸਦੀ ਮੈਨੂੰ ਸਮਝ ਨਹੀਂ ਸੀ। ਮਾਂ ਅਤੇ ਪਿਤਾ ਜੀ ਵੀ ਕਿਸੇ ਫ਼ਿਕਰ ਵਿਚ ਰਹਿਣ ਲੱਗ ਪਏ ਸਨ। ਉਹ ਆਪਸ ਵਿਚ ਹੌਲੀ ਹੌਲੀ ਗੱਲਾਂ ਕਰਦੇ ਸਨ। ਘਰ ਦਾ ਮਹੌਲ ਗੁੰਮਸੁੰਮ ਜਿਹਾ ਹੋ ਗਿਆ ਸੀ।

ਅਚਾਨਕ ਇਕ ਦਿਨ ਭੈਣਾਂ ਦਾ ਸਕੂਲ ਲੰਮੇਂ ਸਮੇਂ ਲਈ ਬੰਦ ਹੋ ਗਿਆ ਤੇ ਉਹ ਘਰ ਬਹਿ ਗਈਆਂ।

ਮਾਂ ਨੇ ਮੈਨੂੰ ਵੀ ਸਕੂਲ ਜਾਣ ਤੋਂ ਵਰਜ ਦਿੱਤੇ।

-2-

ਮੇਰੇ ਚਾਰ-ਚੁਫੇਰੇ ਵਸਦੀ ਦੁਨੀਆਂ ਨਵੀਂ ਨਵੀਂ ਸੀ ਤੇ ਸੁਹਣੀ -ਸੁਹਣੀ ਵੀ। ਮੈਂ ਹੈਰਾਨੀ ਭਰੀ ਉਤਸੁਕਤਾ ਨਾਲ ਉਸ ਦੁਨੀਆਂ ਨੂੰ ਦੇਖਦਾ ਸਾਂ ਮੇਰੀ ਉਸ ਦੁਨੀਆਂ ਵਿਚ ਬਹੁਤ ਸਾਰੇ ਲੋਕ ਸਨ ਤੇ ਸਾਰੇ ਹੀ ਇਕ ਦੂਸਰੇ ਨਾਲੋਂ ਵੱਖਰੇ ਸਨ।

ਜਿਸ ਗਲੀ ਵਿਚ ਸਾਡਾ ਘਰ ਸੀ, ਉਹ ਗਲੀ ਕੁਝ ਦੂਰ ਜਾ ਕੇ ਅੱਡਾ ਬਾਜ਼ਾਰ ਵਿਚ ਜਾ ਰਲਦੀ ਸੀ। ਬਾਜ਼ਾਰ ਵਿਚ, ਉਥੇ ਕੁ ਹੀ ਛੱਤੀ ਖੂਹੀ ਸੀ। ਉਸ ਖੂਹੀ ਉਤੇ ਹਰ ਵੇਲੇ ਇਕ ਬੁੱਢਾ ਬਾਬਾ ਹੁੰਦਾ ਸੀ। ਉਹ ਬਾਬਾ ਸਾਰਾ ਦਿਨ ਖੂਹੀ ਵਿਚੋਂ ਪਾਣੀ ਕੱਢਦਾ ਰਹਿੰਦਾ ਅਤੇ ਪਾਣੀ ਦੀਆਂ ਭਰੀਆਂ ਹੋਈਆਂ ਬਾਲਟੀਆਂ ਟੂਟੀ ਵਾਲੇ ਡਰੰਮ ਵਿਚ ਪਾਉਂਦਾ ਰਹਿੰਦਾ ਸੀ।

ਉਧਰੋਂ ਲੰਘਣ ਵਾਲੇ ਤਿਰਹਾਏ ਟੂਟੀ ਖੋਲ੍ਹ ਕੇ ਬੁੱਕ ਨਾਲ ਪਾਣੀ ਪੀਂਦੇ ਸਨ। ਤੇਹ ਮੁੱਕਣ ਪਿੱਛੋਂ ਉਹ ਟੂਟੀ ਬੰਦ ਕਰਕੇ ਅਗਾਂਹ ਤੁਰ ਜਾਂਦੇ ਸਨ ।

ਉਸ ਖੂਹੀ ਦਾ ਪਾਣੀ ਠੰਡਾ ਅਤੇ ਸੁਆਦੀ ਸੀ। ਮੈਂ ਵੀ ਉਥੇ ਜਾ ਕੇ ਕਈ ਵਾਰ ਪਾਣੀ ਪੀ ਆਉਂਦਾ ਸਾਂ। ਬੁੱਕ ਨਾਲ ਪਾਣੀ ਪੀਂਦਿਆਂ ਮੇਰੀਆਂ ਅਰਕਾਂ ਤੋਂ ਪਾਣੀ ਦੀਆਂ ਧਤੀਰੀਆਂ ਵਗਦੀਆਂ ਰਹਿੰਦੀਆਂ ਸਨ।

ਖੂਹੀ ਦੇ ਨਾਲ ਵਾਲੀ ਦੁਕਾਨ ਉਤੇ ਕਿਰਪਾਨਾਂ ਬਣਦੀਆਂ ਸਨ। ਉਥੇ ਸਿਰਫ਼ ਦੋ ਜਣੇ ਕੰਮ ਕਰਦੇ ਸਨ। ਉਹ ਦੋਵੇਂ ਪਿਉ ਪੁੱਤ ਸਨ। ਉਹ ਭੱਠੀ ਅੱਗੇ ਬੈਠੇ ਲੋਹਾ ਤਪਾਉਂਦੇ ਤੇ ਫਿਰ ਉਸ ਲੋਹੇ ਦੇ ਟੁਕੜੇ ਨੂੰ ਕਿਰਪਾਨ ਦਾ ਰੂਪ ਦੇਣ ਲਈ ਕੁੱਟਣ ਲੱਗ ਪੈਂਦੇ।

ਉਨ੍ਹਾਂ ਦੇ ਸਰੀਰ ਸਾਰਾ ਦਿਨ ਮੁੜ੍ਹਕੇ ਨਾਲ ਭਿੱਜੇ ਰਹਿੰਦੇ ਸਨ। ਜਦੋਂ ਕਿਰਪਾਨ ਬਣ ਜਾਂਦੀ ਸੀ ਤਾਂ ਉਹ ਕਾਲੇ ਰੰਗ ਦੀ ਮਿੱਟੀ ਨਾਲ ਕਿਰਪਾਨ ਨੂੰ ਚਮਕਾਉਣ ਲੱਗ ਪੈਂਦੇ ਸਨ। ਉਸ ਮਿੱਟੀ ਦੀ ਰਗੜਾਈ ਨਾਲ ਕਿਰਪਾਨ ਚਮਕਣ ਲੱਗ ਪੈਂਦੀ ਸੀ

ਛੱਤੀ ਖੂਹੀ ਦੀ ਛਬੀਲ ਦਾ ਪਾਣੀ ਪਾਣੀ ਪੀਣ ਪਿੱਛੋਂ ਮੈਂ ਉਸ ਦੁਕਾਨ ਦੇ ਬਾਹਰ ਖਲੋ ਜਾਂਦਾ ਸਾਂ ਤੇ ਪਿਉ ਪੁੱਤ ਨੂੰ ਕੰਮ ਕਰਦਿਆਂ ਵੇਖਦਾ ਰਹਿੰਦਾ ਸਾਂ। ਕਾਲੀ ਮਿੱਟੀ ਨਾਲ ਕੰਮ ਕਰਦੇ ਉਹ ਕਾਲਖ਼ ਨਾਲ ਲਿਬੜੇ ਰਹਿੰਦੇ ਸਨ।

ਕਿਰਪਾਨਾ ਵਾਲੀ ਦੁਕਾਨ ਦੇ ਨਾਲ ਵਾਲੀ ਦੁਕਾਨ ਸ਼ਰਬਤ ਵਾਲੇ ਦੀ ਸੀ। ਉਸ ਦੁਕਾਨ ਵਿਚੋਂ ਹਰ ਵੇਲੇ ਠੰਡੀ ਮਿੱਠੀ ਖੁਸ਼ਬੂ ਆਉਂਦੀ ਰਹਿੰਦੀ ਸੀ। ਉਸ ਦੁਕਾਨ ਦੇ ਬਾਹਰ ਖਲੋ ਕੇ ਮੈਂ ਲੰਮੇਂ ਲੰਮੇਂ ਸਾਹ ਲੈਂਦਾ ਸਾਂ।

ਗਲੀ ਦੇ ਮੋੜ ਉਤੇ ਇਕ ਕੰਘਿਆਂ ਵਾਲਾ ਭਾਈ ਹੁੰਦਾ ਸੀ। ਉਹਦੇ ਕੋਲ ਲੱਕੜ ਦੇ ਕਿੰਨੇ ਸਾਰੇ ਟੁਕੜੇ ਹੁੰਦੇ ਸਨ। ਉਹ, ਉਨ੍ਹਾਂ ਟੁਕੜਿਆਂ ਤੋਂ ਕੰਘੇ

Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ।
ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ

We can Wash Your Truck anywhere in Edmonton & Area

- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease

For more info Call:
BIN: (780) 267-9102
CAM: (780) 238-8161

ਤਿਆਰ ਕਰਦਾ ਸੀ। ਉਹ ਨਿੱਕੀ ਜਿਹੀ ਆਰੀ ਨਾਲ ਲੱਕੜ ਦੇ ਟੁਕੜਿਆਂ ਵਿਚ ਚੀਰ ਪਾਉਂਦਾ ਰਹਿੰਦਾ ਸੀ। ਉਹ ਗਾਹਕ ਦੀ ਲੋੜ ਅਨੁਸਾਰ ਘੱਟ, ਵੱਧ ਦੰਦੇ ਵੀ ਬਣਾ ਦਿੰਦਾ ਸੀ। ਕੰਘਾ ਬਣਨ ਪਿੱਛੋ ਉਹ ਭਾਈ ਰੇਤੀ ਨਾਲ ਕੰਘੇ ਨੂੰ ਰਗੜਦਾ ਸੀ ਤੇ ਸਾਫ਼-ਸੁਥਰਾ ਬਣਾ ਦਿੰਦਾ ਸੀ।

ਮੈਂ ਕਿੰਨਾਂ-ਕਿੰਨਾਂ ਚਿਰ ਉਥੇ ਖਲੋਤਾ ਕੰਘੇ ਬਣਨ ਦੀ ਚਮਤਕਾਰੀ ਕਿਰਿਆ ਵੇਖਦਾ ਰਹਿੰਦਾ ਸਾਂ। ਉਸ ਬਾਜ਼ਾਰ ਵਿਚ ਹੋਰ ਵੀ ਬਹੁਤ ਸਾਰੀਆਂ ਦੁਕਾਨਾਂ ਸਨ, ਪਰ ਮੈਂ ਬਹੁਤ ਦੂਰ ਤੱਕ ਨਹੀਂ ਸਾਂ ਜਾਂਦਾ। ਮੈਨੂੰ ਗੁਆਚ ਜਾਣ ਦਾ ਵੀ ਡਰ ਸੀ। ਉਸ ਬਾਜ਼ਾਰ ਵਿਚ ਕੁਝ ਇਹੋ ਜਿਹੀਆਂ ਦੁਕਾਨਾਂ ਵੀ ਸਨ ਜਿਨ੍ਹਾਂ ਵਿਚ ਮੇਰੀ ਕੋਈ ਦਿਲਚਸਪੀ ਨਹੀਂ ਸੀ।

ਦੁਪਹਿਰ ਵੇਲੇ ਛਬੀਲ ਵਾਲੇ ਪਾਸਿਓਂ ਇਕ ਕੁਲਫ਼ੀ ਵਾਲਾ ਗਲੀ ਵਿਚ ਆਉਂਦਾ ਸੀ। ਕੁਝ ਦੂਰ ਤੱਕ ਰੇੜੀ ਰੇੜਨ ਪਿੱਛੋਂ ਉਹ ਰੁਕ ਜਾਂਦਾ ਸੀ ਤੇ ਫਿਰ ਹੋਕਾ ਲਾਉਂਦਾ ਸੀ, "ਮਲਾਈਦਾਰ ਕੁਲਫ਼ੀ! ...ਠੰਡੀਠਾਰ ਕੁਲਫ਼ੀ ।"

ਜੇਬ ਖਰਚ ਲਈ ਮੈਨੂੰ ਹਰ ਰੋਜ਼ ਘਰੋਂ ਇਕ ਪੈਸਾ ਮਿਲਦਾ ਸੀ। ਕੁਲਫ਼ੀ ਦਾ ਮੁੱਲ ਵੀ ਇਕ ਪੈਸਾ ਹੀ ਹੁੰਦਾ ਸੀ। ਮੈਂ ਲਗਪਗ ਹਰ ਰੋਜ਼ ਹੀ ਉਹਦੇ ਕੋਲੋਂ ਕੁਲਫ਼ੀ ਮੁੱਲ ਲੈ ਕੇ ਖਾਂਦਾ ਸਾਂ।

ਉਸ ਗਲੀ ਵਿਚ ਇਕ ਵਹਿੰਗੀ ਵਾਲਾ ਵੀ ਫੇਰਾ ਮਾਰਦਾ ਸੀ। ਉਸ ਦੀ ਵਹਿੰਗੀ ਦੇ ਦੋਵੇਂ ਛਾਬੇ ਖਾਣ ਵਾਲੀਆਂ ਅਣਗਿਣਤ ਚੀਜ਼ਾਂ ਦੇ ਭਰੇ ਹੋਏ ਹੁੰਦੇ ਸਨ। ਉਨ੍ਹਾਂ ਵਸਤਾਂ ਵਿਚ ਗਚਕ, ਮੁਰਮੁਰਾ, ਫੁੱਲੀਆਂ, ਮਖਾਣੇ, ਡੱਡੀਆਂ-ਮੱਛੀਆਂ, ਪਰਮਲ, ਭੁੱਜੇ ਛੋਲੇ, ਰਿਉੜੀਆਂ ਅਤੇ ਇਹੋ ਜਿਹੀਆਂ ਹੀ ਕਈ ਹੋਰ ਸੁਆਦੀ ਚੀਜ਼ਾਂ ਹੁੰਦੀਆਂ ਸਨ।

ਉਹ ਲੰਮੀ ਦਾੜੀ ਵਾਲਾ ਬੁੱਢਾ ਆਦਮੀ ਸੀ। ਹੋਕਾ ਦੇਣ ਵੇਲੇ ਉਹ ਵਹਿੰਗੀ ਥੱਲੇ ਰੱਖ ਲੈਂਦਾ ਸੀ ਤੇ ਵਹਿੰਗੀ ਨੂੰ ਇਕ ਭੌੜੀ ਦਾ ਠੁੰਮਣਾ ਦੇ ਦਿੰਦਾ ਸੀ। ਉਹਦਾ ਹੋਕਾ ਬਹੁਤ ਲੰਮਾਂ ਹੁੰਦਾ ਸੀ। ਹੋਕਾ ਦਿੰਦਿਆਂ ਉਹ ਸਾਰੀਆਂ ਚੀਜ਼ਾਂ ਇਕ ਇਕ ਕਰਕੇ ਗਿਣਦਾ ਸੀ।

ਜੇ ਕੁਲਫ਼ੀ ਵਾਲਾ ਪਹਿਲੋਂ ਨਾ ਆਵੇ ਤਾਂ ਮੈਂ ਵਹਿੰਗੀ ਵਾਲੇ ਤੋਂ ਕੁਝ ਨਾ ਕੁਝ ਖਰੀਦ ਲੈਂਦਾ ਸਾਂ। ਕਦੀ ਕਦਾਈਂ ਇਕ ਜੋਕਾਂ ਵਾਲਾ ਵੀ ਗਲੀ ਵਿਚ ਹੋਕਾ ਦਿਮਦਾ ਸੀ, "ਜੋਕਾਂ ਲਵਾ ਲਓ! ...ਜੋਕਾਂ !"

"ਵੇ ਭਾਈ ਰੁਕੀਂ!" ਇਕ ਦਿਨ ਪਾਲੀ ਦੀ ਮਾਂ ਨੇ ਉਹਨੂੰ ਰੋਕ ਲਿਆ ਸੀ।

ਪਾਲੀ ਮੇਰਾ ਹਾਣੀ ਸੀ। ਉਹਦੇ ਸਰੀਰ ਉਤੇ ਫੁੰਸੀਆਂ ਨਿਕਲੀਆਂ ਹੋਈਆਂ ਸਨ ਜਾਂ ਸ਼ਾਇਦ ਪਿੱਤ ਪੱਕੀ ਹੋਈ ਸੀ।

ਪਾਲੀ ਨੂੰ ਬਾਹੋਂ ਫੜ ਕੇ ਉਸਦੀ ਮਾਂ ਨੇ ਜੋਕਾਂ ਵਾਲੇ ਦੇ ਸਾਹਮਣੇ ਕਰ ਦਿੱਤਾ , "ਲਗਦੈ, ਇਹਦਾ ਖ਼ੂਨ ਗੰਦਾ ਹੋ ਗਿਐ।"

ਜੋਕਾਂ ਵਾਲੇ ਨੇ ਪਾਲੀ ਦੇ ਸਰੀਰ ਉਤੇ ਨਿਕਲੀਆਂ ਫੁੰਸੀਆਂ ਨੂੰ ਧਿਆਨ ਨਾਲ ਵੇਖਿਆ ਤੇ ਬੋਲਿਆ, "ਹਾਂ, ਖ਼ੂਨ ਠੀਕ ਨਈਂ।"

"ਫੇਰ!"

"ਜੋਕ ਲਾ ਦੇਵਾਂ?"

"ਮੁੰਡਾ ਰਾਜੀ ਤਾਂ ਹੋ ਜੂ।"

"ਹਾਂ ਰਾਜੀ ਤਾਂ ਹੋ ਜੂ"

"ਕਿਨੇ ਪੈਸੇ ਲਏਂਗਾ?"

"ਦੁਆਨੀ!"

"ਇਹ ਤਾਂ ਜ਼ਿਆਦਾ ਵਾ, ਕੁਝ ਘੱਟ ਕਰ ।"

ਕੁਝ ਚਿਰ ਦੇ ਤਕਰਾਰ ਪਿੱਛੋ ਇਕ ਆਨੇ ਉਤੇ ਭਾਅ ਤੈਅ ਹੋ ਗਿਆ। ਜੋਕਾਂ ਵਾਲੇ ਨੇ ਬੰਦ ਡੱਬੀ ਵਿਚੋਂ ਇਕ ਜੋਕ ਕੱਢੀ ਤੇ ਪਾਲੀ ਦੀ ਪਿੰਜਣੀ ਉਤੇ ਚਿਪਕਾ ਦਿੱਤੀ ।

ਘਰ ਦੇ ਨਿਆਣੇ ਪਾਲੀ ਦੀਆਂ ਫੁੰਸੀਆਂ ਠੀਕ ਹੁੰਦੀਆਂ ਦੇਖਣ ਲਈ ਉਹਦੇ ਦੁਆਲੇ ਇੱਕਠੇ ਹੋ ਗਏ। ਕੁਝ ਨਿਆਣੇ ਆਂਢ-ਗੁਆਂਢ ਤੋਂ ਵੀ ਆ ਗਏ। ਜਿਸ ਤਮਾਸ਼ੇ ਦੀ ਸਾਨੂੰ ਆਸ ਸੀ ਉਹ ਨਹੀਂ ਹੋਇਆ। ਸਾਡਾ ਖਿਆਲ ਸੀ ਕਿ ਪਾਲੀ ਦੀਆਂ ਫੁੰਸੀਆਂ ਨਿੱਕੀਆਂ ਹੁੰਦੀਆਂ ਹੁੰਦੀਆਂ ਗੁੰਮ ਹੋ ਜਾਣਗੀਆਂ, ਪਰ ਹੋਇਆ ਇਹ ਕਿ ਨਿੱਕੀ ਜਿਹੀ ਜੋਕ ਲੱਤ ਨਾਲ ਚੰਬੜੀ ਪਾਲੀ ਦਾ ਖੁਨ ਚੂਸਦੀ ਰਹੀ। ਜਦੋਂ ਉਹ ਖੁਨ ਪੀ ਪੀ ਮੋਟੀ ਹੋ ਗਈ ਤਾਂ ਲੱਤ ਨਾਲੋ ਲੱਥ ਕੇ ਥੱਲੇ ਡਿੱਗ ਪਈ।

ਜੋਕਾਂ ਵਾਲੇ ਨੇ ਭੁੰਜਿਓ ਜੋਕ ਚੁੱਕੀ ਤੇ ਮੁੜ ਡੱਬੀ ਵਿਚ ਬੰਦ ਕਰ ਦਿੱਤੀ। ਉਹ ਸਮਾਨ ਸਾਂਭਦਾ ਹੋਇਆ ਬੋਲਿਆ, "ਬੀਬੀ, ਤੇਰੇ ਮੁੰਡੇ ਦਾ ਖੁਨ ਤਾਂ ਬਾਹਲਾ ਈ ਗੰਦੈ। ਮੈਂ ਅਗਲੇ ਹਫ਼ਤੇ ਫੇਰ ਗੇੜਾ ਲਾਊਂ। ਤੇਰੇ ਮੁੰਡੇ ਦੇ ਦੋ ਤਿੰਨ ਵਾਰ ਜੋਕਾਂ ਲਾਉਣੀਆਂ ਪੈਣਗੀਆਂ।"

ਜੋਕਾਂ ਵਾਲੇ ਨੇ ਇਲਾਜ ਦੇ ਪੈਸੇ ਲਏ ਤੇ ਚਲਿਆ ਗਿਆ।

ਉਦੋਂ ਬੱਸ ਏਨੀ ਕੁ ਮੇਰੀ ਦੁਨੀਆਂ ਸੀ।

......ਤੇ ਹੌਲੀ ਹੌਲੀ ਮੇਰੇ ਆਲੇ ਦੁਆਲੇ ਦੇ ਲੋਕ ਗੁਆਚ ਗਏ।

ਦੁਕਾਨਾਂ ਬੰਦ ਰਹਿਣ ਲੱਗ ਪਈਆਂ। ਛਬੀਲ ਉਤੇ ਪਾਣੀ ਮੁੱਕਿਆ ਰਹਿੰਦਾ। ਟੂਟੀ ਵਾਲੇ ਡਰੰਮ ਵਿਚ ਪਾਣੀ ਭਰਨ ਵਾਲਾ ਬਾਬਾ ਕਿਧਰੇ ਚਲਿਆ ਗਿਆ। ਕੁਲਫ਼ੀ ਵਾਲੇ ਨੇ ਗਲੀ ਵਿਚ ਆਉਣਾ ਬੰਦ ਕਰ ਦਿੱਤਾ। ਵਹਿੰਗੀ ਵਾਲਾ ਬਾਬਾ ਵੀ ਕਿਧਰੇ ਗੁੰਮ ਹੋ ਗਿਆ। ਜੋਕਾਂ ਵਾਲਾ ਭਾਈ ਮੁੜ੍ਹ ਨਹੀਂ ਆਇਆ। ਗਲੀ ਸੁੰਨੀ ਰਹਿਣ ਲੱਗ ਪਈ।

ਇਕ ਦਿਨ ਘਰ ਵਿਚ ਕਿਸੇ ਵੱਡੇ ਨੇ ਗੱਲ ਕੀਤੀ, "ਇਕ ਹੋਰ ਦੇਸ਼ ਬਣਨ ਲੱਗਾ ਏ।"

ਮੈਂ ਕਿਸੇ ਦੇਸ਼ ਨੂੰ ਨਹੀਂ ਸਾਂ ਜਾਣਦਾ। ਮੈਨੂੰ ਦੇਸ਼ ਦਾ ਮਾਹਨਾ ਵੀ ਨਹੀਂ ਸੀ ਆਉਂਦਾ, ਪਰ ਮੈਨੂੰ ਏਨਾ ਕੁ ਪਤਾ ਲੱਗ ਗਿਆ ਸੀ ਕਿ ਜਦੋਂ ਕੋਈ ਨਵਾਂ ਦੇਸ਼ ਬਣਨਾ ਹੋਵੇ ਤਾਂ ਕੁਲਫ਼ੀ ਅਤੇ ਖੱਟੀਆਂ ਮਿੱਠੀਆਂ ਗੋਲੀਆਂ ਮਿਲਣੀਆਂ ਬੰਦ ਹੋ ਜਾਂਦੀਆਂ ਨੇ।

-3-

ਮੁਲਕ ਦੀ ਵੰਡ ਦਾ ਰੌਲਾ ਦਿਨ ਬਦਿਨ ਭਖ ਰਿਹਾ ਸੀ। ਲੋਕਾਂ ਨੇ ਇਹ ਵੀ ਪਤਾ ਲਾ ਲਿਆ ਕਿ ਨਵੇਂ ਮੁਲਕ ਦਾ ਨਾਂ ਪਾਕਿਸਤਾਨ ਹੋਊ। ਲੁੱਟ ਖਸੁੱਟ ਅਤੇ ਫਸਾਦਾਂ ਦੀਆਂ ਖ਼ਬਰਾਂ ਵੀ ਸੁਣਾਈ ਦੇਣ ਲੱਗ ਪਈਆਂ ਸਨ।

ਨਿੱਕੇ ਬਾਲ ਖੇਡਣ ਲਈ ਘਰਾਂ ਤੋਂ ਬਾਹਰ ਨਹੀਂ ਸਨ ਜਾਂਦੇ। ਮਕਾਨਾਂ ਦੇ ਬਾਹਰਲੇ ਬੂਹੇ ਦਿਨ ਵੇਲੇ ਵੀ ਅੰਦਰੋਂ ਬੰਦ ਰਹਿੰਦੇ ਸਨ।

ਸ਼ਹਿਰ ਦੀਆਂ ਗਲੀਆਂ ਅਤੇ ਬਾਜ਼ਾਰ ਸੁੰਨਸਾਨ ਹੋ ਗਏ ਸਨ। ਇਕ ਦਿਨ ਪਿਤਾ ਜੀ ਬਾਹਰੋਂ ਆਏ ਤਾਂ ਉਨ੍ਹਾਂ ਆਖਿਆ, "ਏਨੀ ਕੁ ਇਹਤਿਆਤ ਕਾਫ਼ੀ ਨਹੀਂ ਕਿ ਅੰਦਰੋਂ ਕੁੰਡਾ ਲਾ ਕੇ ਚੁੱਪ ਚਾਪ ਬੈਠੇ ਰਹੀਏ। ਸਾਨੂੰ ਕੁਝ ਹੋਰ ਵੀ ਕਰਨਾ ਚਾਹੀਦੈ।"

ਉਸ ਵੇਲੇ ਉਸ ਮਕਾਨ ਵਿਚ ਰਹਿਣ ਵਾਲੇ ਤਿੰਨੇ ਟੱਬਰ ਵਿਹੜੇ ਵਿਚ ਮੰਜੇ ਡਾਹ ਕੇ ਬੈਠੇ ਹੋਏ ਸਨ।

ਉਹ ਫ਼ਿਕਰਮੰਦ ਸਨ ਅਤੇ ਨਿੱਤ ਵਾਪਰ ਰਹੀਆਂ ਅਣਸੁਖਾਵੀਆਂ ਘਟਨਾਵਾਂ ਉਤੇ ਵਿਚਾਰ ਕਰ ਰਹੇ ਸਨ। ਪਿਤਾ ਜੀ ਨੇ ਦੱਸਿਆ, "ਲੁਟੇਰੇ ਨਿੱਕੇ, ਵੱਡੇ ਟੋਲਿਆਂ ਵਿਚ ਘੁੰਮ ਰਹੇ ਨੇ। ਉਹ ਕਿਸੇ ਵੇਲੇ ਵੀ ਬੂਹੇ ਤੋੜ ਦੇਣਗੇ ਅਤੇ ਸਾਡੇ ਘਰ ਲੁੱਟ ਲੈਣਗੇ। ਉਹ ਸਾਡਾ ਜਾਨੀ ਨੁਕਸਾਨ ਵੀ ਕਰਨਗੇ। ਕੀ ਅਸੀਂ ਇਹ ਤਮਾਸ਼ਾ ਵੇਖਣ ਲਈ ਚੁੱਪ ਬੈਠੇ ਰਹਾਂਗੇ?"

"ਅਸੀਂ ਨਿੱਥੇ ਕਰ ਵੀ ਕੀ ਸਕਦੇਂ ਆਂ !" ਉਤਲੀ ਮੰਜ਼ਿਲ ਵਾਲਾ ਅਜੀਤ ਸਿੰਘ ਨਿਆਸਰਿਆਂ ਵਾਂਗ ਬੋਲਿਆ।

"ਆਪਾਂ ਅਸਲੋਂ ਗਏ-ਗੁਜ਼ਰੇ ਵੀ ਨਈਂ, ਪਰ ਕਰੀਏ ਕੀ? ਭਰਾਵੋ! ਮੈਨੂੰ ਤਾਂ ਕੁਝ ਨਈਂ ਸੁਝਦਾ।" ਪਾਲੀ ਦੇ ਪਿਉ ਸਰਦੂਲ ਸਿੰਘ ਨੇ ਕਿਹਾ।

ਉਹ ਸਾਰੇ ਲੁਟੇਰਿਆਂ ਤੋਂ ਬਚਣ ਦੇ ਤਰੀਕਿਆਂ ਉਤੇ ਵਿਚਾਰਾਂ ਕਰਨ ਲੱਗ ਪਏ। ਲੰਮੀ ਬਹਿਸ ਤੋਂ ਪਿੱਛੋਂ ਫ਼ੈਸਲਾ ਇਹ ਹੋਇਆ ਕਿ ਮਕਾਨ ਦੀ ਛੱਤ ਉਤੇ ਇੱਟਾਂ ਰੋੜੇ ਅਤੇ ਪੀਸੀਆਂ ਹੋਈਆਂ ਲਾਲ ਮਿਰਚਾਂ ਜਮ੍ਹਾਂ ਕਰ ਲਈਆਂ ਜਾਣ। ਜਦੋਂ ਵੀ ਲੁਟੇਰਿਆਂ ਦਾ ਹਜੂਮ ਉਨ੍ਹਾਂ ਦੀ ਗਲੀ ਵਿਚ ਲੁੱਟਣ ਲਈ ਆਵੇ, ਉਨ੍ਹਾਂ ਉਤੇ ਇੱਟਾਂ ਰੋੜਿਆਂ ਦਾ ਮੀਂਹ ਵਰਸਾ ਦਿੱਤਾ ਜਵੇ। ਜਦੋਂ ਲੁਟੇਰੇ ਉਪਰ ਵੱਲ ਵੇਖਣ ਤਾਂ ਉਪਰੋਂ ਲਾਲ ਮਿਰਚਾਂ ਦਾ ਚੂਰਾ ਸੁੱਟਿਆ ਜਾਵੇ। ਕੁਝ ਬਦਮਾਸ਼ ਇੱਟਾ ਰੋੜਿਆਂ ਦੀ ਮਾਰ ਨਾਲ ਫੱਟੜ ਹੋ ਜਾਣਗੇ। ਕੁਝ ਮਿਰਚਾਂ ਅੱਖਾਂ ਵਿਚ ਪੈਣ ਨਾਲ ਅੰਨ੍ਹੇ ਹੋ ਜਾਣਗੇ।

ਇਸ ਤਰੀਕੇ ਉਤੇ ਫੌਰਨ ਅਮਲ ਕੀਤਾ ਗਿਆ। ਛੱਤ ਉਤੇ ਇੱਟਾਂ-ਰੋੜੇ ਵੀ ਜਮ੍ਹਾਂ ਹੋ ਗਏ ਤੇ ਪੀਸੀਆਂ ਹੋਈਆਂ ਲਾਲ ਮਿਰਚਾਂ ਵੀ। ਸਾਰੇ ਨਿੱਕੇ ਵੱਡਿਆਂ ਨੂੰ ਉਨ੍ਹਾਂ ਦੀ ਜ਼ਿਮੇਵਾਰੀ ਵੀ ਸਮਝਾ ਦਿੱਤੀ ਗਈ।

ਅਸੀਂ ਮਨ ਹੀ ਮਨ ਲੁਟੇਰਿਆਂ ਦੀ ਉਡੀਕ ਕਰਨ ਲੱਗ ਪਏ ਸਾਂ।

ਜਦੋਂ ਖ਼ਤਰੇ ਨਾਲ ਜੂਝਣ ਦਾ ਵੇਲਾ ਆਇਆ, ਦੋਹਾਂ ਘਰਾਂ ਦੇ ਵੱਡੇ ਤੀਜੇ ਘਰ ਵਿਚ ਬੈਠੇ ਰੇਡੀਉ ਉਤੇ ਖ਼ਬਰਾਂ ਸੁਣ ਰਹੇ ਸਨ। ਰੇਡੀਉ ਦੀ ਆਵਾਜ਼ ਕਦੀ ਗੁਆਚ ਜਾਂਦੀ ਸੀ ਤੇ ਕਦੀ ਉਭਰ ਆਉਂਦੀ ਸੀ। ਉਹ ਅਸਲੀ ਖ਼ਬਰ ਦਾ ਅੰਦਾਜ਼ਾ ਲਾਉਂਦਿਆਂ ਉਚੀ ਉਚੀ ਬੋਲਣ ਲੱਗ ਪੈਂਦੇ ਸਨ।

ਤਿੰਨਾਂ ਘਰਾਂ ਦੇ ਬਾਲ ਹੇਠਾਂ ਇਕੋ ਕਮਰੇ ਵਿਚ ਬੈਠੇ ਹੋਏ ਸਨ। ਅਸੀਂ ਸਾਰੇ ਹੱਸ ਰਹੇ ਸਾਂ, ਗੱਪਾਂ ਮਾਰ ਰਹੇ ਸਾਂ। ਅਚਾਨਕ ਸਾਡਾ ਧਿਆਨ ਕਮਰੇ ਦੇ ਬੂਹੇ ਵੱਲ ਗਿਆ ਤਾਂ ਸਾਹ ਸੂਤੇ ਗਏ।

ਬਰੂਹਾਂ ਵਿਚ ਇਕ ਅਨਜਾਣ ਆਦਮੀ ਖਲੋਤਾ ਹੋਇਆ ਸੀ। ਉਹਦੇ ਹੱਥ ਵਿਚ ਇਕ ਦਾਤਰ ਸੀ।

ਬਾਹਰਲਾ ਬੂਹਾ ਤਾਂ ਬੰਦ ਸੀ, ਉਹ ਲੁਟੇਰਾ ਅੰਦਰ ਕਿਸ ਤਰ੍ਹਾਂ ਪਹੁੰਚ ਗਿਆ? ਉਦੋਂ ਵੇਲਾ ਇਸ ਸੁਆਲ ਦਾ ਜੁਆਬ ਲੱਭਣ ਦਾ ਨਹੀਂ ਸੀ।

ਉਹਦੇ ਸਾਥੀ ਸ਼ਾਇਦ ਬਾਹਰ ਗਲੀ ਵਿਚ ਸਨ। ਲੁਟੇਰਿਆਂ ਨਾਲ ਨਜਿੱਠਣ ਦਾ ਤਰੀਕਾ ਧਰਿਆ ਧਰਾਇਆ ਰਹਿ ਗਿਆ ਸੀ।

ਇਸ ਤੋਂ ਪਹਿਲਾਂ ਕਿ ਲੁਟੇਰਾ ਕੋਈ ਕਾਰਵਾਈ ਕਰਦਾ, ਸਾਰੇ ਬਾਲਾਂ ਨੇ ਸਾਂਝੀ ਚੀਕ ਮਾਰੀ। ਸ਼ਾਇਦ ਬਾਲਾਂ ਨੇ ਰੇਡੀਓ ਦੀ ਆਵਾਜ਼ ਉਚੀ ਕਰਨ ਲਈ ਹਾਕ ਮਾਰੀ ਸੀ, ਉਪਰਲੀ ਮੰਜ਼ਿਲ ਉਤੇ ਰੇਡੀਓ ਸੁਣ ਰਹੇ ਵੱਡਿਆਂ ਨੇ ਸੋਚਿਆ ਤੇ ਰੇਡੀਓ ਦੀ ਆਵਾਜ਼ ਕੁਝ ਉਚੀ ਕਰ ਦਿੱਤੀ।

ਲੁਟੇਰਾ ਇਕ ਛਿਣ ਲਈ ਭੰਮੱਤਰਿਆ ਤੇ ਫਿਰ ਹੱਥ ਵਾਲਾ ਦਾਤਰ ਖੱਬੇ ਤੋਂ ਬਦਲ ਕੇ ਸੱਜੇ ਹੱਥ ਵਿਚ ਫੜ ਲਿਆ।

ਨਿਆਣਿਆਂ ਨੇ ਰਲ ਕੇ ਇਕ ਹੋਰ ਚੀਕ ਮਾਰੀ। ਇਸ ਵਾਰ ਰੇਡੀਓ ਸੁਣਨ ਵਾਲਿਆਂ ਨੂੰ ਖ਼ਤਰੇ ਦਾ ਅਨੁਭਵ ਹੋਇਆ। ਉਹ ਦਗੜ ਦਗੜ ਕਰਦੇ ਅੱਗੜ ਪਿੱਛੜ ਪੌੜੀਆਂ ਵੱਲ ਦੌੜੇ। ਲੁਟੇਰੇ ਦੇ ਹੱਥੋਂ ਦਾਤਰ ਛੁੱਟ ਕੇ ਪੈਰ ਉਤੇ ਵੱਜਾ। ਉਹਨੇ ਜੁਆਬੀ ਚੀਕ ਮਾਰੀ ਤੇ ਉਥੋਂ ਸੰਤੋੜ ਨੱਸਿਆ।

ਵੱਡੇ ਹੇਠਾਂ ਵਿਹੜੇ ਵਿਚ ਪਹੁੰਚੇ ਤਾਂ ਉਨ੍ਹਾਂ ਸੁੱਖ ਦਾ ਸਾਹ ਲਿਆ। ਸਾਰੇ ਬਾਲ ਠੀਕ ਠਾਕ ਸਨ। ਬਾਹਰਲਾ ਬੂਹਾ ਚੁਪੱਟ

Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।

PROFESSIONAL REALTY GROUP



Laddi Padda

Cell: 780-909-5154

9222-51 Avenue, Edmonton, AB T6E 5L8

Phone: 780-439-9818, Fax: 780-439-1257

ਖੁਲ੍ਹਾ ਹੋਇਆ ਸੀ।

ਪਿਤਾ ਜੀ ਨੇ ਅਗਾਂਹ ਹੋ ਕੇ ਬੂਹਾ ਬੰਦ ਕੀਤਾ, ਕੁੰਡਾ ਲਾਇਆ ਤੇ ਕੁੰਡੇ ਵਿਚ ਚਿਮਟਾ ਫਸਾ ਦਿੱਤਾ। ਹੁਣ ਲੁਟੇਰਾ ਆਵੇ ਵੀ ਤਾਂ ਬਾਹਰੋਂ ਵਿਰਲ ਵਿਚੋਂ ਹੱਥ ਪਾ ਕੇ ਬੂਹਾ ਨਹੀਂ ਸੀ ਖੋਲ੍ਹ ਸਕਦਾ।

ਉਸ ਦਿਨ ਤਿੰਨਾਂ ਟੱਬਰਾਂ ਦੇ ਜੀਆਂ ਨੂੰ ਇਹ ਚੇਤਾਵਨੀ ਵੀ ਦੇ ਦਿੱਤੀ ਗਈ ਕਿ ਕੋਈ ਵੀ ਬੂਹਾ ਬੰਦ ਕਰਨ ਪਿੱਛੋਂ ਕੁੰਡੇ ਵਿਚ ਚਿਮਟਾ ਅੜਾਉਣਾ ਨਾ ਭੁੱਲੇ।

–4–

ਬਾਹਰਲਾ ਬੂਹਾ ਕੁਝ ਇਸ ਤਰ੍ਹਾਂ ਖੜਕਿਆ ਜਿਵੇਂ ਝੱਖੜ ਝੁਲ ਪਿਆ ਹੁੰਦਾ ਹੈ। ਬੂਹਾ ਖੜਕਾਉਣ ਵਾਲੇ ਨੇ ਪਾਲੀ ਦੀ ਮਾਂ ਦਾ ਨਾਂ ਲੈ ਕੇ ਉਚੀ ਉਚੀ ਹਾਕਾਂ ਮਾਰੀਆਂ। ਕੁਲਵੰਤ ਕੌਰ ਤ੍ਰਭਕ ਕੇ ਉਠੀ ਤੇ ਬਾਹਰਲੇ ਬੂਹੇ ਵੱਲ ਦੌੜੀ।

ਬੂਹਾ ਇਹਤਿਆਤ ਨਾਲ ਬੰਦ ਕੀਤਾ ਹੋਇਆ ਸੀ। ਕੁੰਡਾ ਲਾ ਕੇ ਵਿਚ ਚਿਮਟਾ ਫਸਾਇਆ ਹੋਇਆ ਸੀ। ਸਰਦੂਲ ਸਿੰਘ ਕੋਲੋਂ ਬਾਹਰੋਂ ਹੱਥ ਪਾ ਕੇ ਬੂਹਾ ਨਹੀਂ ਸੀ ਖੁਲ੍ਹਿਆ।

ਕੁਲਵੰਤ ਕੌਰ ਨੇ ਹਰਫ਼ਲੀ ਹੋਈ ਨੇ ਦਰਵਾਜ਼ਾ ਖੋਲ੍ਹਿਆ। ਸਰਦੂਲ ਸਿੰਘ ਘਬਰਾਇਆ ਹੋਇਆ ਸੀ। ਉਹਨੇ ਅੰਦਰ ਵੜਦਿਆ ਸਾਰ ਹੀ ਬੂਹਾ ਮੁੜ ਬੰਦ ਕੀਤਾ ਤੇ ਕੁੰਡਾ ਲਾ ਕੇ ਪਹਿਲਾਂ ਵਾਂਗ ਹੀ ਵਿਚ ਚਿਮਟਾ ਫਸਾ ਦਿੱਤਾ।

ਸਰਦੂਲ ਸਿੰਘ ਦੇ ਮੱਥੇ ਉਤੇ ਮੁੜ੍ਹਕੇ ਦੀਆਂ ਬੂੰਦਾਂ ਸਨ। ਹੱਥ ਨਾਲ ਮੁੜ੍ਹਕਾ ਪੂੰਝਦਿਆਂ ਉਹਨੇ ਲੰਮੇਂ ਲੰਮੇਂ ਸਾਹ ਲਏ।

ਆਟੇ ਵਾਲੇ ਪੀਪੇ 'ਚੋਂ ਛਾਨਣੀ ਲੈ ਕੇ ਉਸ ਨਲਕੇ ਹੇਠ ਰੱਖ ਦਿੱਤੀ। ਉਹਨੇ ਝੋਲਾ ਉਲੱਦਿਆ ਤਾਂ ਲਹੂ ਨਾਲ ਲਿਬੜੇ ਕਿੰਨੇ ਸਾਰੇ ਗਹਿਣੇ ਛਾਨਣੀ ਵਿਚ ਡਿੱਗੇ। ਲਹੂ ਨਾਲ ਦਾਗੀ ਹੋਇਆ ਝੋਲਾ ਉਸ ਪਾਲੀ ਦੀ ਮਾਂ ਵੱਲ ਸੁੱਟ ਦਿੱਤਾ, "ਇਹਨੂੰ ਚੁਲ੍ਹੇ ਵਿਚ ਰੱਖ ਦੇ ਹੁਣੇ ਹੀ ਫੂਕ ਦੇਹ, ਨੇਂ ਜਾਣੀਏਂ ਕਿਤੇ ...।"

ਉਹਨੂੰ ਡਰ ਸੀ ਕਿ ਕਾਰਗੁਜ਼ਾਰੀ ਦਾ ਸਬੂਤ ਕਿਸੇ ਦੇ ਹੱਥ ਨਾ ਲੱਗ ਜਾਵੇ।

ਕੁਲਵੰਤ ਕੌਰ ਨੇ ਚੁਲ੍ਹੇ ਵਿਚ ਝੁਲਕਾ ਡਾਹ ਕੇ ਅੱਗ ਬਾਲੀ, ਲਾਟਾਂ ਉਚੀਆਂ ਹੋਈਆਂ ਤਾਂ ਉਹਨੇ ਝੋਲਾ ਵਿਚ ਰੱਖ ਕੇ ਸਾੜ ਦਿੱਤਾ।

ਸਰਦੂਲ ਸਿੰਘ ਦੇ ਕਮੀਜ਼ ਉਤੇ ਪਤਾ ਨਹੀਂ ਕੀਹਦੇ ਕੀਹਦੇ ਲਹੂ ਦੇ ਧੱਬੇ ਸਨ। ਉਹਨੇ ਕਮੀਜ਼ ਗਲੋਂ ਉਤਾਰ ਕੇ ਭਿਉਂ ਦਿੱਤਾ ਤੇ ਖੁਰੇ ਦੀ ਨੁੱਕਰੇ ਰੱਖ ਕੇ ਅਗਲੇ ਕੰਮ ਵੱਲ ਅਹੁਲਿਆ।

ਉਹਨੇ ਮਿਆਨ ਕੰਧ ਨਾਲ ਟਿਕਾਅ ਦਿੱਤਾ ਤੇ ਕਿਰਪਾਨ ਦੀ ਨੋਕ ਨਾਲ ਛਾਨਣੀ ਕੁਝ ਹੋਰ ਉਰ੍ਹਾਂ ਕਰ ਲਈ। ਨਲਕਾ ਗੇੜ ਕੇ ਉਸ ਕਿਰਪਾਨ ਤੋਂ ਸੁੱਕਾ ਲਹੂ ਧੋਤਾ। ਗਿੱਲੀ ਕਿਰਪਾਨ ਉਹਨੇ ਕਿੱਲੀ ਉਤੇ ਟੰਗੇ ਹੋਏ ਪਰਨੇ ਨਾਲ ਪੂੰਝੀ, ਕਿਰਪਾਨ ਦੀ ਧਾਰ ਨੂੰ ਪਰਖਿਆ ਤੇ ਫਿਰ ਕਿਰਪਾਨ ਮਿਆਨ ਵਿਚ ਪਾ ਕੇ ਮੁੜ ਕੰਧ ਨਾਲ ਟਿਕਾਅ ਦਿੱਤੀ।

ਮੈਂ ਤੇ ਪਾਲੀ ਪਹਿਲੋਂ ਪਰ੍ਹਾਂ ਖੜੇ ਤਮਾਸ਼ਾ ਵੇਖਦੇ ਰਹੇ ਤੇ ਫਿਰ ਨੇੜੇ ਆ ਕੇ ਪੈਰਾਂ ਭਾਰ ਖੁਰੇ ਦੀ ਬਨੇਰੀ ਉਤੇ ਬੈਠ ਗਏ। ਸਰਦੂਲ ਸਿੰਘ ਨੇ ਸਾਨੂੰ ਝਿੜਕ ਕੇ ਉਥੋਂ ਨਸਾ ਦਿੱਤਾ, "ਤੁਸੀਂ ਕੀ ਵੇਂਹਨੇ ਓ? ਤਿੱਤਰ ਹੋ ਜੋ ਇਥੋਂ!"

ਤੇ ਫੇਰ ਉਸ ਪਾਲੀ ਨੂੰ ਝਿੜਕਿਆ, "ਜਾਹ ਮਾਂ ਕੋਲੋਂ ਨਿੱਕਰ ਦੇ ਬਟਨ ਬੰਦ ਕਰਵਾ, ਫੁੱਲੋ ਕੱਢੀ ਫਿਰਦੈਂ।"

ਸਰਦੂਲ ਸਿੰਘ ਨੇ ਗਹਿਣਿਆਂ ਨੂੰ ਮਲ ਮਲ ਧੋਤਾ ਤੇ ਹਰ ਇਕ ਗਹਿਣੇ ਨੂੰ ਚਾਨਣ ਵੱਲ ਕਰ ਕੇ ਪਰਖਿਆ। ਗਹਿਣਿਆਂ ਉਤੇ ਲਹੂ ਲੱਗੇ ਰਹਿ ਜਾਣ ਦਾ ਸੰਸਾ ਹਾਲੇ ਵੀ ਬਾਕੀ ਸੀ। ਉਹਨੇ ਇਕ ਵਾਰ ਮੁੜ ਸਾਰੇ ਗਹਿਣੇ ਨਲਕੇ ਹੇਠ ਰੱਖ ਦਿੱਤੇ ਤੇ ਨਵੇਂ ਸਿਰਿਓਂ ਨਲਕਾ ਗੇੜਨ ਲੱਗ ਪਿਆ।

ਸਰਦੂਲ ਸਿੰਘ ਨੇ ਸਾਰਾ ਖਿਲਾਰਾ ਸਾਂਭ ਦਿੱਤਾ। ਵਿਹਲਾ ਹੋ ਕੇ ਉਹ ਚੰਗੇ ਰੌਂਅ ਵਿਚ ਆ ਗਿਆ। ਉਹ ਨਹਾ ਕੇ ਤਰੋਤਾਜ਼ਾ ਹੋਇਆ ਤੇ ਫਿਰ ਅਪਣੇ ਲਈ ਹਾੜਾ ਤਿਆਰ ਕਰ ਲਿਆ। ਉਹਨੇ ਸ਼ਰਾਬ ਵਿਚ ਲੋੜ ਜੋਗਾ ਪਾਣੀ ਮਿਲਾਇਆ ਤੇ ਗਲਾਸ ਫੜ ਕੇ ਮੰਜੇ ਉਤੇ ਚੌਂਕੜੀ ਮਾਰ ਕੇ ਬੈਠ ਗਿਆ। ਉਹਨੇ ਸ਼ਰਾਬ ਵਿਚ ਉਂਗਲ ਡਬੋ ਕੇ ਛਿੱਟੇ ਜ਼ਮੀਨ ਉਤੇ ਮਾਰੇ। ਇਸ ਤਰ੍ਹਾਂ ਧਰਤੀ ਨੂੰ ਭੋਗ ਲਾਉਣ ਪਿੱਛੋਂ ਉਹਨੇ ਡੀਕ ਵਰਗੀ ਲੰਮੀਂ ਘੁੱਟ ਭਰੀ ਤੇ ਗਲਾਸ ਅੱਧਾ ਖ਼ਾਲੀ ਕਰ ਦਿੱਤਾ।

ਕੁਲਵੰਤ ਕੌਰ ਚੌਂਕੇ ਵਿਚ ਬੈਠੀ ਹੋਈ ਸੀ। ਸਰਦੂਲ ਸਿੰਘ ਕੁਝ ਛਿਣ ਉਹਦੇ ਵੱਲ ਵੇਖਦਾ ਰਿਹਾ ਤੇ ਫਿਰ ਹੱਸਦਾ ਹੋਇਆ ਬੋਲਿਆ, "ਭਾਗਵਾਨੇ, ਤੂੰ ਐਵੇਂ ਨਾ ਝੂਰਦੀ ਰਿਹਾ ਕਰ। ਜੇ ਵਾਹਿਗੁਰੂ ਦੀ ਏਤਰ੍ਹਾਂ ਹੀ ਮਿਹਰ ਰਹੀ ਤਾਂ ਘਰ ਵਿਚ ਰੇਲੂੰ ਪੇਲੂੰ ਹੋ ਜੂ।

... ਤੂੰ ਜ਼ਰਾ ਦੋ ਫਾੜੀਆਂ ਅੰਬ ਦੇ ਆਚਾਰ ਦੀਆਂ ਫੜਾ ਜਾਹ ਤੇ ਕੌਲੀ ਵਿਚ ਥੋੜੀ ਜਿਹੀ ਦਾਲ ਵੀ।"

–5–

ਹਰ ਦਿਨ ਇਸ ਉਮੀਦ ਨਾਲ ਚੜ੍ਹਦਾ ਕਿ ਸੁੱਖ ਦੀ ਹਵਾ ਰੁਮਕੂ ।

ਹਰ ਸ਼ਾਮ ਢਲਦੀ ਤਾਂ ਦਹਿਸ਼ਤ ਦਾ ਰੰਗ ਗੂੜ੍ਹਾ ਹੋ ਜਾਂਦਾ।

ਉਸ ਸ਼ਹਿਰ ਦਾ ਆਸਮਾਨ ਪਹਿਲਾਂ ਵਾਗੂੰ ਸਾਫ਼ ਨਹੀਂ ਸੀ ਰਿਹਾ।

ਅੱਗ ਚਾਨਣ ਦੇਣ ਦੇ ਬਹਾਨੇ ਘਰਾਂ ਨੂੰ ਲੂਹ ਦਿੰਦੀ।

ਧੂੰਆਂ ਨਿੱਤ ਤਾਰਿਆਂ ਨੂੰ ਢੱਕ ਲੈਂਦਾ।

ਅੱਗ ਤੇ ਧੂੰਏਂ ਦੀ ਖੇਡ ਵਿਚ ਘਰ ਖੰਡਰ ਬਣਦੇ ਰਹੇ।

ਕੰਧਾਂ ਨੂੰ ਕਿਲ੍ਹਾ ਮੰਨ ਕੇ ਅਸੀਂ ਅਪਣੇ ਘਰ ਵਿਚ ਬੰਦ ਹੋ ਗਏ।

ਕਤਲੋ ਗਾਰਤ ਸਿਖ਼ਰ ਉਤੇ ਸੀ।

ਇਕ ਦਿਨ ਫੌਜੀ ਗੱਡੀ ਬੂਹੇ ਅੱਗੇ ਆ ਕੇ ਰੁਕੀ। ਦਹਿਸ਼ਤ ਨੇ ਦਸਤਕ ਦਿੱਤੀ।

ਪਾਕਿਸਤਾਨੀ ਫੌਜੀਆਂ ਨੂੰ ਵੇਖ ਕੇ ਸਾਰੇ ਟੱਬਰ ਦਾ ਸਾਹ ਸੂਤਿਆ ਗਿਆ।

"ਅਮਰ ਸਿੰਘ ਕੌਣ ਹੈ?" ਇਕ ਅਧਿਕਾਰੀ ਨੇ ਪੁੱਛਿਆ।

"ਜੀ, ਮੇਰਾ ਹੀ ਨਾਂ ਅਮਰ ਸਿੰਘ ਹੈ।"

"ਅਸੀਂ ਤੁਹਾਨੂੰ ਲੈਣ ਆਏ ਹਾਂ।"

"ਮੈਨੂੰ?"

ਦਿਲ ਦੇ ਡੁਬੂੰ ਡੁਬੂੰ ਕਰਦਿਆਂ, ਪਲ ਸੂਲੀ ਉਤੇ ਟੰਗੇ ਗਏ। ਸੈਨਿਕ ਅਧਿਕਾਰੀ ਨੂੰ ਅਪਣੀ ਗਲਤੀ ਦਾ ਅਹਿਸਾਸ ਹੋਇਆ। ਉਹਨੇ ਮੁਸਕਰਾਉਣ ਦਾ ਯਤਨ ਕੀਤਾ, "ਸਰਦਾਰ ਸਾਹਿਬ! ਘਬਰਾਉਣ ਵਾਲੀ ਕੋਈ ਗੱਲ ਨਹੀਂ। ਸਾਨੂੰ ਚੌਧਰੀ ਫ਼ਕੀਰ ਹੁਸੈਨ ਸਾਹਬ ਨੇ ਭੇਜਿਆ ਹੈ। ਉਨ੍ਹਾਂ ਦੀ ਅੱਜ ਹੀ ਪਾਕਿਸਤਾਨ ਨੂੰ ਰਵਾਨਗੀ ਹੈ। ਜਾਣ ਤੋਂ ਪਹਿਲਾਂ ਉਹ ਤੁਹਾਨੂੰ ਮਿਲਣਾ ਚਾਹੁੰਦੇ ਨੇ।"

ਪਿਤਾ ਜੀ ਨੇ ਕਦੀ ਸੋਚਿਆ ਵੀ ਨਹੀਂ ਸੀ ਕਿ ਇਲਾਕੇ ਦਾ ਮੰਨਿਆਂ ਪ੍ਰਮੰਨਿਆਂ ਮੋਹਤਬਰ ਅਪਣੇ ਲੋਕਾਂ ਨੂੰ, ਯਾਰਾਂ ਨੂੰ ਪਿੱਛੇ ਛੱਡ ਕੇ, ਜ਼ਮੀਨ ਅਤੇ ਬਾਗਾਂ ਨੂੰ ਤਿਲਾਂਜਲੀ ਦੇ ਕੇ ਇਥੋਂ ਤੁਰ ਜਾਣ ਦਾ ਫ਼ੈਸਲਾ ਲੈ ਲਵੇਗਾ। ਇਸਦਾ ਇਕ ਅਰਥ ਇਹ ਵੀ ਸੀ ਕਿ ਠੰਢ ਠੰਢਾਉਲਾ ਹੋਣ ਦੀ ਕੋਈ ਆਸ ਨਹੀਂ ਸੀ। ਫ਼ਕੀਰ ਹੁਸੈਨ ਕੋਲ ਇਸ ਬਾਰੇ ਜ਼ਰੂਰ ਪੱਕੀ ਸੂਚਨਾ ਸੀ, ਤਾਂ ਹੀ ਪਾਕਿਸਤਾਨੀ ਫੌਜੀ ਉਹਨੂੰ ਹਿਫ਼ਾਜਤ ਨਾਲ ਲੈ ਕੇ ਜਾਣ ਲਈ ਉਚੇਚਾ ਪਹੁੰਚੇ ਸਨ। ਉਹ ਮੁਸਲਮਾਨਾਂ ਵਿਚ ਵੱਡਾ ਨਾਂਅ ਸੀ।

ਹਵਾ ਕੁਝ ਇਹੋ ਜਿਹੀ ਵਗ ਰਹੀ ਸੀ ਕਿ ਕੋਈ ਵੀ ਅਪਣਾ ਹੁਣ ਅਪਣਾ ਨਹੀਂ ਸੀ ਰਿਹਾ। ਪਿਤਾ ਜੀ ਦਾ ਜਿਗਰੀ ਯਾਰ ਵੀ ਦੁਸ਼ਮਣ ਦੇਸ਼ ਦਾ ਬਸ਼ਿੰਦਾ ਹੋ ਗਿਆ ਸੀ। ਘਰ ਦੇ ਜੀਆਂ ਨੇ ਪਿਤਾ ਜੀ ਨੂੰ ਦੂਸਰੇ ਦੇਸ਼ ਦੇ ਸਿਪਾਹੀਆਂ ਨਾਲ ਜਾਣ ਤੋਂ ਵਰਜਿਆ, ਪਰ ਉਹ ਦੋਸਤੀ ਤੋਂ ਮੂੰਹ ਕਿਵੇਂ ਮੋੜ ਲੈਂਦੇ। ਮਾਂ ਦੇ ਤਰਲੇ ਮਿੰਨਤਾਂ ਸਾਹਵੇਂ ਹੱਠ ਨੇ ਅਪਣੀ ਪੁਗਾ ਲਈ। ਉਹ ਫੌਜੀ ਗੱਡੀ ਵਿਚ ਬੈਠ ਕੇ ਚਲੇ ਗਏ।

ਟੱਬਰ ਸੂਲੀ ਉਤੇ ਟੰਗਿਆ ਗਿਆ।

ਫ਼ਕੀਰ ਹੁਸੈਨ ਦਾ ਪਿੰਡ ਭਰੋਵਾਲ ਤਰਨਤਾਰਨ ਤੋਂ ਕੁਝ ਕੁ ਮੀਲਾਂ ਦੀ ਵਿੱਥ ਉਤੇ ਹੀ ਸੀ। ਉਹ ਪਿਤਾ ਜੀ ਨੂੰ ਧਾਅ ਕੇ ਮਿਲਿਆ। ਉਨ੍ਹਾਂ ਦੁਆਲੇ ਬਾਹਵਾਂ ਵਲਾਅ ਕੇ ਉਹ ਫੁੱਟ ਫੁੱਟ ਰੋਇਆ। ਬੇਬਸੀ ਦੀ ਅਜੀਬ ਇਬਾਰਤ ਸੀ ਉਹ ਵੀ।...ਤੇ ਫ਼ਿਰ ਖੁਦ ਨੂੰ ਸੰਭਾਲਦਿਆਂ ਉਸ ਆਖਿਆ, "ਅਮਰ ਸਿੰਹਾਂ! ਤੂੰ ਏਤਰ੍ਹਾਂ ਕਰ ਇਥੋਂ ਕੀਮਤੀ ਸਮਾਨ ਲਦਵਾ ਕੇ ਅਪਣੇ ਘਰ ਲੈ ਜਾਹ, ਤੇਰੇ ਕਿਸੇ ਕੰਮ ਆਊ। ਇਹ ਫੌਜੀ ਟਰੱਕ ਮੈਂ ਇਸੇ ਕੰਮ ਲਈ ਰੋਕਿਆ ਹੋਇਆ ਹੈ।"

ਪਿਤਾ ਜੀ ਦੇ ਬੋਲ ਸਲ੍ਹਾਬੇ ਗਏ, "ਬੱਸ ਇਹੋ ਕਸਰ ਬਾਕੀ ਰਹਿ ਗਈ ਸੀ ਕਿ ਤੇਰਾ ਘਰ ਸਭ ਤੋਂ ਪਹਿਲਾਂ ਮੈਂ ਹੀ ਲੁੱਟਾਂ।" ਇਸ ਤੋਂ ਅਗਾਂਹ ਪਿਤਾ ਜੀ ਕੋਲੋਂ ਗੱਲ ਨਹੀਂ ਸੀ ਹੋਈ। ਉਨ੍ਹਾਂ ਦਾ ਗੱਚ ਭਰ ਆਇਆ ਸੀ।

ਮੈਨੂੰ ਨਹੀਂ ਪਤਾ ਕਿ ਉਨ੍ਹਾਂ ਉਦੋਂ ਫ਼ਕੀਰ ਹੁਸੈਨ ਕੋਲ ਕਿੰਨਾ ਕੁ ਸਮਾਂ ਗੁਜ਼ਾਰਿਆ ਸੀ, ਪਰ ਏਨਾ ਕੁ ਮੈਨੂੰ ਯਾਦ ਹੈ ਹੈ ਕਿ ਜਦੋਂ ਫੌਜੀ ਗੱਡੀ ਉਹਨਾਂ ਨੂੰ ਘਰ ਵਾਪਸ ਛੱਡ ਕੇ ਗਈ ਸੀ ਤਾਂ ਉਹ ਬਹੁਤ ਉਦਾਸ ਸਨ।

ਉਹ ਭਾਵੇਂ ਚੌਧਰੀ ਫ਼ਕੀਰ ਹੁਸੈਨ ਦੇ ਘਰ ਦੀ ਕਿਸੇ ਵੀ ਚੀਜ਼ ਨੂੰ ਹੱਥ ਲਾਉਣ ਤੋਂ ਮੁਨਕਰ ਹੋ ਗਏ ਸਨ, ਪਰ ਉਸ ਘਰ ਦੀ ਲੁੱਟ ਨੂੰ ਉਹ ਕਿਸੇ ਤਰ੍ਹਾਂ ਵੀ ਰੋਕ ਨਹੀਂ ਸਨ ਸਕਦੇ।

–6–

ਪਾਲੀ ਦੇ ਪਿਓ ਨੇ ਬਹਰੋਂ ਆ ਕੇ ਸਾਰਿਆਂ ਨੂੰ ਇਕ ਖ਼ਾਸ ਖ਼ਬਰ ਦੱਸੀ, "ਪਤੈ! ਭਲਕੇ ਇਥੋਂ ਦੀ ਵੀ ਕਾਫ਼ਲਾ ਲੰਘ ਰਿਹੈ।"

ਸਾਰਿਆਂ ਨੇ ਇਸ ਖ਼ਬਰ ਵਿਚ ਉਚੇਚੀ ਦਿਲਚਸਪੀ ਲਈ।

ਜਦੋਂ ਸ਼ਹਿਰ ਵਿਚ ਸਰਕਸ ਆਈ ਸੀ ਤਾਂ ਮੈਂ ਹਾਥੀ ਸ਼ੇਰ, ਚੀਤੇ ਤੇ ਰਿੱਛ ਬਾਰੇ ਅਚੰਭੇ ਨਾਲ ਸੁਣਿਆਂ ਸੀ ਤੇ ਫਿਰ ਉਨ੍ਹਾਂ ਜਨੌਰਾਂ ਨੂੰ ਉਚੇਚਾ ਜਾ ਕੇ ਵੇਖਿਆ ਵੀ ਸੀ। ਮੈਂ ਮਾਂ ਕੋਲ ਜਾ ਕੇ ਰਿਹਾੜ ਕੀਤੀ, "ਮੈਂ ਕਾਫ਼ਲਾ ਵੇਖਣਾ ਏਂ ਮਾਂ!"

ਮੈਂ ਚਹੁੰ ਭੈਣਾਂ ਦਾ ਇਕ ਭਰਾ ਸਾਂ। ਮਾਂ ਨੇ ਸੁੱਖਾਂ ਸੁੱਖ ਕੇ ਮੈਨੂੰ ਰੱਬ ਕੋਲੋਂ ਮੰਗਿਆ ਸੀ। ਕਾਫ਼ਲਿਆਂ ਉਤੇ ਤਾਂ ਕਈ ਤਰ੍ਹਾਂ ਦੇ ਖ਼ਤਰੇ ਮੰਡਰਾਉਂਦੇ ਸਨ, ਮਾਂ ਮੈਨੂੰ ਕਾਫ਼ਲਾ ਵੇਖਣ ਕਿਵੇਂ ਤੋਰ ਦਿੰਦੀ। ਉਹਨੇ ਸਖ਼ਤ ਬੋਲਾਂ ਨਾਲ ਤਾੜਿਆ, "ਖ਼ਬਰਦਾਰ, ਜੇ ਘਰੋਂ ਬਾਹਰ ਪੈਰ ਵੀ ਕੱਢਿਆ ਤਾਂ ......।"

ਅਗਲੀ ਦੁਪਹਿਰ ਵੇਲੇ ਨਿੱਤ ਵਾਂਗੂੰ ਹੀ ਘਰ ਸੁੰਨਸਰਾਂ ਜਿਹਾ ਸੀ। ਦੁਪਹਿਰ ਦੇ ਭੋਜਨ ਤੋਂ ਪਿੱਛੋਂ ਵੱਡੇ ਕੁਝ ਸਮੇਂ ਲਈ ਸੌਂ ਜਾਂਦੇ ਸਨ। ਇਸਨੂੰ ਉਹ 'ਲੱਕ ਸਿੱਧਾ ਕਰਨਾ' ਆਖਦੇ ਸਨ। ਵੱਡੇ ਆਪੋ ਅਪਣੇ ਘਰੀਂ ਲੱਕ ਸਿੱਧਾ ਕਰ ਰਹੇ ਸਨ। ਨਿਆਣਿਆਂ ਨੂੰ ਦੁਪਹਿਰ ਵੇਲੇ ਨੀਂਦ ਨਹੀਂ ਸੀ ਆਉਂਦੀ। ਉਹ ਪੌੜੀਆਂ ਚੜ੍ਹ ਕੇ ਘਰ ਦੀ ਛੱਤ ਉਤੇ ਪਹੁੰਚ ਜਾਂਦੇ ਸਨ। ਉਥੇ ਉਹ ਅਪਣੀਆਂ ਖੇਡਾਂ ਖੇਡਣ ਲੱਗ ਪੈਂਦੇ ਸਨ।

ਉਸ ਵੇਲੇ ਮੇਰਾ ਨਿੱਤ ਵਾਲੀਆਂ ਖੇਡਾਂ ਖੇਡਣ ਦਾ ਕੋਈ ਇਰਾਦਾ ਨਹੀਂ ਸੀ। ਮੈਂ ਅੱਖ ਬਚਾ ਕੇ ਬਾਹਰਲੇ ਬੂਹੇ ਵੱਲ ਤੁਰ ਪਿਆ।

ਮੈਨੂੰ ਕਾਫ਼ਲਾ ਅਪਣੇ ਵੱਲ ਬੁਲਾ ਰਿਹਾ ਸੀ। ਮੈਂ ਪੱਬਾਂ ਭਾਰ ਤੁਰਦਾ ਬਾਹਰਲੇ ਦਰਵਾਜ਼ੇ ਤਕ ਪਹੁੰਚ ਗਿਆ। ਕੁੰਡੇ ਵਿਚੋਂ ਚਿਮਟਾ ਕੱਢ ਕੇ ਮੈਂ ਅਡੋਲ ਜਿਹੇ ਹੇਠਾਂ ਰੱਖ ਦਿੱਤਾ। ਹੌਲੀ ਜਿਹੀ ਕੁੰਡਾ ਖੋਲ੍ਹਿਆ ਤੇ ਬਾਹਰ ਨਿਕਲ ਕੇ ਬੂਹਾ ਢੋਅ ਦਿੱਤਾ।

ਤਮਾਸ਼ਬੀਨ ਅੱਡਾ ਬਾਜ਼ਾਰ ਦੇ ਮੁਹਾਣੇ ਉਤੇ ਖੜੇ ਸਨ। ਉਹ ਹੋਰ ਅਗਾਂਹ ਜਾਣ ਤੋਂ ਡਰ ਰਹੇ ਸਨ। ਮੈਂ ਵੀ ਉਸ ਭੀੜ ਵਿਚ ਸ਼ਾਮਲ ਹੋ ਗਿਆ।

ਵੱਡੀ ਸੜਕ ਉਤੇ ਇਹੋ ਜਿਹਾ ਕੁਝ ਨਹੀਂ ਸੀ ਜੀਹਨੂੰ ਕੋਈ ਕਾਫ਼ਲਾ ਕਹਿ ਸਕੇ। ਵੱਡੀ ਸੜਕ ਉਤੇ ਲੋਕਾਂ ਦਾ ਹਜੂਮ ਸੀ। ਉਹ ਹਜੂਮ ਸਰਹਾਲੀ ਵਾਲੇ ਪਾਸਿਓ ਵੀ ਆ ਰਿਹਾ ਸੀ ਤੇ ਜੰਡਿਆਲਾ ਗੁਰੁ ਵੱਲੋਂ ਵੀ। ਦਹਿਸ਼ਤਜ਼ਦਾ ਭੀੜ ਵਿਚ ਕਿਸੇ ਨੇ ਪੰਡ ਚੁੱਕੀ ਹੋਈ ਸੀ ਤੇ ਕਿਸੇ ਨੇ ਟਰੰਕ! ਕਿਸੇ ਨੇ ਗੱਡੇ ਉਤੇ ਟੱਬਰ ਨੂੰ ਵੀ ਸਾਮਾਨ ਵਾਂਗ ਲੱਦਿਆ ਹੋਇਆ ਸੀ ਤੇ ਕੋਈ ਤੂਸ ਤੂਸ ਕੇ ਭਰੇ ਹੋਏ ਝੋਲੇ ਨੂੰ ਵੀ ਨਿਆਣੇ ਵਾਂਗ ਢਾਕੇ ਲਾਈ ਜਾਂਦਾ ਸੀ। ਕੋਈ ਡੰਗਰਾਂ ਦੇ ਵੱਗ ਨੂੰ ਵੀ ਨਾਲ ਹਿੱਕੀ ਲਿਜਾ ਰਿਹਾ ਸੀ ਤੇ ਕੋਈ...।"

ਉਸ ਕਾਫ਼ਲੇ ਦੇ ਸਾਰੇ ਰੰਗ ਉਦਾਸ ਸਨ।

ਭੀੜ ਦੀਆਂ ਦੋਵੇਂ ਧਾਰਾਵਾਂ ਵੱਡੀ ਸੜਕ ਉਤੇ ਮਿਲ ਕੇ ਇਕ ਹੋ ਰਹੀਆਂ ਸਨ ਤੇ ਭੀੜ ਦਾ ਉਹ ਵਹਿਣ ਅੰਮ੍ਰਿਤਸਰ ਵੱਲ ਜਾ ਰਿਹਾ ਸੀ।

ਖ਼ਾਲੀ ਰੇਹੜੀਆਂ ਕੋਲ ਚਾਰ, ਪੰਜ ਪੁਲਸੀਏ ਨਿਰਲੇਪ ਜਿਹੇ ਖਲੋਤੇ ਦਾਣੇ ਚੱਬ ਰਹੇ ਸਨ। ਹਥਿਆਰ ਬੰਦ ਫੌਜੀਆਂ ਦੀ ਇਕ ਜੀਪ ਸਰਹਾਲੀ ਵਾਲੇ ਪਾਸਿਓਂ ਆਈ ਤੇ ਅੰਮ੍ਰਿਤਸਰ ਵੱਲ ਚਲੀ ਗਈ। ਪੁਲਸੀਏ ਉਪਰਾਮ ਜਿਹੇ ਖਲੋਤੇ ਦਾਣੇ

Matrimonial

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224

e-mail : engg.money@yahoo.com

Suitable match for hindu Khatri girl 25, 5'-3", M.A., B.Ed. status family, decent marrage, contact 0161-2880799, e-mail.: raman.mlp@gmail.com

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

ਖੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

ਖੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

ਖ਼ੂਬਸੂਰਤ, ਜੱਟ ਸਿੱਖ ਗਿੱਲ, 24 ਸਾਲ, 5'-9", ਮਕੈਨੀਕਲ ਇੰਜੀਨੀਅਰ, ਮਲਟੀ ਨੈਸ਼ਨਲ ਕੰਪਨੀ ਵਿਚ ਨੌਕਰੀਸ਼ੁਦਾ, ਐਮ.ਬੀ.ਏ., ਲੜਕੇ ਲਈ ਇੰਜੀਨੀਅਰ ਲੜਕੀ ਦੀ ਲੋੜ ਹੈ। ਮਾਤਾ-ਪਿਤਾ ਸਰਕਾਰੀ ਨੌਕਰੀ ਵਿਚ। ਸੰਪਰਕ : 94176-94520

ਖ਼ੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੌਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

ਖ਼ੂਬਸੂਰਤ ਬੀ-ਟੈਕ, ਕੰਪਿਊਟਰ ਸਾਇੰਸ, ਸਾਫਟ ਵੇਅਰ ਇੰਜੀਨੀਅਰ ਰਾਜਪੂਤ, ਚੌਹਾਨ ਕਲੀਨ ਸ਼ੇਵਨ, ਅਗਾਂਹਵਧ ਵਿਚਾਰਾਂ ਵਾਲੇ ਮਿਹਨਤੀ 5'-11" ਲੰਮੇ, 4 ਨਵੰਬਰ 1985 ਨੂੰ ਜਨਮੇ ਲੜਕੇ ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਤੇ ਸ਼ੁਸੀਲ ਲੜਕੀ ਦੀ ਲੋੜ ਹੈ। ਜਾਤ ਬੰਧਨ ਨਹੀਂ। ਸੰਪਰਕ: 98151-94782, 94633-91876, ਈ-ਮੇਲ : hardev.chauhan@yahoo.co.in

City Estates

All Types of Property, Plots & Kothis available for Sale & Purchase in Chandigarh/Mohali.

* Newly Built 10 Marla Triple Story House for Sale in Sector 35-C, Chandigarh.

** 1 Kanal Kothis for Sale in Sector 10, 34 & 35 Chandigarh.

For More Info Contact:

City Estates

SCO 123, Phase 7, Mohali (Punjab)

011 91 98147 11263 or

011 91 98729 73304

Classified Plus

Your guide to every search

House for Sale by Owner

Built in 2007, 1500 sq feet 2 story home, with 3 bedrooms upstairs, fireplace, 3 full bath, double attached garage, in quite crescent location, owner occupied available for immediate possession. For more information please call @ 780-245-0351/780-474-0351 or email: suman1950@yahoo.com

****

2 STORY CONDO FOR RENT

(LAKEWOOD VILLAGE, Edmonton)

Contact: 780 490 6023

Best Location, All Amenities

3 Bed Rooms, 1½ Bathroom

1 Bed Room in Basement

4 Appliances, Patio Door, Deck

****

House For Sale by Owner

2 Story House with walk out Basement having 3800 Plus Finished Area. Maple Kitchen, Granite Counter Top, Maple Hardwood Flooring, Maple and Metal Railing, 2 Furnaces, Separate entry for Basement and many more.

Ready for Possession.

Contact: **780 965 7390** or **780 906 4497**

****

ਮੋਹਾਲੀ 'ਚ ਪਲਾਟ ਵਿਕਾਊ

ਗ੍ਰੇਟਰ ਮੋਹਾਲੀ ਸੈਕਟਰ 127 'ਚ 477 ਵਰਗ ਗਜ਼ ਦਾ ਪਲਾਟ ਮਾਲਕ ਵੱਲੋਂ ਵਿਕਾਊ ਹੈ। ਇਹ ਪਲਾਟ ਏਅਰਪੋਰਟ ਰੋਡ ਦੇ ਨਾਲ ਲੱਗਦੇ ਸ਼ਾਨਦਾਰ ਅਤੇ ਪੌਸ਼ ਇਲਾਕੇ ਸਿਵਾਲਿਕ ਸਿਟੀ ਵਿਚ ਹੈ।

ਸੰਪਰਕ: 011 91 97813 60066

****

2 Story House For Sale By Owner In Leduc

2 Story 2000 Sq. ft. 4 Bed Room, 2 ½ Washrooms, Family Room with 17' Ceiling on the Main Floor. Hard Wood on Main Floor. **House backs on to the City Park.** For details call **780 965 0808.**

* Newly Built Bi-Level House with KEYLESS ENTRY for Sale
* Don't Miss this Great opportunity… Must See the House
* Buyers still have time to Choose Carpet Color…Hurry Up

Newly Built Bi-Level House 2405 Sq Ft with Front Exposed Double Door, 4 Bed Rooms with attached Baths on the Main Floor, 3 Kitchens (**Main Kitchen has Granite Counter Tops**), 2 Furnaces, 2 Hot Water Tanks, 2 Laundries (1 Upstairs & 1 in the Basement). Finished/Heated 2 Car Attached Garage. 700+ sq. ft Finished Concrete drive way for Parking in the Back Alley, Exposed aggregate Drive Way in the Front, **Enjoy Barbecue on the Large Deck.** House has Stucco Exterior.

* Fully Finished 2 Basements having 2 Bedrooms 9' Ceiling and a Washroom each.

For details/appointments

Contact 780 964 7001.

****

"We Had Dinner along with my friends family, it was really nice, pure Indian taste...... I will recommend this to any-one who like REAL Indian food."

"Service was prompt friendly. Food was hot and tasty. Loved it!"

"quite authentic Indian Food"

NIRVANA

Take-Out/Delivery/Catering Big & Small Function/Private Banquet Room

Lunch Buffet 7 Days A Week
11.30-2.30

Mondays
South Indian Delights 5-10
All you can eat South Indian Specialties

Tuesdays
Kabab Khazana 5-10
All you can eat Kababs with Naan or Roomali Roti
Chi. Tikka/Haryali Tikka/Malai Tikka/Resmbi Kabab/seek Kabab/Veg. Kabab

Wednesday
Lounge Night Belly Dancing 8-10
All Beer

Dinner Buffet
Friday, Saturday

Thursday
Punjab Di Yaad
Makki de Roti Sarson Da Saag with Salty Lassi

Friday
Bhangra Night 10-2
No Cover Charge 18+

Sunday
Indo Chinese Night 5-0
All You Can Eat
Chilli Chiken/Veg or Chiken Fried Rice/Veg. or Chiken Mein/Manchorian

1009-5075 FALCONRIDGE BL.VD.NE CALGARY, AB. T3J SK9

EMAIL: info@nirvanacalgary.com Phone (403) 590-9797 Fax. (403) 590-9798

ਚਬਦੇ ਰਹੇ। ਜਦੋਂ ਉਨ੍ਹਾਂ ਦੇ ਦਾਣੇ ਮੁੱਕੇ ਤਾਂ ਉਹ ਬੇਚੈਨ ਹੋ ਗਏ। ਕਰੜ-ਬਰੜੀ ਦਾੜ੍ਹੀ ਵਾਲੇ ਇਕ ਹੌਲਦਾਰ ਨੇ ਖ਼ਾਲੀ ਲਿਫ਼ਾਫੇ ਨੂੰ ਗੁੱਛਾਮੁੱਛਾ ਕਰਕੇ ਪਰ੍ਹਾਂ ਵਗਾਹ ਮਾਰਿਆ।

ਪੁਲਸੀਏ ਵਿਹਲੇ ਹੋ ਗਏ ਸਨ। ਉਹ ਆਪੋ ਅਪਣੀਆਂ ਰਾਈਫ਼ਲਾਂ ਦੇ ਕੁੰਦੇ ਪਲੋਸਣ ਲੱਗ ਪਏ। ਉਨ੍ਹਾਂ ਆਪਸ ਵਿਚ ਘੁਸਰ-ਮੁਸਰ ਕੀਤੀ। ਹੌਲਦਾਰ ਨੇ ਰਾਈਫ਼ਲ ਭਰੀ ਬਟ ਮੋਢੇ ਨਾਲ ਲਾ ਕੇ ਨਿਸ਼ਾਨਾ ਸਾਧਿਆ ਤੇ ਘੋੜਾ ਦੱਬ ਦਿੱਤਾ ...ਡੀਛੂੰ! ...ਗੰਦੇ ਨਾਲੇ ਦੇ ਕਿਨਾਰੇ ਵਾਲੇ ਬੋਹੜ ਦੇ ਪੱਤੇ ਜ਼ੋਰ ਦੀ ਹਿੱਲੇ। ਪੱਤਿਆਂ ਓਹਲੇ ਲੁਕੇ ਬੈਠੇ ਪੰਛੀਆਂ ਨੇ ਪਰ ਫੜਫੜਾਏ ਤੇ ਫਿਰ ਸ਼ਹਿ ਗਏ। ਇਕ ਤੋਤਾ ਪੱਤਿਆਂ ਵਿਚੋਂ ਨਿਕਲ ਕੇ ਖੁੱਲ੍ਹੇ ਅੰਬਰ ਵੱਲ ਉਡਾਰੀ ਮਾਰ ਗਿਆ। ਮੈਂ ਅਪਣੇ ਕੁ ਬਰਾਬਰ ਦਾ ਇਕ ਮੁੰਡਾ ਪੱਕੀ ਸੜਕ ਉਤੇ ਡਿੱਗਦਾ ਵੇਖਿਆ। ਗੁੱਸੇ ਵਿਚ ਚੀਕਦਾ ਹੋਇਆ ਇਕ ਬੁੱਢਾ ਪੁਲਸੀਆਂ ਵੱਲ ਦੌੜਿਆ। ਬੰਦੂਕ ਦੀ ਬੈਰਲ ਵਿਚੋਂ ਇਕ ਹੋਰ ਗੋਲੀ ਨਿਕਲੀ ਤੇ ਉਸ ਬੁੱਢੇ ਨੂੰ ਢੇਰ ਕਰ ਗਈ।

ਸਰਕ ਰਿਹਾ ਕਾਫ਼ਲਾ ਭੰਮੱਤਰ ਕੇ ਪਲ ਛਿਣ ਲਈ ਥਾਏਂ ਪਥਰਾ ਗਿਆ। ਅਗਲੇ ਛਿਣ ਨੇ ਅੱਖ ਝਮੱਕੀ ਤਾਂ ਕਾਫ਼ਲੇ ਵਿਚ ਹਾਹਾਕਾਰ ਮੱਚ ਗਈ। ਸ਼ਾਂਤ ਵਗ ਰਿਹਾ ਦਰਿਆ ਬੇਮੁਹਾਰਾ ਹੋ ਗਿਆ। ਉਸ ਰੌਲੇ ਵਿਚ ਕਈ ਹੋਰ ਥਾਂਵਾ ਤੋਂ ਵੀ ਗੋਲੀਆਂ ਚੱਲਣ ਲੱਗ ਪਈਆਂ। ਬਾਜ਼ਾਰ ਦੇ ਸਿਰੇ 'ਤੇ ਖਲੋਤੀ ਹੋਈ ਭੀੜ ਗੁਰਦੁਆਰੇ ਵੱਲ ਦੌੜੀ। ਮੈਂ ਇਕ ਪਲ ਹੈਰਾਨ ਹੋਇਆ ਖਲੋਤਾ ਰਿਹਾ ਤੇ ਫਿਰ ਕਿਸੇ ਦਾ ਧੱਕਾ ਖਾ ਕੇ ਡਿੱਗ ਪਿਆ। ਲੋਕਾਂ ਦੇ ਪੈਰਾਂ ਹੇਠ ਲਿਤਾੜੇ ਜਾਣ ਤੋਂ ਪਹਿਲਾਂ ਹੀ ਕਿਸੇ ਨੇ ਮੈਨੂੰ ਆਸਰਾ ਦੇ ਕੇ ਉਠਾ ਦਿੱਤਾ।

ਘਰ ਵਿਚੋਂ ਮੇਰੀ ਗ਼ੈਰਹਾਜ਼ਰੀ ਨੇ ਸਾਰਿਆਂ ਨੂੰ ਚਿੰਤਾ ਵਿਚ ਡੋਬ ਦਿੱਤਾ ਸੀ। ਮੈਨੂੰ ਲੱਭਣ ਲਈ ਉਹ ਘਰੋਂ ਬਾਹਰ ਵੱਲ ਨੂੰ ਦੌੜੇ। ਇਹ ਗਨੀਮਤ ਹੀ ਸੀ ਕਿ ਮੈਂ ਉਨ੍ਹਾਂ ਨੂੰ ਗਲੀ ਦੇ ਮੋੜ ਉਤੇ ਤੁਰਿਆ ਆਉਂਦਾ ਦਿਸ ਪਿਆ ਮੈਨੂੰ ਘਰ ਲਿਆ ਕੇ ਧੌਲ-ਧੱਫਾ ਸ਼ੁਰੂ ਹੋਇਆ ਤਾਂ ਮੈਂ ਅਪਣੇ ਬਚਾਅ ਲਈ ਪੂਰੀ ਘਟਨਾ ਸੁਣਾ ਦਿੱਤੀ। ਸਾਰਿਆਂ ਨੂੰ ਮੇਰੀ ਗੱਲ ਗੱਪ ਵਾਂਗੂੰ ਹੀ ਜਾਪੀ, ਪਰ ਉਸ ਰਾਤ ਨੇ ਮੇਰੀ ਦੱਸੀ ਹੋਈ ਗੱਲ ਦੀ ਸ਼ਾਹਦੀ ਭਰ ਦਿੱਤੀ।

ਕਰਫਿਊ ਦੇ ਸਾਇਰਨ ਦੀ ਆਵਾਜ਼ ਲੰਮੀ ਹੇਕ ਨਾਲ ਦੇਰ ਤੱਕ ਰੋਂਦੀ ਰਹੀ। ਹਨੇਰਾ ਤੰਗ ਗਲੀਆਂ ਵਿਚੋਂ ਉੱਛਲ ਕੇ ਆਸਮਾਨ ਤੱਕ ਫੈਲ ਗਿਆ। ਗੋਲੀਆਂ ਅਤੇ ਚੀਕਾਂ ਦੀਆਂ ਆਵਾਜ਼ਾਂ ਰਾਤ ਨੂੰ ਅੱਖੋਂ ਪਰੋਖਾ ਕਰ ਕੇ ਮਨ ਦੇ ਸੰਸਿਆਂ ਕੋਲ ਬੈਠ ਗਈਆਂ ।

ਤਾਰਿਆਂ ਦੀ ਲੋਅ ਮਧੱਮ ਪੈ ਗਈ।

ਸ਼ਹਿਰ ਦੇ ਕਈ ਪਾਸਿਓਂ ਧੂੰਏਂ ਦੇ ਗੁਬਾਰ ਉਚੇ ਉਠੇ ਤੇ ਫਿਰ ਅੱਗ ਦੀਆਂ ਲਾਟਾਂ ਨੇ ਅੰਬਰ ਛੋਹ ਲਿਆ। ਸ਼ਹਿਰ ਦੀਆਂ ਸਹਿਮੀਆਂ ਅੱਖਾਂ ਨੇ ਕਾਲੇ ਅੰਬਰ ਦੇ ਮੈਲੇ ਤਾਰਿਆਂ ਵੱਲ ਤੱਕਿਆ। ਮੁਰਦਿਆਂ ਦੀ ਭਰੀ ਗੱਡੀ ਸ਼ਹਿਰ ਕੋਲੋਂ ਕੰਨੀਂ ਕਤਰਾ ਕੇ ਦਗੜ ਦਗੜ ਕਰਦੀ ਲੰਘ ਗਈ। ਸ਼ਹਿਰ ਟਪ ਕੇ ਇੰਜਣ ਨੇ ਲੰਮੀਂ ਚੀਕ ਮਾਰੀ। ਕਾਲੇ ਹਨੇਰੇ ਵਿਚ ਸਲੇਟੀ ਧੂੰਆਂ ਅਫ਼ਵਾਹਾਂ ਵਾਗੂੰ ਫੈਲ ਗਿਆ।

ਇਹ ਗੱਡੀ ਪਾਕਿਸਤਾਨ ਗਈ ਹੋਊ।

ਇਹ ਗੱਡੀ ਹਿੰਦੁਸਤਾਨ ਆਈ ਹੋਊ।

ਉਸ ਰਾਤ ਮੈਂ ਨੀਂਦ ਵਿਚੋਂ ਅਬੜਵਾਹੇ ਉਠਦਾ ਰਿਹਾ ਸਾਂ।

ਰਾਤ ਹੌਲੀ ਹੌਲੀ ਮੁਕੱਦੀ ਰਹੀ ਸੀ।

ਪਾਲੀ ਦਾ ਪਿਓ ਪਿਛਲੀ ਦੁਪਹਿਰ ਦਾ ਕਾਫ਼ਲੇ ਦੀ ਖ਼ਬਰਸਾਰ ਲੈਣ ਗਿਆ ਵਾਪਸ ਨਹੀਂ ਸੀ ਮੁੜਿਆ। ਪਾਲੀ ਦੀ ਮਾਂ ਫ਼ਿਕਰਮੰਦ ਸੀ। ਜਿਹੜੀ ਵੱਢ ਟੁੱਕ ਵਿਚ ਉਹ ਹਿੱਸੇਦਾਰ ਬਣਨ ਗਿਆ ਸੀ, ਉਸੇ ਵਿਚ ਉਹ ਮੁੱਕ ਤਾਂ ਨਹੀਂ ਸੀ ਗਿਆ।

ਕੁੱਕੜ ਦੀ ਪਹਿਲੀ ਬਾਂਗ ਨਾਲ ਰਾਤ ਭਰ ਤੋਂ ਚੱਲ ਰਹੀਆਂ ਗੋਲੀਆਂ ਕੁਝ ਕੁਝ ਚੁੱਪ ਹੋ ਗਈਆਂ ਸਨ। ਪਹੁ-ਫੁਟਾਲੇ ਨਾਲ ਮੇਰੀ ਜਾਗ ਖੁੱਲ੍ਹ ਗਈ। ਕੁਝ ਚਿਰ ਪੈਰ ਲਮਕਾ ਕੇ ਮੈਂ ਮੰਜੇ ਦੀ ਹੀਅ ਉਤੇ ਬੈਠਾ ਰਿਹਾ ਤੇ ਫਿਰ ਉਠ ਕੇ ਬਨੇਰੇ ਵੱਲ ਚਲਿਆ ਗਿਆ।

ਮਾਂ ਕੋਈ ਸੁਪਨਾ ਵੇਖ ਰਹੀ ਸੀ ਸ਼ਾਇਦ! ਉਹ ਅਬੜਵਾਹੇ ਉਠੀ। ਮੈਂ ਅਪਣੇ ਬਿਸਤਰੇ ਵਿਚ ਨਹੀਂ ਸਾਂ। ਮੈਂ ਬਨੇਰੇ ਦੇ ਉਤੋਂ ਦੀ ਗਲੀ ਵੱਲ ਉਲਰਿਆ ਹੋਇਆ ਸਾਂ। ਮੇਰਾ ਖ਼ਿਆਲ ਸੀ, ਸ਼ਾਇਦ ਬੀਤ ਗਈ ਸ਼ਾਮ ਗਲੀ ਵਿਚ ਵੀ ਖਿਲਰੀ ਪਈ ਹੋਵੇ। ਗਲੀ ਸੁੰਨਸਾਨ ਸੀ।

ਮਾਂ ਨੇ ਮੈਨੂੰ ਗਲਮੇਂ ਤੋਂ ਫੜ ਕੇ ਪਿਛਾਂਹ ਖਿਚ ਲਿਆ।

-7-

ਦਿਨ ਕੁਝ ਭਖਿਆ ਤਾਂ ਸਾਇਰਨ ਦੀ ਲੰਮੀਂ ਹੂਕ ਨੇ ਕਰਫਿਊ ਖੁਲ੍ਹਣ ਦੀ ਦੱਸ ਪਾ ਦਿੱਤੀ। ਲੋਕ ਘਰਾਂ ਤੋਂ ਨਿਕਲ ਕੇ ਗਲੀਆਂ, ਬਾਜ਼ਾਰਾਂ ਵੱਲ ਨੂੰ ਅਹੁਲੇ। ਕੋਈ ਸਕੇ ਸੋਦਰਿਆਂ ਦੀ ਸੁੱਖ-ਸਾਂਦ ਜਾਣਨ ਤੁਰ ਪਿਆ ਤੇ ਕੋਈ ਅਗਲੇ ਦਿਨਾਂ ਲਈ ਰਸਦ ਦਾ ਪ੍ਰਬੰਧ ਕਰਨ। ਕੋਈ ਸੜਕ ਉਤੇ ਖਿਲਰੀ ਪਿਛਲੀ ਸ਼ਾਮ ਵੇਖਣਾ ਚਾਹੁੰਦਾ ਸੀ ਤੇ ਕੋਈ ਉਜੜੀਆਂ ਦੁਕਾਨਾਂ ਦੀ ਲੁੱਟ-ਪੁੱਟ ਲਈ ਬਿਹਬਲ ਸੀ।

ਮੈਂ ਵੀ ਪਿਛਲੀ ਸ਼ਾਮ ਨੂੰ ਉਸੇ ਸੜਕ ਉਤੇ ਵੇਖਣਾ ਚਾਹੁੰਦਾ ਸਾਂ, ਪਰ ਮਾਂ ਦੀਆਂ ਨਜ਼ਰਾਂ ਨੇ ਮੈਨੂੰ ਨੂੜਿਆ ਹੋਇਆ ਸੀ। ਮੇਰੇ ਲਈ ਗਿੱਠ ਚੱਪਾ ਪਰ੍ਹਾਂ ਹੋਣਾ ਵੀ ਮੁਹਾਲ ਸੀ।

ਦੁਪਹਿਰ ਹੋਈ ਤਾਂ ਮਾਂ ਨੇ ਕੰਧ ਨਾਲ ਖੜਾ ਕੀਤਾ ਮੰਜਾ ਛਾਵੇਂ ਡਾਹ ਲਿਆ ਤੇ ਨਿੱਤ ਵਾਂਗ ਆਰਾਮ ਲਈ ਲੰਮੇਂ ਪੈ ਗਈ। ਉਹਨੇ ਨਵੀਂ ਗੱਲ ਇਹ ਕੀਤੀ ਕਿ ਮੈਨੂੰ ਕੰਧ ਵਾਲੇ ਪਾਸੇ ਨਾਲ ਲੰਮੇਂ ਪਾ ਲਿਆ ਤਾਂ ਕਿ ਮੈਂ ਨੱਸ ਕੇ ਕਿਧਰੇ ਵੀ ਨਾ ਜਾ ਸਕਾਂ। ਸੌਣ ਤੋਂ ਪਹਿਲਾਂ ਮਾਂ ਨੇ ਤਾੜਨਾ ਕੀਤੀ, "ਹੁਣ ਤੂੰ ਵੀ ਸੌਣ ਦੀ ਕੋਸ਼ਿਸ਼ ਕਰ ਖ਼ਬਰਦਾਰ! ਜੇ ਧੁੱਪੇ ਜਾਣ ਜਾਣ ਬਾਰੇ ਸੋਚਿਆ ਵੀ ਤਾਂ...।"

ਮੈਂ ਬੇਆਰਾਮੀ ਵਿਚ ਪਾਸੇ ਵੱਟਣ ਲੱਗ ਪਿਆ। ਮਾਂ ਅੱਧ ਸੁੱਤੀ ਜਿਹੀ ਮੈਨੂੰ ਥਾਪੜਦੀ ਰਹੀ ਤੇ ਫੇਰ ਉਹਦਾ ਹੱਥ ਨਿੱਸਲ ਹੋ ਗਿਆ। ਮਾਂ ਗੂੜੀ ਨੀਂਦ ਵਿਚ ਲਹਿ ਗਈ ਸੀ।

ਮੈਂ ਬੇਚੈਨ ਜਿਹਾ ਅੱਖਾਂ ਪਾੜ ਪਾੜ ਛੱਤ ਵੱਲ ਵੇਂਹਦਾ ਰਿਹਾ। ਮੈਂ ਹੈਰਾਨ ਸਾਂ, ਇਹ ਵੱਡੇ ਖੇਡਣ ਮੱਲਣ ਵੇਲੇ ਸੌਂ ਕਿਉਂ ਜਾਂਦੇ ਸਨ। ਉਨ੍ਹਾਂ ਨੂੰ ਕੋਈ ਗੁੱਸੇ ਹੋਣ ਵਾਲਾ ਜਾਂ ਵਰਜਣ ਵਾਲਾ ਵੀ ਨਹੀਂ ਸੀ, ਉਹ ਫੇਰ ਵੀ ਖੇਡਦੇ ਕਿਉਂ ਨਹੀਂ ਸਨ।

ਮੈਨੂੰ ਵੱਡਿਆਂ ਦੀਆਂ ਇਹੋ ਜਿਹੀਆਂ ਗੱਲਾਂ ਦੀ ਕਦੀ ਸਮਝ ਨਹੀਂ ਸੀ ਪਈ। ਮੇਰੇ ਲਈ ਤਾਂ ਇਸ ਤਰ੍ਹਾਂ ਲੰਮੇਂ ਪੈਣਾ ਸਜ਼ਾ ਵਰਗਾ ਸੀ। ਮੈਂ ਮੰਜੇ ਦੀ ਹੀਅ ਦੇ ਉਤੋਂ ਦੀ ਵਲ੍ਹੇਟਣੀ ਲੈ ਕੇ ਭੁੰਜੇ ਆ ਗਿਆ ਤੇ ਮੰਜੇ ਦੇ ਹੇਠੋਂ ਦੀ ਬਾਹਰ ਨਿਕਲ ਆਇਆ।

ਮੈਂ ਕੱਲ੍ਹ ਵਾਂਗ ਹੀ ਸ਼ਹਿ ਕੇ ਘਰੋਂ ਬਾਹਰ ਆ ਗਿਆ ਤੇ ਵੱਡੀ ਸੜਕ ਵੱਲ ਮੁਹਾਰ ਮੋੜ ਲਈ। ਵੱਡੀ ਸੜਕ ਉਤੇ ਦੂਰ ਤਕ ਅਫ਼ਰਾ-ਤਫ਼ਰੀ ਅਤੇ ਲੁੱਟ-ਖਸੁੱਟ ਦਾ ਦ੍ਰਿਸ਼ ਸੀ। ਮੋਏ ਹੋਏ ਪਨਾਹਗੀਰਾਂ ਦੀਆਂ ਲੋਥਾਂ ਉਤੇ ਮੱਖੀਆਂ ਭਿਣ ਭਿਣ ਕਰਨ ਲੱਗ ਪਈਆਂ ਸਨ। ਮੱਖੀਆਂ ਵਾਂਗ ਹੀ ਲੋਕ ਖਿਲਰੇ ਹੋਏ ਸਮਾਨ ਉਤੇ ਭਿਣ ਭਿਣ ਕਰ ਰਹੇ ਸਨ। ਉਹ ਵੱਧ ਤੋਂ ਵੱਧ ਮਹਿੰਗਾ ਸਾਮਾਨ ਉਥੋਂ ਲੈ ਕੇ ਜਾਣਾ ਚਾਹੁੰਦੇ ਸਨ। ਗੰਦੇ ਨਾਲੇ ਵਾਲੇ ਬੋਹੜ ਉਤੇ ਕਾਵਾਂ ਦੀ ਕਾਵਾਂ ਰੌਲੀ ਮਚੀ ਹੋਈ ਸੀ। ਉਹ ਬੰਦਿਆਂ ਦੇ ਵਿਹਲੇ ਹੋਣ ਦੀ ਉਡੀਕ ਵਿਚ ਸਨ। ਉਨ੍ਹਾਂ ਵਿਚੋਂ ਜਿਹੜੇ ਕੁਝ ਵਧੇਰੇ ਕਾਹਲੇ ਸਨ, ਉਹ ਵਿਚ -ਵਿਚਾਲੇ ਉਡ ਕੇ ਲਾਸ਼ਾਂ ਨੂੰ ਠੂੰਗਾ ਮਾਰ ਆਉਂਦੇ ਸਨ।

ਮੈਂ ਸੱਖਣੀਆਂ ਰੇਹੜੀਆਂ ਕੋਲ ਰੁਕ ਗਿਆ। ਉਥੇ ਖਲੋ ਕੇ ਪੁਲਸੀਆਂ ਨੇ ਦਾਣੇ ਚੱਬੇ ਸਨ ਤੇ ਫਿਰ ਪਹਿਲੀ ਗੋਲੀ ਦਾਗੀ ਸੀ। ਦਾਣਿਆਂ ਵਾਲਾ ਖ਼ਾਲੀ ਲਿਫ਼ਾਫ਼ਾ ਰੇਹੜੀਆਂ ਤੋਂ ਕੁਝ ਪਰ੍ਹਾਂ ਗੁੱਛਾ ਮੁੱਛਾ ਹੋਇਆ ਪਿਆ ਸੀ।

ਮੇਰੇ ਹਾਣ ਦੇ ਮੁੰਡੇ ਦੀ ਲਾਸ਼ ਹਾਲੇ ਵੀ ਸੜਕ ਉਤੇ ਪਈ ਸੀ। ਦੂਸਰੀ ਗੋਲੀ ਨਾਲ ਮਰਨ ਵਾਲੇ ਬੁੱਢੇ ਦਾ ਠਰਿਆ ਹੱਥ ਉਸ ਪਲ ਮੁੰਡੇ ਵੱਲ ਪੱਸਰਿਆ ਹੋਇਆ ਸੀ।

ਇਕ ਕਾਂ ਰੁੱਖ ਤੋਂ ਉਡ ਕੇ ਮੁੰਡੇ ਦੀ ਲਾਸ਼ ਉਤੇ ਆ ਬੈਠਾ। ਉਹਨੇ ਇਕ-ਦੋ ਠੂੰਗੇ ਮਾਰੇ ਤੇ ਕਿਸੇ ਲੰਘਦੇ ਵੱਲੋਂ ਤੁਹਿ ਕੇ ਉਸ ਟਪੂਸਣੀ ਮਾਰੀ ਤੇ ਬੁੱਢੇ ਦੀ ਲਾਸ਼ ਉਤੇ ਬਹਿ ਗਿਆ। ਉਥੋਂ ਉਡ ਕੇ ਉਹ ਇਕ ਲਾਵਾਰਸ ਗੱਡੇ ਦੇ ਮੂੰਨੇ ਉਤੇ ਜਾ ਬੈਠਾ।

ਗੋਲੀਆਂ ਚੱਲਣ ਵੇਲੇ ਪਤਾ ਨਹੀਂ ਕੀਹਨੇ ਕੀਹਨੇ ਅਪਣੇ ਬਚਾਅ ਲਈ ਗੰਦੇ ਨਾਲੇ ਵਿਚ ਛਾਲਾਂ ਮਾਰੀਆਂ ਸਨ। ਲੋਥਾਂ ਨਾਲ ਪਾਣੀ ਦਾ ਨਿਕਾਸ ਰੁਕਿਆ ਹੋਇਆ ਸੀ। ਨਾਲੇ ਦਾ ਪਾਣੀ ਉਛਲ ਕੇ ਸੜਕ ਵੱਲ ਨੂੰ ਵਗ ਤੁਰਿਆ ਸੀ। ਲੋਕੀਂ ਲਾਸ਼ਾਂ ਦੇ ਕੱਪੜੇ ਪਾੜ ਰਹੇ ਸਨ। ਕੱਪੜਿਆਂ ਓਹਲੇ ਲੁਕਿਆ ਕੋਈ ਗਹਿਣਾ ਕਿਸੇ ਨੂੰ ਲੱਭ ਪੈਂਦਾ ਤਾਂ ਉਹਦੀਆਂ ਵਰਾਛਾਂ ਚੌੜੀਆਂ ਹੋ ਜਾਂਦੀਆਂ ਸਨ।

ਮੈਂ ਹੌਲੀ ਹੌਲੀ ਲਾਸ਼ਾਂ ਦੀ ਕਤਾਰ ਵੱਲ ਤੁਰ ਪਿਆ ਸਾਂ ਜਿੱਥੇ ਪਹੁੰਚ ਕੇ ਮੇਰੇ ਪੈਰ ਰੁਕ ਗਏ ਸਨ, ਉਥੇ ਇਕ ਜਵਾਨ ਔਰਤ ਦੀ ਲਾਸ਼ ਪਈ ਸੀ। ਉਹਦੇ ਕੱਪੜੇ ਵੀ ਕਿਸੇ ਨੇ ਸ਼ਾਇਦ ਗਹਿਣਿਆਂ ਦੀ ਭਾਲ ਵਿਚ ਹੀ ਪਾੜ ਦਿੱਤੇ ਹੋਣਗੇ, ਪਰ ਉਹ ਫੇਰ ਵੀ ਨੰਗੀ ਨਹੀਂ ਸੀ। ਉਹਦਾ ਤਨ ਚਿੱਕੜ ਨੇ ਢੱਕਿਆ ਹੋਇਆ ਸੀ। ਉਹਦੇ ਚਿਹਰੇ ਉਤੇ ਮੌਤ ਠਹਿਰੀ ਹੋਈ ਸੀ। ਉਸ ਲਾਸ਼ ਦੇ ਸੱਜੇ ਖੱਬੇ ਦੋ ਬਾਲਾਂ ਦੀਆਂ ਲਾਸ਼ਾਂ ਸਨ। ਪਤਾ ਨਹੀਂ ਉਹ ਨਿਆਣੇ ਉਸੇ ਔਰਤ ਦੇ ਸਨ ਜਾਂ ਨਹੀਂ ਪਰ ਉਨ੍ਹਾਂ ਲਾਸ਼ਾਂ ਦੀ ਹੋਣੀ ਉਸੇ ਔਰਤ ਦੀ ਸੀ।

ਉਸ ਪਲ ਮੋਇਆਂ ਦੇ ਉਸ ਟੱਬਰ ਦੀ ਪਛਾਣ ਮੇਰੀਆਂ ਅੱਖਾਂ ਵਿਚ ਵੀ ਠਹਿਰ ਗਈ ਸੀ ਤੇ ਮੇਰੇ ਚੇਤੇ ਵਿਚ ਵੀ।

ਉਹ ਦਿਨ ਕੁਝ ਜ਼ਿਆਦਾ ਹੀ ਤਪਿਆ ਹੋਇਆ ਸੀ। ਮੈਂ ਮੱਥੇ ਦਾ ਮੁੜ੍ਹਕਾ ਪੂੰਝ ਕੇ ਚਿੱਕੜ ਨਾਲ ਲਿਬੜੇ ਨੰਗੇ ਜਿਸਮਾਂ ਦੀ ਲੰਮੀ ਕਤਾਰ ਵੱਲ ਵੇਖਿਆ ਸੀ। ਜਿਨ੍ਹਾਂ ਨੇ ਆਖ਼ਰੀ ਸਾਹ ਤੋਂ ਪਹਿਲਾਂ ਗੰਦੇ ਨਾਲੇ ਵਿਚ ਛਾਲਾਂ ਨਹੀਂ ਸਨ ਮਾਰੀਆਂ, ਉਹ ਸੜਕ ਉਤੇ ਵਿਛੇ ਹੋਏ ਸਨ। ਕੁਝ ਲੋਕ ਗਲੀਆਂ ਵੱਲੋਂ ਸੜਕ ਵੱਲ ਆ ਰਹੇ ਸਨ ਅਤੇ ਕੁਝ ਸਮਾਨ ਲੁੱਟ ਕੇ ਗਲੀਆਂ ਵੱਲ ਦੌੜ ਰਹੇ ਸਨ। ਜੋ ਚਿੱਕੜ ਨਾਲ ਹੱਥ ਨਹੀਂ ਸਨ ਲਬੇੜਨਾ ਚਾਹੁੰਦੇ, ਉਹ ਸੜਕ ਵਾਲੇ ਮੁਰਦਿਆਂ ਨਾਲ ਮਨ ਵਰਚਾ ਰਹੇ ਸਨ।

ਬੋਹੜ ਹੇਠ ਇਕ ਚਿੱਬਾ ਟਰੰਕ ਖੁਲ੍ਹਾ ਪਿਆ ਸੀ। ਟਰੰਕ ਦੇ ਬਾਹਰ ਏਧਰ ਉਧਰ ਕੱਪੜੇ ਖਿਲਰੇ ਹੋਏ ਸਨ। ਟਰੰਕ ਦੇ ਲਾਗੇ ਹੀ ਪਤਲੇ ਜਿਹੇ ਪੋਲਕੇ ਵਿਚ ਇਕ ਨਿੱਕਾ ਜਿਹਾ ਬਾਲ ਪਿਆ ਰੋ ਰਿਹਾ ਸੀ। ਪਿਛਲੀ ਸ਼ਾਮ ਤੋਂ ਲੈ ਕੇ ਹੁਣ ਤੱਕ ਪਤਾ ਨਹੀਂ ਉਹ ਕਿੰਨੀ ਕੁ ਵਾਰ ਥੱਕ ਕੇ ਚੁੱਪ ਕੀਤਾ ਸੀ ਤੇ ਦਮ ਭਰ ਕੇ ਮੁੜ ਰੋਇਆ ਸੀ। ਮੈਂ ਉਹਦੇ ਹੱਥ ਦਾ ਅੰਗੂਠਾ ਮੂੰਹ ਵਿਚ ਦੇ ਦਿੱਤਾ। ਬਾਲ ਛਿਣ ਭਰ ਲਈ ਚੁੱਪ ਕੀਤਾ ਤੇ ਫਿਰ ਤਰਲਿਆਂ ਵਰਗੇ ਹਟਕੋਰੇ ਭਰਨ ਲੱਗ ਪਿਆ।

ਬਾਲ ਕੋਲੋਂ ਚੰਗੀ ਤਰ੍ਹਾਂ ਰੋਇਆ ਵੀ ਨਹੀਂ ਸੀ ਜਾ ਰਿਹਾ।

ਗੰਦੇ ਨਾਲੇ ਦੇ ਮੁਰਦਿਆਂ ਦੁਆਲੇ ਲੋਕਾਂ ਦੀ ਭਿਣ ਭਿਣ ਪਹਿਲਾਂ ਵਾਂਗ ਹੀ ਸੀ।

ਸੜਕ ਦੇ ਮੁਰਦੇ ਕਾਵਾਂ ਲਈ ਕੁਝ ਵਿਹਲੇ ਹੋ ਗਏ ਸਨ।

ਸੰਤਾਲੀ ਦੀ ਉਹ ਵਹਿਸ਼ਤ ਤੇ ਭਿਆਨਕਤਾ ਛੇ ਵਰ੍ਹਿਆਂ ਦੇ ਇਕ ਨਿੱਕੇ ਬਾਲ ਨੇ ਵੇਖੀ ਸੀ। ਉਹ ਬੋਝ ਬੜਾ ਅਣਸੁਖਾਵਾਂ ਸੀ। ਉਹ ਬੋਝ ਮੇਰੇ ਮਨ ਉਤੇ ਸੀ ਤੇ ਮੈਥੋਂ ਪਰ੍ਹਾਂ ਹੋਣ ਤੋਂ ਮੁਨਕਰ ਹੋ ਗਿਆ ਸੀ।

ਵੱਡਾ ਹੋ ਕੇ ਮੈਂ ਕਹਾਣੀਆਂ ਲਿਖਣ ਲੱਗ ਪਿਆ ਸਾਂ। ਬਹੁਤ ਵਾਰ ਮੈਂ ਅਪਣੇ ਬਚਪਨ ਵੱਲ ਵੀ ਪਰਤ ਜਾਂਦਾ ਸਾਂ। ਅਪਣੀਆਂ ਬਹੁਤ ਸਾਰੀਆਂ ਕਹਾਣੀਆਂ ਦੇ ਬੀਜ ਮੈਂ ਬਚਪਨ ਵਿਚੋਂ ਚੁਣੇ ਸਨ। ਮੈਂ ਚਾਹੁੰਦਾ ਸਾਂ ਉਸ ਕਾਫ਼ਲੇ ਦੀ ਕਹਾਣੀ ਵੀ ਲਿਖਾਂ, ਪਰ ਮੈਥੋਂ ਲਿਖੀ ਨਹੀਂ ਸੀ ਗਈ। ਉਥੇ ਉਦੋਂ ਪਤਾ ਨਹੀਂ ਕਿੰਨੇ ਕੁ ਮਨੁੱਖ ਮੋਏ ਸਨ, ਕਿੰਨੇ ਕੁ ਸੁਪਨੇ ਮੋਏ ਸਨ। ਉਨ੍ਹਾਂ ਸੁਪਨਿਆਂ ਦੀ ਗਿਣਤੀ ਬੇਇੰਤਹਾ ਸੀ। ਇਕ ਗੱਲ ਇਹ ਵੀ ਪੱਕੀ ਸੀ ਕਿ ਉਦੋਂ ਮਨੁੱਖਤਾ ਵੀ ਮੋਈ ਸੀ।

ਉਹ ਕਹਾਣੀ ਲਿਖਣ ਲਈ ਮੈਂ ਬਹੁਤ ਵਾਰ ਕਾਗਜ਼ ਅਤੇ ਪੈੱਨ ਲੈ ਕੇ ਬੈਠਿਆ ਸਾਂ, ਪਰ ਮੈਥੋਂ ਕਹਾਣੀ ਨਹੀਂ ਸੀ ਬਣੀ, ਗੱਲ ਹਰ ਵਾਰ ਉਥ੍ਹਾਂ ਹੀ ਰਹਿ ਜਾਂਦੀ ਸੀ ਜਿੱਥੇ ਕੁ ਮੁਰਦਿਆਂ ਨੂੰ ਲੁਟਿਆ ਜਾ ਰਿਹਾ ਸੀ।

ਇਕ ਵਾਰ ਕੁਝ ਦੋਸਤਾਂ ਦੀ ਮਹਿਫ਼ਲ ਵਿਚ ਮੈਂ ਕਾਫ਼ਲੇ ਦੀ ਘਟਨਾ ਦਾ ਜ਼ਿਕਰ ਕਰ ਰਿਹਾ ਸਾਂ ਤਾਂ ਖ਼ਿਆਲ ਆਇਆ, ਉਦੋਂ ਇਸ ਤਰ੍ਹਾਂ ਹੀ ਹੋਣਾ ਸੀ। ਉਦੋਂ ਮਨੁੱਖਾਂ ਦੇ ਅੰਦਰ ਹੈਵਾਨ ਜਾਗਿਆ ਹੋਇਆ ਸੀ।

...ਤੇ ਮੈਂ ਆਪਣੀ ਕਹਾਣੀ ਲਈ ਅਚੇਤੇ ਹੀ ਆਦਮੀ ਦਾ ਆਦਮੀ ਹੋਣਾ ਲਭਦਾ ਰਿਹਾ ਸਾਂ।

ਉਹ ਆਦਮੀ ਕਿੱਥੇ ਸੀ?

ਉਦੋਂ ਮੈਨੂੰ ਕਾਫ਼ਲਾ ਕਹਾਣੀ ਦਾ ਨਿੱਕਾ ਦਿਸਿਆ ਸੀ। ਉਹੀ ਮੇਰੇ ਲਈ ਰੌਸ਼ਨੀ ਦੀ ਇਕ ਕਿਰਨ ਸੀ। ਉਹਦੇ ਰਾਹੀਂ ਮੈਂ ਮਨੁੱਖਤਾ ਨੂੰ ਜਿਉਂਦਿਆਂ ਰੱਖ ਸਕਦਾ ਸਾਂ।

...ਤੇ ਉਦੋਂ ਉਹ ਘਟਨਾ ਕਹਾਣੀ ਬਣ ਗਈ। ਕਹਾਣੀ 'ਕਾਫ਼ਲਾ' ਦਾ ਸਿਖਰ ਮੈਂ ਕੁਝ ਇਸ ਤਰ੍ਹਾਂ ਲਿਖਿਆ ਸੀ–

" ਨਿੱਕੇ ਨੇ ਅਛੋਪਲੇ ਜਿਹੇ ਲਾਗੇ ਪਈ ਖੇਸੀ ਬੱਚੇ ਦੁਆਲੇ ਵਲ੍ਹੇਟ ਦਿੱਤੀ। ਕਿਸੇ ਸਿਆਣੇ ਚੋਰ ਵਾਂਗ ਉਸ ਸ਼ਹਿ ਕੇ ਖੱਬੇ-ਸੱਜੇ ਵੇਖਿਆ। ਇਕ ਆਦਮੀ ਗਲੀ ਵੱਲ ਮੱਝ ਖਿੱਚੀ ਲਿਜਾ ਰਿਹਾ ਸੀ। ਇਕ ਜਣਾ ਸਿਰ ਉਤੇ ਟਰੰਕ ਚੁੱਕੀ ਨੱਠਾ ਜਾਂਦਾ ਸੀ ਤੇ ਇਕ ਹੋਰ ...।"

"ਨਿੱਕੇ ਨੇ ਕਾਹਲੀ ਨਾਲ ਬੱਚੇ ਨੂੰ ਬਾਹਵਾਂ ਵਿਚ ਚੁੱਕ ਲਿਆ ਤੇ ਗਲੀਆਂ ਵਾਲੇ ਰਾਹ ਘਰ ਨੂੰ ਭੱਜ ਉਠਿਆ"

'ਕਾਫ਼ਲਾ' ਕਹਾਣੀ ਲਿਖਣ ਦਾ ਵਰ੍ਹਾ 1981 ਦਾ ਸੀ। ਉਸ ਘਟਨਾ ਵਿਚ ਮਨੁੱਖਤਾ ਨੂੰ ਜਿਉਂਦਿਆਂ ਕਰਨ ਲਈ ਮੈਨੂੰ ਪੂਰੇ ਚੌਤੀ ਸਾਲ ਲੱਗ ਗਏ ਸਨ।

-8-

ਭਰੋਵਾਲ ਪਿੰਡ ਦੀ ਜੂਹ ਤੋਂ ਪਹਿਲਾਂ ਇਕ ਸੰਘਣਾ ਬਾਗ ਸੀ। ਕਈ ਏਕੜਾਂ ਵਿਚ ਫੈਲਿਆ ਹੋਇਆ ਉਹ ਬਾਗ ਲੋਕ-ਬਾਤਾਂ ਦੇ ਜੰਗਲ ਵਰਗਾ ਸੀ। ਉਸ ਬਾਗ ਵਿਚ ਦਿਨ ਵੇਲੇ ਵੀ ਹਨੇਰਾ ਰਹਿੰਦਾ ਸੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਜਿਵੇਂ ਉਹ ਬਾਗ ਤਲਿਸਮੀ ਸੀ ਤੇ ਉਥੇ ਬਾਤਾਂ ਵਰਗੇ ਕਈ ਭੇਤ ਵੀ ਲੁਕੇ ਹੋਏ ਸਨ। ਮੈਂ ਇਹ ਵੀ ਸੋਚਦਾ ਸਾਂ ਕਿ ਉਥੇ ਜ਼ਰੂਰ ਜਿੰਨਾਂ -ਭੂਤਾਂ ਦਾ ਵੀ ਵਾਸਾ ਸੀ। ਉਹ ਬਾਗ ਪਿਤਾ ਜੀ ਦੇ ਦੋਸਤ ਚੌਧਰੀ ਫ਼ਕੀਰ ਹੁਸੈਨ ਦਾ ਸੀ।

ਮੈਂ ਉਹ ਬਾਗ ਵੇਖਣਾ ਚਾਹੁੰਦਾ ਸਾਂ। ਪਿਤਾ ਜੀ ਦਾ ਭਰੋਵਾਲ ਜਾਣ ਦਾ ਸਬੱਬ ਬਣਿਆ ਤਾਂ ਮੈਂ ਜ਼ਿਦ ਫੜ ਲਈ , "ਮੈਂ ਵੀ ਜਾਣੈ।"

'ਤੂੰ ਉਥੇ ਕੀ ਕਰੇਂਗਾ?" ਪਿਤਾ ਜੀ ਨੇ ਪੁੱਛਿਆ।

"ਮੈਂ ਤਾਇਆ ਜੀ ਦਾ ਬਾਗ ਵੇਖਣਾ ਏਂ ।"

ਉਸ ਵੇਲੇ ਮੈਂ ਜਿੰਨਾਂ-ਭੂਤਾਂ ਦੇ ਖ਼ਤਰੇ ਬਾਰੇ ਨਹੀਂ ਸੀ ਸੋਚਿਆ। ਪਿਤਾ ਜੀ ਨੇ ਜੂ ਨਾਲ ਹੋਣਾ ਸੀ।

ਘਰ ਦਾ ਲਾਡਲਾ ਹੋਣ ਕਰਕੇ ਮੇਰੀ ਜ਼ਿਦ ਅਕਸਰ ਪੁੱਗ ਜਾਂਦੀ ਸੀ। ਤੁਰਨ ਵੇਲੇ ਪਿਤਾ ਜੀ ਨੇ ਸਾਈਕਲ ਦੇ ਡੰਡੇ ਉਤੇ ਕੱਪੜਾ ਬੰਨ੍ਹ ਕੇ , ਮੈਨੂੰ ਬਿਠਾ ਲਿਆ ਸੀ। ਜਦੋਂ ਅਸੀਂ ਪਹੁੰਚੇ ਤਾਂ ਚੌਧਰੀ ਫ਼ਕੀਰ ਹੁਸੈਨ ਕੋਠੀ ਦੇ ਬਰਾਮਦੇ ਵਿਚ ਕਾਨਿਆਂ ਦੇ ਮੂਹੜੇ ਉਤੇ ਬੈਠਾ ਹੋਇਆ ਸੀ।

ਮੈਂ ਪਿੰਡਾਂ ਦੇ ਕੱਚੇ ਘਰ ਵੇਖਣ ਦਾ ਆਦੀ ਸਾਂ ਜਾਂ ਫਿਰ ਮੈਂ ਸ਼ਹਿਰ ਦੀਆਂ ਤੰਗ ਗਲੀਆਂ ਦੇ ਹਨੇਰੇ ਸਲ੍ਹਾਬੇ ਮਕਾਨ ਵੇਖੇ ਸਨ। ਉਹੋ ਜਿਹਾ ਖੁੱਲ੍ਹਾ ਡੁੱਲ੍ਹਾ ਮਕਾਨ ਮੈਂ ਪਹਿਲੀ ਵਾਰੀ ਵੇਖਿਆ ਸੀ। ਅਟਾਰੀ ਵਾਲੇ ਸਰਦਾਰ ਦਾ ਮਕਾਨ ਵੀ ਏਨੇ ਵੱਡੇ ਰਕਬੇ ਵਿਚ ਨਹੀਂ ਸੀ। ਉਹ ਮਕਾਨ ਪੀਲੇ ਰੰਗ ਦਾ ਸੀ ਜਿਵੇਂ ਸੋਨੇ ਦਾ ਬਣਿਆ ਹੋਇਆ ਸੀ।

ਪਿਤਾ ਜੀ ਨੇ ਚੌਧਰੀ ਫ਼ਕੀਰ ਹੁਸੈਨ ਨੂੰ ਉਹਦੇ ਬਾਗ ਬਾਰੇ ਮੇਰਾ ਕਿਆਸ ਵੀ ਦੱਸਿਆ ਤੇ ਬਾਗ ਵੇਖਣ ਦੀ ਮੇਰੀ ਇੱਛਾ ਵੀ ਜ਼ਾਹਰ ਕਰ ਦਿੱਤੀ। ਗੱਲ ਸੁਣ ਕੇ ਉਹ ਬਹੁਤ ਹੱਸਿਆ ਤੇ ਬੋਲਿਆ, "ਪੁੱਤਰ! ਮੇਰੇ ਬਾਗ ਵਿਚ ਜਿੰਨ-ਭੂਤ ਤਾਂ ਤੈਨੂੰ ਬਿਲਕੁਲ ਵੀ ਨਹੀਂ ਮਿਲਣੇ, ਅਲਬੱਤਾ ਪਰੀਆਂ ਉਥੇ ਜ਼ਰੂਰ ਰਹਿੰਦੀਆਂ ਨੇ। ਉਹ ਪਰੀਆਂ ਆਦਮ ਜ਼ਾਤ ਨੂੰ ਵੇਖ ਕੇ ਮੋਰ ਬਣ ਜਾਂਦੀਆਂ ਨੇ।"

ਉਸ ਬਾਗ ਵਿਚ ਤੁਰਦਿਆਂ ਮੈਂ ਸ਼ਹਿ ਸ਼ਹਿ ਪੈਰ ਧਰਦਾ ਰਿਹਾ ਸਾਂ ਤਾਂ ਕਿ ਕਿਸੇ ਪਰੀ ਨੂੰ ਵੇਖ ਸਕਾਂ। ਫ਼ਕੀਰ ਹੁਸੈਨ ਤੇ ਪਿਤਾ ਜੀ ਮੇਰੇ ਤੋਂ ਕੁਝ ਅੱਗੇ ਤੁਰ ਰਹੇ ਸਨ। ਸੁੱਕੇ ਪੱਤੇ ਉਹਨਾ ਦੇ ਪੈਰਾਂ ਹੇਠ ਚਰ ਚਰ ਕਰਕੇ ਪਿੱਸ ਰਹੇ ਸਨ। ਮੈਂ ਉਸ ਬਾਗ ਵਿਚ ਕਈ ਮੋਰ ਵੇਖੇ ਸਨ। ਮੈਨੂੰ ਕਈ ਵਰ੍ਹਿਆਂ ਤਕ ਇਹ ਅਫ਼ਸੋਸ ਰਿਹਾ ਸੀ ਕਿ ਮੈਂ ਇਕੱਲਾ ਬਾਗ ਵਿਚ ਕਿਉਂ ਨਹੀਂ ਘੁੰਮਿਆ। ਜੇ ਮੈਂ ਇਕੱਲਾ ਹੁੰਦਾ ਤਾਂ ਮੈਂ ਪਰੀਆਂ ਨੂੰ ਅਪਣੇ ਪਹੁੰਚਣ ਦਾ ਪਤਾ ਹੀ ਨਹੀਂ ਸੀ ਲੱਗਣ ਦੇਣਾ। ਪਰੀਆਂ ਨੂੰ ਮੈਂ ਉਹਨਾ ਦੇ ਮੋਰ ਬਣਨ ਤੋਂ ਪਹਿਲਾਂ ਪਹਿਲਾਂ ਵੇਖ ਲੈਣਾ ਸੀ।

ਉਸ ਬਾਗ ਵਿਚ ਕਈ ਥਾਈਂ ਅੰਬਾਂ ਦੇ ਢੇਰ ਲੱਗੇ ਹੋਏ ਸਨ। ਚੌਧਰੀ ਫ਼ਕੀਰ ਹੁਸੈਨ ਨੇ ਆਖਿਆ, "ਬੀਰ ਪੁੱਤਰ ! ਤੂੰ ਭਾਵੇਂ ਜਿੰਨੇ ਮਰਜ਼ੀ ਅੰਬ ਚੂਪ ਲੈ, ਭਾਵੇਂ ਜਿੰਨੇ ਮਰਜ਼ੀ ਅੰਬ ਚੁੱਕ ਕੇ ਅਪਣੇ ਨਾਲ ਲੈ ਜਾਵੀਂ।"

ਮੇਰੇ ਨਿੱਕੇ ਨਿੱਕੇ ਹੱਥਾਂ ਕੋਲੋਂ ਬਹੁਤੇ ਅੰਬ ਨਹੀਂ ਸਨ ਚੁੱਕੇ ਗਏ। ਮੈਂ ਅੰਬ ਚੁੱਕਦਾ ਸਾਂ ਤਾਂ ਉਹ ਹੱਥਾਂ ਵਿਚੋਂ ਡਿੱਗ ਪੈਂਦੇ ਸਨ।

ਮੇਰਾ ਤਰੱਦਦ ਵੇਖ ਕੇ ਚੌਧਰੀ ਫ਼ਕੀਰ ਹੁਸੈਨ ਤੇ ਮੇਰੇ ਪਿਤਾ ਹੱਸਦੇ ਰਹੇ ਸਨ।

ਵਾਪਸੀ ਦੇ ਸਫ਼ਰ ਵੇਲੇ ਚੌਧਰੀ ਫ਼ਕੀਰ ਹੁਸੈਨ ਨੇ ਇੱਕ ਝੋਲਾ ਅੰਬਾਂ ਦਾ ਭਰ ਕੇ ਪਿਤਾ ਜੀ ਦੇ ਸਾਈਕਲ ਦੇ ਹੈਂਡਲ ਨਾਲ ਲਟਕਾ ਦਿੱਤਾ ਸੀ। ਇਹ ਘਟਨਾ ਕੁਝ ਪੁਰਾਣੀ ਸੀ। ਹੁਣ ਤਾਂ ਬੜਾ ਕੁਝ ਬਦਲ ਗਿਆ ਸੀ। ਚੌਧਰੀ ਫ਼ਕੀਰ ਹੁਸੈਨ ਭਰਿਆ ਭਕੁੰਨਾ ਘਰ ਛੱਡ ਕੇ ਆਪਣੇ ਨਵੇਂ ਦੇਸ਼ ਜਾ ਚੁਕਿਆ ਸੀ।

ਪਿਤਾ ਜੀ ਉਦਾਸ ਹੋ ਗਏ ਸਨ।

ਸ਼ਹਿਰ ਵਿਚ ਕਈ ਦਿਨ ਲਗਾਤਾਰ ਕਰਫਿਊ ਲੱਗਾ ਰਿਹਾ ਸੀ।

ਚੌਧਰੀ ਫ਼ਕੀਰ ਹੁਸੈਨ ਦੇ ਘਰ ਦੇ ਹਸ਼ਰ ਬਾਰੇ ਕੋਈ ਨਹੀਂ ਸੀ ਜਾਣਦਾ। ਕੁਝ ਕੁ ਹਵਾ ਅਮਨ ਬਹਾਲੀ ਵੱਲ ਰੁਮਕੀ ਤਾਂ ਆਰਜ਼ੀ ਤੌਰ ਉਤੇ ਕਰਫਿਊ ਖੋਲ੍ਹ ਦਿੱਤਾ ਗਿਆ।

ਪਿਤਾ ਜੀ ਨੇ ਸਾਈਕਲ ਚੁੱਕਿਆ ਤੇ ਭਰੋਵਾਲ ਜਾਣ ਲਈ ਤਿਆਰ ਹੋ ਗਏ। ਮੈਂ ਘਰ ਵਿਚ ਬੰਦ ਰਹਿ ਕੇ ਅੱਕਿਆ ਹੋਇਆ ਸਾਂ। ਪਿਤਾ ਜੀ ਮੈਨੂੰ ਵੀ ਅਪਣੇ ਨਾਲ ਲੈ ਗਏ।

ਜਿਸ ਰੌਣਕ ਵਾਲੇ ਘਰ ਨੂੰ ਮੈਂ ਕਦੀ ਵੇਖਿਆ ਸੀ, ਉਹ ਘਰ ਉਸ ਵੇਲੇ ਉਜੜਿਆ ਪੁੱਜੜਿਆ ਧੁਆਂਖਿਆ ਤੇ ਮੈਲਾ ਜਿਹਾ ਵਿਖਾਈ ਦੇ ਰਿਹਾ ਸੀ। ਮਕਾਨ ਦਾ ਸਦਰ ਦਰਵਾਜ਼ਾ ਸੜਿਆ ਹੋਇਆ ਸੀ। ਅੰਦਰਲੇ ਕੁਝ ਦਰਵਾਜ਼ੇ ਟੁੱਟੇ ਹੋਏ ਸਨ। ਤੇ ਕੁਝ ਖੁੱਲ੍ਹੇ ਹੋਏ ਸਨ। ਕੁਝ ਬੂਹਿਆਂ ਨੂੰ ਤਾਂ ਲੋਕ ਚੁਗਾਠਾਂ ਸਮੇਤ ਹੀ ਪੁੱਟ ਕੇ ਲੈ ਗਏ ਸਨ।

ਪਿਤਾ ਜੀ ਗੁੰਮ ਸੁੰਮ ਜਿਹੇ ਉਸ ਉਜੜੇ ਘਰ ਦੇ ਵਿਹੜੇ ਵਿਚ ਖਲੋ ਗਏ ਸਨ। ਅਪਣੀ ਕਲਪਣਾ ਵਿਚ ਉਹ ਸ਼ਾਇਦ ਦੋਸਤ ਅਤੇ ਉਹਦੇ ਪਰਿਵਾਰ ਨੂੰ ਪਹਿਲਾਂ ਵਾਂਗ ਹੀ ਉਸ ਮਕਾਨ ਵਿਚ ਤੁਰਿਆਂ-ਫਿਰਦਿਆਂ ਵੇਖ ਰਹੇ ਸਨ। ਅੰਦਰ ਬਾਹਰ ਸਮਾਨ ਖਿਲਰਿਆ ਹੋਇਆ ਸੀ। ਲੁਟੇਰੇ ਕੀਮਤੀ ਸਮਾਨ ਲੁੱਟ ਕੇ ਜਾ ਚੁੱਕੇ ਸਨ। ਮੈਂ ਪੂਰੇ ਘਰ ਦਾ ਗੇੜਾ ਲਾ ਕੇ ਬਾਹਰ ਆ ਗਿਆ।

"ਘਰ ਤਾਂ ਕੋਈ ਵੀ ਨਹੀਂ।" ਮੈਂ ਦੱਸਿਆ।

"ਹਾਂ!"

"ਤਾਇਆ ਜੀ ਕਿੱਥੇ ਚਲੇ ਗਏ ਨੇ?"

ਪਿਤਾ ਜੀ ਨੇ ਹਉਕੇ ਵਰਗਾ ਸਾਹ ਭਰਿਆ, "ਇਕ ਹੋਰ ਦੇਸ਼ ਬਣ ਗਿਆ ਹੈ ਨਾ। ਉਸ ਨਵੇਂ ਮੁਲਕ ਵਿਚ ਉਹ ਅਪਣੀ ਥਾਂ ਲੱਭਣ ਗਏ ਨੇ।"

"ਕੀ ਉਹ ਵਾਪਸ ਨਹੀਂ ਆਉਣਗੇ?"

"ਨਹੀਂ ...ਸ਼ਾਇਦ ਕਦੀ ਵੀ ਨਹੀਂ ।"

ਜਿਥੇ ਕੁ ਅਸੀਂ ਦੋਵੇਂ ਪਿਓ, ਪੁੱਤ ਖੜੇ ਸਾਂ ਉਥੇ ਬਹੁਤ ਸਾਰੇ ਗਮਲੇ ਪਏ ਸਨ। ਗਮਲਿਆਂ ਦੇ ਪੌਦਿਆਂ ਨੂੰ ਕਿਸੇ ਨੇ ਪਾਣੀ ਨਹੀਂ ਸੀ ਦਿੱਤਾ। ਉਹ ਪੌਦੇ ਸੁੱਕਣ ਕਿਨਾਰੇ ਸਨ। ਇਕ ਹੋਰ ਗਮਲਾ ਬਰਾਮਦੇ ਦੀ ਬੁਰਜੀ ਕੋਲ ਪਿਆ ਹੋਇਆ ਸੀ। ਉਸ ਗਮਲੇ ਦਾ ਪੌਦਾ ਵੀ ਕੁਮਲਾਇਆ ਹੋਇਆ ਸੀ। ਉਸ ਪੌਦੇ ਨਾਲ ਇਕ ਡੋਡੀ ਸੀ। ਉਸ ਡੋਡੀ ਨੇ ਸਿਰ ਸੁੱਟਿਆ ਹੋਇਆ ਸੀ। ਜੇ ਉਸ ਪੌਦੇ ਨੂੰ ਵੀ ਪਾਣੀ ਨਾ ਮਿਲਿਆ ਤਾਂ ਡੋਡੀ ਨੇ ਵੀ ਫੁੱਲ ਬਣੇ ਤੋਂ ਬਿਨਾ ਹੀ ਸੜ ਸੁੱਕ ਜਾਣਾ ਸੀ।

ਲੁਟੇਰਿਆ ਨੇ ਘਰ ਲੁੱਟਿਆ ਸੀ, ਪਰ ਫੁੱਲਾਂ ਵਾਲੇ ਗਮਲੇ ਨਹੀਂ ਸਨ ਲੁੱਟੇ ।

ਪਿਤਾ ਜੀ ਨਾਲ ਗੱਲਾਂ ਕਰਦਿਆਂ ਮੇਰਾ ਧਿਆਨ ਬੁਰਜੀ ਨੇੜੇ ਪਏ ਗਮਲੇ ਉਤੇ ਟਿਕਿਆ ਰਿਹਾ ਸੀ। ਮੈਨੂੰ ਮੁਰਝਾਇਆ ਹੋਇਆ ਉਹ ਪੌਦਾ ਪ੍ਰੇਸ਼ਾਨ ਕਰ ਰਿਹਾ ਸੀ। ਮੈਂ ਆਖਿਆ , "ਜੇ ਤਾਇਆ ਜੀ ਵਾਪਸ ਘਰ ਨਾ ਆਏ ਤਾਂ ਇਹ ਬੂਟਾ ਸੁੱਕ ਜਾਊ ।"

"ਕੀ?" ਪਿਤਾ ਜੀ ਨੇ ਤ੍ਰਬੁਕ ਕੇ ਮੇਰੇ ਵੱਲ ਵੇਖਿਆ ਤੇ ਫਿਰ ਉਹਨਾ ਦੀ ਨਜ਼ਰ ਗਮਲੇ ਵੱਲ ਚਲੀ ਗਈ।

"ਆਪਾਂ ਇਹ ਗਮਲਾ ਘਰ ਲੈ ਜਾਈਏ?" ਮੈਂ ਪੁੱਛਿਆ

"ਆਪਾ ਕੀ ਕਰਨਾ ਏਂ ਇਹ ਗਮਲਾ?" ਪਿਤਾ ਜੀ ਬੋਲੇ ਤੇ ਫਿਰ ਉਹਨਾਂ ਦੇ ਮਨ ਵਿਚ ਪਤਾ ਨਹੀਂ ਕੀ ਆਈ ਉਹਨਾਂ ਗਮਲਾ ਚੁੱਕ ਕੇ ਸਾਈਕਲ ਦੀ ਪਿਛਲੀ ਕਾਠੀ ਉਤੇ ਰੱਖ ਦਿੱਤਾ ਤੇ ਉਹਨੂੰ ਰੱਸੀ ਨਾਲ ਬੰਨ੍ਹ ਲਿਆ। ਅਸੀਂ ਉਹ ਗਮਲਾ ਘਰ ਲੈ ਆਏ।

ਮੈਂ ਉਸ ਬੂਟੇ ਨੂੰ ਪਾਣੀ ਪਾਇਆ ਤਾਂ ਉਸਦੀ ਤੇਹ ਮੁੱਕ ਗਈ। ਉਹ ਬੂਟਾ ਹਰਾ ਭਰਾ ਹੋ ਗਿਆ। ਕੁਝ ਦਿਨਾਂ ਪਿੱਛੋਂ ਉਸ ਪੌਦੇ ਦੀ ਡੋਡੀ ਖਿੜ ਕੇ ਫੁੱਲ ਹੋ ਗਈ, ਖੁਸ਼ਬੂ ਵਾਲਾ ਸੂਹਾ ਲਾਲ ਫੁੱਲ।

ਬਹੁਤ ਸਾਲਾਂ ਬਾਅਦ ਪਿਤਾ ਜੀ ਉਸ ਨਵੇਂ ਮੁਲਕ ਦੀ ਸਰਹੱਦ ਉਤੇ ਅਪਣੇ ਜਿਗਰੀ ਯਾਰ ਚੌਧਰੀ ਫ਼ਕੀਰ ਹੁਸੈਨ ਨੂੰ ਮਿਲਣ ਗਏ ਸਨ। ਉਹਨਾ ਫ਼ਕੀਰ ਹੁਸੈਨ ਨੂੰ ਦੱਸਿਆ ਸੀ, "ਬੀਰ ਨੇ ਤੁਹਾਡਾ ਉਹ ਪੌਦਾ ਸੁੱਕਣ ਨਹੀਂ ਸੀ ਦਿੱਤਾ।

ਜੋਤਹੀਣ ਅੱਖਾਂ ਦਾ ਦਰਦ

ਤਲਵਿੰਦਰ

ਪਿਛੇ ਜਿਹੇ ਮੈਂ ਟੀ.ਵੀ. ਉਤੇ ਇਕ ਨਾਟਕ ਵੇਖ ਰਿਹਾ ਸਾਂ। ਇਕ ਪਾਤਰ ਬਹੁਤ ਜ਼ਾਲਮ ਤੇ ਨਿਰਦਈ ਬੰਦੇ ਦਾ ਰੋਲ ਅਦਾ ਕਰ ਰਿਹਾ ਸੀ। ਉਹ ਬੇਲਿਹਾਜ਼ ਕਿਸਮ ਦਾ ਬੰਦਾ ਦੂਜੇ ਨਾਲ ਵਾਲੇ ਪਾਤਰ ਨੂੰ ਪੁੱਛਦਾ ਹੈ ਕਿ ਦੱਸ ਮੇਰੀਆਂ ਦੋਵਾਂ ਅੱਖਾਂ ਵਿਚੋਂ ਕਿਹੜੀ ਅੱਖ ਦਾ ਡੇਲਾ ਪੱਥਰ ਦਾ ਹੈ? ਉਹ ਦੂਜਾ ਪਾਤਰ ਉਹਦੀਆਂ ਅੱਖਾਂ ਵੱਲ ਗਹੁ ਨਾਲ ਵੇਖਦਾ ਤੇ ਦੱਸਦਾ ਹੈ, 'ਇਹ ਸੱਜੇ ਪਾਸੇ ਵਾਲੀ ਅੱਖ ਦਾ।'

'ਕਿਵੇਂ ਪਤਾ ਲੱਗਾ?' ਉਹ ਰੁੱਖਾਂ ਤੇ ਅਮਾਨਵੀ ਰੁਚੀਆਂ ਵਾਲਾ ਪਾਤਰ ਪੁੱਛਦਾ ਹੈ।

'ਸਾਫ਼ ਹੈ।' ਦੂਜਾ ਪਾਤਰ ਕਹਿੰਦਾ ਹੈ, 'ਇਸ ਪੱਥ੍ਰ ਦੇ ਡੇਲੇ ਵਿਚ ਫਿਰ ਵੀ ਕੁਝ ਤਰਸ ਤੇ ਲਿਹਾਜ਼ ਹੈ।'

ਸੰਘਣੀ ਧੁੰਦ ਤੇ ਕੜਾਕੇ ਦੀ ਠੰਢ ਵਿਚ ਮੈਂ ਆਪਣੇ ਪਾਕਿਸਤਾਨ ਤੋਂ ਆਏ ਮਿੱਤਰ ਸਲਮਾਨ ਰਸ਼ਦੀ ਤੇ ਨਿੱਕੇ ਵੀਰ ਦੇਵਿੰਦਰ ਨਾਲ ਜਾਂਦਾ ਸਭੌਕੀ ਗੱਲ ਕਰ ਰਿਹਾ ਸਾਂ। ਸਵੇਰ ਵੇਲੇ ਟਰੈਫਿਕ ਤਾਂ ਘੱਟ ਸੀ ਪਰ ਧੁੰਦ ਕਾਰਨ ਸਾਹਮਣੇ ਵੀਹ ਪੰਝੀ ਗਜ਼ ਤੱਕ ਦਿੱਸਦਾ ਕੁਝ ਨਹੀਂ ਸੀ। ਕਾਰ ਬੇਹੱਦ ਧੀਮੀ ਚੱਲ ਰਹੀ ਸੀ। ਅਸੀਂ ਏਧਰ ਉਧਰ ਦੀਆਂ ਗੱਲਾਂ ਕਰਦੇ ਜਾ ਰਹੇ ਸਾਂ। ਅੰਬਰਸਰੋਂ ਤੁਰਿਆਂ ਦੋ ਘੰਟੇ ਹੋਣ ਲੱਗੇ ਸਨ। ਉਸੇ ਦਿਨ ਸਲਮਾਨ ਹੋਰਾਂ ਵਾਪਸ ਮੁੜਨਾ ਸੀ ਤੇ ਅਸਾਂ ਉਨ੍ਹਾਂ ਨੂੰ ਮੁੜ ਵਾਹਗੇ ਵੀ ਛੱਡਣਾ ਸੀ। ਰਈਏ ਤੋਂ ਜੀ.ਟੀ. ਰੋਡ ਛੱਡ ਕੇ ਅਸੀਂ ਪਿੰਡਾਂ ਵੱਲ ਨੂੰ ਰੁਖ਼ ਕਰ ਲਿਆ। ਸਫ਼ਰਨਾਮੇ ਤੇ ਇਤਿਹਾਸ ਲਿਖਣ ਵਾਲੇ ਸਲਮਾਨ ਨੂੰ ਮੈਂ ਉਹਦੀ ਪਿਛਲੀ ਫੇਰੀ ਵੇਲੇ ਵੀ ਲਾਰਾ ਲਾਇਆ ਸੀ ਕਿ ਅਗਲੀ ਵਾਰ ਜ਼ਰੂਰ ਬੁੱਟਰਾਂ ਵਾਲੇ ਚਰਨ ਸਿੰਘ ਨੂੰ ਮਿਲਾਵਾਂਗਾ। ਸਲਮਾਨ ਅਜਿਹਾ ਬੰਦਾ ਲੱਭ ਰਿਹਾ ਸੀ ਜਿਹੜਾ ਦੰਗਿਆਂ ਵਿਚ ਸਿੱਧੀ ਭੂਮਿਕਾ ਨਿਭਾ ਚੁੱਕਾ ਹੋਵੇ। ਜ਼ਾਹਰ ਸੀ ਕਿ ਅੱਵਲ ਤਾਂ ਉਸ ਪੀੜ੍ਹੀ ਦੇ ਲੋਕ ਵਿਰਲੇ ਟਾਵੇਂ ਰਹਿ ਗਏ ਨੇ, ਜੇ ਕੋਈ ਲੱਭ ਵੀ ਪਵੇ ਤਾਂ ਕੋਈ ਅਜਿਹੀ ਗੱਲ ਮੰਨਣ ਲਈ ਬਹੁਤਾ ਰਾਜ਼ੀ ਨਹੀਂ ਹੋਵੇਗਾ। ਇਸ ਪਿੰਡ ਦੇਵਿੰਦਰ ਦੇ ਸਹੁਰੇ ਪਰਿਵਾਰ ਦੇ ਕੁਝ ਜੀਅ ਵਸਦੇ ਸਨ ਤੇ ਉਸ ਘਰ ਦਾ ਬਜ਼ੁਰਗ ਕਾਲਾ ਸਿੰਘ ਦੰਗਿਆਂ ਵਿਚ ਹਿੱਸਾ ਲੈ ਚੁੱਕਾ ਸੀ। ਕਾਲਾ ਸਿੰਘ ਗੁੰਮ ਜਿਹੇ ਸੁਭਾਅ ਦਾ ਸੀ ਜਦ ਕਿ ਉਸੇ ਪਿੰਡ ਦਾ ਇਕ ਹੋਰ ਬਜ਼ੁਰਗ ਚਰਨ ਸਿੰਘ ਆਪਣੇ ਕੀਤੇ ਕੰਮਾਂ ਨੂੰ ਸਵੀਕਾਰਦਾ ਸੀ। ਕਾਲਾ ਸਿੰਘ ਤੇ ਚਰਨ ਸਿੰਘ ਦੇ ਦੋਸਤਾਨਾ ਸਬੰਧ ਸਨ। ਇਹ ਦੋਵੇਂ ਬਜ਼ੁਰਗ ਸੰਤਾਲੀ ਦੀ ਵੰਡ ਵੇਲੇ ਬਲਵੱਈਆਂ ਨਾਲ ਰਲ ਕੇ ਕੱਟ ਵੱਢ ਵਿਚ ਸਰਗਰਮ ਭੂਮਿਕਾ ਨਿਭਾ ਚੁੱਕੇ ਸਨ। ਮੈਂ ਤੇ ਦੇਵਿੰਦਰ ਉਨ੍ਹਾਂ ਨੂੰ ਮਿਲ ਚੁੱਕੇ ਸਾਂ ਅਤੇ ਕੁਝ ਗੱਲਾਂ ਪਹਿਲਾਂ ਵੀ ਸੁਣ ਬੈਠੇ ਸਾਂ। ਮੈਂ ਸਲਮਾਨ ਨੂੰ ਉਨ੍ਹਾਂ ਬਾਰੇ ਦੱਸ ਪਾਈ ਤਾਂ ਉਹ ਜ਼ੋਰ ਪਾਉਣ ਲੱਗਾ ਕਿ ਉਨ੍ਹਾਂ ਨਾਲ ਜ਼ਰੂਰ ਮਿਲਾ ਕੇ ਲਿਆਓ। ਉਹ ਇਨ੍ਹਾਂ ਤੋਂ ਆਪਣੀ ਨਵੀਂ ਕਿਤਾਬ ਲਈ ਕੁਝ ਤੱਥ ਜਾਨਣਾ ਚਾਹੁੰਦਾ ਸੀ। ਅਸਾਂ ਸਲਾਹ ਬਣਾਈ ਸੀ ਕਿ ਉਨ੍ਹਾਂ ਨਾਲ ਵਾਰਤਾਲਾਪ ਸਹਿਜ ਸੁਭਾਵਕ ਹੀ ਕਰਨੀ ਹੈ। ਕੋਈ ਸਿੱਧਾ ਸੁਆਲ ਨਹੀਂ ਪੁੱਛਣਾ ਕਿਉਂਕਿ ਜੇ ਇਨ੍ਹਾਂ ਬਜ਼ੁਰਗਾਂ ਨੂੰ ਸਲਮਾਨ ਬਾਰੇ ਦੱਸ ਦਿੱਤਾ ਕਿ ਇਹ ਪਾਕਿਸਤਾਨ ਤੋਂ ਆਇਆ ਕੋਈ ਲਿਖਾਰੀ ਹੈ ਤਾਂ ਸ਼ਾਇਦ ਉਹ ਤੱਥਾਂ ਨੂੰ ਏਨੀ ਸਪਸ਼ੱਟਤਾ ਨਾਲ ਦੱਸਣੋ ਗੁਰੇਜ਼ ਕਰ ਜਾਣ ਜਿੰਨਾ ਉਹ ਆਮ ਸਾਧਾਰਨ ਗੱਲਬਾਤ ਵਿਚ ਕਰ ਸਕਦੇ ਹਨ।

ਪਿੰਡ ਬੁੱਟਰਾਂ ਦੀ ਫਿਰਨੀ 'ਤੇ ਕਾਰ ਰੋਕ ਅਸੀਂ ਗਲੀ 'ਚੋਂ ਹੁੰਦੇ ਹੋਏ ਇਕ ਸਾਧਾਰਨ ਜਿਹੇ ਘਰ ਵਿਚ ਦਾਖਲ ਹੋਏ। ਵਿਹੜੇ ਦੇ ਇਕ ਪਾਸੇ ਬਾਲਟੇ ਵਿਚ ਧੂਣੀ ਧੁਖ਼ਾ ਕੇ ਬਜ਼ੁਰਗ ਬੈਠਾ ਸੀ ਅਤੇ ਦੂਜੇ ਬੰਨੇ ਚੌਂਕੇ ਵਿਚ ਉਸ ਦੀ ਸੁਆਣੀ ਚੁੱਲ੍ਹੇ 'ਤੇ ਰਿੰਨ੍ਹਣ ਪਕਾਉਣ ਦਾ ਕੰਮ ਕਰ ਰਹੀ ਸੀ। ਅਸੀਂ ਮਿਲਣ ਪਿਛੋਂ ਇਸ ਘਰ ਦਾ ਬਜ਼ੁਰਗ ਜਿਸਦਾ ਨਾਂ ਕਾਲਾ ਸਿੰਘ ਸੀ ਆਪਣੇ ਦੂਜੇ ਸਾਥੀ ਚਰਨ ਸਿੰਘ ਨੂੰ ਲੈਣ ਚਲਾ ਗਿਆ। ਚਾਹ ਬਣਦੇ ਤੱਕ ਉਸਦਾ ਹੱਥ ਫੜੀ ਕਾਲਾ ਸਿੰਘ ਆ ਗਿਆ। ਚਰਨ ਸਿੰਘ ਦੀਆਂ ਖੁੱਲ੍ਹੀਆਂ ਅੱਖਾਂ ਨਜ਼ਰ ਵਿਹੂਣੀਆਂ ਸਨ। ਉਨ੍ਹਾਂ ਵਿਚਲੇ ਡੇਲਿਆਂ ਦਾ ਰੰਗ ਗਹਿਰਾ ਦੂਧੀਆ ਜਿਹੀ ਭਾਅ ਮਾਰਦਾ ਸੀ। ਚਿੱਟੀ ਸਫੈਦ ਦਾੜ੍ਹੀ ਤੇ ਗੋਰੇ ਰੰਗ ਦੇ ਚਰਨ ਸਿੰਘ ਦਾ ਕੱਦ ਦਰਮਿਆਨਾ ਸੀ। ਅਸਾਂ ਉਠ ਕੇ ਉਹਨੂੰ ਫਤਹਿ ਬੁਲਾਈ। ਦੋ ਕੁ ਮਹੀਨੇ ਪਹਿਲਾਂ ਮਿਲੇ ਹੋਣ ਕਰਕੇ ਉਸ ਨੇ ਜਾਣੂਆਂ ਵਾਂਗ ਵਿਹਾਰ ਕੀਤਾ। ਬਜ਼ੁਰਗ ਮਾਈ ਨੇ ਸਾਡੇ ਨਾਲ ਚਾਹ ਦੀ ਗਿਲਾਸੀ ਉਸ ਨੂੰ ਫੜਾਈ। ਸਲਮਾਨ ਆਪਣਾ ਕੈਮਰਾ ਤੇ ਟੇਪ ਰਿਕਾਰਡਰ ਸੈੱਟ ਕਰਨ ਲੱਗਾ।

ਹਾਲ ਚਾਲ ਦੱਸਣ ਪੁੱਛਣ ਤੋਂ ਗੱਲਾਂ 'ਚੋਂ ਗੱਲ ਕੱਢਣ ਦਾ ਸਿਲਸਿਲਾ ਆਰੰਭ ਹੋਇਆ। ਚਰਨ ਸਿੰਘ ਨੇ ਦੱਸਿਆ ਕਿ ਉਹ ਮਹਿਰਾ ਬਰਾਦਰੀ ਨਾਲ ਸਬੰਧ ਰੱਖਦਾ ਹੈ ਤੇ ਚਾਰ ਮੁੰਡਿਆਂ ਤੇ ਇਕ ਧੀ ਦਾ ਪਿਓ ਹੈ। ਬੱਚੇ ਵਿਆਹੇ ਵਰੇ ਹਨ ਤੇ ਅੱਡੇ 'ਤੇ ਸਾਈਕਲ ਮੁਰੰਮਤ ਕਰਨ ਤੇ ਟਾਇਰਾਂ ਟਿਊਬਾਂ ਨੂੰ ਪੈਂਚਰ ਵਗੈਰਾ ਲਾਉਣ ਦਾ ਕੰਮ ਕਰਦੇ ਹਨ। ਇਹ ਪਿੰਡ ਉਸ ਦੇ ਨਾਨਕਿਆਂ ਦਾ ਹੈ। ਜੱਦੀ ਪਿੰਡ ਜੇਠੂਵਾਲ ਲਾਗੇ ਹੈ। ਪਿਓ ਉਨ੍ਹਾਂ ਦਾ ਨਿੱਕੇ-ਨਿੱਕੇ ਜੁਆਕ ਛੱਡ ਕੇ ਮਰ ਗਿਆ ਸੀ ਤੇ ਨਾਨੇ ਨੇ ਧੀ ਨੂੰ ਬੱਚਿਆਂ ਸਮੇਤ ਆਪਣੇ ਕੋਲ ਲੈਆਂਦਾ ਸੀ। ਇਥੇ ਹੀ ਇਨ੍ਹਾਂ ਦੀ ਪਰਵਰਿਸ਼ ਹੋਈ। ਸੋਲਾਂ ਸਤਾਰਾਂ ਸਾਲ ਦੀ ਉਮਰ ਵਿਚ ਉਹ ਚੰਗਾ ਸੋਹਣਾ ਜਵਾਨ ਨਿਕਲ ਆਇਆ। ਇਸ ਪਿੰਡ ਤੋਂ ਦੋ ਕੁ ਮੀਲ ਹਟਵੇਂ ਪਿੰਡ ਬੁਤਾਲੇ ਦੇ ਮਾਲ ਮਹਿਕਮੇ ਵਿਚ ਲੱਗੇ ਜ਼ਿਲ੍ਹੇਦਾਰ ਦੀ ਨਜ਼ਰੀਂ ਚੜ੍ਹਿਆ ਤਾਂ ਉਹਨੇ ਆਪਣਾ ਅਰਦਲੀ ਭਰਤੀ ਕਰ ਲਿਆ। ਨੌਕਰੀ ਦੌਰਾਨ ਹੀ ਵਿਆਹ ਹੋਇਆ। ਨਿਆਣੇ ਪੈਦਾ ਹੋਏ। ਕੁਲ ਪੰਦਰਾਂ ਵੀਹ ਸਾਲ ਨੌਕਰੀ ਕੀਤੀ। ਗੁੜਗਾਓਂ, ਕਸੂਰ, ਅੰਬਾਲੇ ਤੇ ਅਖ਼ੀਰ ਅੰਬਰਸਰ ਵਰਗੀਆਂ ਥਾਵਾਂ 'ਤੇ ਨੌਕਰੀ ਕੀਤੀ। ਵੱਡੇ ਭਰਾ ਦੀ ਮੌਤ ਹੋਣ ਤੋਂ ਬਾਅਦ ਘਰ ਵਿਚ ਰਹਿਣਾ ਜ਼ਰੂਰੀ ਹੋ ਗਿਆ ਤੇ ਨੌਕਰੀ ਛੱਡ ਦਿੱਤੀ। ਇਥੇ ਵਿਆਹਾਂ ਸ਼ਾਦੀਆਂ 'ਤੇ ਕੰਮ ਕਰਨ ਜਾਂਦਾ ਰਿਹਾ। ਠੇਕੇ 'ਤੇ ਜ਼ਮੀਨ ਲੈ ਕੇ ਵਾਹੁੰਦਾ ਰਿਹਾ। ਭਰਾ ਦੇ ਬੱਚੇ ਵੀ ਪਾਲੇ ਤੇ ਆਪਣਾ ਟੱਬਰ ਵੀ ਸਾਂਭਿਆ। ਹੁਣ ਵੀਹਾਂ ਕੁ ਸਾਲਾਂ ਤੋਂ ਨਜ਼ਰ ਬਿਲਕੁਲ ਬੰਦ ਹੈ। ਸਿਹਤ ਠੀਕ ਹੈ। ਘਰ ਦਾ ਗੁਜ਼ਾਰਾ ਵੀ ਚੰਗਾ ਚੱਲ ਰਿਹਾ ਹੈ। ਇਸ ਵੇਲੇ ਉਮਰ ਸਤਾਸੀ ਸਾਲ ਹੈ। ਤੇਈ ਦਾ ਜਨਮ ਹੈ।

'ਤੇ ਬਾਪੂ ਜੀ ਜਦੋਂ ਪਾਕਿਸਤਾਨ ਬਣਿਆ ਉਦੋਂ ਕਿਥੇ ਸੀ?' ਸਲਮਾਨ ਨੇ ਸਹਿਜ ਨਾਲ ਗੱਲ ਤੋਰੀ।

'ਉਦੋਂ ਮੈਂ ਕਸੂਰ ਸਾਂ। ਜ਼ਿਲ੍ਹੇਦਾਰ ਸਾਹਿਬ ਸਰਦਾਰ ਪ੍ਰਤਾਪ ਸਿੰਘ ਦੇ ਸਿਪਾਹੀ ਦੀ ਚਾਕਰੀ ਕਰਦਾ ਸਾਂ। ਉਹਦੇ ਦਫ਼ਤਰ ਤੇ ਘਰ ਦੇ ਨਿੱਕੇ ਮੋਟੇ ਕੰਮ ਸਾਂਭਦਾ। ਉਹ ਮੇਰੇ ਕੰਮ 'ਤੇ ਖੁਸ਼ ਸੀ। ਮੇਰੇ 'ਤੇ ਯਕੀਨ ਕਰਦਾ ਸੀ। ਮੈਂ ਬੜਾ ਮਿਹਨਤੀ ਸਾਂ। ਕਸੂਰ ਦੇ ਦੋ ਨਾਇਬ ਤਹਿਸੀਲਦਾਰ ਸਿੱਖ ਸਨ। ਵੱਡਾ ਤਹਿਸੀਲਦਾਰ ਵੀ ਸਿੱਖ ਸੀ। ਇਹ ਸਾਰੇ ਵੱਡੇ ਅਫਸਰ ਸਨ ਤੇ ਇਨ੍ਹਾਂ ਦੀ ਬਥੇਰੀ ਚੱਲਦੀ ਸੀ। ਲੋਕ ਡਰਦੇ ਵੀ ਸਨ। ਜ਼ਿਲ੍ਹੇਦਾਰ ਦਾ ਸਿਪਾਹੀ ਹੋਣ ਕਰਕੇ ਮੇਰਾ ਵੀ ਚੰਗਾ ਰੋਅਬ ਸੀ। ਘੋੜੇ ਵਾਲੀ ਬੱਘੀ ਵਿਚ ਸਰਦਾਰ ਬਹਾਦਰ ਆਪਣੇ ਸਰਕਾਰੀ ਦੌਰੇ ਤੇ ਏਧਰ ਉਧਰ ਜਾਂਦੇ ਤਾਂ ਮੈਂ ਨਾਲ ਜਾਂਦਾ। ਉਹ ਕੋਚਵਾਨ ਲਾਗੇ ਅੱਗੇ ਬਹਿੰਦੇ ਤੇ ਮੈਂ ਉਨ੍ਹਾਂ ਦੇ ਕਾਗਜ਼ਾਂ ਦਾ ਪੁਲੰਦਾ ਫੜ ਕੇ ਪਿੱਛੇ ਬੈਠਦਾ। ਲੋਕ ਉਨ੍ਹਾਂ ਨੂੰ ਝੁਕ ਝੁਕ ਸਲਾਮਾਂ ਕਰਦੇ। ਜਦੋਂ ਵੰਡ ਦਾ ਰੌਲਾ ਪਿਆ ਤਾਂ ਪਤਾ ਲੱਗਾ ਕਸੂਰ ਪਾਕਿਸਤਾਨ ਵੱਲ ਜਾ ਰਿਹਾ। ਸਿੱਖ ਅਫਸਰ ਜ਼ੋਰ ਪਾਉਣ ਲੱਗੇ ਕਿ ਨਹੀਂ, ਕਸੂਰ ਹਿੰਦੂਸਤਾਨ ਵਿਚ ਜਾਵੇ। ਕੁਝ ਦਿਨ ਭੰਬਲਭੂਸਾ ਪਿਆ ਰਿਹਾ। ਸਰਦਾਰਾਂ ਦਾ ਅਫਸਰੀ ਟੌਹਰ ਹਿੱਲਣ ਲੱਗਾ ਤਾਂ ਸਾਨੂੰ ਫ਼ਿਕਰ ਹੋਇਆ। ਕਸੂਰ ਨੂੰ ਹਿੰਦੂਸਤਾਨ ਵਿਚ ਖੜਨ ਨਾਲੋਂ ਆਪਣੇ ਬਚਾਅ ਦਾ ਖਿਆਲ ਵੱਧ ਹੋਣ ਲੱਗਾ। ਇਧਰੋਂ-ਉਧਰੋਂ ਸਾੜ ਫੂਕ, ਲੁੱਟਾਂ ਖੋਹਾਂ ਤੇ ਬੰਦਿਆਂ ਦੇ ਮਰਨ ਮਰਾਉਣ ਦੀਆਂ ਖ਼ਬਰਾਂ ਦਾ ਜ਼ੋਰ ਹੋ ਗਿਆ ਤਾਂ ਅਸਾਂ ਨਿਕਲਣ ਦੀ ਸੋਚੀ। ਉਧਰ ਸ਼ਹਿਰ ਵਿਚ ਇਹ ਅਫਵਾਹ ਜ਼ੋਰ ਫੜ ਗਈ ਕਿ ਇਹ ਸਿੱਖ ਕਸੂਰ ਨੂੰ ਹਿੰਦੂਸਤਾਨ ਵਿਚ ਖੜਨ ਲਈ ਜ਼ੋਰ ਪਾ ਰਹੇ ਨੇ। ਉਸ ਸ਼ਾਮ ਮੈਂ ਰੋਟੀ ਬਣਾ ਰਿਹਾ ਸਾਂ ਕਿ ਇਕਦਮ ਰੌਲਾ ਪੈ ਗਿਆ। ਅਸੀਂ ਘਬਰਾ ਗਏ ਤੇ ਬਿਨਾਂ ਦੇਰ ਕੀਤੇ ਉਥੋਂ ਦੌੜੇ। ਦੰਗਾ ਕਰਨ ਵਾਲਿਆਂ ਨੂੰ ਖ਼ਬਰ ਹੋ ਗਈ ਅਤੇ ਉਹ ਸਾਡੀ ਭਾਲ ਵਿਚ ਨਿਕਲੇ। ਉਨ੍ਹਾਂ ਨੂੰ ਪਤਾ ਲੱਗਾ ਕਿ ਅਸੀਂ ਖੇਮਕਰਨ ਵੱਲ ਗਏ ਹਾਂ ਤਾਂ ਉਹ ਉਧਰ ਨੂੰ ਸਾਡੇ ਮਗਰ ਚੜ੍ਹੇ। ਉਨ੍ਹਾਂ ਦੇ ਲਲਕਾਰੇ ਤੇ ਹੋਕੇ ਆਵਾਜ਼ੇ ਸਾਨੂੰ ਸੁਣ ਰਹੇ ਸਨ। ਅਸੀਂ ਜਾਨਾਂ ਬਚਾਉਂਦੇਸੇ ਆਏ। ਉਹ ਖੇਮਕਰਨ ਤੋਂ ਅਗਾਂਹ ਤੱਕ ਸਾਡੇ ਮਗਰ ਆਏ। ਸਿਰਫ਼ ਪੰਜਾਂ ਸੱਤਾਂ ਮਿੰਟਾਂ ਦਾ ਹੀ ਫ਼ਰਕ ਪਿਆ ਕਿ ਅਸੀਂ ਉਨ੍ਹਾਂ ਦੀ ਜੱਦ ਵਿਚੋਂ ਨਿਕਲੇ। ਜਦ ਅਸੀਂ ਆਪਣੇ ਆਪ ਨੂੰ ਕੁਝ ਬਚ ਬਚਾਅ ਵਿਚ ਮਹਿਸੂਸ ਕੀਤਾ ਤਾਂ ਥੋੜ੍ਹਾ ਸਾਹ ਲਿਆ। ਇਲਾਕਾ ਚੰਗੀ ਤਰ੍ਹਾਂ ਜਾਣਦਾ ਸੀ। ਉਥੋਂ ਇਕ ਪਿੰਡ ਵਿਚੋਂ ਕੋਈ ਨਿੱਕਾ ਮੋਟਾ ਸਾਧਨ ਲੱਭਿਆ ਤੇ ਪਹੂਵਿੰਡ ਪਹੁੰਚੇ। ਪਹੂਵਿੰਡ ਬਾਬਾ ਬਿਧੀ ਚੰਦ ਦਾ ਪਿੰਡ ਹੈ ਤੇ ਇਥੇ ਉਨ੍ਹਾਂ ਟੱਬਰਾਂ ਨਾਲ ਸਰਦਾਰ ਹੋਰਾਂ ਦੀ ਚੰਗੀ ਸਾਂਝ ਸੀ। ਅਸੀਂ ਉਨ੍ਹਾਂ ਦੇ ਕੋਲ ਘਰ ਪਹੁੰਚੇ। ਇਹ ਘਰਾਣਾ ਚੰਗੇ ਸਰਦੇ ਪੁੱਜਦੇ ਲੋਕਾਂ ਦਾ ਸੀ। ਬੰਦੇ ਚੰਗੇ ਵੱਡੇ ਸਰਦਾਰ ਸੀ। ਅਮੀਰ ਜ਼ਿਮੀਦਾਰ। ਉਨ੍ਹਾਂ ਅਗਲੀ ਸਵੇਰ ਸਾਨੂੰ ਇਕ ਲਾਰ ਦਾ ਪ੍ਰਬੰਧ ਕਰ ਕੇ ਦਿੱਤਾ। ਨਾਲ ਡਰਾਈਵਰ ਵੀ ਦਿੱਤਾ ਤੇ ਸਾਨੂੰ ਉਥੋਂ ਤੋਰਿਆ। ਉਸ ਲਾਰੀ ਵਿਚ ਅਸੀਂ ਇਥੇ ਪਿੰਡ ਪਹੁੰਚੇ। ਆਪਣੀ ਜਾਨ ਮਸਾਂ ਬਚਾ ਕੇ।'

'ਕਸੂਰ ਤੋਂ ਪਿੰਡ ਆਉਣ ਦੇ ਸਫ਼ਰ ਵਿਚ ਕਿਸ ਤਰ੍ਹਾਂ ਦਾ ਅਸਰ ਹੋਇਆ?' ਮੈਂ ਗੱਲ ਤੋਰਨ ਵਜੋਂ ਪੁੱਛਿਆ।

'ਬਹੁਤ ਈ ਮਾੜਾ। ਉਹ ਸਮਾਂ ਕਦੇ ਨਹੀਂ ਭੁੱਲ ਸਕਦਾ। ਸਭ ਤੋਂ ਪਹਿਲਾਂ ਕਸੂਰ ਬਰਾਂਚ ਵਾਲੀ ਵੱਡੀ ਨਹਿਰ ਦੇ ਪੁਲ ਕੋਲ ਇਕ ਲਾਸ਼ ਰੁਕੀ ਹੋਈ ਨਜ਼ਰੀਂ ਪਈ। ਜ਼ਿਲ੍ਹੇਦਾਰ ਸਾਹਿਬ ਨੇ ਲਾਰੀ ਰੁਕਵਾਈ। ਅਸੀਂ ਉਤਰ ਕੇ ਡਿੱਠਾ ਤਾਂ ਉਥੇ ਤਾਂ

Elite Driving School

Learn to drive with experienced, caring & friendly instructor
Lessons available in English, Hindi, Punjabi & Urdu

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

19 Years Road Experience
15 Hours in Class Room & 10 Hours in Car Package Available



- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990

2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

ਕਈ ਲਾਸ਼ਾਂ ਇਕ ਦੂਜੀ ਨਾਲ ਅਟਕੀਆਂ ਰੁਕੀਆਂ ਪਈਆਂ ਸਨ। ਅਗਾਂਹ ਤੁਰੇ ਤਾਂ ਸੜਕ ਦੇ ਕੰਢੇ ਕਈ ਮਰੇ ਹੋਏ ਲੋਕ ਪਏ ਸਨ। ਸੜਕ ਉਦੋਂ ਕੱਚੀ ਹੁੰਦੀ ਸੀ। ਸਾਰੇ ਰਾਹ ਏਨੀਆਂ ਲੋਥਾਂ ਵੇਖੀਆਂ ਕਿ ਗਿਣੀਆਂ ਨਹੀਂ ਸਨ ਜਾ ਸਕਦੀਆਂ। ਆਸੇ ਪਾਸੇ ਨੱਕ ਸਾੜਵੀਂ ਬੋਅ। ਉਤੋਂ ਅੰਤ ਦੀ ਗਰਮੀ। ਬੁਰੇ ਹਾਲੀਂ ਪਿੰਡ ਪਹੁੰਚੇ। ਬਹੁਤ ਬੁਰਾ ਅਸਰ ਹੋਇਆ। ਉਸ ਤੋਂ ਬੁਰਾ ਅਸਰ ਉਦੋਂ ਹੋਇਆ ਜਦੋਂ ਇਥੇ ਆ ਕੇ ਪਤਾ ਲੱਗਾ ਕਿ ਉਧਰ ਪਾਕਿਸਤਾਨ ਵਾਲੇ ਪਾਸੇ ਸਾਡੇ ਹਿੰਦੂਆਂ ਸਿੱਖਾਂ ਉਤੇ ਬਹੁਤ ਜ਼ੁਲਮ ਹੋਣ ਡਹੇ ਨੇ। ਮੁਸਲਮਾਨ ਧਾੜਵੀ ਰੱਜ ਕੇ ਕਤਲੇਆਮ ਕਰ ਰਹੇ ਨੇ। ਓਧ੍ਹ ਸਿਆਲਕੋਟ ਵੱਲ ਸੁਣਿਆ ਕਿ ਮੁਸਲਿਆਂ ਜਨਾਨੀਆਂ ਦੀ ਬੜੀ ਬੇਇਜ਼ਤੀ ਕੀਤੀ। ਉਨ੍ਹਾਂ ਦੇ ਥਣ ਵੱਢ ਵੱਢ ਜਲੂਸ ਕੱਢੇ। ਉਨ੍ਹਾਂ ਗੱਡੀ ਭਰ ਲਾਸ਼ਾਂ ਦੀ ਅੰਬਰਸਰ ਵੱਲ ਤੋਰੀ ਹੈ। ਫਿਰ ਸਾਨੂੰ ਵੀ ਰੋਹ ਚੜ੍ਹ ਗਿਆ। ਅਸਾਂ ਗੱਭਰੂ ਮੁੰਡਿਆਂ ਨੇ ਟੋਲੇ ਬਣਾਏ ਤੇ ਹਥਿਆਰ ਇਕੱਠੇ ਕੀਤੇ। ਕਿਰਪਾਨਾਂ, ਬਰਛੇ, ਛਵੀਆਂ ਜੋ ਵੀ ਲੱਭਾ ਫੜਿਆ ਤੇ ਆ ਬੁਤਾਲੇ ਦੀ ਘੇਰਾਬੰਦੀ ਕਰ ਲਈ। ਬੁਤਾਲਾ ਵੱਡਾ ਪਿੰਡ ਹੈ। ਏਥੇ ਮੁਸਲਮਾਨਾਂ ਦੀ ਵੱਡੀ ਤਾਦਾਦ ਸੀ। ਲਾਗੇ ਦੇ ਹੋਰ ਵੀ ਕਈ ਪਿੰਡਾਂ ਵਿਚ ਮੁਸਲਮਾਨ ਬਥੇਰੇ ਸਨ। ਇਨ੍ਹਾਂ ਵਿਚ ਬਹੁਤੇ ਨਿੱਕੇ ਕਿੱਤਿਆਂ ਵਾਲੇ ਮੋਚੀ, ਜੁਲਾਹੇ, ਘੁਮਿਆਰ, ਤਰਖਾਣ। ਪਹਿਲਾਂ ਅਸਾਂ ਬੁਤਾਲਾ ਘੇਰਿਆ। ਆਸੇ ਪਾਸੇ ਨਾਕੇ ਲਾਏ ਤੇ ਪਿੰਡ ਵੜ ਕੇ ਲੱਗੇ ਮੁਸਲੇ ਲੱਭ ਲੱਭ ਮਾਰਨ। ਬੜੇ ਆਹੂ ਲਾਹੇ। ਸਮਝੋ ਪਈ ਬੰਦਾ ਮਾਰਨ ਲੱਗਿਆਂ ਕੋਈ ਦਰੇਗ ਨਹੀਂ ਸੀ ਆਉਂਦਾ।ਪੰਦ ਵੱਢ ਸੱਥਰ ਲਾਹ ਦਿੱਤੇ। ਕਿਸੇ ਦੇ ਰੋਣ ਦਾ, ਤਰਲਿਆਂ ਦਾ ਕੋਈ ਅਸਰ ਨਾ..।'

ਜੋਤਹੀਣ ਅੱਖਾਂ ਦੇ ਦੂਧੀਆ ਬਲੌਰਾਂ ਵਰਗੇ ਡੇਲੇ ਬੀਤੇ ਦੇ ਨਕਸ਼ ਚਿਤਾਰ ਰਹੇ ਸਨ। ਨਕਸ਼ ਜਿਹੜੇ ਅਜੇ ਵੀ ਕਿਤੇ ਗੁੰਮ ਨਹੀਂ ਸਨ ਹੋਏ। ਹਨੇਰਿਆਂ ਨਾਲ ਦੀਰਘ ਰਿਸ਼ਤਾ ਗੰਢਣ ਵਾਲੀਆਂ ਅੱਖਾਂ ਵਿਚ ਕੋਈ ਭਾਵ ਨਹੀਂ ਸੀ। ਪਿਛੇ ਦਿਮਾਗ ਦੇ ਕਿਸੇ ਖਾਨੇ ਵਿਚ ਧੁੰਦਲੇ ਨਕਸ਼ ਰਲਗੱਡ ਹੋ ਰਹੇ ਸਨ। ਚਾਹ ਦਾ ਆਖ਼ਰੀ ਸੁੜ੍ਹਾਕਾ ਮਾਰ ਕੇ ਉਸ ਨੇ ਟਟੋਲ ਕੇ ਗਿਲਾਸੀ ਹੇਠਾਂ ਜ਼ਮੀਨ 'ਤੇ ਰੱਖ ਦਿੱਤੀ।

ਸਲਮਾਨ ਪੁੱਛਿਆ, 'ਫੇਰ ਬਾਬਾ ਜੀ?'

'ਫੇਰ ਕੀ, ਉਹ ਦਿਨ ਹੀ ਅਜਿਹੇ ਸੀ। ਲਹੂ ਚਿੱਟਾ ਹੋ ਗਿਆ ਸੀ। ਮਜ਼ਹਬੀ ਜਨੂੰਨ ਸਿਰ ਚੜ੍ਹਿਆ ਸੀ। ਬੰਦਾ ਮਾਰ ਕੇ ਠੰਢ ਪੈਂਦੀ ਸੀ। ਲੋਕਾਂ ਰੱਜ ਕੇ ਲੁੱਟ ਕੀਤੀ। ਦਾਣਾ-ਫੱਕਾ, ਜੁੱਲੀਆਂ-ਬਿਸਤਰੇ, ਡੰਗਰ-ਵੱਛਾ, ਜੋ ਵੀ ਲੱਭਾ ਲੁੱਟਿਆ ਤੇ ਆਪਣੇ ਘਰੀਂ ਢੋਅ ਲਿਆ। ਕਈਆਂ ਤਾਂ ਆਪਣੇ ਘਰੀਂ ਟੋਏ ਪੁੱਟ-ਪੁੱਟ ਚੀਜ਼ਾਂ ਲੁਕਾਈਆਂ। ਗਹਿਣੇ, ਪੈਸੇ, ਹੋਰ ਚੀਜ਼ਾਂ। ਬਾਅਦ ਵਿਚ ਔਖੇ ਕਿਸੇ ਨੂੰ ਲੱਭੇ ਕਿ ਨਾ? ਕੋਈ ਲੈ ਗਿਆ ਵੀ ਕਿ ਨਾ? ਏਧ੍ਹ ਵੀ ਬੜਾ ਕੁਝ ਹੋਇਆ। ਜਿਹੜਾ ਜਿੰਨਾ ਵੱਡਾ ਉਸ ਓਨੀ ਵੱਡੀ ਲੁੱਟ ਕੀਤੀ। ਲੋਕਾਂ ਘਰ ਭਰ ਲਏ। ਅਸੀਂ ਵੱਢ ਟੁੱਕ ਨੂੰ ਟੱਕਰੇ ਸਾਂ। ਸਾਡਾ ਵੀਹਾਂ ਪੰਝੀਆਂ ਜਣਿਆ ਦਾ ਟੋਲਾ ਸੀ। ਅਸਾਂ ਬੁਤਾਲੇ ਦੀ ਹੇਠਲੀ ਉਤੇ ਲੈ ਆਂਦੀ। ਕੱਚੇ ਘਰਾਂ ਦੇ ਕੋਠੇ ਟੱਪਦੇ ਤੇ ਹੇਠਾਂ ਵਿਹੜਿਆਂ ਵਿਚ ਛਾਲਾਂ ਮਾਰਦੇ। ਕੰਧਾਂ ਕੌਲਿਆਂ ਉਹਲੇ ਲੁਕੇ ਬੰਦਿਆਂ ਨੂੰ ਧੂਹ ਕੇ ਬਾਹਰ ਕੱਢਦੇ ਤੇ ਤਲਵਾਰ ਦੇ ਇਕੋ ਵਾਰ ਨਾਲ ਧੌਣ ਲਾਹ ਕੇ ਅਹੁ ਮਾਰਦੇ ਜਾਂ ਬਰਛਾ ਢਿੱਡ ਦੇ ਆਰ-ਪਾਰ ਲੰਘਾ ਦਿੰਦੇ। ਇਕ ਪੂਰਾ ਦਿਨ ਅਸਾਂ ਉਹ ਵੱਢ ਕੱਟ ਕੀਤੀ। ਆਸੇ-ਪਾਸੇ ਲਾਸ਼ਾਂ ਹੀ ਲਾਸ਼ਾਂ, ਖੂਨ ਹੀ ਖੂਨ। ਜਿਵੇਂ ਕਸੂਰੋਂ ਆਉਂਦਿਆਂਸਾਂ ਰਾਹ ਵਿਚ ਡਿੱਠਾ ਸੀ। ਅਗਲੇ ਦਿਨ ਲਾਸ਼ਾਂ ਨੂੰ ਧੂਹ ਧੂਹ ਇਕ ਥਾਂ ਇਕੱਠਿਆਂ ਕੀਤਾ ਤੇ ਤਿੰਨ ਵੱਡੇ ਗੱਡੇ ਭਰੇ। ਨਾਲ ਹੀ ਲਹੂ ਦੇ ਭਰੇ ਜੁੱਲੇ ਬਿਸਤਰੇ ਸੁੱਟੇ। ਰੱਸੀਆਂ ਬੇੜਾਂ ਨਾਲ ਉਨ੍ਹਾਂ ਨੂੰ ਬੰਨ੍ਹਿਆ। ਤਿੰਨੇ ਗੱਡੇ ਬਿਆਸਾ ਵੱਲ ਲੈ ਤੋਰੇ। ਮਗਰ ਪੈਂਹਠ ਸੱਤਰ ਜਨਾਨੀਆਂ ਅਸਾਂ ਘੱਟ ਮਾਰੀਆਂ ਸੀ। ਅਸਾਂ ਕਿਹਾ, ਘਰੀਂ ਮੁੜ ਜਾਓ, ਅਸੀਂ ਵਾਪਸ ਮੁੜਦੇ ਆਂ ਤਾਂ ਤੁਹਾਨੂੰ ਵੰਡ ਵੰਡਾ ਕੇ ਆਪਣੇ ਘਰੀਂ ਬਿਠਾ ਲਵਾਂਗੇ। ਪਰ ਉਹ ਸਹੁਰੀਆਂ ਮੁੜੀਆਂ ਨਹੀਂ। ਨਾ ਉਨ੍ਹਾਂ ਸਾਡੀ ਗੱਲ ਸੁਣੀ। ਜਦੋਂ ਬਿਆਸ ਦਰਿਆ ਵਿਚ ਅਸਾਂ ਤਿੰਨਾਂ ਗੱਡਿਆਂ ਦੀਆਂ ਲਾਸ਼ਾਂ ਰੋੜ੍ਹੀਆਂ ਉਨ੍ਹਾਂ ਸਾਰੀਆਂ ਕਿਹਾ, ਜੇ ਸਾਡੇ ਮਾਲਕ ਨਹੀਂ ਰਹੇ, ਅਸਾਂ ਵੀ ਨਹੀਂ ਰਹਿਣਾ। ਉਨ੍ਹਾਂ ਸਾਡੇ ਰੋਕਣ ਦੇ ਬਾਵਜੂਦ ਵਾਰੋ ਵਾਰੀ ਦਰਿਆ ਵਿਚ ਛਾਲਾਂ ਮਾਰ ਦਿੱਤੀਆਂ। ਅਸਾਂ ਬਾਹਾਂ ਫੜ ਫੜ ਹਟਾਉਣਾ ਚਾਹਿਆ, ਪਰ ਉਨ੍ਹਾਂ ਸਾਡੀ ਇਕ ਨਾ ਸੁਣੀ। ਸਹੁਰੀਆਂ ਦੀਨ ਦੀਆਂ ਬੜੀਆਂ ਪੱਕੀਆਂ ਸੀ। ਅਸੀਂ ਖਾਲੀ ਗੱਡੇ ਵਾਪਸ ਲੈ ਕੇ ਵਾਪਸ ਮੁੜ ਆਏ।

'ਤੁਸੀਂ ਕਿਹਾ ਨਾ ਬੰਦੇ ਮਾਰ ਕੇ ਸਕੂਨ ਮਿਲਦਾ ਸੀ ਪਰ ਕਿਸੇ ਗੱਲ ਨੇ ਦੁਖੀ ਨਾ ਕੀਤਾ?'

'ਇਕ ਡੇਢ ਕੁ ਸਾਲ ਦਾ ਮੁੰਡਾ ਸੀ। ਗਲੀ ਵਿਚ ਰੋਂਦਾ ਫਿਰੇ। ਸਾਡੇ ਵਿਚੋਂ ਇਕ ਜਣਾ ਕਹਿਣ ਲੱਗਾ, ਇਹਦਾ ਕੀ ਕਰੀਏ? ਇਹਦੇ ਮਾਂ-ਬਾਪ ਤਾਂ ਵੱਢੇ ਗਏ। ਇਹਨੂੰ ਕੌਣ ਪਾਲੂ? ਤਾਂ ਦੂਜੇ ਆਖਿਆ, ਇਹਦਾ ਵੀ ਪੁੰਨ ਕਰੋ। ਇਸ ਵੇਲੇ ਇਹਨੂੰ ਮਾਰਨਾ ਜਾਇਜ਼ ਆ ਤਾਂ ਉਹਨੇ ਆਪ ਹੀ ਬਰਛਾ ਮਾਰ ਕੇ ਉਹਦੀ ਧੌਣ ਲਾਹ ਕੇ ਅਹੁ ਮਾਰੀ। ਇਸ ਗੱਲ ਦਾ ਮੇਰੇ 'ਤੇ ਬੜਾ ਅਸਰ ਹੋਇਆ। ਇਹ ਗੱਲ ਮੈਨੂੰ ਚੰਗੀ ਨਾ ਲੱਗੀ।

'ਇਹ ਨਫ਼ਰਤ ਵਾਲਾ ਮਾਹੌਲ ਇਕਦਮ ਬਣ ਗਿਆ ਕਿ ਵੰਡ ਤੋਂ ਪਹਿਲਾਂ ਵੀ ਕਿਤੇ ਹੈ ਸੀ?' ਦੇਵਿੰਦਰ ਨੇ ਪੁੱਛਿਆ।

'ਪਹਿਲਾਂ ਕਿੱਥੇ ਸੀ? ਸਾਰੇ ਮਿਲਜੁਲ ਕੇ ਰਹਿੰਦੇ ਸੀ। ਅਸੀਂ ਮੁੰਡੇ ਖੁੰਡੇ ਸ਼ਾਮੀ ਕਬੱਡੀਆਂ ਖੇਡਦੇ, ਘੁਲਦੇ। ਮੇਰੇ ਬਹੁਤੇ ਯਾਰ ਮੁਸਲਮਾਨਾਂ ਦੇ ਮੁੰਡੇ ਸੀ-ਅਹਿਮਦ, ਗੇਲੂ, ਮੁਹੰਮਦੀ। ਲੋਕ ਇਕ ਦੂਜੇ ਦੇ ਘਰੀਂ ਦੁੱਖ-ਸੁੱਖ ਨੂੰ ਜਾਂਦੇ। ਵਿਆਹ ਸ਼ਾਦੀਆਂ 'ਤੇ 'ਕੱਠੇ ਹੁੰਦੇ। ਇਕ ਦੂਜੇ ਦਾ ਖਾ ਵੀ ਲੈਂਦੇ ਸਨ। ਈਦ ਨੂੰ ਮੁਸਲਮਾਨ ਬੱਕਰੇ ਜ਼ਿਬਾਹ ਕਰਦੇ ਤਾਂ ਲੋਕਾਂ ਨੂੰ ਮੀਟ ਵੰਡਦੇ। ਸਾਡੇ ਲੋਕ ਉਂਝ ਤਾਂ ਹਲਾਲ ਵਾਲਾ ਮੀਟ ਨਹੀਂ ਸੀ ਖਾਂਦੇ ਪਰ ਕਈ ਮੁਫ਼ਤ ਦਾ ਲੈ ਕੇ ਖਾ ਵੀ ਲੈਂਦੇ ਸਨ। ਮੁਸਲਮਾਨ ਸਾਡੇ ਸਿੱਖਾਂ ਹਿੰਦੂਆਂ ਦੇ ਘਰੋਂ ਰਿੱਧਾ ਪੱਕਾ ਖਾ ਲੈਂਦੇ ਸਨ। ਕੋਈ ਬਹੁਤੀ ਤੇਰ ਮੇਰ ਨਹੀਂ ਸੀ। ਜਦੋਂ ਰੌਲੇ ਪਏ ਤਾਂ ਫਿਰ ਕੋਈ ਪਛਾਣ ਨਾ ਰਹੀ। ਕੋਈ ਦਰਦ ਨਾ ਰਿਹਾ। ਲਹੂ ਸਫੈਦ ਹੋ ਗਿਆ।

'ਬਾਬਾ ਜੀ, ਇਹ ਦੱਸੋ ਪਈ ਜਨਾਨੀਆਂ ਨਾਲ ਜ਼ੋਰ ਜਬਰ ਵੀ ਹੋਇਆ?' ਸਲਮਾਨ ਨੇ ਪੁੱਛਿਆ।

'ਹੋਇਆ ਹੋਊ ਜ਼ਰੂਰ ਪਰ ਆਪਾਂ ਨਹੀਂ ਕੀਤਾ। ਬਾਕੀ ਬਈ ਜਦੋਂ ਮੂਲੀ ਗਾਜਰ ਵਾਂਗ ਬੰਦਾ ਵੱਢਿਆ ਜਾ ਸਕਦਾ ਸੀ ਤਾਂ ਇਹ ਗੱਲ ਕਿਹੜੀ ਏਡੀ ਵੱਡੀ ਸੀ। ਸੁਣਿਆ ਲੋਕਾਂ ਕੀਤਾ ਵੀ ਐਦਾਂ, ਪਰ ਆਪਾਂ ਨ੍ਹੀਂ।' ਦੁਧੀਆ ਰੰਗੇ ਬਲੌਰ ਘੁੰਮੇ। ਸ਼ਾਇਦ ਬਾਬਾ ਘਰ ਵਿਚ ਬੈਠੀ ਤੀਵੀਂ ਤੋਂ ਸੰਕੋਚ ਕਰ ਗਿਆ ਜਾਂ ਵੱਡੀ ਉਮਰ ਦਾ ਲਿਹਾਜ਼ ਕਰ ਗਿਆ ਕਿ ਮੰਨਿਆ ਨਾ। ਨਾ ਹੀ ਲਾਗੇ ਚੁੱਪ ਬੈਠੇ ਕਾਲਾ ਸਿਹੁੰ ਨੇ ਕੋਈ ਹਾਮੀ ਭਰੀ।

ਮੈਂ ਗੱਲ ਬਦਲੀ, 'ਬਾਬਾ ਜੀ, ਉਹ ਤੁਹਾਡੇ ਯਾਰ ਬੇਲੀ ਜਿਹੜੇ ਪਾਕਿਸਤਾਨ ਚਲੇ ਗਏ ਮੁੜ ਆਏ ਕਦੇ?'

'ਆਏ, ਇਕ ਦੋ ਵਾਰ। ਸਾਡੇ ਗੱਲੀਂ ਲੱਗ ਕੇ ਰੋਏ। ਉਧਰ ਵਿਚਾਰੇ ਖਿਲਰ ਪੁੱਲਰ ਗਏ। ਕੋਈ ਕਿਧਰੇ ਕੋਈ ਕਿਧਰੇ। ਸਭ ਖੁਆਰ ਹੋ ਗਏ। ਆਪਣਾ ਪਿੰਡ ਵੇਖ ਕੇ ਬੜਾ ਰੋਏ। ਅਸਾਂ ਵੀ ਕਿਹਾ, ਪਤਾ ਨਹੀਂ ਯਾਰੋ ਕਿੰਦਾਂ ਹਨੇਰ ਗਰਦੀ ਪੈ ਗਈ। ਕੈਸਾ ਜਨੂੰਨ ਚੜ੍ਹ ਗਿਆ ਕਿ ਆਪਣੇ ਬੇਗਾਨੇ ਦੀ ਪਛਾਣ ਈ ਭੁੱਲ ਗਈ। ਕੁਝ ਸਮਝ ਨਹੀਂ ਲੱਗੀ ਕਿ ਉਦੋਂ ਹੋ ਕੀ ਗਿਆ ਸੀ। ਏਨੇ ਬੇਕਿਰਕ ਕਿੰਦਾਂ ਹੋ ਗਏ ਸਾਂ? ਫਿਰ ਮੇਰੀ ਨਜ਼ਰ ਚਲੀ ਗਈ। ਨਜ਼ਰ ਗਈ ਤਾਂ ਸੋਚਿਆ ਕਿਸੇ ਦੀ ਬਦਦੁਆ ਲੱਗੀ ਹੈ। ਪਤਾ ਨਹੀਂ ਕਿਹਦੀ? ਕਿਸੇ ਬੇਗੁਨਾਹ ਦੀ ਹਾਅ ਪਈ ਹੈ ਕਿ ਰੱਬ ਨੇ ਮੈਨੂੰ ਅੰਨ੍ਹਾ ਕਰ ਦਿੱਤਾ। ਵੀਹ ਸਾਲ ਹੋ ਗਏ ਨੇ। ਉਹ ਤਿੰਨ ਲਾਸ਼ਾਂ ਦੇ ਭਰੇ ਗੱਡੇ ਨਹੀਂ ਭੁੱਲਦੇ। ਉਹ ਵਿਰਲਾਪ ਕਰਦੀਆਂ ਜਨਾਨੀਆਂ ਦਾ ਖ਼ਿਆਲ ਨਹੀਂ ਜਾਂਦਾ। ਉਹ ਸਾਲ ਭਰ ਦਾ ਫੂਹੀ ਜਿੰਨਾ ਬੱਚਾ ਨਹੀਂ ਵਿਸਰਦਾ। ਪਤਾ ਨਹੀਂ ਕਿਹਦਾ ਸਰਾਪ ਲੱਗਾ? ਜਦੋਂ ਸਾਹਿਬ ਦਾ ਅਰਦਲੀ ਸਾਂ ਤਾਂ ਉਹਦੇ ਕਹਿਣ 'ਤੇ ਮੁਰਗਾ ਵਗੈਰਾ ਝਟਕਾ ਦਿੰਦਾ ਸਾਂ। ਉਹ ਕਹਿੰਦਾ ਤਾਂ ਏਧਰੋਂ-ਉਧਰੋਂ ਸਹਿਆ ਖਰਗੋਸ਼ ਵੀ ਫੜ ਲਿਆਉਂਦਾ ਤੇ ਵੱਢ ਕੇ ਧਰ ਦਿੰਦਾ। ਬਾਅਦ ਵਿਚ ਐਸੀ ਦਿਮਾਗ ਨੂੰ ਪਲਟੀ ਲੱਗੀ ਕਿ ਕਿਸੇ ਜਾਨਵਰ ਨੂੰ ਵੱਢਣਾ ਮਾਰਨਾ ਤਾਂ ਦੂਰ ਮੀਟ ਵੀ ਖਾਣ ਨੂੰ ਦਿਲ ਨਹੀਂ ਕੀਤਾ। ਕਿਸੇ ਨਾਲ ਮੁੜ ਕਦੇ ਮਾੜਾ ਨਹੀਂ ਕੀਤਾ। ਨੇਕ ਕਮਾਈ ਕੀਤੀ ਦੇ ਹੱਕ ਦਾ ਖਾਧਾ। ਪਰ, ਇਹ ਮੈਨੂੰ ਪੱਕਾ ਪਤਾ ਕਿ ਕਿਸੇ ਦਾ ਹਉਕਾ ਲੈ ਬੈਠਾ।'

'ਵੰਡ ਤੋਂ ਬਾਅਦ ਕਿੰਨਾ ਕੁ ਚਿਰ ਨੌਕਰੀ ਕੀਤੀ?' ਗ਼ਮਗੀਨ ਮਾਹੌਲ ਨੂੰ ਛੱਡਣ ਦੀ ਖ਼ਾਤਿਰ ਦੇਵਿੰਦਰ ਨੇ ਪੁੱਛਿਆ।

'ਮਾਲ ਅਫਸਰ ਨੇ ਇਧਰ ਵੀ ਮੈਨੂੰ ਨਾਲ ਹੀ ਰੱਖਿਆ। ਪੰਜ ਕੁ ਸਾਲ ਅੰਬਾਲੇ ਰਹੇ। ਫਿਰ ਅੰਬਰਸਰ। ਜਦੋਂ ਭਰਾ ਦੀ ਮੌਤ ਹੋਈ ਤਾਂ ਮੈਂ ਕਿਹਾ, ਸਾਹਿਬ ਜੀ, ਮੈਨੂੰ ਹੁਣ ਛੁੱਟੀ ਦਿਓ। ਮੇਰੀ ਮਜਬੂਰੀ ਆ। ਉਨ੍ਹਾਂ ਕਿਹਾ ਕੁਝ ਸਾਲ ਹੋਰ ਟਿਕ ਤੇਰੀ ਪੈਨਸ਼ਨ ਲੱਗ ਜਾਊ, ਪਰ ਮੈਂ ਨਹੀਂ ਮੰਨਿਆ ਤੇ ਘਰ ਆ ਗਿਆ।' ਦੁਧੀਆ ਬਲੌਰਾਂ ਵਰਗੇ ਡੇਲੇ ਦਿਮਾਗ ਦੀ ਕਿਸੇ ਕੁੰਦਰ ਵਿਚੋਂ ਸਹਿਕਦੇ, ਦਮ ਤੋੜਦੇ ਨਕਸ਼ਾਂ ਨੂੰ ਚਿਤਾਰਦੇ ਘੁੰਮਣ ਲੱਗੇ ਤੇ ਜ਼ੁਬਾਨ ਟੁੱਟੀ ਲੜੀ ਜੋੜਨ ਲੱਗੀ, 'ਬਾਕੀ ਇਕ ਗੱਲ ਮੇਰੀ ਸਮਝ ਵਿਚ ਆਉਂਦੀਂ, ਉਹ ਮਜ਼ਹਬੀ ਝਗੜਾ ਸੀ ਜਿਹੜਾ ਹੋਣਾ ਨਹੀਂ ਸੀ ਚਾਹੀਦਾ। ਮਜ਼ਹਬੀ ਝਗੜਿਆਂ ਵਿਚ ਬੰਦਾ ਅੰਨ੍ਹਾ ਹੋ ਜਾਂਦਾ ਹੈ। ਉਦੋਂ ਮੈਨੂੰ ਮਜ਼ਹਬੀ ਜਨੂੰਨ ਨੇ ਅੰਨ੍ਹਾ ਕਰ ਦਿੱਤਾ ਸੀ, ਹੁਣ ਰੱਬ ਨੇ। ਕਿਸੇ ਦੀ ਹਾਅ ਨੇ। ਹੁਣ ਪਛਤਾਉਂਦਾ ਹਾਂ ਕਿ ਉਦੋਂ ਉਹ ਸਭ ਕਿਉਂ ਕੀਤਾ। ਆਪਣੇ ਆਪ ਨੂੰ ਪੁੱਛਦਾ ਹਾਂ, ਭਈ ਉਦੋਂ ਤੈਨੂੰ ਹੋ ਕੀ ਗਿਆ ਸੀ, ਪਰ ਕੋਈ ਜੁਆਬ ਨਹੀਂ ਲੱਭਦਾ। ਹੁਣ ਕਦੇ ਕਦੇ ਨੀਂਦ ਨਹੀਂ ਆਉਂਦੀ। ਕਿੰਨਾ ਕਿੰਨਾ ਚਿਰ ਉਠ ਕੇ ਬੈਠਾ ਰਹਿੰਦਾ ਹਾਂ। ਸੋਚਦਾ ਰਹਿੰਦਾ ਹਾਂ। ਪਰ ਸੋਚਣ ਨਾਲ ਹੁਣ ਕੀ ਹੋਣਾ?

61, ਫਰੈਂਡਜ਼ ਕਲੋਨੀ, ਅੰਮ੍ਰਿਤਸਰ

ਸੰਤਾਲ਼ੀ ਚ ਫ਼ਸਾਦੀਆਂ ਹੱਥੋਂ ਮੁੱਕਿਆ ਵੱਡਾ ਸ਼ਹੀਦ -ਨਿੱਕਾ ਬੀਰ ਸਿੰਘ

ਸੁਸ਼ੀਲ ਦੁਸਾਂਝ

ਜਲੰਧਰ ਜ਼ਿਲ੍ਹੇ ਦੇ ਪਿੰਡ ਪੁਆਦੜਾ ਦੇ ਗੁਰਦੁਆਰਾ ਸ਼ਹੀਦ ਗੰਜ ਦੀ ਬਾਹਰਲੀ ਕੰਧ 'ਤੇ ਸੰਗਮਰਮਰ ਦੀ ਸਿਲ ਚ 54 ਸ਼ਹੀਦਾਂ ਦੇ ਨਾਂ ਉੱਕਰੇ ਹੋਏ ਹਨ। ਲਿਸਟ ਪੜ੍ਹਦਿਆਂ 39ਵੇਂ ਨੰਬਰ 'ਤੇ ਆ ਕੇ ਨਜ਼ਰ ਠਹਿਰ ਜਾਂਦੀ ਹੈ। ਲਿਖਿਆ ਹੈ - ਭੁਜੰਗੀ ਸਿੰਘ ਸਪੁੱਤਰ ਕੇਹਰ ਸਿੰਘ।

ਬੇਚੈਨੀ ਜਿਹੀ 'ਚ ਕਾਮਰੇਡ ਤਾਰਾ ਸਿੰਘ ਵਲ ਦੇਖਦਾ ਹਾਂ ਤੇ ਨੇੜੇ ਆ ਗਏ ਬਜ਼ੁਰਗ ਨੂੰ ਪੁੱਛਦਾ ਹਾਂ, "ਬਜ਼ੁਰਗੋ ਕੀ ਨਾਂ ਤੁਹਾਡਾ?"

"ਜੀ ਜੱਥੇਦਾਰ ਪਿਆਰਾ ਸਿੰਘ।"

"ਜੱਥੇਦਾਰ ਜੀ, ਆਹ ਜਿਹੜੀ ਸ਼ਹੀਦਾਂ ਦੀ ਲਿਸਟ ਲੱਗੀ ਹੋਈ ਐ, ਇਹ ਕੌਣ ਸੀਗੇ?"

"ਇਹ ਜਦੋਂ ਰੌਲ਼ਿਆਂ ਵੇਲੇ ਸਾਡੇ ਪਿੰਡ 'ਤੇ ਤਲਵਣ ਦੇ ਮੁਸਲਮਾਨਾਂ ਨੇ ਹਮਲਾ ਕੀਤਾ, ਉਸ ਹਮਲੇ 'ਚ ਸ਼ਹੀਦ ਹੋਏ ਆ ਸਾਰੇ।"

"ਤੁਹਾਡੀ ਕਿੰਨੀ ਕੁ ਉਮਰ ਸੀ ਉਦੋਂ?"

"ਏਹੀ ਜੀ, ਕੋਈ 13-14 ਸਾਲ, ਮੈਂ ਅੱਖੀਂ ਦੇਖਿਆ ਜੀ ਸਾਰਾ ਕੁਛ। ਮੇਰਾ ਬਾਪ ਵੀ ਸ਼ਹੀਦ ਹੋਇਆ ਸੀ, ਔਹ ਦੇਖੋ, ਲਿਖਿਐ ਸਰਦਾਰ ਜਗਤ ਸਿੰਘ, ਇਹ ਮੇਰਾ ਬਾਪ ਸੀ ਜੀ।"

"ਤੇ ਜੱਥੇਦਾਰ ਜੀ, ਆਹ ਭੁਜੰਗੀ ਸਿੰਘ ਕੌਣ ਸੀ?"

"ਪੁੱਛੋ ਨਾ ਜੀ, ਜਿੱਦਣ ਤੜਕੇ ਹਮਲਾ ਹੋਇਆ, ਉਸੇ ਰਾਤ ਦਾ ਜਨਮ ਸੀ ਏਹਦਾ। ਹਾਲੇ ਤਾਂ ਨਾਂ ਵੀ ਨਹੀਂ ਸੀ ਰੱਖ ਹੋਇਆ। ਹਮਲੇ 'ਚ ਇਹ ਵੀ ਮਾਰਿਆ ਗਿਆ, ਬੇਚਾਰਾ ਬੋਟ। ਏਸੇ ਲਈ ਭੁਜੰਗੀ ਸਿੰਘ ਲਿਖਿਐ।"

ਕੋਲ ਹੀ ਖੜ੍ਹਾ ਹਰਵਿੰਦਰ ਸਿੰਘ ਦੱਸਦਾ ਹੈ ਕਿ ਉਹਦੀ ਦਾਦੀ ਹਰਭਜਨ ਕੌਰ ਤੇ ਤਾਇਆ ਗੁਰਦਿਆਲ ਸਿੰਘ ਵੀ ਸ਼ਹੀਦ ਹੋ ਗਏ ਸਨ।

ਗਿਆ ਤਾਂ ਸੀ ਮੈਂ ਪੁਆਦੜੇ ਕਿਰਤੀ ਕਮਿਊਨਿਸਟ ਪਾਰਟੀ ਦੇ ਆਗੂ ਕਾਮਰੇਡ ਨਿੱਕਾ ਬੀਰ ਸਿੰਘ ਬਾਰੇ ਜਾਨਣ। ਪਤਾ ਲੱਗਾ ਸੀ ਕਿ ਪੁਆਦੜੇ ਪਿੰਡ 'ਤੇ ਹੋਏ ਹਮਲੇ ਦੌਰਾਨ ਕਾਮਰੇਡ ਨਿੱਕਾ ਬੀਰ ਸਿੰਘ ਵਿਚ ਬਚਾਅ ਕਰਦਾ ਮਾਰਿਆ ਗਿਆ ਸੀ। ਇੱਥੇ ਆ ਕੇ ਤਾਂ ਉਹ-ਉਹ ਗੱਲਾਂ ਪਤਾ ਲੱਗੀਆਂ, ਜਿੰਨ੍ਹਾਂ ਨੂੰ ਸੁਣ ਮੇਰੇ ਲੂੰ ਕੰਡੇ ਹੋ ਗਏ।

***

ਅਤੀਤ, ਖ਼ਾਸ ਤੌਰ 'ਤੇ ਲਹੂ-ਭਿੱਜੇ ਅਤੀਤ ਨੂੰ ਫਰੋਲਣਾ ਕੋਈ ਸੌਖਾ ਕਾਰਜ ਨਹੀਂ ਹੁੰਦਾ; ਪਰ ਹੁਣ ਕਾਮਰੇਡ ਨਿੱਕਾ ਬੀਰ ਸਿੰਘ ਦੇ ਹਵਾਲੇ ਨਾਲ ਇਹ ਵਰਕੇ ਉਲੱਦਣੇ ਹੀ ਪੈਣੇ ਹਨ।

ਇਹ ਤਿੰਨ ਸਤੰਬਰ 1947 ਦੇ ਸਵੇਰੇ 5 ਕੁ ਵਜੇ ਦੀ ਗੱਲ ਹੈ। ਪਿੰਡ ਹਾਲੇ ਊਂਘ ਹੀ ਰਿਹਾ ਸੀ। ਮਰਦ ਖੇਤਾਂ ਵੱਲ ਜਾਣ ਦੀ ਤਿਆਰੀ 'ਚ ਸਨ, ਸੁਆਣੀਆਂ ਰਿੜਕਣੇ ਪਾ ਲਏ ਸਨ। ਅਚਾਨਕ ਪਿੰਡ ਕੰਬ ਗਿਆ।

"ਮਾਰੋ ਮਾਰੋ, ਕੋਈ ਬਚ ਕੇ ਨਾ ਜਾਵੇ" ਦੀਆਂ ਤਿੱਖੀਆਂ ਆਵਾਜ਼ਾਂ ਨੇ ਸਾਰੇ ਪਿੰਡ ਦੇ ਸਾਹ ਸੂਤ ਲਏ। ਪਿੰਡ 'ਤੇ ਹਮਲਾ ਹੋ ਗਿਆ ਸੀ। ਹਮਲਾ ਚਾਰੇ ਪਾਸਿਉਂ ਹੋਇਆ ਸੀ। ਲੋਕਾਂ ਅੰਦਰੋਂ ਕੁੰਡੇ ਮਾਰ ਲਏ। ਔਰਤਾਂ ਨੇ ਬੱਚਿਆਂ ਨੂੰ ਛਾਤੀਆਂ ਨਾਲ ਲਪੇਟ ਲਿਆ। ਇਲਾਕੇ ਦਾ ਵੱਡਾ ਲੀਡਰ ਕਾਮਰੇਡ ਨਿੱਕਾ ਬੀਰ ਸਿੰਘ ਉਸ ਦਿਨ ਪਿੰਡ ਹੀ ਸੀ, ਪਰ ਉਹ ਅਪਣੇ ਖੂਹ 'ਤੇ ਸੀ। ਕੁਝ ਬੰਦਿਆਂ ਭੱਜ ਕੇ ਜਾ ਕਾਮਰੇਡ ਨੂੰ ਇਤਲਾਹ ਕੀਤੀ। ਕਾਮਰੇਡ ਨਿੱਕਾ ਬੀਰ ਸਿੰਘ ਤੁਰੰਤ ਪਿੰਡ ਆਣ ਵੜਿਆ। ਕਾਮਰੇਡ ਦਾ ਇਲਾਕੇ 'ਚ ਪੂਰਾ ਮਾਣ-ਤਾਣ ਸੀ। ਇਸੇ ਯਕੀਨ 'ਚ ਬੱਝਿਆ ਕਾਮਰੇਡ ਹਮਲਾਵਰਾਂ ਮੂਹਰੇ ਹਿੱਕ ਤਾਣ ਆ ਖਲੋਇਆ, ਪਰ ਜਨੂੰਨ ਕਦੋਂ ਕੁਝ ਦੇਖਦਾ ਹੈ। ਪਿੰਡ ਨੂੰ ਬਚਾਉਂਦਾ-ਬਚਾਉਂਦਾ ਕਾਮਰੇਡ ਨਿੱਕਾ ਬੀਰ ਸਿੰਘ ਵੀ ਮਾਰਿਆ ਗਿਆ।

ਪਿੰਡ ਦਾ ਦੂਜਾ ਵੱਡਾ ਲੀਡਰ ਜੱਥੇਦਾਰ ਬੀਰ ਸਿੰਘ ਉਸ ਦਿਨ ਪਿੰਡ ਸੀ ਹੀ ਨਹੀਂ। ਮਿੰਟਾਂ 'ਚ ਹੀ ਪੁਆਦੜਾ ਪਿੰਡ ਕਬਰਸਤਾਨ ਹੋ ਗਿਆ। ਲਾਸ਼ਾਂ ਨੂੰ ਚੁੱਕਣ ਤੇ ਸਸਕਾਰ ਕਰਨ ਵਾਲਾ ਵੀ ਕੋਈ ਨਹੀਂ ਸੀ। ਜਿਹੜੇ ਬਚ ਗਏ, ਉਹ ਪਿੰਡੋਂ ਦੌੜ ਚੁੱਕੇ ਸਨ। ਹਮਲਾਵਰ ਅਪਣਾ ਧਰਮ ਨਿਭਾਅ ਕੇ ਤਿੱਤਰ ਹੋ ਗਏ। ਮੁਰਦਾ ਸ਼ਾਂਤੀ ਨੂੰ ਬਲਦਾਂ ਦੇ ਗਲ਼ਾਂ ਵਿਚ ਬੰਨ੍ਹੀਆਂ ਟੱਲੀਆਂ ਭੰਗ ਕਰ ਰਹੀਆਂ ਸਨ। ਮਾਰੇ ਗਿਆਂ ਨੂੰ ਰੋਣ ਲਈ ਮੂਧੀਆਂ ਹੋਈਆਂ ਚਾਟੀਆਂ ਸਨ, ਮਧਾਣੀਆਂ ਸਨ ਤੇ ਚੁੱਲਿਆਂ ਦੀ ਰਾਖ ਸੀ।

***

ਪੁਆਦੜੇ 'ਤੇ ਤਲਵਣੀਆਂ ਦੇ ਹਮਲੇ ਦੀ ਖ਼ਬਰ ਪੂਰੇ ਇਲਾਕੇ 'ਚ ਜੰਗਲ ਦੀ ਅੱਗ ਵਾਂਙ ਫੈਲ ਗਈ ਸੀ। ਸਿੱਖਾਂ ਦੇ ਜੱਥਿਆਂ ਦੇ ਜੱਥੇ ਪੁਆਦੜੇ ਵੱਲ ਅਹੁਲ ਪਏ। ਮਾਰੇ ਗਿਆਂ ਦਾ ਸਾਮੂਹਿਕ ਅੰਤਮ ਸਸਕਾਰ ਕਰਨ ਤੋਂ ਬਾਅਦ ਇਨ੍ਹਾਂ ਸਾਰਿਆਂ ਨੇੜੇ ਹੀ ਕਿਤੇ ਗੁਪਤ ਠਿਕਾਣੇ 'ਤੇ ਡੇਰੇ ਲਾ ਲਏ। ਦੂਸਰੇ ਦਿਨ 4 ਸਤੰਬਰ ਨੂੰ ਤੜਕਸਾਰ ਹੀ ਇਨ੍ਹਾਂ ਪਿੰਡ ਤਲਵਣ 'ਤੇ ਜਾ ਹਮਲਾ ਬੋਲਿਆ। ਪਰ ਤਲਵਣ 'ਚ ਪੂਰੀ ਤਿਆਰੀ ਸੀ। ਇਧਰੋਂ ਇਕ ਗੋਲੀ ਉਧਰ ਜਾਂਦੀ, ਤਾਂ ਜੁਆਬ 'ਚ ਦੋ ਗੋਲੀਆਂ ਸ਼ੂਕਦੀਆਂ ਆਉਂਦੀਆਂ। ਤਲਵਣੀਆਂ ਨੇ ਇਨ੍ਹਾਂ ਦਾ ਹਮਲਾ ਬੁਰੀ ਤਰ੍ਹਾਂ ਪਛਾੜ ਦਿੱਤਾ ਸੀ।

***

ਪਹਿਲਾ ਹਮਲਾ ਨਾਕਾਮ ਹੋਣ ਕਰਕੇ ਸਿੱਖ ਹੋਰ ਵੀ ਭੜਕ ਗਏ ਸਨ। ਮਦਦ ਲਈ ਇਲਾਕੇ ਦਿਆਂ ਵੱਡਿਆਂ ਸਰਦਾਰਾਂ ਤੱਕ ਪਹੁੰਚ ਹੋਈ। ਦੇਰ ਰਾਤ ਤੱਕ ਹੋਰ ਭੀੜਾਂ ਜੁੱਟ ਗਈਆਂ। ਦੂਸਰੇ ਦਿਨ ਤੜਕਸਾਰ ਫੇਰ ਤਲਵਣ 'ਤੇ ਹਮਲਾ ਕੀਤਾ ਗਿਆ। ਗੋਲੀਆਂ ਦੀ ਤਾੜ-ਤਾੜ ਨੇ ਇਲਾਕੇ ਨੂੰ ਹਿਲਾ ਕੇ ਰੱਖ ਦਿੱਤਾ। ਗੱਲ ਫੇਰ ਉਹੀ ਹੀ ਹੋਈ ਸੀ। ਤਲਵਣ ਵਾਲਿਆਂ ਕੋਲ ਅਸਲ੍ਹਾ ਕਿਤੇ ਜ਼ਿਆਦਾ ਸੀ। ਉਹ ਗੋਲੀਆਂ ਦਾ ਜੁਆਬ ਦੇਸੀ ਤੋਪਾਂ ਨਾਲ ਦੇ ਰਹੇ ਸਨ। ਪੁਆਦੜੀਆਂ ਤੇ ਇਨਾਂ ਦੇ ਹਮਾਇਤੀਆਂ ਕੋਲ ਨਾ ਤਾਂ ਲੋੜੀਂਦਾ ਅਸਲ੍ਹਾ ਹੀ ਸੀ ਤੇ ਨਾ ਹੀ ਨਫ਼ਰੀ। ਇਸੇ ਕਰਕੇ ਹਮਲਾ ਕਰਨ ਗਿਆਂ ਵਿਚੋਂ 4-5 ਜਣੇ ਮਾਰੇ ਵੀ ਗਏ ਸਨ। ਡੂੰਘੀ ਨਿਰਾਸ਼ਾ 'ਚ ਹਾਰੇ ਹੋਏ ਮਨਾਂ ਨਾਲ ਇਨ੍ਹਾਂ ਨੂੰ ਫੇਰ ਪਿੱਛੇ ਹਟਣਾ ਪਿਆ

***

ਤਲਵਣ ਉਨ੍ਹੀਂ ਦਿਨੀਂ ਜ਼ਿਲ੍ਹਾ ਜਲੰਧਰ ਦਾ ਵਪਾਰਕ ਕੇਂਦਰ ਸੀ। ਕਿਹਾ ਕਰਦੇ ਸਨ ਕਿ ਜਿਹੜੀ ਚੀਜ਼ ਫਿਲੌਰੋਂ ਨਾ ਮਿਲੇ, ਉਹ ਤਲਵਣੋਂ ਮਿਲ ਜਾਂਦੀ ਹੈ। ਤਲਵਣ ਦੀਆਂ ਮਿਰਚਾਂ ਬੰਬਈ ਤੱਕ ਜਾਂਦੀਆ ਸਨ। ਪੰਜਾਬ ਵਿਚ ਬੁਨੈਣਾਂ ਬਣਾਉਣ ਦਾ ਸਭ ਤੋਂ ਪਹਿਲਾ ਕਾਰਖਾਨਾ 'ਇੰਡੀਅਨ ਹੌਜ਼ਰੀ ਵਰਕਸ' ਵੀ ਤਲਵਣ ਹੀ ਲੱਗਾ ਸੀ, ਜਿਹੜਾ ਅੱਜ ਦੇ ਵੱਡੇ ਉਦਯੋਗਪਤੀ ਸ਼ੀਤਲ ਵਿੱਜ (ਜਲੰਧਰ) ਦੇ ਬਜ਼ੁਰਗਾਂ ਨੇ ਅਪਣੇ ਪਿੰਡ ਲਾਇਆ ਸੀ। ਪਿੰਡ ਵਿਚ ਮੁਸਲਮਾਨਾਂ ਦੀ ਆਬਾਦੀ ਪੰਜ ਹਜ਼ਾਰ ਤੋਂ ਵੀ ਵੱਧ ਸੀ। ਬਹੁਤ ਸਾਰੇ ਹਿੰਦੂ ਪਰਿਵਾਰ ਵੀ ਸਨ, ਪਰ ਕਾਰੋਬਾਰ ਅਤੇ ਹੋਰ ਆਮਦਨ ਦੇ ਸਰੋਤਾਂ 'ਤੇ ਵਧੇਰੇ ਕਬਜ਼ਾ ਮੁਸਲਮਾਨਾਂ ਦਾ ਹੀ ਸੀ। ਦੋ ਵੱਡੇ ਜਗੀਰਦਾਰ ਭਰਾ ਹਬੀਬ ਉੱਲਾ ਤੇ ਹਨੀਫ਼ ਉੱਲਾ ਪਿੰਡ ਦੇ ਮੋਹਰੀ ਸੀ। ਦੋਵੇਂ ਭਰਾ ਫ਼ੌਜ ਵਿਚੋਂ ਰਿਟਾਇਰ ਹੋ ਕੇ ਲਾਹੌਰੋਂ ਪਿੰਡ ਆ ਟਿਕੇ ਸੀ। ਪਿੰਡ 'ਚ ਉਨ੍ਹਾਂ ਦੀ ਕਿਲ੍ਹਾਨੁਮਾ ਹਵੇਲੀ ਸੀ, ਜਿੱਥੇ ਇੱਕੋ ਵੇਲੇ ਸੈਂਕੜੇ ਬੰਦੇ ਰਹਿ ਸਕਦੇ ਸਨ। ਇਨ੍ਹਾਂ ਭਰਾਵਾਂ ਦੀ ਬਦੌਲਤ ਹੀ ਪਿੰਡ ਵਿਚ ਅਸਲ੍ਹੇ ਦੀ ਕੋਈ ਕਮੀ ਨਹੀਂ ਸੀ। ਪੁਲਸ ਵੀ ਪਿੰਡ ਵੜਨ ਲਗਿਆਂ ਇਨ੍ਹਾਂ ਭਰਾਵਾਂ ਤੋਂ ਪੁੱਛਦੀ ਸੀ। ਪਿੰਡ 'ਚ 8 ਚੌਕੀਦਾਰ ਸਨ। ਰੌਲਿਆਂ ਦੇ ਦਿਨ ਹੋਣ ਕਰਕੇ ਪਿੰਡ ਵਾਲੇ ਚੁਕੰਨੇ ਵੀ ਸਨ ਤੇ ਇਨ੍ਹਾਂ ਨੂੰ ਇਲਮ ਵੀ ਸੀ ਕਿ ਹੁਣ ਸਿੱਖਾਂ ਵੱਲੋਂ ਬਦਲਵੀਂ ਕਾਰਵਾਈ ਹੋ ਸਕਦੀ ਹੈ। ਇਸੇ ਲਈ ਇਨ੍ਹਾਂ ਕੋਲ ਪੂਰਾ ਪ੍ਰਬੰਧ ਸੀ। ਇਸੇ ਕਰਕੇ ਹੀ ਪੁਆਦੜੇ ਦੀ ਮਦਦ 'ਤੇ ਆਏ ਸੈਂਕੜੇ ਸਿੱਖਾਂ ਨੂੰ ਦੋ ਦਿਨ ਲਗਾਤਾਰ ਮਾਯੂਸ ਹੋ ਕੇ ਪਿੱਛੇ ਪਰਤਣਾ ਪਿਆ ਸੀ।

***

ਲਗਾਤਾਰ ਦੋ ਦਿਨ ਦੀਆਂ ਹਾਰਾਂ ਨੇ ਸਿੱਖਾਂ ਦਾ ਮਨੋਬਲ ਪੂਰੀ ਤਰਾਂ ਤੋੜ ਦਿੱਤਾ ਸੀ। ਹੁਣ ਉਨ੍ਹਾਂ ਦੀ ਉਮੀਦ ਇਲਾਕੇ ਦੇ ਵੱਡੇ ਸਰਦਾਰਾਂ 'ਤੇ ਹੀ ਸੀ। ਤਾਰਾ ਸਿੰਘ ਲਾਂਦੜਾਂ ਥੰਮਣਵਾਲੀਏ ਸਰਦਾਰਾਂ, ਰੁੜਕਾ ਕਲਾਂ, ਕਾਹਨਾ ਢੇਸੀਆਂ ਤੇ ਦੁਸਾਂਝ ਕਲਾਂ ਦੇ ਜੱਥੇ ਵੀ ਇਨ੍ਹਾਂ ਨਾਲ ਆ ਰਲੇ। ਬਾਰੂਦ ਦੀ ਹੁਣ ਕੋਈ ਘਾਟ ਨਹੀਂ ਰਹੀ ਸੀ। ਰੁੜਕੇ ਵਾਲਿਆਂ ਤਾਂ ਦੇਸੀ ਤੋਪ ਵੀ ਲਿਆ ਖੜ੍ਹਾਈ ਸੀ। ਟਕੂਏ, ਬਰਛੇ, ਕਿਰਪਾਨਾਂ ਤੇ ਹੋਰ ਦੇਸੀ ਹਥਿਆਰਾਂ ਦਾ ਤਾਂ ਅੰਤ ਹੀ ਕੋਈ ਨਹੀਂ ਸੀ। ਹੁਣ ਤੀਜੇ ਹਮਲੇ ਦੀ ਪੂਰੀ ਤਿਆਰੀ ਸੀ। ਤੀਜੇ ਹਮਲੇ ਲਈ ਹਿੰਦੂ ਮਹਾਸਭਾਈ ਦੇ ਕੁਝ ਆਗੂ ਤੇ ਵਰਕਰ ਵੀ ਆਣ ਢੁੱਕੇ ਸਨ। ਇਸ ਵਾਰ ਪੂਰੀ ਵਿਉਂਤ ਨਾਲ ਹਮਲਾ ਕਰਨ ਦੀ ਸੋਚੀ ਗਈ। ਇਹ ਸੋਚ ਕੇ ਕਿ ਹਾਲੇ ਵੀ ਤਲਵਣੀਆਂ ਦੇ ਮੁਕਾਬਲੇ ਪੱਕੇ ਅਸਲ੍ਹੇ ਦੀ ਘਾਟ ਹੈ, ਪਿੰਡ ਦੇ ਚੁਫੇਰੇ ਖੜ੍ਹੇ ਤੂੜੀ ਵਾਲੇ ਕੁੱਪਾਂ ਨੂੰ ਅੱਗ ਲਾਉਣ ਦੀ ਰਣਨੀਤੀ ਬਣਾ ਲਈ ਗਈ। ਮਿੱਟੀ ਦੇ ਤੇਲ ਦੇ ਪੀਪੇ ਤਿਆਰ ਕਰ ਲਏ। ਲਾਂਦੜਾਂ ਦੇ ਤਾਰਾ ਸਿੰਘ ਦੀ ਅਗਵਾਈ ਵਿਚ 5 ਸਤੰਬਰ ਨੂੰ ਤਲਵਣ 'ਤੇ ਚੁਫੇਰਿਉਂ ਹਮਲਾ ਬੋਲ ਦਿੱਤਾ ਗਿਆ। ਪਿੰਡ ਦੇ ਆਲ਼ੇ-ਦੁਆਲ਼ੇ ਖੜ੍ਹੇ ਤੂੜੀ ਵਾਲੇ ਕੁੱਪ ਭਾਂਬੜ ਬਣ ਉਠੇ। ਹਰ ਪਾਸੇ ਅੱਗ ਹੀ ਅੱਗ ਸੀ। ਓਧਰ ਤਲਵਣੀਏ ਸਰਦਾਰ ਹਬੀਬ ਉੱਲਾ ਤੇ ਨਬੀਬ ਉੱਲਾ ਮਿਲਟਰੀ ਵਿਚ ਰਹੇ ਹੋਣ ਕਰਕੇ ਸ਼ਾਇਦ ਇਸ ਹਮਲੇ ਦੀ ਰਣਨੀਤੀ ਪਹਿਲਾਂ ਹੀ ਸਮਝ ਗਏ ਸਨ। ਉਨ੍ਹਾਂ ਲੰਘੀ ਰਾਤ ਹੀ ਪਿੰਡ ਨੂੰ ਇਕੱਠਾ ਕਰ ਕੇ ਸਮਝਾ ਦਿੱਤਾ ਸੀ ਕਿ ਹੁਣ ਬਹੁਤੀ ਦੇਰ ਬਚ ਨਹੀਂ ਸਕਣਾ, ਇਸ ਲਈ ਤੁਰੰਤ ਨਕੋਦਰ ਲੱਗੇ ਆਰਜ਼ੀ ਕੈਂਪਾਂ ਵੱਲ ਚਾਲੇ ਪਾਉ। ਪਿੰਡ ਖ਼ਾਲੀ ਹੀ ਸੀ, ਫਿਰ ਵੀ 100 ਦੇ ਕਰੀਬ ਮੁਸਲਮਾਨ ਇਸ ਹਮਲੇ ਵਿਚ ਮਾਰੇ ਗਏ। ਪਿੰਡ ਦੇ ਖਾਂਦੇ-ਪੀਂਦੇ ਹਿੰਦੂ ਪਰਿਵਾਰ ਪਹਿਲਾਂ ਹੀ ਤਲਵਣ ਛੱਡ ਫਿਲੌਰ, ਲੁਧਿਆਣੇ ਅਤੇ ਜਲੰਧਰ ਜਾ ਟਿਕੇ ਸਨ। ਸਿੱਖਾਂ ਨੇ ਤਲਵਣ ਜਿੱਤ ਕੇ ਅਪਣਾ ਰਾਂਝਾ ਰਾਜ਼ੀ ਕਰ ਲਿਆ ਸੀ।

***

ਉਜਾੜੇ ਵੇਲੇ ਜਨੂੰਨ ਦੀ ਵਗਦੀ ਲੂਅ ਵਿਚ ਵੀ ਸ਼ਹੀਦ ਗਹਿਲ ਸਿੰਘ ਛੱਜਲਵੱਡੀ (ਦੇਖੋ-ਹੁਣ-6) ਵਰਗੇ ਚਿਰਾਗ ਜਗਦੇ ਰਹੇ ਹਨ। ਇਸੇ ਲੜੀ ਵਿਚ ਸ਼ਹੀਦ ਨਿੱਕਾ ਬੀਰ ਸਿੰਘ ਪੁਆਦੜਾ ਆਉਂਦੇ ਹਨ। ਇਸੇ ਸਿਲਸਿਲੇ ਵਿਚ ਹੀ ਪੁਆਦੜਾ ਪਿੰਡ ਦੇ ਬੱਸ ਅੱਡੇ 'ਤੇ ਪਹੁੰਚਦਾ ਹਾਂ, ਤਾਂ ਅੱਗੋਂ ਬਜ਼ੁਰਗ ਕਾਮਰੇਡ ਤਾਰਾ ਸਿੰਘ ਮੈਨੂੰ ਅਗਲਵਾਂਢੀ ਲੈਣ ਖਲੋਤੇ ਹਨ। 73 ਸਾਲਾ ਕਾਮਰੇਡ ਤਾਰਾ ਸਿੰਘ ਭਾਵੇਂ ਵੰਡ ਦੇ ਦੌਰਾਨ ਅਪਣੇ ਨਾਨਕੀ ਕੋਕਰੀ ਕਲਾਂ ਰਹਿੰਦੇ ਸਨ, ਪਰ 1954 ਤੋਂ ਪੁਆਦੜੇ

ਤਾਰਾ ਸਿਘ (ਖੱਬੇ) ਅਤੇ ਫ਼ਕੀਰ ਚੰਦ

ਆ ਵਸੇ ਸਨ। ਇਨ੍ਹੀਂ ਦਿਨੀਂ ਤਾਰਾ ਸਿੰਘ ਦੀ ਸਿਹਤ ਬਿਲਕੁਲ ਵੀ ਠੀਕ ਨਹੀਂ ਹੈ। ਉਹ ਕੁਝ ਕਦਮ ਤੁਰਦੇ ਹਨ; ਰੁਕ ਜਾਂਦੇ ਹਨ। ਉਨ੍ਹਾਂ ਨੂੰ ਸਾਹ ਦੀ ਕਸਰ ਹੈ। ਇਹਦੇ ਬਾਵਜੂਦ ਉਹ ਮੈਨੂੰ ਬੱਸ ਅੱਡੇ ਤੋਂ ਲੈਣ ਹੀ ਨਹੀਂ ਆਏ, ਸਗੋਂ ਸਾਰਾ ਦਿਨ ਮੇਰੇ ਨਾਲ਼ ਪੁਆਦੜੇ ਤੇ ਤਲਵਣ ਘੁੰਮਦੇ ਵੀ ਰਹੇ। ਅਸੀਂ ਗੱਲੀਂ ਲੱਗੇ ਘਰ ਪਹੁੰਚੇ ਹੀ ਹਾਂ ਕਿ 95 ਸਾਲਾ ਬਜ਼ੁਰਗ ਫ਼ਕੀਰ ਚੰਦ ਵੀ ਆ ਪਹੁੰਚੇ ਹਨ। ਰੌਲ਼ਿਆਂ ਵੇਲੇ ਅਪਣੇ ਪਿੰਡ ਤਲਵਣ ਅਤੇ ਇਲਾਕੇ ਵਿਚ ਹੋਏ ਵਾਪਰੇ ਦੇ ਚਸ਼ਮਦੀਦ ਗਵਾਹ।

ਚਾਹ ਪੀਂਦਿਆਂ ਦੋਹਵੇ ਗੱਲਾਂ ਕਰੀ ਜਾ ਰਹੇ ਹਨ ਮੈਂ ਸੁਣ ਰਿਹਾ ਹਾਂ-

"ਨਿੱਕਾ ਬੀਰ ਸਿੰਘ ਹੁਰੀਂ ਦੋ ਭਰਾ ਸੀ। ਵੱਡਾ ਸੀ ਮਿਲਖਾ ਸਿੰਘ। ਉਹ ਸੀ ਅਮਰੀਕਾ ਤੇ ਬੀਰ ਸਿੰਘ ਸੀ ਅਰਜਨਟੀਨਾ। ਪੰਜਾਬ ਵਿਚ ਉਠੀ ਕਿਰਤੀ ਲਹਿਰ ਦੀ ਗੂੰਜ ਜਦੋਂ ਅਰਜਨਟੀਨਾ ਪੁੱਜੀ, ਤਾਂ ਬੀਰ ਸਿੰਘ ਤੋਂ ਰਿਹਾ ਨਾ ਗਿਆ। ਉਹ ਸਭ ਕੁਝ ਛੱਡ-ਛੁਡਾ ਕੇ ਅਪਣੇ ਪਿੰਡ ਪੁਆਦੜੇ ਆ ਵੜਿਆ। ਪਿੰਡ ਆ ਕੇ ਵੀ ਉਹਦੇ ਪੈਰ ਨਾ ਟਿਕੇ। ਬੀਰ ਸਿੰਘ ਬਾਬੇ ਭਾਗ ਸਿੰਘ ਕਨੇਡੀਅਨ ਤੇ ਬਾਬੇ ਕਰਮ ਸਿੰਘ ਚੀਮੇ ਨੂੰ ਜਾ ਮਿਲਿਆ। ਉਸ ਦਿਨ ਤੋਂ ਬਾਅਦ ਬੀਰ ਸਿੰਘ ਕਾਮਰੇਡ ਬੀਰ ਸਿੰਘ ਹੋ ਗਿਆ। ਕਿਰਤੀ ਪਾਰਟੀ ਦਾ ਹੋਲ ਟਾਈਮਰ। ਉਹ ਪਿੰਡ ਘੱਟ-ਵੱਧ ਹੀ ਆਉਂਦਾ, ਪਰ ਜਦੋਂ ਆਉਂਦਾ ਤਾਂ ਪਿੰਡ ਵਾਲ਼ੇ ਸਿਰ-ਅੱਖਾਂ 'ਤੇ ਬਿਠਾ ਲੈਂਦੇ। ਇਕ ਵਾਰ ਪਿੰਡ ਨੂਰਮਹਿਲੀਆ ਠਾਣੇਦਾਰ ਆ ਵੜਿਆ। ਬੋਲ-ਬੁਲਾਰੇ 'ਚ ਕਿਤੇ ਉਹਤੋਂ ਪਿੰਡ ਨੂੰ ਗਾਹਲ਼ ਨਿਕਲ ਗਈ। ਪਿੰਡ ਵਾਲ਼ਿਆਂ ਕਾਮਰੇਡ ਬੀਰ ਸਿੰਘ ਨੂੰ ਸੱਦ ਘੱਲਿਆ। ਬੀਰ ਸਿੰਘ ਆਉਂਦਾ ਹੀ ਠਾਣੇਦਾਰ ਨੂੰ ਪੈ ਨਿਕਲ਼ਿਆ। ਬੀਰ ਸਿੰਘ ਦਾ ਰੁਅਬ ਏਦਾਂ ਬਈ ਠਾਣੇਦਾਰ ਕੰਬੇ ਤੇ ਕਹੇ ਅਖੇ ਮੈਂ ਤਾਂ ਦਰੱਖ਼ਤ ਨੂੰ ਗਾਹਲ਼ ਕੱਢੀ ਸੀ। ਕਾਮਰੇਡ ਕਹਿਣ ਲੱਗਾ ਕਿ ਦਰੱਖ਼ਤ ਵੀ ਤਾਂ ਸਾਡੇ ਪਿੰਡ ਦਾ ਈ ਐ। ਠਾਣੇਦਾਰ ਹੱਥ ਜੋੜ ਕੇ ਖਲੋ ਗਿਆ ਤੇ ਕਹਿਣ ਲੱਗਾ ਕਿ ਕਾਮਰੇਡ ਜੀ ਤੁਸੀਂ ਮੈਨੂੰ ਗਾਲ਼ਾਂ ਕੱਢ ਲਵੋ। ਏਦਾਂ ਖਹਿੜਾ ਛੁਡਾਇਆ ਠਾਣੇਦਾਰ ਨੇ।"

ਮੈਂ ਪੁੱਛਦਾ ਹਾਂ, "ਫੇਰ ਕਾਮਰੇਡ ਬੀਰ ਸਿੰਘ ਨੂੰ ਨਿੱਕਾ ਬੀਰ ਕਿਉਂ ਕਹਿਣ ਲੱਗ ਪਏ ਭਲਾ?"

ਕਾਮਰੇਡ ਤਾਰਾ ਸਿੰਘ ਦੱਸਦੇ ਹਨ ਕਿ ਸਾਡੇ ਪਿੰਡ ਜੱਥੇਦਾਰ ਬੀਰ ਸਿੰਘ ਵੀ ਹੁੰਦੇ ਸਨ। ਜੱਥੇਦਾਰ ਇਸ ਕਰਕੇ ਕਿ ਉਹ ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜੱਥੇਦਾਰ ਰਹੇ ਸਨ, ਉਂਜ ਉਹ ਕਾਂਗਰਸ ਪਾਰਟੀ ਦੇ ਲੀਡਰ ਸਨ। ਜਦੋਂ ਕਾਮਰੇਡ ਬੀਰ ਸਿੰਘ ਕਿਰਤੀ ਪਾਰਟੀ ਵਿਚ ਦਿਨ ਰਾਤ ਕੰਮ ਕਰਦਿਆਂ ਵਾਹਵਾ ਮਸ਼ਹੂਰ ਹੋ ਗਏ, ਤਾਂ ਹੌਲ਼ੀ-ਹੌਲ਼ੀ ਉਨ੍ਹਾਂ ਨੂੰ ਇਸ ਕਰਕੇ ਨਿੱਕਾ ਬੀਰ ਸਿੰਘ ਕਿਹਾ ਜਾਣ ਲੱਗ ਪਿਆ, ਕਿਉਂਕਿ ਜੱਥੇਦਾਰ ਬੀਰ ਸਿੰਘ ਉਮਰ 'ਚ ਵੱਡੇ ਸਨ। ਕਾਮਰੇਡ ਤਾਰਾ ਸਿੰਘ ਨੇ ਹੋਰ ਦੱਸਿਆ ਕਿ ਨਿੱਕਾ ਬੀਰ ਸਿੰਘ ਜ਼ਿਲ੍ਹਾ ਕਿਸਾਨ ਸਭਾ ਦੇ ਪ੍ਰਧਾਨ ਵੀ ਰਹੇ ਸਨ। ਕੁਲਵਕਤੀ ਹੋਣ ਕਰਕੇ ਉਹ ਜ਼ਿਲ੍ਹੇ ਦੇ ਹਰ ਪਿੰਡ ਦੇ ਭੇਤੀ ਹੋ ਗਏ ਸਨ। ਏਨੇ ਭੇਤੀ ਕਿ ਜ਼ਿਲ੍ਹੇ ਦੇ ਹਰ ਪਿੰਡ ਦੀ ਪਗਡੰਡੀ ਦੀ ਉਨ੍ਹਾਂ ਨੂੰ ਪਛਾਣ ਸੀ।

ਮੈਂ ਫ਼ਕੀਰ ਚੰਦ ਨੂੰ ਪੁੱਛਦਾ ਹਾਂ, "ਤੁਸੀਂ ਤਾਂ ਨਿੱਕਾ ਬੀਰ ਸਿੰਘ ਹੁਰਾਂ ਨੂੰ ਦੇਖਿਆ ਸੁਣਿਆ ਹਊ।"

ਫ਼ਕੀਰ ਚੰਦ ਰੁਕ-ਰੁਕ ਕੇ ਬੋਲਦੇ ਹਨ, "ਮੈਂ ਜੀ ਕਾਮਰੇਡ ਵਰਗਾ ਬੰਦਾ ਨਹੀਂ ਕਦੇ ਦੇਖਿਆ। ਏਨਾ ਨਿਮਰ, ਏਨਾ ਸਿਆਣਾ, ਸਾਡੇ ਤਾਂ ਇਲਾਕੇ ਦਾ ਸਿਰ ਸੀ ਉਹ, ਬਸ ਮਾਰਿਆ ਗਿਆ ਵਿਚ ਬਚਾਅ ਕਰਾਉਂਦਾ।"

ਫ਼ਕੀਰ ਚੰਦ ਨੇ ਐਨਕਾਂ ਲਾਹ ਕੇ ਅੱਖਾਂ ਸਾਫ਼ ਕੀਤੀਆਂ ਤੇ ਫੇਰ ਬੋਲਣ ਲੱਗੇ, "ਕਾਮਰੇਡ ਤਾਂ ਸਾਰੇ ਇਲਾਕੇ ਵਿਚ ਹੀ ਅਮਨ ਕਮੇਟੀਆਂ ਬਣਾਉਣ ਲੱਗੇ ਹੋਏ ਸੀ। ਬਾਬਾ ਕਰਮ ਸਿੰਘ ਚੀਮਾ ਤੇ ਭਾਗ ਸਿੰਘ ਕਨੇਡੀਅਨ ਹੋਰ ਕਾਮਰੇਡ ਵੀ ਹੁੰਦੇ ਸੀ। ਇਨ੍ਹਾਂ ਦਾ ਜ਼ੋਰ ਲੱਗਾ ਰਿਹਾ ਕਿ ਨਾ ਮਾਰੋ ਉਏ ਅਪਣਿਆਂ ਨੂੰ; ਪਰ ਕਿਸੇ ਸੁਣੀ ਨਹੀਂ। ਆਹ ਜਿੱਦਣ ਸਵੱਖਤੇ ਸਾਡੇ ਪਿੰਡ ਹਮਲਾ ਹੋਇਆ, ਓਦਣ ਕਾਮਰੇਡ ਖੂਹ 'ਤੇ ਸੀ। ਦੌੜਾ ਆਇਆ ਬਚਾਅ ਲਈ ਪਰ ਉਹਦੀ ਕਿਸੇ ਸੁਣਨੀ ਤਾਂ ਕੀ ਸੀ ਸਗੋਂ ਉਹਨੂੰ ਵੀ ਮਾਰ ਮੁਕਾਇਆ ਫ਼ਸਾਦੀਆਂ ਨੇ।"

ਕਾਮਰੇਡ ਤਾਰਾ ਸਿੰਘ ਸ਼ਾਇਰ ਤਾਲਿਬ ਜਲੰਧਰੀ ਬਾਰੇ ਵੀ ਦਸਦੇ ਹਨ। ਤਾਲਿਬ ਜਲੰਧਰੀ ਵੀ ਪੁਆਦੜੇ ਦੇ ਹੀ ਸਨ। ਉਹ ਰੌਲਿਆਂ ਤੋਂ 6 ਕੁ ਮਹੀਨੇ ਪਹਿਲਾਂ ਹੀ ਪਿੰਡ ਛੱਡ ਕੇ ਜਲੰਧਰ ਚਲੇ ਗਏ ਸਨ ਤੇ ਉਥੋਂ ਪਾਕਿਸਤਾਨ ਜਾ ਵਸੇ ਸਨ।

"ਤਾਲਿਬ ਨੇ ਪਿੰਡ ਕਿਉਂ ਛੱਡ ਦਿੱਤਾ?"

ਮੇਰੇ ਪੁੱਛਣ 'ਤੇ ਤਾਰਾ ਸਿੰਘ ਦਸਦੇ ਹਨ ਕਿ ਉਹ ਖੂਹ 'ਚ ਨਹਾ ਰਹੇ ਸਨ ਤਾਂ ਪਿੰਡ ਦੇ ਕੁਝ ਸ਼ਰਾਰਤੀ ਮੁੰਡੇ ਹਲਟ ਨੂੰ ਕਦੇ ਪੁਠਾ ਗੇੜਨ ਤੇ ਕਦੇ ਸਿੱਧਾ। ਇਸ ਤੋਂ ਦੁਖੀ ਹੋ ਕੇ ਤਾਲਿਬ ਪਿੰਡ ਹੀ ਛੱਡ ਗਿਆ। ਤਾਲਿਬ ਦੀ ਕੋਈ ਕਵਿਤਾ ਹੁਣ ਕਾਮਰੇਡ ਕੋਲ ਨਹੀਂ ਹੈ। ਮੈਂ ਉਥੇ ਬੈਠਾ ਹੀ ਹਰਭਜਨ ਸਿੰਘ ਹੁੰਦਲ ਨੂੰ ਫੋਨ ਕਰ ਕੇ ਪੁੱਛਦਾ ਹਾਂ, ਤਾਂ ਉਹ ਕਹਿੰਦੇ ਹਨ, "ਹਾਂ ਬਈ ਤਾਲਿਬ ਦਾ ਗੀਤ "...ਫੇਰ ਕੀ ਤੂੰ ਰੱਬ ਹੋ ਗਿਓਂ" ਬੜਾ ਮਸ਼ਹੂਰ ਹੋਇਆ ਸੀ। ਮੈਂ ਲੱਭੂੰਗਾ।"

ਮੈਂ ਜਗਤਾਰ ਹੁਰਾਂ ਨੂੰ ਪੁੱਛਦਾ ਹਾਂ, ਤਾਂ ਉਹ ਕਹਿੰਦੇ ਹਨ, "ਦੇਖਦਾਂ ਜੇ ਉਹਦਾ ਕੋਈ ਕਲਾਮ ਮਿਲ ਜਾਵੇ ਤਾਂ, ਕਿਸੇ ਪਾਕਿਸਤਾਨੀ ਸ਼ਾਇਰ ਨੂੰ ਵੀ ਫ਼ੋਨ ਕਰਕੇ ਪੁਛਦਾਂ, ਉਂਝ ਤਾਲਿਬ ਸੀ ਬੜਾ ਝਗੜਾਲੂ।"

***

ਫਿਰ ਪੁਆਦੜੇ 'ਤੇ ਤਲਵਣੀਆਂ ਦੇ ਹਮਲੇ ਤੇ ਫੇਰ ਤਲਵੱਣ 'ਤੇ ਲਗਾਤਾਰ ਤਿੰਨ ਹਮਲਿਆਂ ਵੱਲ ਪਰਤਦੇ ਹਾਂ। ਫ਼ਕੀਰ ਚੰਦ ਦੀ ਉਮਰ ਉਦੋਂ 34-35 ਸਾਲ ਹੋਊ। ਜਿੱਦਣ ਪਿੰਡ 'ਤੇ ਹਮਲਾ ਹੋਇਆ, ਉਹ ਓਦਣ ਵੀ ਪਾਣੀ ਦੀ ਮਸ਼ਕ ਲਈ ਏਧਰ-ਉਧਰ ਦੌੜ ਰਿਹਾ ਸੀ। ਹਮਲੇ ਤੋਂ ਬਾਅਦ ਸਭ ਪਿੰਡ ਛੱਡ ਕੇ ਦੌੜ ਗਏ ਸਨ, ਪਰ ਫ਼ਕੀਰ ਚੰਦ ਪਿੰਡ ਹੀ ਰਿਹਾ ਸੀ। ਲਾਸ਼ਾਂ ਵਿਚ ਘੁੰਮ-ਘੁੰਮ ਕੇ ਸਾਹ ਲੈਂਦਿਆਂ ਦੀ ਭਾਲ ਕਰਦਾ, ਰੋਂਦਾਂ ਕੁਰਲਾਉਂਦਾ ਤੇ ਪਾਣੀ ਪਿਆਉਂਦਾ। ਪਿੰਡ ਵਿਚ ਉਹਦਾ ਭਤੀਜਾ ਬਲਕਾ ਸੀ ਤੇ ਜਾਂ ਫਿਰ ਜੱਟਾਂ ਦੀ ਸੰਤੀ। ਜੱਟਾਂ ਦੀ ਸੰਤੀ ਕਦੇ-ਕਦੇ ਬੋਲਦੀ ਸੀ, "ਵੇ ਫ਼ਕੀਰਾ ਮੈਂ ਹੈਗੀ ਆਂ, ਡਰਿਓ ਨਾ।"



ਜੈ ਕਰਨ

ਤੜਕਾ ਹੁੰਦਿਆਂ ਹੀ ਫ਼ਕੀਰ ਚੰਦ ਪਾਣੀ ਦੀ ਮਸ਼ਕ ਭਰ ਤਲਵਣ ਦੇ ਜੰਗ ਦੇ ਮੈਦਾਨ 'ਚ ਲਗਾਤਾਰ ਤਿੰਨੇ ਦਿਨ ਜਾਂਦਾ ਰਿਹਾ ਸੀ। ਜਨੂੰਨ ਅਪਣਾ ਕੰਮ ਕਰੀ ਜਾ ਰਿਹਾ ਸੀ, ਭਾਈ ਘਨੱਈਆ ਅਪਣਾ ਕੰਮ ਕਰੀ ਜਾ ਰਿਹਾ ਸੀ।

***

ਆਖ਼ਿਰ ਕਿਹੜੀ ਗੱਲ ਸੀ ਜਿਹਦੇ ਕਰਕੇ ਮੁਸਲਮਾਨਾਂ ਨੇ 3 ਸਤੰਬਰ 1947 ਨੂੰ ਅਚਾਨਕ ਹੀ ਪੁਆਦੜੇ 'ਤੇ ਹੱਲਾ ਬੋਲ ਪਿੰਡ ਨੂੰ ਕਬਰਸਤਾਨ ਵਿਚ ਤਬਦੀਲ ਕਰ ਦਿੱਤਾ ਸੀ? ਮੈਂ ਅਪਣੀ ਬੇਚੈਨੀ ਕਾਮਰੇਡ ਤਾਰਾ ਸਿੰਘ ਤੇ ਫ਼ਕੀਰ ਚੰਦ ਨਾਲ ਸਾਂਝੀ ਕਰਦਾ ਹਾਂ। ਉਨ੍ਹਾਂ ਜੋ ਮੈਨੂੰ ਦੱਸਿਆ, ਉਹ ਹੋਰ ਵੀ ਭਿਅੰਕਰ ਤੇ ਸ਼ਰਮਨਾਕ ਸੀ, ਪਰ ਮੈਂ ਇਹਦੀ ਹੋਰ ਤਸਦੀਕ ਕਰਵਾਉਣੀ ਚਾਹੁੰਦਾ ਸੀ। ਫੇਰ ਜੱਥੇਦਾਰ ਪਿਆਰਾ ਸਿੰਘ ਨੂੰ ਇਹੀ ਪੁੱਛਦਾ ਹਾਂ। ਉਹ ਪਹਿਲਾਂ ਤਾਂ ਚੁੱਪ ਰਹਿੰਦੇ ਹਨ, ਪਰ ਜ਼ੁਰ ਦੇਣ 'ਤੇ ਕਹਿੰਦੇ ਹਨ, "ਹੈ ਤਾਂ ਇਹੀ ਸੱਚ; ਪਰ ਇਹ ਲਿਖਿਓ ਨਾ, ਐਵੇਂ ਸਾਡੀ ਬਿੱਜਤੀ ਹੋਊ।"

ਹੁਣ ਮੈਂ ਕਾਮਰੇਡ ਤਾਰਾ ਸਿੰਘ ਨੂੰ ਤਲਵਣ ਵੀ ਨਾਲ ਹੀ ਜਾਣ ਦੀ ਬੇਨਤੀ ਕਰਦਾ ਹਾਂ।

***

ਸਕੂਟਰ ਤਲਵਣ ਅੱਡੇ 'ਤੇ ਜੈ ਕਰਨ ਦੀ ਆੜ੍ਹਤ ਦੀ ਹੱਟੀ ਸਾਹਮਣੇ ਖੜ੍ਹਾ ਕੇ ਅਸੀਂ ਐਨਕਾਂ ਲਾਈ ਬੈਠੇ ਬਜ਼ੁਰਗ ਅੱਗੇ ਹੱਥ ਜਾ ਜੋੜੇ।

"ਆਉ ਜੀ ਆਉ, ਹਾਂ ਜੀ, ਕੀ ਸੇਵਾ ਪਾਣੀ ਕਰੀਏ?" ਇਹ ਜੈ ਕਰਨ ਹੀ ਸਨ।

"ਬਸ ਜੀ ਤੁਹਾਡੇ ਦਰਸ਼ਨਾਂ ਨੂੰ ਚੰਡੀਗੜ੍ਹੋਂ ਆਇਆ ਆਹ ਮੁੰਡਾ।" ਕਾਮਰੇਡ ਤਾਰਾ ਸਿੰਘ ਬੋਲੇ।

"ਹਾਂ ਹਾਂ, ਬੋਲੋ! ਬੋਲੋ! ਹੁਕਮ ਕਰੋ।"

"ਹੁਕਮ ਨਹੀਂ ਗੁਜ਼ਾਰਿਸ਼ ਏਨੀ ਕੁ ਆ ਜੀ ਕੀ ਤੁਸੀਂ ਸਾਨੂੰ ਰੌਲ਼ਿਆਂ ਵੇਲੇ ਪੁਆਦੜੀਆਂ ਵੱਲੋਂ ਤਲਵਣ 'ਤੇ ਕੀਤੇ ਹਮਲੇ ਬਾਰੇ ਕੁੱਝ ਦੱਸ ਸਕਦੇ ਹੋ? ਕਿੰਨੇ ਮੁਸਲਮਾਨ ਤੇ ਹਿੰਦੂ ਮਰੇ ਸੀ ਓਦੋਂ? ਮੈਂ ਗੱਲ ਸ਼ੁਰੂ ਕੀਤੀ।

"ਮੈਂ ਬੜਾ ਬੇਵਕੂਫ਼ ਬੰਦਾਂ, ਮੇਰੀ ਗੱਲ ਲਗਣੀ ਐ ਤੁਹਾਡੇ ਗਿੱਟੇ, ਆਹ ਜਿਹੜੇ ਤੁਰੇ ਫਿਰਦੇ ਐ, ਇਹ ਸਾਰੇ ਈ ਲੜਾਉਂਦੇ ਨੇ ਇਕ ਦੂਏ ਨੂੰ। ਉਮਰ ਲੰਘ ਗਈ ਇਹੀ ਕੁਝ ਦੇਖਦਿਆਂ। ਹੁਣ ਫੇਰ ਉਹੀ ਕੁਝ ਹੋਊ। ਮੈਂ ਦਸੂੰ ਉਦਾਂ, ਪਰ ਪਹਿਲਾਂ ਐਂ ਦੱਸੋ ਪੁਆਦੜੇ ਵਾਲਿਆਂ ਤੁਹਾਨੂੰ ਕੀ ਦੱਸਿਆ? ਨਿਰਾ ਝੂਠ ਸਿੱਧ ਕਰਦੂੰ।" ਜੈ ਕਰਨ ਦੀ ਸੁਰ ਤਿੱਖੀ ਸੀ।

ਮੇਰੇ ਬੋਲਣ ਤੋਂ ਪਹਿਲਾਂ ਹੀ ਕਾਮਰੇਡ ਤਾਰਾ ਸਿੰਘ ਨੇ ਥੋੜ੍ਹੀ ਧੀਮੀ ਆਵਾਜ਼ ਵਿਚ ਸਾਰੇ ਰੌਲੇ ਦੀ ਉਹ ਜੜ੍ਹ ਜੈ ਕਰਨ ਨੂੰ ਦੱਸ ਦਿੱਤੀ; ਜਿਹੜੀ ਮੈਨੂੰ ਦੱਸੀ ਸੀ। ਜੈ ਕਰਨ ਦੀ ਆਵਾਜ਼ ਨਰਮ ਪੈ ਗਈ। ਕਹਿਣ ਲੱਗੇ ਅਖੇ ਇਹ ਠੀਕ ਹੈ, ਮੈਂ ਵੀ ਇਹ ਹੀ ਗੱਲ ਕਰਨੀ ਸੀ।

ਹੁਣ ਉਹ ਸਾਡੇ ਨਾਲ ਖੁੱਲ੍ਹ ਗਏ ਸਨ। ਉਨ੍ਹਾਂ ਦੱਸਿਆ ਕਿ ਕਹਿਣ ਨੂੰ ਕੋਈ ਜੋ ਮਰਜ਼ੀ ਕਹੀ ਜਾਵੇ, ਪਰ ਸੱਚ ਇਹ ਹੀ ਹੈ ਕਿ ਤੀਜੇ ਹਮਲੇ ਵਿਚ 100 ਕੁ ਬੰਦਾਂ ਮਰਿਆ ਪਰ ਸਾਰੇ ਮੁਸਲਮਾਨ ਹੀ, ਹਿੰਦੂ ਕੋਈ ਨਹੀਂ ਮਰਿਆ। ਖਾਦਾਂ-ਪੀਦਾ ਹਿੰਦੂ ਭਾਈਚਾਰਾ ਅਸਲ ਵਿਚ ਰੌਲੇ ਸ਼ੁਰੂ ਹੁੰਦਿਆ ਹੀ ਪਿੰਡ ਛੱਡ ਗਿਆ ਸੀ।"

ਜੈ ਕਰਨ ਹੁਰਾਂ ਬੜੀ ਬੇਬਾਕੀ ਨਾਲ ਕਿਹਾ, "ਐਵੇ ਲੋਕ ਫੜ੍ਹਾਂ ਮਾਰਦੇ ਐ, ਕੋਈ ਸੱਚ ਦੱਸ ਕੇ ਨਹੀਂ ਰਾਜ਼ੀ। ਸੱਚ ਇਹ ਸੀ ਕਿ ਜਿਹੜੇ ਸਰਦੇ ਪੁੱਜਦੇ ਲਾਲੇ ਸੀ ਉਹ ਤਾਂ ਝੱਟ ਟਿਕਾਣੀ ਜਾ ਲੱਗੇ। ਪਿੰਡ 'ਚ ਹਿੰਦੂ ਪਰਿਵਾਰਾਂ 'ਚੋ ਸਿਰਫ਼ ਮੈਂ ਤੇ ਮੇਰਾ ਬਾਪ ਅਮਰਨਾਥ ਹੀ ਰਹਿ ਗਏ ਸੀ। ਅਸੀਂ ਗਰੀਬ ਮਹਾਤੜ ਸੀ, ਚਾਟ ਭੱਲਿਆਂ ਦੀ ਰੇੜ੍ਹੀ ਲਾਈਦੀ ਸੀ। ਹੁਣ ਭਾਵੇ ਆੜ੍ਹਤ ਐ, ਇਥੇ ਵੀ, ਨੂਰਮਹਿਲ ਵੀ ਪਰ ਉਦੋਂ ਤਾਂ ਗਰੀਬ ਗੁਰਬੇ ਈ ਸੀ ਨਾ।"

ਅੱਜ ਤਲਵਣ ਫਿਰ ਆਬਾਦ ਹੈ। ਹਾਲਾਤ ਠੀਕ ਹੋਣ ਤੇ ਉੱਜੜ ਗਏ ਹਿੰਦੂ ਪਰਿਵਾਰ ਵਾਪਸ ਆ ਗਏ। ਮੁਸਲਮਾਨਾਂ ਦੇ ਘਰ ਉਧਰੋਂ ਆਏ ਜੱਟਾਂ ਨੂੰ ਅਲਾਟ ਹੋ ਗਏ। ਨੇੜ੍ਹਲੇ ਪਿੰਡਾਂ ਵਿਚੋਂ ਜੱਟਾਂ ਨੇ ਆ ਕੇ ਤਲਵਣ 'ਚ ਜ਼ਮੀਨਾਂ ਖ਼ਰੀਦ ਲਈਆਂ। ਉਸ ਘੱਲੂਘਾਰੇ ਦਾ ਇੱਕੋ-ਇਕ ਗਵਾਹ ਤਲਵਣ ਵਿਚ ਜੈ ਕਰਨ ਹੀ ਹੈ। ਜੈ ਕਰਨ ਦੇ ਮੂੰਹ 'ਚੋ ਵਾਰ ਵਾਰ ਹਬੀਬ ਉਲਾ ਤੇ ਹਨੀਫ ਉਲਾ ਦੀ ਤਾਰੀਫ਼ ਦੇ ਸ਼ਬਦ ਹੀ ਨਿਕਲ ਰਹੇ ਸਨ। ਉਨ੍ਹਾਂ ਮੁਤਾਬਿਕ ਪਿੰਡ ਨੂੰ ਬਚਾਇਆ ਹੀ ਇਨਾਂ ਦੋਵਾਂ ਭਰਾਵਾਂ ਨੇ ਸੀ। ਦੋਵੇਂ ਭਰਾ ਅਮਨਪਸੰਦ ਸਨ। ਜਦੋਂ 3 ਸਤੰਬਰ ਵਾਲੇ ਦਿਨ ਪੁਆਦੜੇ 'ਤੇ ਹਮਲਾ ਕਰਨ ਦੀ ਤਿਆਰੀ ਹੋ ਰਹੀ ਸੀ, ਉਦੋਂ ਇਨ੍ਹਾਂ ਦੋਵਾਂ ਭਰਾਵਾਂ ਨੇ ਭੂਤਰੇ ਜਨੂੰਨੀਆਂ ਨੂੰ ਰੋਕਣ ਦੀ ਬਹੁਤ ਕੋਸ਼ਿਸ਼ ਕੀਤੀ ਸੀ, ਪਰ ਭਾਣਾ ਤਾਂ ਵਰਤਣਾ ਹੀ ਸੀ।

ਹੱਟੀ 'ਤੇ ਆਏ ਜੈ ਕਰਨ ਦੇ ਬੇਟੇ ਨੂੰ ਮੈਂ ਹਬੀਬ, ਨਬੀਬ ਉੱਲੇ ਦੀ ਰਿਹਾਇਸ਼ ਦਿਖਾ ਦੇਣ ਦੀ ਬੇਨਤੀ ਕਰਦਾ ਹਾਂ। ਉਹ ਸਕੂਟਰ 'ਤੇ ਬਿਠਾ ਮੈਨੂੰ ਉਸ ਕਿਲ੍ਹਨੁਮਾ ਹਵੇਲੀ ਦੇ ਖੰਡਰਾਂ ਦੁਆਲੇ ਗੇੜਾ ਦਿੰਦਾ ਹੈ। ਵੱਖ- ਵੱਖ ਕੋਣਾਂ ਤੋਂ ਕਿਲ੍ਹੇ ਦੇ ਖੰਡਰਾਂ ਵਿਚ ਉਸਰ ਰਹੀਆਂ ਵਲਾਇਤੀ ਕੋਠੀਆਂ ਦੀਆਂ ਫ਼ੋਟੋਆਂ ਖਿੱਚਦਾ ਹਾਂ; ਤਾਂ ਕੋਠੀਆਂ 'ਤੇ ਬਣ ਰਹੀਆਂ ਟੈਕੀਆਂ 'ਚੋਂ ਮੈਨੂੰ ਹਬੀਬ, ਨਬੀਬ ਭਰਾਵਾਂ ਦੇ ਝਾਉਲ਼ੇ ਪੈਣ ਲੱਗਦੇ ਹਨ।

***

ਹੋਇਆ ਦਰਅਸਲ ਇਹ ਸੀ ਕਿ ਪੁਆਦੜੇ ਉਪਰ ਤਲਵਣੀਆਂ ਦੇ ਹਮਲੇ ਤੋਂ ਪਹਿਲੇ ਦਿਨ ਯਾਨੀ 2 ਸਤੰਬਰ 1947 ਨੂੰ ਥੰਮ੍ਹਣਵਾਲ਼ੀਏ ਸਰਦਾਰਾਂ ਸੂਰਤ ਸਿੰਘ, ਸਾਧੂ ਸਿੰਘ, ਭਗਤ ਸਿੰਘ ਤੇ ਜੀਤ ਸਿੰਘ ਦੀ ਅਗਵਾਈ ਵਿਚ ਮੁਸਲਮਾਨਾਂ ਦੇ ਨਿੱਕੇ-ਨਿੱਕੇ ਪਿੰਡ ਉਜਾੜ ਦਿੱਤੇ ਗਏ। ਪਿੰਡ ਬੁਰਜ ਚੰਨੀਆਂ, ਫ਼ਤਿਹਗੜ੍ਹ ਨਿਹਾਲ, ਸੰਗੋਵਾਲ ਤੇ ਭੂੰਦੜੀ ਵਰਗੇ ਪਿੰਡਾਂ ਵਿੱਚੋਂ ਮੁਸਲਮਾਨਾਂ ਨੂੰ ਭਜਾ ਦਿੱਤਾ ਗਿਆ। ਬੁਰਜ ਚੰਨੀਆਂ ਤੇ ਭੂੰਦੜੀ ਤੋਂ ਗੁੱਜਰ ਮੁਸਲਮਾਨਾਂ ਦੀਆਂ ਦੋ ਲੜਕੀਆਂ ਚੁੱਕ ਲਈਆਂ ਗਈਆਂ। ਲੜਕੀਆਂ ਨੂੰ ਪਿੰਡ ਪੁਆਦੜੇ ਲੈ ਆਂਦਾ ਗਿਆ। ਇਹਦੇ ਤੋਂ ਰੋਹ ਵਿਚ ਆਏ ਮੁਸਲਮਾਨਾਂ ਨੇ ਤਲਵਣ ਜਾ ਸ਼ਰਣ ਲਈ। ਲੜਕੀਆਂ ਨੂੰ ਪੁਆਦੜੇ ਤੋਂ ਛੁਡਾ ਕੇ ਲਿਆਉਣ ਦੀਆਂ ਵਿਉਂਤਾ ਬਣਨ ਲੱਗੀਆਂ।

ਇਧਰ ਪੁਆਦੜੇ ਵਿਚ ਵੀ ਕੁਝ ਅਮਨਪਸੰਦ ਵਿਅਕਤੀਆਂ ਦੇ ਯਤਨਾਂ ਨਾਲ਼ ਲੜਕੀਆਂ ਨੂੰ ਵਾਪਸ ਭੇਜ ਦੇਣ ਦੀ ਸਹਿਮਤੀ ਬਣ ਰਹੀ ਸੀ। ਸਹਿਮਤੀ ਹੋਣ 'ਤੇ ਕੁੜੀਆਂ ਨੂੰ ਨੰਬਰਦਾਰ ਮੇਹਰ ਸਿੰਘ ਦੇ ਹਵਾਲੇ ਕਰ ਦਿੱਤਾ ਗਿਆ। ਪੁਆਦੜੇ ਤੋਂ ਕੁੜੀਆਂ ਵਾਪਸ ਲੈਣ ਲਈ ਜਦੋਂ ਤਲਵਣੋਂ ਮੁਸਲਮਾਨਾਂ ਦੇ ਜੱਥੇ ਤੁਰੇ, ਤਾਂ ਇਕ ਜੱਥੇ ਨੇ ਨਿਹੰਗ ਸਿੰਘਾਂ ਵਾਲ਼ਾ ਬਾਣਾ ਵੀ ਪਾਇਆ ਹੋਇਆ ਸੀ। ਇਹ ਜੱਥੇ ਜਦੋਂ ਪੁਆਦੜੇ ਆ ਵੜੇ, ਉਦੋਂ ਹੀ ਨੰਬਰਦਾਰ ਮਿਹਰ ਸਿੰਘ ਦੀ ਘੋੜੀ ਕੁੜੀਆਂ ਨੂੰ ਵਾਪਸ ਛੱਡਣ ਜਾਣ ਲਈ ਤਿਆਰ-ਬਰ-ਤਿਆਰ ਸੀ। ਪਰ ਹੁਣ ਤਾਂ ਹਮਲਾ ਹੋ ਚੁੱਕਾ ਸੀ। ਦੋਵਾਂ ਧਿਰਾ ਦੇ ਸਿਆਣੇ ਬੰਦਿਆਂ ਦੀ ਕੋਈ ਸੁਣਵਾਈ ਨਹੀਂ ਸੀ। ਕਤਲੇਆਮ ਵਿਚ ਕੁੜੀਆਂ ਨੂੰ ਛੱਡਣ ਜਾਣ ਲਈ ਤਿਆਰ ਮਿਹਰ ਸਿੰਘ ਵੀ ਮਾਰਿਆ ਗਿਆ ਤੇ ਕਾਮਰੇਡ ਨਿੱਕਾ ਬੀਰ ਸਿੰਘ ਵੀ। ਗੁਰਦੁਆਰੇ ਦੇ ਬਾਹਰ ਉੱਕਰੀ ਹੋਈ ਸ਼ਹੀਦੀ ਲਿਸਟ ਵਿਚਲੇ ਸਾਰੇ ਹੀ ਬੰਦੇ 3 ਸਤੰਬਰ ਵਾਲੇ ਦਿਨ ਨਹੀਂ ਸੀ ਮਰੇ; ਜਿਹੜੇ ਹੋਰਨਾਂ ਪਿੰਡਾਂ ਦੇ ਬੰਦਿਆਂ ਦੇ ਨਾਂ ਇਹਦੇ ਵਿਚ ਹਨ, ਇਹ ਤਲਵਣ 'ਤੇ ਕੀਤੇ ਹਮਲਿਆਂ ਦੌਰਾਨ ਮਾਰੇ ਗਏ ਸੀ।

***

ਟਿਕਾ-ਟਿਕਾਅ ਤੋਂ ਬਾਅਦ ਪੁਆਦੜੇ ਸ਼ਹੀਦਾਂ ਦੀ ਯਾਦ ਵਿਚ ਜਗ੍ਹਾ ਬਣਾ ਕੇ ਦੀਵਾ ਜਗਾਇਆ ਜਾਣ ਲੱਗਾ। ਇਸ ਜਗਾ 'ਤੇ ਮਾਰੇ ਗਿਆਂ ਦੇ ਨਾਵਾਂ ਦੀ ਲਿਸਟ ਲਾ ਦਿੱਤੀ ਗਈ। ਜਗ੍ਹਾ ਹੌਲ਼ੀ-ਹੌਲ਼ੀ ਗੁਰਦੁਆਰੇ ਦਾ ਰੂਪ ਧਾਰ ਗਈ। ਗੁਰਦੁਆਰੇ ਦੀ ਪੁਰਾਣੀ ਇਮਾਰਤ ਦੀ ਥਾਂ ਹੁਣ ਨਵੀਂ ਇਮਾਰਤ ਵੀ ਉਸਰ ਰਹੀ ਹੈ। ਨਵੀਂ ਇਮਾਰਤ ਦੇ ਬਾਹਰ ਵੀ ਸੰਗਮਰਮਰੀ ਸਿਲ਼ 'ਚ ਸ਼ਹੀਦਾਂ ਦੇ ਨਾਂ ਚਮਕ ਰਹੇ ਹਨ। ਓਦਾਂ ਸਭ ਕੁਝ ਫਿੱਕਾ ਪੈ ਚੁੱਕਾ ਹੈ।

ਬਾਕੀ ਤਾਂ ਬਾਕੀ ਨਿੱਕੇ ਬੀਰ ਸਿੰਘ ਨੂੰ ਵੀ ਲੋਕਾਂ ਪੂਰੀ ਤਰਾਂ ਵਿਸਾਰ ਦਿੱਤਾ ਹੈ। ਨਿੱਕਾ ਬੀਰ ਸਿੰਘ ਦਾ ਭਤੀਜਾ ਕਾਮਰੇਡ ਹਰਕਿਸ਼ਨ ਸਿੰਘ ਆਜ਼ਾਦੀ ਤੋਂ ਬਾਅਦ ਬਣੀ ਪੰਚਾਇਤ ਦਾ ਲਗਾਤਾਰ 14 ਸਾਲ ਸਰਪੰਚ ਰਿਹਾ। ਨਿੱਕੇ ਬੀਰ ਸਿੰਘ ਨੂੰ ਉਦੋਂ ਵੀ ਕਿਸੇ ਨਾ ਗੌਲ਼ਿਆ। ਕਾਮਰੇਡ ਹਰਕਿਸ਼ਨ ਸਿੰਘ ਪਿੰਡ ਛੱਡ ਕੇ ਵਲੈਤੀਆ ਹੋ ਗਿਆ। ਪਿੰਡ ਆਇਆ ਤਾਂ ਅਪਣੇ ਪਿਤਾ ਮਿਲਖਾ ਸਿੰਘ ਦੀ ਯਾਦ ਵਿਚ ਗੇਟ ਬਣਵਾਇਆ, ਪਰ ਚਾਚੇ ਨਿੱਕੇ ਬੀਰ ਸਿੰਘ ਦੀ ਯਾਦ ਉਹਨੂੰ ਉਦੋਂ ਵੀ ਨਾ ਆਈ। ਹਰ ਜਣੇ-ਖਣੇ 'ਤੇ ਲਿਖ-ਲਿਖ ਕੇ ਅਖ਼ਬਾਰਾਂ ਕਾਲ਼ੀਆਂ ਕਰਨ ਲੱਗੇ ਹੋਏ ਕਾਮਰੇਡ-ਲਿਖਾਰੀਆਂ ਨੇ ਵੀ ਕਦੇ ਬੀਰ ਸਿੰਘ ਦੀ ਬਾਤ ਨਹੀਂ ਪਾਈ।

ਨਿੱਕੇ ਬੀਰ ਸਿੰਘ ਨੂੰ ਯਾਦ ਕਰਨ ਲਈ ਤਾਂ ਉਹਦਾ ਬੇਲੀ ਫ਼ਕੀਰ ਚੰਦ ਤੇ ਕਾਮਰੇਡ ਤਾਰਾ ਸਿੰਘ ਹੀ ਰਹਿ ਗਏ ਹਨ।

***

ਚੰਡੀਗੜ੍ਹ ਜਾਣ ਲਈ ਬੱਸ ਵਿਚ ਬੈਠ ਗਿਆ ਹਾਂ। ਲੱਗ ਰਿਹਾ ਸੀ ਜਿਵੇਂ ਮੈਂ ਖ਼ੁਦ ਇਸ ਜੰਗ ਵਿਚ ਘਿਰਿਆ ਹੋਵਾਂ। ਅਚਾਨਕ ਮੋਬਾਇਲ ਬੋਲ ਉੱਠਿਆ, ਮੇਰੀ ਸੁਰਤੀ ਟੁੱਟੀ। ਕਹਾਣੀਕਾਰ ਮਨਿੰਦਰ ਕਾਂਗ ਦਾ ਫ਼ੋਨ ਸੀ, "ਹਾਂ ਬਈ! ਕੀ ਸਰਗਰਮੀਆਂ ਫੇਰ?"

"ਬਸ ਪੁਆਦੜੇ ਗਿਆ ਸੀ ਕਾਮਰੇਡ ਨਿੱਕਾ ਬੀਰ ਸਿੰਘ ਬਾਰੇ ਜਾਨਣ।"

"ਜੇ ਨਿੱਕਾ ਬੀਰ ਸਿੰਘ ਸੀ ਤਾਂ ਕੋਈ ਵੱਡਾ ਬੀਰ ਸਿੰਘ ਵੀ ਹੋਊ?"

"ਹਾਂ, ਹਾਂ, ਉਹ ਸਨ ਜਥੇਦਾਰ ਬੀਰ ਸਿੰਘ।"

ਮੇਰੇ ਅੱਗੇ ਬੈਠੀ ਸਵਾਰੀ ਨੇ ਕਿਸੇ ਮਸ਼ੀਨ ਵਾਂਗ ਸਿਰ ਭੁਆ ਕੇ ਮੇਰੇ ਵੱਲ ਦੇਖਿਆ। ਮੈਂ ਮੋਬਾਇਲ ਬੰਦ ਕਰ ਦਿੱਤਾ, "ਦੱਸੋ ਕੀ ਗੱਲ ਐ?"

"ਨਈਂ! ਨਈਂ! ਮੈਂ ਤਾਂ ਦੇਖ ਰਿਹਾ ਸੀ ਕਿ ਜੱਥੇਦਾਰ ਬੀਰ ਸਿੰਘ ਦੀ ਗੱਲ ਕਰਨ ਵਾਲਾ ਕੌਣ ਹੋ ਸਕਦੈ? ਉਹ ਮੇਰੇ ਬਾਬਾ ਜੀ ਸਨ।"

ਫੇਰ ਸੁਰਿੰਦਰ ਸਿੰਘ ਨਾਂ ਦੇ ਬੰਦੇ ਨੇ ਅਪਣੇ ਬਾਬੇ ਜੱਥੇਦਾਰ ਬੀਰ ਸਿੰਘ ਦੀ ਪੂਰੀ ਜੀਵਨੀ ਮੇਰੇ ਸਾਹਮਣੇ ਬਿਆਨ ਕਰ ਦਿੱਤੀ। ਜੱਥੇਦਾਰ ਬੀਰ ਸਿੰਘ 1939 ਤੋਂ 1946 ਤੱਕ ਤਖ਼ਤ ਸ੍ਰੀ ਕੇਸਗੜ ਸਾਹਿਬ ਦੇ ਜੱਥੇਦਾਰ ਰਹੇ ਸਨ।

ਜੱਥੇਦਾਰ ਬੀਰ ਸਿੰਘ ਦੇ ਪੋਤੇ ਸੁਰਿੰਦਰ ਸਿੰਘ ਨੂੰ ਇਸ ਗੱਲ ਦਾ ਦੁੱਖ ਹੀ ਨਹੀਂ ਰੰਜ ਵੀ ਸੀ ਕਿ ਕਿੰਨੀ ਵਾਰੀ ਅਕਾਲੀ ਸਰਕਾਰਾਂ ਆਈਆਂ ਗਈਆਂ। ਹੁਣ ਵੀ ਬਾਦਲ ਸਰਕਾਰ ਹੈ, ਪਰ ਜੱਥੇਦਾਰ ਬੀਰ ਸਿੰਘ ਦੇ ਪਰਿਵਾਰ ਦਾ ਕਦੇ ਕਿਸੇ ਨੇ ਮਾਣ-ਤਾਣ ਨਹੀਂ ਕੀਤਾ। ਮੈਂ ਸੋਚ ਰਿਹਾ ਸਾਂ, ਜੱਥੇਦਾਰ ਬੀਰ ਸਿੰਘ ਦੇ ਇਸ ਪੋਤੇ ਨੇ ਤਾਂ ਅੱਜ ਨਹੀਂ ਤਾਂ ਕੱਲ੍ਹ ਅਪਣਾ ਮਾਣ ਤਾਣ ਕਰਵਾ ਹੀ ਲੈਣਾ ਹੈ; ਪਰ ਨਿੱਕੇ ਬੀਰ ਸਿੰਘਾਂ, ਭੁਜੰਗੀ ਸਿੰਘਾਂ, ਹਬੀਬ ਤੇ ਨਬੀਬ ਉੱਲਿਆਂ, ਸੰਤੀਆਂ, ਫ਼ਕੀਰ ਚੰਦਾਂ, ਜੈ ਕਰਨਾਂ ਤੇ ਤਾਰਾ ਸਿੰਘਾਂ ਦਾ ਕੀ ਬਣਿਆ ਤੇ ਕੀ ਬਣੇਗਾ?

ਮੁਸਲਮਾਨ ਭਰਾਵਾਂ ਦੀ ਹਵੇਲੀ ਦੇ ਖੰਡਰ

ਡੀ ਵੀ ਡੀ

ਅਮਰਜੀਤ ਚੰਦਨ

ਰੱਬਾ ਹੁਣ ਕੀ ਕਰੀਏ

ਰੱਬਾ ਹੁਣ ਕੀ ਕਰੀਏ.Thus Departed Our Neighbours[ਸੰਨ ਸੰਤਾ.ਲੀ ਚ ਚੜ੍ਹਦੇ ਪੰਜਾਬ ਵਿਚ ਮਾਰੇ ਗਏ ਮੁਸਲਮਾਨਾਂ ਬਾਰੇ ਡੀ ਵੀ ਡੀ. ਅੰਗਰੇਜ਼ੀ ਚ ਸਬ-ਟਾਈਟਲ. ਡਾਇਰੈਕਟਰ: ਅਜੈ ਭਾਰਦਵਾਜ. 65 ਮਿੰਟ. 2007

ਸੰਨ ਸੰਤਾ.ਲੀ ਬਾਰੇ ਲਿਖੇ ਸਾਰੇ ਸਾਹਿਤ ਅਤੇ ਹੋਈ ਖੋਜ ਦੀ ਲਿਸਟ ਤਾਂ ਦਰਸ਼ਨ ਸਿੰਘ ਤਾਤਲੇ ਦੀ ਬਣਾਈ ਹੋਈ ਮਿ.ਲਦੀ ਹੈ, ਪਰ ਇਸ ਬਾਰੇ ਬਣੀਆਂ ਫ਼ੀਚਰ ਤੇ ਦਸਤਾਵੇਜ਼ੀ ਫ਼ਿਲਮਾਂ ਦੀ ਲਿਸਟ ਹਾਲੇ ਕਿਸੇ ਨਹੀਂ ਬਣਾਈ। ਅਮਰੀਕਾ ਦੀ ਡੀਊਕ ਯੂਨੀਵਰਸਟੀ ਵਾ.ਲੇ ਸੱਤੀ ਖੰਨੇ ਦੀ ਸੰਨ 1987 ਵਿਚ ਬਣੀ ਬਰਤਾਨਵੀ ਟੀ ਵੀ ਚੈਨਲ ਫ਼ੋਰ ’ਤੇ ਦਿਖਾਈ ਦਸਤਾਵੇਜ਼ੀ ਫ਼ਿਲਮ ਡੀਵੀਯਨ ਔਂਵ ਹਾਰਟਸ ਵਿਚ ਆਮ ਬੰਦਿਆਂ ਨਾ.ਲ ਕੀਤੀਆਂ ਗੱਲਾਂ ਹਨ; ਟਾਂਗੇਵਾ.ਲੇ ਨਾ.ਲ, ਮੁਸਲਮਾਨਾਂ ਦੇ ਭਾਂਡੇ ਚੋਰੀ ਕਰਨ ਵਾ.ਲੀ ਕੁੜੀ ਨਾ.ਲ ਅਤੇ ਹੋਰ ਲਾਚਾਰ ਬੰਦਿਆਂ ਨਾ.ਲ। ਇਸ ਵਿਚ ਸ਼ਾਇਰ ਅਹਿਮਦ ਰਾਹੀ ਵੀ ਬੋਲਦਾ ਹੈ।

ਹੁਣ ਦੋ ਦਹਾਕਿਆਂ ਬਾਅਦ ਦਿੱਲੀ ਦੇ ਜੰਮਪ.ਲ ਅਜੈ ਭਾਰਦਵਾਜ (ਜਨਮ 1964) ਨੇ ਰੇਸ਼ਮਾ ਦੇ ਗਾਏ ਗੀਤ ਦੇ ਨਾਂ ’ਤੇ ਫ਼ਿਲਮ ਬਣਾਈ ਹੈ – ਰੱਬਾ ਹੁਣ ਕੀ ਕਰੀਏ। (ਭਾਰਦਵਾਜ ਦਾ ਜੱਦੀ ਪਿੰਡ ਹਲਵਾਰੇ ਲਾਗੇ ਅਕਾਲਗੜ੍ਹ ਹੈ।) ਪੈਂਹਟ ਮਿੰਟਾਂ ਦੀ ਇਸ ਫ਼ਿਲਮ ਵਿਚ ਪੂਰਬੀ ਪੰਜਾਬ ਦੇ ਦੋ-ਤਿੰਨ ਸਿੱਖਾਂ ਅਤੇ ਤਿੰਨ ਮੁਸਲਮਾਨਾਂ ਦੀਆਂ ਗੱਲਾਂ ਹਨ, ਜਿਨ੍ਹਾਂ ਨੂੰ ਸੰਤਾ.ਲੀ ਵੇਲੇ ਪੂਰੀ ਹੋਸ਼ ਸੀ। ਇਹ ਫ਼ਿਲਮ ਵਿੱਕੋਲਿਤਰੀ ਇਸ ਲਿਹਾਜ਼ ਨਾ.ਲ ਹੈ ਕਿ ਗੁਰਮੁੱਖ ਸਿੱਖਾਂ ਨੇ ਸਿੱਖ ਜਨੂਨੀਆਂ ਹੱਥੋਂ ਮਾਰੇ ਗਏ ਮੁਸਲਮਾਨ ਗਵਾਂਢੀਆਂ ਦੇ ਕਤਲੇਆਮ ਬਾਰੇ ਖੁੱਲ੍ਹ ਕੇ ਗ਼ੈਰਜਜ਼ਬਾਤੀ ਗੱਲਾਂ ਕੀਤੀਆਂ ਹਨ। ਮਾੜੀ ਗੱਲ ਹੈ ਕਿ ਇਸ ਵਿਚ ਕੋਈ ਪੰਜਾਬਣ ਨਹੀਂ ਬੋਲਦੀ।

ਅਜੈ ਭਾਰਦਵਾਜ

ਸਾਰੀ ਫ਼ਿਲਮ ਲਹੌਰ ਦੇ ਓਰੀਐਂਟਲ ਕੌਲਿਜ ਚ ਫ਼ਾਰਸੀ ਪੜ੍ਹੇ ਮਾਨਸੇ ਦੇ ਕਰਮ ਸਿੰਘ ਚੌਹਾਨ ਦੀਆਂ ਸੁੱਚੀਆਂ ਗੱਲਾਂ ’ਤੇ ਟਿਕੀ ਹੋਈ ਹੈ। ਇਹਨੂੰ ਸੁਣਦਿਆਂ ਅਸ਼ਫ਼ਾਕ ਅਹਿਮਦ ਦੀ ਲਾਸਾਨੀ ਕਹਾਣੀ ਗਡੱਰੀਆ ਦਾ ਪੰਡਿਤ ਦਾਊ ਜੀ ਚੇਤੇ ਆਉਂਦਾ ਹੈ। ਕਰਮ ਸਿੰਘ ਦਸਦਾ ਹੈ ਕਿ ਇਹਨੂੰ ਪੜ੍ਹਾਈ ਦੀ ਜਾਗ ਪਟਵਾਰੀ ਕਰਮ ਇਲਾਹੀ ਤੇ ਉਹਦੀ ਬੀਵੀ ਸ਼ੱਮਸ-ਉਲ-ਨਿਸਾ ਚੁਗ਼ਤਾਈ ਨੇ ਲਾਈ ਸੀ – “ਐਡੇ ਮਿਹਰਬਾਨ, ਜਿਨ੍ਹਾਂ ਨੇ ਮੈਨੂੰ ਜੰਗ.ਲ ਦੇ ਪਿੰਡ ਚ (ਲੁਧਿਆਣਿਓਂ) ਆ ਕੇ ਪੜ੍ਹਾ ਦਿੱਤਾ। – ਮੈਨੂੰ ਪਾਰਟੀਸ਼ਨ ਦਾ ਬੜਾ ਦੁੱਖ ਆਉਂਦਾ ਕਿ ਮੈਂ ਐਹੋ ਜਿਹੇ ਬੰਦਿਆਂ ਤੋਂ ਵਿਛੋੜਿਆ ਗਿਆਂ।” ਨਾ.ਲ ਹੀ ਗੁਰਦੇਵ ਸਿੰਘ ਰੁਪਾਣੇ ਦੀ ਸ਼ਾਹਕਾਰ ਕਹਾਣੀ ਸ਼ੀਸ਼ਾ ਵੀ ਚੇਤੇ ਆਉਂਦੀ ਹੈ ਕਿ ਬੰਦਾ ‘ਸੱਚ’ ਦੱਸਣ ਲੱਗਾ ਵੀ ਕਿੰਨਾ ਕੁਝ ਲੁਕੋ ਲੈਂਦਾ ਹੈ। ਵੱਡੇ ਉਰਦੂ ਅਦੀਬ ਇੰਤਜ਼ਾਰ ਹੁਸੈਨ ਨੇ ਦਸ ਸਾਲ ਪਹਿਲਾਂ ਕਿਸੇ ਇੰਟਰਵੀਊ ਚ ਆਖਿਆ ਸੀ ਕਿ ਸੰਤਾ.ਲੀ ਦਾ ਸੱਚ ਨਾਵਲ-ਕਹਾਣੀ ਵਿਚ ਲਭ ਜਾਂਦਾ ਹੈ; ਯਾਦਾਂ ਵਿਚ ਨਹੀਂ। ਯਾਦਾਂ ਬਿਆਨ ਕਰਨ ਲੱਗਾ ਬੰਦਾ ਜਾਨਿਬਦਾਰ (ਬਾਇਸਡ) ਹੁੰਦਾ ਹੈ; ਰੁਮਾਂਟਿਕ ਤੇ ਜਾਂ ਐਨੀਅਤਪਸੰਦ (ਆਦਰਸ਼ਵਾਦੀ)।

ਹਰ ਪੰਜਾਬੀ ਉੱਚੇ ਚੜ੍ਹ ਕੇ ਬੋਲਦਾ ਪੰਜਾਬ ਨੂੰ ‘ਪੀਰਾਂ ਫ਼ਕੀਰਾਂ ਗੁਰੂਆਂ ਦੀ ਧਰਤੀ’ ਦਸ ਕੇ ਪ੍ਰਵਚਨ ਕਰਨ ਲਗ ਜਾਂਦਾ ਹੈ। ਇਸ ਫ਼ਿਲਮ ਵਿਚ ਗਾਇਕ ਪੂਰਨ ਚੰਦ ਸ਼ਾਹਕੋਟੀ ਨੇ ਵੀ ਸ਼ਾਇਦ ਸੁਲਫ਼ੇ ਦੇ ਨਸ਼ੇ ਚ ਕੁਝ ਕੰਮ ਦੀਆਂ ਤੇ ਬਾਹ.ਲੀਆਂ ਬੌਂਗੀਆਂ ਗੱਲਾਂ ਮਾਰੀਆਂ ਹਨ; ਜਿਵੇਂ “ਸਾਡਾ ਸਭਿਆਚਾਰ ਸੂਫ਼ੀਇਜ਼ਮ ਨਾ.ਲ ਗੜੁੱਚ ਹੋਇਆ ਪਿਆ।” ਇਹ ਕੋਈ ਨਹੀਂ ਦਸਦਾ ਕਿ ਇਸ ਗੜੁੱਚ ਹੋਣ ਦੇ ਬਾਵਜੂਦ ਪੰਜਾਬੀ ਐਨੇ ਹੈਂਸਿਆਰੇ ਕਿਉਂ ਹਨ?

ਅਸੀਂ ਮੁਸਲਿਮ-ਸਿੱਖ ਭਾਈਚਾਰਕ ਸਾਂਝ ਦੀ ਗੱਲ ਵੀ ਸਮਾਜ ਦੀਆਂ ਕੌੜੀਆਂ ਹਕੀਕਤਾਂ ’ਤੇ ਪੜਦਾ ਪਾ ਕੇ ਕਰਦੇ ਹਾਂ। ਪਰ ਐਸੀ ਹਕੀਕਤ ਕਰਮ ਸਿੰਘ ਅਣਜਾਣੇ ਦੱਸਦਾ ਹੈ ਕਿ ਹਿੰਦੂ-ਸਿੱਖ ਮੁਸਲਮਾਨਾਂ ਦੀ ਪੂਰੀ ਭਿੱਟ ਮੰਨਦੇ ਸੀ। ਬਹੁਤੇ ਕਿਰਤੀ ਹੀ ਮੁਸਲਮਾਨ ਬਣੇ ਸੀ। ਬੀਬੀ ਨਿਸਾ ਦੀ ਬਣਾਈ ਖੀਰ ਜਦ ਬੱਚਾ ‘ਕਰਮਾ’ ਖਾਣੋਂ ਝਿਜਕਿਆ, ਤਾਂ ਉਹ ਆਖਣ ਲੱਗੀ, “ਦੁੱਧ ਤਾਂ ਤੁਹਾਡੇ ਘਰੋਂ ਆਇਆ। ਚੌ.ਲ ਹੱਟ ਤੋਂ ਆਏ ਨੇ। ਇਨ੍ਹਾਂ ਨੂੰ ਕੀ ਲਗ ਗਿਆ? ਤੂੰ ਅੰਦਰ ਬਹਿ ਕੇ ਖੀਰ ਖਾ ਲੈ।”

ਸਮਰਾ.ਲੇ ਲਾਗਲੇ ਪਿੰਡ ਅਟ.ਲਾਂ ਦਾ ਹਨੀਫ਼ ਮੁਹੰਮਦ ਸੰਤਾ.ਲੀ ਚ ਪੰਜ ਸਾਲਾਂ ਦਾ ਸੀ ਅਤੇ ਇਹਨੇ ਮੁਸਲਮਾਨਾਂ ਦਾ ਹੁੰਦਾ ਕਤਲੇਆਮ ਅੱਖੀਂ ਦੇਖਿਆ ਸੀ। ਹੁਣ ਇਹ ਪਿੰਡ ਦੇ ਬਾਬੇ ਨਬੀ ਸ਼ਾਹ ਦੇ ਮਜ਼ਾਰ ਦਾ ਮਜੌਰ ਹੈ। ਇਸ ਬਾਬੇ ਦੀ ਸਾਰੇ ਇਲਾਕੇ ਚ ਮਾਨਤਾ ਹੈ।

ਅਹਿਮਦਗੜ੍ਹ ਮਲੇਰਕੋਟ.ਲੇ ਰਿਆਸਤ ਦੀ ਹੱਦ ’ਤੇ ਹੁੰਦਾ ਸੀ। ਇਥੋਂ ਦਾ ਜਸਵਿੰਦਰ ਸਿੰਘ ਧਾ.ਲੀਵਾ.ਲ ਓਦੋਂ ਦਸਾਂ ਦਾ ਸੀ। ਧੂੜਕੋਟ, ਆਂਡਲੂ ਤੇ ਹਲਵਾਰਿਓਂ ਮੁਸਲਮਾਨ ਉੱਜੜ ਕੇ ਮਲੇਰਕੋਟ.ਲੇ ਜਾ ਕੇ ਸ਼ਰਣ ਲੈਂਦੇ ਸੀ। ਰਸਤੇ ਵਿਚ ਸਿੱਖ-ਹਿੰਦੂ ਜਨੂਨੀ ਜੀਅ ਭਰ ਕੇ ਉਨ੍ਹਾਂ ਨੂੰ ਲੁੱਟਦੇ-ਮਾਰਦੇ ਸੀ। ਜਸਵਿੰਦਰ ਸਿੰਘ ਦਸਦਾ ਹੈ ਕਿ ਇਹਨੇ ਅਪਣਾ ਕੁੱਛੜ ਚੁੱਕਿਆ ਬੱਚਾ ਸੁੱਟ ਕੇ ਨੱਸੀ ਜਾਂਦੀ ਮੁਸਲਮਾਨ ਤੀਵੀਂ ਦੇਖੀ ਸੀ। ਜਿਹੜਾ ਝਟਕੱਈ ਠਾਕਰਾ ਇਹਦੇ ਪਿੱਛੇ ਲੱਗਿਆ ਸੀ, ਉਹਨੇ ਬੱਚਾ ਚੁੱਕ ਕੇ ਰੁੱਖ ’ਤੇ ਵਗਾਹ ਕੇ ਮਾਰਿਆ ਅਤੇ ਬੱਚੇ ਨੇ ਪਰਾਣ ਤਿਆਗ ਦਿੱਤੇ। ‘ਲੋਕਾਂ’ ਨੇ ਠਾਕਰੇ ਨੂੰ ਏਸ ਬਹਾਦਰੀ ਬਦਲੇ ਦੁੱਧ ਪਿਆ.ਲਿਆ ਸੀ। ਠਾਕਰਾ ਮਗਰੋਂ ਕੀੜੇ ਪੈ ਕੇ ਮਰਿਆ। ਉਹਨੇ ਸਿਰ ਚ ਪਏ ਕੀੜੇ ਕੱਢ-ਕੱਢ ਜੁੱਤੀ ਨਾ.ਲ ਮਾਰੀ ਜਾਣੇ। ਭੁੱਖੇ-ਤਿਆਹੇ ਮੁਸਲਮਾਨ ਜਦ ਪਾਣੀ ਮੰਗਦੇ ਸੀ, ਤਾਂ ਕਾਤਿਲ ਉਨ੍ਹਾਂ ਨੂੰ ‘ਪਾਕਿਸਤਾਨ ਦਾ ਟਿਕਟ’ ਕੱਟ ਦਿੰਦੇ ਸੀ। ਜਸਵਿੰਦਰ ਸਿੰਘ ਦੀ ਪੈ.ਲੀ ਵਿੱਚੋਂ ਹ.ਲ ਵਾਹੁੰਦਿਆਂ ਖੋਪੜੀਆਂ ਨਿਕ.ਲਦੀਆਂ ਰਹੀਆਂ।

ਕਰਮ ਸਿੰਘ ਚੌਹਾਨ ਮਾਨਸਾ ਤੇ ਹਨੀਫ਼ ਮੁਹੰਮਦ ਸਮਰਾ.ਲਾ

ਲੁਧਿਆਣੇ ਦੇ ਪਿੰਡ ਬੀਜੇ ਦਾ ਗ਼ੌਸ ਮੁਹੰਮਦ ਕਿਸੇ ਸੁੰਦਰ ਸਿੰਘ ਰਾਮ ਕਿਸ਼ਨ ਦਾ ਦਸਦਾ ਹੈ, ਜਿਨ੍ਹਾਂ ਮੁਸਲਮਾਨਾਂ ਕੋ.ਲੋਂ ਉਨ੍ਹਾਂ ਦੀ ਰਾਖੀ ਲਈ ਗਹਿਣੇ-ਗੱਟੇ ਲੈ ਕੇ ਫੇਰ ਮਾਰ ਕੇ ਇੱਟਾਂ ਦੇ ਬ.ਲਦੇ ਭੱਠੇ ਵਿਚ ਸੁੱਟ ਦਿੱਤਾ ਸੀ।

ਫ਼ਿਲਮ ਵਿਚ ਸ਼ਾਹਕੋਟੀਏ ਪੂਰਨ ਚੰਦ ਦੀ ਗਾਈ ਲੋਰੀ ਦਿਲ ਪਸੀਜਣ ਵਾ.ਲੀ ਹੈ। ਫ਼ਿਲਮਸਾਜ਼ ਨੇ ਇਹ ਲੋਰੀ ਅਹਿਮਦਗੜ੍ਹ ਚ ਮਰੇ ਬੱਚੇ ਅਤੇ ਅਟ.ਲਾਂ ਪਿੰਡ ਦੀ ਮੁਸਲਮਾਨ ਦਾਈ ਬਾਝੋਂ ਜੰਮੇ ਮੁੰਡੇ ਦੀ ਗੱਲ ਨਾ.ਲ ਜੋੜੀ ਹੈ। ਫ਼ਿਲਮ ਕਰਮ ਸਿੰਘ ਦੇ ਪੜ੍ਹੇ ਕਲਮੇ (ਮੁਸਲਮਾਨਾਂ ਦੇ ਮੁੱਖ ਮੰਤਰ) ਨਾ.ਲ ਮੁੱਕਦੀ ਹੈ।

ਅਜੈ ਭਾਰਦਵਾਜ ਦੀ ਵਡਿਆਈ ਹੈ ਕਿ ਇਹ ਪਾਪ ਮੰਨਵਾ ਕੇ ਪੰਜਾਬੀਆਂ ਦੀ ਆਤਮਾ ਦੀ ਸ਼ੁੱਧੀ ਕਰ ਰਿਹਾ ਹੈ। ਠਾਕਰਾ ਤਾਂ ਕੀੜੇ ਪੈ ਕੇ ਮਰ ਗਿਆ, ਪਰ ਮੁਸਲਮਾਨਾਂ ਦੀਆਂ ਜਾਨਾਂ ਬਚਾਉਂਦੇ ਸਿੱਖ-ਕਮਿਉਨਿਸਟ ਛੱਜ.ਲਵੱਢੀ ਦੇ ਗਹਿਲ ਸਿੰਘ, ਕੋਟ ਧਰਮ ਚੰਦ ਦੇ ਮੇਘ ਸਿੰਘ ਤੇ ਸੂਬਾ ਸਿੰਘ ਅਤੇ ਪੁਆਦੜੇ ਦੇ ਨਿੱਕੇ ਬੀਰ ਸਿੰਘ ਦੇ ਕਾਤਿਲਾਂ ਦਾ ਕੀ ਬਣਿਆ? ਸ਼ਾਇਦ ਉਨ੍ਹਾਂ ਚੋਂ ਇਕੱਲਾ ਜਲਾਲਉਸਮਾ ਪਿੰਡ ਵਾ.ਲਾ ਸੋਹਣ ਸਿੰਘ ਹੀ ਸੀ, ਜਿਹਨੇ ਅਕਾਲ ਤਖ਼ਤ ਜਾ ਕੇ ਆਪ ਭਾਂਡੇ ਮਾਂਜ ਕੇ ਮਨ ਦਾ ਭਾਰ ਲਾਹਿਆ ਸੀ।

ਇਕ ਹੋਰ ਫ਼ਿਲਮ ਦੀ ਲੋੜ ਹੈ, ਜਿਸ ਵਿਚ ਸੰਤਾ.ਲੀ ਵੇਲੇ ਪੰਜਾਬ ਵਿਚ ਹਜ਼ਾਰਾਂ ਜਾਨਾਂ ਬਣਾਉਣ ਵਾ.ਲੇ ਰੱਬ ਦੇ ਬੰਦਿਆਂ ਤੇ ਕਮਿਉਨਿਸਟਾਂ ਦੇ ਨਿਭਾਏ ਨਾਨਕਪੰਥੀ ਕਾਰਜ ਨੂੰ ਉਘਾੜਿਆ ਜਾ ਸਕੇ।

ਮੈਨੂੰ ਨਹੀਂ ਲੱਗਦਾ ਕਿ ਕੋਈ ਲਹੌਰੀਆ ਫ਼ਿਲਮਸਾਜ਼ ਹਿੰਦੂ-ਸਿੱਖਾਂ ਦੇ ਲਹੂ ਨਾ.ਲ ਹੱਥ ਰੰਗਣ ਵਾ.ਲੇ ਮੁਸਲਮਾਨ ਕਾਤਿਲਾਂ ਬਾਰੇ ਕਦੇ ਐਸੀ ਫ਼ਿਲਮ ਬਣਾਵੇਗਾ।

Guaranteed Paid up Life Insurance
Get your money back if you don’t develop any critical illness

Life Insurance
ਲਾਈਫ ਇੰਸ਼ੋਰੈਂਸ

Retirement Savings Plans
ਰਿਟਾਇਰਮੈਂਟ ਸੇਵਿੰਗਜ਼ ਪਲੈਨਜ਼

Mortgage Insurance
ਮੋਰਟਗੇਜ ਇੰਸ਼ੋਰੈਂਸ

Critical Illness Plans
ਕਰਿਟੀਕਲ ਇਲਨੈਸ ਇੰਸ਼ੋਰੈਂਸ

Health Plans
ਹੈਲਥ ਪਲੈਨਜ਼

Disability Insurance
ਡਿਸਏਬਿਲਟੀ ਇੰਸ਼ੋਰੈਂਸ

Travel Insurance
ਟਰੈਵਲ ਇੰਸ਼ੋਰੈਂਸ

For More Information Please Contact :
Jasvir Deol
Phone: 780-465-6900
Cell: 780-906-4497

DEOL
Insurance & Financial Planning

NEW WAY
Stucco Ltd.
Quality work at reasonable rates.
We do Splash Dash Stucco and Acrylic. For free estimates call
(BALJIT) Ph.: (780)-708-1436, Fax: (780)-462-0691
All Kind of Stucco Acrylic & Rain Screen Residential & Commercial
ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਉ

Moga Painting Company
Serving Since 1985
Experts in Interior & Exterior Paint
Residential & Commercial Jobs
Office Painting, Spray Painting, Staircase Railing, Stain & Varnish
Experts in Colour Matching
Guaranteed Work
Reasonable Rates
SURJIT
ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।
For FREE Estimates Call 780-934-3535

RESIDENTIAL | COMMERCIAL | INVESTMENT PROPERTIES
Harinder Hundal
Sales Representative M.Sc. Eco. M.B.A.
Cell: 647-818-6880
Bus: 905-672-1234
Fax: 905-672-0672
hpshundal@gmail.com
HomeLife/United Realty Inc. BROKERAGE
INDEPENDENTLY OWNED & OPERATED
50 Sunnyvale Gate, Unit # 7, Brampton, ON L6S 0C4
Higher Standards Agents... Higher Results

Mulaquat PRODUCTIONS
TV Program Mulaqat
Aired on VISION TV (Channel 60)
3.00 p.m. to 3.30 p.m. (Every Saturday)
Charanjit Brar
Producer & Host
647-300-8436

ਨਵੀਆਂ ਅਤੇ ਪੁਰਾਣੀਆਂ ਕਾਰਾਂ ਖਰੀਦਣ ਲਈ ਅੱਜ ਹੀ ਫੋਨ ਕਰੋ:
1-888-702-8363
ALL-IN-ONE PR1CE
"THE GRAND VITARA IS PRICED TO BE COMPETITIVE, IT'S COMFORTABLE, AND IT OFFERS A HIGH LEVEL OF STANDARD EQUIPMENT AND SAFETY FEATURES." –JIL MCINTOSH, CANADIANDRIVER.COM
2010 GRAND VITARA JX 4WD
$187* BI-WEEKLY PAYMENT + TAX JUST SIGN AND GO!
ALL-IN-ONE PR1CE
"YOU GET A LOT MORE THAN YOU EXPECT FOR A LOT LESS THAN YOU EXPECT." –GRAEME FLETCHER, MOTORING TV
2010 SX4 SEDAN
$109* BI-WEEKLY PAYMENT + TAX JUST SIGN AND GO!
ALL-IN-ONE PR1CE
WORKS HARD, PLAYS HARDER
2010 EQUATOR CREW CAB JX
STARTING AT $34,995*
ALL-IN-ONE PR1CE SUZUKI
No hidden fees. Just sign and go!
0% FINANCING FOR 72 MONTHS!
DOWN PAYMENT $0
INCLUDES:
✓ Air Conditioning,
✓ Keyless Entry and
✓ Power Package in all 2010s shown
NO SURPRISES! COME IN FOR A TEST DRIVE TODAY!
INTRODUCING THE NEW 2011 Kizashi
THE POWER OF CONTROL
What is Speed Without Agility? Torque without Grip? Driving without Precision?
North America's BEST VALUE
Loaded with luxury features & Intelligent All Wheel Drive!
"IF YOU'RE LOOKING FOR A REAL BANG FOR YOUR BUCK, THE SX4 FITS THE BILL." –GLOBE AND MAIL
ALL-IN-ONE PR1CE
2010 SX4 HATCHBACK
$119* BI-WEEKLY PAYMENT + TAX JUST SIGN AND GO!
ALL-IN-ONE PR1CE
Don't let the compact size fool you
2010 SWIFT +
STARTING AT $14,715*
WARRANTY
All Suzuki vehicles come with a 5-year, 100,000 kilometre powertrain WARRANTY limited warranty and 3-year unlimited kilometre roadside assistance.
WESTEND SUZUKI EDMONTON ALBERTA
17431-102 AVENUE
SPECIAL TOLL FREE 1-888-702-8363
VISIT US ONLINE AT www.westendsuzuki.com
SHOP 24/7 @ MILLWOODS SUZUKI.COM
ON THE AUTO ROW 3403-93 ST. SPECIAL TOLL FREE 1-866-897-4500

Supreme Pizza

Punjabi Pizza

Menisa Plaza (on Millwood Road) 1079 Knottwood Road East NW Edmonton

Chicken Wings Hot, Honey Garlic

(780) 485-1213 or (780) 485-1231

ਸੁਪਰੀਮ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

ਪੰਜਾਬੀ ਸਟਾਈਲ ਪੀਜ਼ਾ

1 Large Pizza with 4 Toppings, 2 Can Coke & 24 Wings

Paneer Pizza
Paneer, Red Onion, Green Peppers, Mushrooms, Tomatoes.

Vegetarian
Olives, Mushrooms, Pineapple, Tomatoes Green Peppers, Red Onions,

Supreme Special
Ham, pepperoni, Salami, Mushrooms, Pineapple, Tomatoes, Olive, Red Onion, Green Peppers

Chicken Special
Tandoori Chicken, Red Onions, Green peppers, Mushrooms, Tomatoes

The Pasta Niche
Baked Lasagna with Meat Sauce and Veggi Sauce

Delivery Charges Will Apply to All Areas

Delivery Hours

Monday to Thursday: 2:30pm to 11:00pm,
Friday & Saturday: 2:30pm to 12:00midnight
Sunday & Holidays: 2:30pm to 11:00pm

Try Us Tonight For Best Deal
In Town
3 For 1
Any 3 Toppings
12" Medium - 14" Large

Buy 1 Get 1 Free

List of Toppings

Paneer, BBQ Chicken, Tandoori Chicken, Plain Chicken, Hot Pepperoni, Pepperoni, Ham, Mushrooms, Beef, Capacolli, Red Onions, Shrimps, Italian Sausage, Olives, Green Peppers, Tomatoes, Salami, Jalapinos, Feta Cheese, Pineapple

For Delivery: Please Call 1/2 Hour before we close! Its faster if you call 780 485 1213.

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਅਤੇ
ਸਵਾਦੀ ਪੀਜ਼ਾ ਖਾਣ ਲਈ ਇਕੋ–ਇਕ ਨਾ **ਸੁਪਰੀਮ ਪੀਜ਼ਾ**
ਆਪਣੇ ਭਰਾਵਾਂ ਦਾ ਪੀਜ਼ਾ ਜਿਸ 'ਤੇ ਤੁਸੀਂ ਪੰਜਾਬੀ ਵਿਚ ਆਰਡਰ ਕਰ ਸਕਦੇ ਹੋ।

2 Large Fully Loaded Pizza for $25. 1 Large Pizza 5 Toppings for $14.

2 Medium Pizza Fully Loaded for $22. 1 Medium Pizza 5 Toppings for $13.

Call at: 780 485 1213

BRIDGEPORT

HOMES LTD.

WE ASSURE BEATING MARKET PRICE

$ 539,999 for 2 story, 2800 sq. ft. in Wildwood Crescent (with all upgrades).

Lots available for bi-Level homes in Silverberry Area

For more information call: Dolly Chauhan @ 780-935-7718